

ਸੰਖਿਆ ਬੋਧ

ਦਾਸਨਿ ਦਾਸ
ਹਰੀ ਸਿੰਘ 'ਰੰਧਾਵੇ ਵਾਲੇ'
ਸੰਪ੍ਰਦਾ ਦਮਦਮੀ ਟਕਸਾਲ

ੴ ਸਤਿਗੁਰ ਪ੍ਰਸਾਦਿ॥

ਸੰਖਿਆ ਬੋਧ

ਲੇਖਕ

ਦਾਸਨਿ ਦਾਸ ਹਰੀ ਸਿੰਘ 'ਰੰਧਾਵੇ ਵਾਲੇ'

ਸੰਪ੍ਰਦਾ ਦਮਦਮੀ ਟਕਸਾਲ

ਸਾਤਵਿਕ

ਬੁੱਕਸ

SANKHYA BODH

[A Dictionary of Numerals used in Sikh Literature]

by

HARI SINGH 'RANDHAWE WALE'

GURMAT VIDYALA, JATHA RANDHAWA

CHANDIGARH ROAD, NEAR GURDWARA JYOTI SAROOP,
DISTT. FATEHGARH SAHIB, PUNJAB (INDIA)
MOBILE : 98158-35035, 98551-03132, 99149-36036

© ਲੇਖਕ

ISBN 978-81-971714-0-6

ਪਹਿਲੀ ਵਾਰ ਅਗਸਤ ੨੦੨੪

ਭੇਟਾ : ੩੫੦-੦੦ ਰੁਪਏ

ਡਿਸਟ੍ਰੀਬਿਊਟਰਜ਼ :

ਸਿੰਘ ਬ੍ਰਦਰਜ਼

•

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ - 143 006
ਫੋਨ : 0183-2545787, ਮੋਬਾਇਲ : 99150-48005

•

S.C.O. 223-224, ਸਿਟੀ ਸੈਂਟਰ, ਅੰਮ੍ਰਿਤਸਰ - 143 001
ਫੋਨ : 0183-2543965, 2550739
E-mail : singhbro1@yahoo.co.in *Website :* www.singhbrothers.com

ਪ੍ਰਕਾਸ਼ਕ :

ਸਾਤਵਿਕ ਬੁੱਕਸ

225, ਸਿਟੀ ਸੈਂਟਰ, ਅੰਮ੍ਰਿਤਸਰ - 143 001

ਪ੍ਰਿੰਟਰ :

ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

ਤਤਕਰਾ

✲ ਮੁਖਬੰਧ ੯
✲ ਮੰਗਲਾ-ਚਰਣ ਟੀਕਾਕਾਰ ਵੱਲੋਂ ੧੦

੧.

✲ ਅਖੰਡ ਸਰੂਪ ਬ੍ਰਹਮ ੧੧
ਮਾਇਆ, ੧੧
ਮ੍ਰਿਗ ਤ੍ਰਿਸ਼ਨਾ,ਸਾਰਦੂਲ ਸ਼ੇਰ, ੧੨
ਕੌਡੀ,ਗ੍ਰੰਥਬ ਨਗਰ ੧੨
ਇਕ ਖੂਹਣਿ, ਜਨੇਊ, ੧੩
ਸੂਰਜ, ਚੰਦਰਮਾ, ਪ੍ਰਿਥਵੀ ੧੩

੨.

✲ ਨਾਮ ੧੪
੧. ਵਸਤੂ ਵਾਚਕ ਨਾਮ ੧੪
੨. ਭਾਵ ਵਾਚਕ ਨਾਮ ੧੪
✲ ਲਖ਼ਣ : ਸਰੂਪ ਲਖ਼ਣ,ਤਟੱਸਥੀ ਲਖ਼ਣ ੧੪
✲ ਸ੍ਰਵਣ : ਦੋ ਪ੍ਰਕਾਰ ਦਾ ਹੁੰਦਾ ਹੈ ੧੫
ਜੁਗਤੀਆਂ : ਦੋ ਪ੍ਰਕਾਰ ਦੀਆਂ ਹੁੰਦੀਆਂ ਹਨ ੧੫
✲ ਅੰਨਵੈ : ਦੋ ਪ੍ਰਕਾਰ ਦਾ ਹੁੰਦਾ ਹੈ ੧੫
✲ ਡੰਡਉਤ : ਦੋ ਪ੍ਰਕਾਰ ਦੀ ਹੈ ੧੫
✲ ਰੂਢਿ ਤੇ ਯੋਗ ਰੂਢਿ ਦੋ ਪ੍ਰਕਾਰ ਦੇ ਸ਼ਬਦ ਹੁੰਦੇ ਹਨ ੧੬
✲ ਸੰਨਿਆਸ : ਦੋ ਪ੍ਰਕਾਰ ਦਾ ਹੁੰਦਾ ਹੈ ੧੬
✲ ਪ੍ਰਣਵਵਾਦ ਤੇ ਵਿਵਰਤਵਾਦ ੧੭
✲ ਅਗਿਆਨ ਦੀਆਂ ਦੋ ਸ਼ਕਤੀਆਂ ੧੮
✲ ਰਾਗ,ਦ੍ਵੈਸ਼ ੧੮
✲ ਜੰਮਣ,ਮਰਨ ੧੮
✲ ਚੰਦ, ਸੂਰਜ ੧੮
✲ ਹਰਖ, ਸੋਗ ੧੮
✲ ਦੋ ਦਲ ੧੮
✲ ਦੋ ਪੱਖ ੧੯
✲ ਦੋ ਸੁਦਾਮੇ ੧੯
✲ ਦੋ ਸੂਰਦਾਸ ੨੦
✲ ਦੋ ਕਾਰਨ ੨੦
✲ ਕਾਰੂੰ ੨੧
✲ ਦੋ ਫ਼ਰਿਸ਼ਤੇ ੨੧
✲ ਦੋ ਗਨਕਾ ੨੨
✲ ਗਿਆਨ ਦੋ ਪ੍ਰਕਾਰ ਦਾ ੨੩
✲ ਅਵਿੱਦਿਆ ੨੩
✲ ਬੁੱਧੀ ੨੩
✲ ਵੈਰ ੨੪
✲ ਦੋ ਟੋਡਰ ਮੱਲ ੨੪

੩.

✲ ਖੂਹਣਿ ੨੫
✲ ਪ੍ਰਕਾਸ਼ ੨੫
✲ ਮਿੱਤਰ ੨੫
✲ ਜਪੁ ੨੬
✲ ਤਪ ੨੬
✲ ਅਮੋਲਕ ਵਸਤੂ ੨੬
✲ ਬੁੱਧੀ ੨੭
✲ ਤਾਪ ੨੭
✲ ਤਿੰਨ ਭੇਦ ੨੭
✲ ਸੰਸੇ ੨੮
✲ ਪ੍ਰਮਾਣ ੨੯
✲ ਗ੍ਰੰਥੀਆਂ (ਗੰਢਾਂ) ੩੩
✲ ਸਿਮਰਨੀ (ਮਾਲਾ) ੩੪
✲ ਜਪੁ ੩੪
✲ ਦਾਨੇ,ਦਾਨੇ ਦੀਵਾਨੇ, ਦਾਨੇ ਦੀਵਾਨੇ ਮਸਤਾਨੇ ੩੪
✲ ਅਨੰਦ ੩੫
✲ ਕਰਮ ੩੬
✲ ਸਖੀ : ਤਿੰਨ ਪ੍ਰਕਾਰ ਦੀ ਹੁੰਦੀ ਹੈ ੩੬
✲ ਬੰਧਨ : ਤਿੰਨ ਪ੍ਰਕਾਰ ਦੇ ਹੁੰਦੇ ਹਨ ੩੬
✲ ਸੱਤਾ : ਤਿੰਨ ਪ੍ਰਕਾਰ ਦੀ ਹੈ ੩੭
✲ ਰੋਗ ੩੮
✲ ਤਿੰਨ ਪ੍ਰਕਾਰ ਦੇ ਸੂਰਮੇ ੩੮
✲ ਅੰਤਰੀਵ ਸੂਰਮੇ ੩੮
✲ ਸਰੋਤੇ ੩੮

✲ ਵੈਰਾਗ ਤਿੰਨ ਪ੍ਰਕਾਰ ਦਾ ੩੯
✲ ਗੁਰਮਤਿ ਅਨੁਸਾਰ ਤਿੰਨ ਪਾਪ ੩੯
✲ ਤਿੰਨ ਅਵਸਥਾਵਾਂ ੩੯
✲ ਇਸਤ੍ਰੀ ਜਾਤੀ ਦੇ ਤਿੰਨ ਭੇਦ ੩੯
✲ ਤਿੰਨ ਪ੍ਰਕਾਰ ਦੇ ਸਰੀਰ ੪੦
✲ ਹਦੀਸ ਦੇ ਤਿੰਨ ਦਰਜੇ ੪੦
✲ ਸੁਆਸਾਂ ਸਬੰਧੀ
ਜੋਗੀਆਂ ਦੇ ਤਿੰਨ ਕਰਮ ੪੦
✲ ਤਿੰਨ ਕਰਮ ਸਿੱਖਾਂ ਦੇ ੪੦
✲ ਤਿੰਨ ਗੁਣ ੪੦
✲ ਜ੍ਵਰ ੪੦
✲ ਤ੍ਰਿਕੁਟਾ ੪੧
✲ ਤ੍ਰਿਫਲਾ ੪੧
✲ ਤ੍ਰਿਪੁਟੀ ੪੧
✲ ਤ੍ਰਿਬੇਣੀ ੪੧
✲ ਤਿੰਨ ਨਾੜੀਆਂ ੪੨
✲ ਤਿੰਨ ਮੁੱਖ ਦੇਵਤੇ ੪੨
✲ ਤਿੰਨ ਲੋਕ ੪੨

੪.

✲ ਵੇਦ ੪੩
✲ ਮਨਮੁਖ ਪੁਰਖ ਦੇ ਲੱਛਣ ੪੩
✲ ਮੁਕਤੀ ੪੩
✲ ਉਮਰ : ਚਾਰ ਜੁੱਗਾਂ ਦੀ ੪੩
✲ ਧਰਮ ਦੀਆਂ ਚਾਰ ਰਾਜਧਾਨੀਆਂ ੪੪
✲ ਖਾਣੀਆਂ ੪੮
✲ ਮੰਗਲ ਚਾਰ ਪ੍ਰਕਾਰ ਦੇ ਹਨ ੪੮
✲ ਅਨੁਬੰਧ ੪੯
✲ ਮੁਕਤੀ ਦੇ ਚਾਰ ਸਾਧਨ ੫੧
✲ ਸਤੀਆਂ ੫੩
✲ ਦਾਨੀ ੫੪
✲ ਮੌਨ ੫੫
✲ ਚਾਰ ਪ੍ਰਕਾਰ ਦੇ ਨਿਯਮ ੫੫
✲ ਅੰਤਰੀਵੀ ਨਦੀਆਂ ੫੬
✲ ਚਾਰ ਬਾਣੀਆਂ ਸਰੀਰ ਦੀਆਂ ਹਨ ੫੬
✲ ਚਾਰ ਬ੍ਰਹਿਮੰਡ ਦੀਆਂ ਬਾਣੀਆਂ ੫੬
✲ ਚਾਰ ਪਦਾਰਥ ੫੭
✲ ਚਾਰ ਪ੍ਰਕਾਰ ਦੀਆਂ ਇੱਛਾਵਾਂ ੫੭
✲ ਚਾਰ ਪ੍ਰਕਾਰ ਦੇ ਭਗਤ ੫੭
✲ ਚਾਰ ਔਗੁਣ ਹਲਕੇ ਕੁੱਤੇ ਦੇ ਹਨ ੫੮
✲ ਚਾਰ ਔਗੁਣ : ਇਸੇ ਤਰ੍ਹਾਂ ਨਾਮਹੀਣ
ਸਾਕਤ ਪੁਰਖ ਵਿੱਚ ਹਨ ੫੮
✲ ਦਰਸ਼ਨ ਚਾਰ ਪ੍ਰਕਾਰ ਦੇ ਹਨ ੫੮
✲ ਬੱਜਰ ਪਾਪ ੫੮
✲ ਚਾਰ ਬੱਜਰ ਕੁਰਹਿਤਾਂ ੫੯
✲ ਚਾਰ ਆਸਣ ੫੯
✲ ਚਾਰ ਪ੍ਰਕਾਰ ਦੇ ਦੋਸ਼ ੫੯
✲ ਚਾਰ ਪ੍ਰਕਾਰ ਦੇ ਕਵੀ ੬੦
✲ ਉਦਾਸੀ ਸੰਪ੍ਰਦਾ ਦੇ ਚਾਰ ਧੂੰਣੇ ੬੦
✲ ਉਪਮਾ ਦੇ ਚਾਰ ਅੰਗ ੬੧
✲ ਚਾਰ ਆਸ਼ਰਮ ੬੧
✲ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ
ਚਾਰ ਸਾਹਿਬਜ਼ਾਦੇ ੬੨
✲ ਸ਼ਸਤਰਾਂ ਦੇ ਚਾਰ ਭੇਦ ੬੨
✲ ਮੁਸਲਮਾਨਾਂ ਦੀਆਂ ਚਾਰ ਕਤੇਬਾਂ ੬੨
✲ ਚਾਰ ਪ੍ਰਕਾਰ ਦੀ ਚਰਚਾ ੬੩
✲ ਨੀਤੀ ਦੇ ਚਾਰ ਭੇਦ ੬੩
✲ ਚਾਰ ਬੀਰ ੬੩
✲ ਅੰਮ੍ਰਿਤਸਰ ਦੇ ਜੁੱਗਾਂ ਦੇ
ਆਧਾਰ 'ਤੇ ਚਾਰ ਨਾਮ ੬੩
✲ ਹਿੰਦੂ ਮੱਤ ਅਨੁਸਾਰ
ਮਨੁੱਖਾਂ ਦੇ ਚਾਰ ਵਰਨ ੬੩
✲ ਚਾਰ ਪ੍ਰਕਾਰ ਦੇ ਰਾਮ ੬੩
✲ ਚਾਰ ਅਵਸਥਾਵਾਂ ੬੪
✲ ਅੰਤਰੀਵ ਭਾਵ ੬੪
✲ ਸੰਗਤ ੬੫

੫.

✲ ਦੁੱਖ ੬੬
✲ ਮੁਸਲਮਾਨ ਫ਼ਕੀਰਾਂ ਦੇ ਪੰਜ ਦਰਜੇ ੬੭
✲ ਸ਼ੁੱਭ ਗੁਣ ੬੭
✲ ਸਿੱਖੀ ਪੰਜ ਪ੍ਰਕਾਰ ਦੀ ੬੭
✲ ਸੰਪ੍ਰਦਾਈ ਮੰਨੇ ਹੋਏ ਪਦਾਰਥ ੬੮
✲ ਕਿਲ੍ਹੇ ੬੮
✲ ਨਮਾਜ਼ਾਂ ੬੮
✲ ਪੰਜ ਦੋਸ਼ ਬਾਂਸ ਦੇ ੬੮
✲ ਪੰਜ ਔਗੁਣ-ਸਾਕਤ ਪੁਰਖ ਵਿੱਚ
ਬਾਂਸ ਦੀ ਨਿਆਈਂ ਹੁੰਦੇ ਹਨ ੬੯

✲ ਪੰਜ ਪ੍ਰਕਾਰ ਦੇ ਨਾਮ ੬੯
✲ ਪੰਜ ਪ੍ਰਕਾਰ ਦੀ ਪਰਲੋਂ ੬੯
✲ ਪਰਮੇਸ਼ਰ ਸੰਤ ਜਨਾਂ ਦੇ ਪੰਜ ਥਾਂ ਵੱਸਦਾ ਹੈ ੭੧
✲ ਪੰਜ ਕਲੇਸ਼ ੭੧
✲ ਪੰਜਾਂ ਤੱਤਾਂ ਦਾ ਧਿਆਨ ੭੨
✲ ਪੰਜ ਤੱਤ ੭੨
✲ ਪੰਜ ਤੱਤ ੭੨
✲ ਪੰਜ ਤੱਤਾਂ ਦੀ ਰਹਿਣੀ ੭੨
✲ ਮਨ ਦੀਆਂ ਬਿਰਤੀਆਂ ੭੩
✲ ਨਾਨਕ ਪਦ ਦੇ ਪੰਜ ਅਰਥ ੭੩
✲ ਪੰਜ ਖੰਡ ੭੪
✲ ਪੰਜ ਅਭਾਵ ੭੪
✲ ਪੰਜ ਵਿਕਾਰ ੭੫
✲ ਪੰਜ ਵਿਸ਼ੇ ੭੫
✲ ਪੰਜ ਪ੍ਰਾਣ ੭੫
✲ ਪੰਜ ਉਪ-ਪ੍ਰਾਣ ੭੬
✲ ਪੰਜ ਚੋਰ ੭੬
✲ ਪੰਜ ਪ੍ਰਕਾਰ ਦੀ ਕਿਰਪਾ ੭੭
✲ ਪੰਜ ਕੋਸ਼ ੭੭
✲ ਪੰਜ ਇੱਛਾਵਾਂ ੭੭
✲ ਪੰਜ ਗੁਣ ੭੮
✲ ਮਨ ਦੀਆਂ ਬਿਰਤੀਆਂ ੭੮
✲ ਪੰਜ ਪ੍ਰਕਾਰ ਦੀ ਕਸਵੱਟੀ ੭੮
✲ ਜੋਗ ਮੱਤ ਅਨੁਸਾਰ ਪੰਜ ਅਵਸਥਾਵਾਂ ੮੩
✲ ਗੁਰਮਤਿ ਅਨੁਸਾਰ ਪੰਜ ਅਵਸਥਾਵਾਂ ੮੩
✲ ਗੁਰਮਤਿ ਅਨੁਸਾਰ ਪੰਜ ਪ੍ਰਾਣ ੮੩
✲ ਜੋਗੀਆਂ ਦੇ ਪੰਜ ਪ੍ਰਕਾਰ ਦੇ ਵਾਜੇ ੮੪
✲ ਭਰਮ ੮੪
✲ ਨਵਿਰਤੀ ੮੬
✲ ਪੰਜ ਪਿਤਾ ੯੦
✲ ਪੰਜ ਮਾਤਾਵਾਂ ੯੦
✲ ਪੰਜ ਉਂਗਲਾਂ ੯੧
✲ ਪੰਜ ਇਸ਼ਨਾਨਾ ੯੧
✲ ਪੰਜ ਸੁਰਤਰ ੯੧
✲ ਪੰਜ ਕਰਮ ਇੰਦਰੇ ੯੧
✲ ਪੰਜ ਗਿਆਨ ਇੰਦਰੇ ੯੧
✲ ਪੰਜ ਦਰਿਆ ੯੧
✲ ਕਾਮ ਦੇ ਪੰਜ ਬਾਣ ੯੨
✲ ਖ਼ਾਲਸਾ ਪੰਥ ਦੇ ਪੰਜ ਤਖ਼ਤ ੯੨
✲ ਪੰਜ ਕਕਾਰ ੯੩
✲ ਪੰਜ ਗੁਰਮੁਖਾਂ ਦੀ ਪ੍ਰਮਾਣਕਤਾ ੯੩
✲ ਪੰਜ ਪਿਆਰੇ ੯੩
✲ ਪੰਜ ਸੰਸਕਾਰ ੯੪
✲ ਪੰਜ ਬਿਰਤੀਆਂ ੯੪
✲ ਪੰਜ ਖਯਾਤੀਆਂ ੯੫

੬.

✲ ਖਟ ਸੰਪਤੀ ੯੭
✲ ਖਟ ਕਰਮ ੯੭
✲ ਖਟ ਕਰਮ ਮੰਨੂੰ ਅਨੁਸਾਰ ੯੮
✲ ਖਟ ਕਰਮ ਅਤ੍ਰੈ ਅਨੁਸਾਰ ੯੮
✲ ਖਟ ਕਰਮ ਪ੍ਰਾਸ਼ਰ ਅਨੁਸਾਰ ੯੮
✲ ਰੁੱਤਾਂ ੯੮
✲ ਕ੍ਰਿਤਕ ਨਾਮ ਨੂੰ ਛੇ ਨਾਵਾਂ ਵਿੱਚ ਵੰਡਿਆ ਗਿਆ ਹੈ ੯੮
✲ ਖਟ ਕਰਮ ਹੋਰ ਵੀ ਹਨ ੯੯
✲ ਛੇ ਜਤੀ ੧੦੦
✲ ਛੇ ਪ੍ਰਕਾਰ ਦੀਆਂ ਸਤੀਆਂ ੧੦੦
✲ ਛੇ ਸ਼ਾਸਤ੍ਰ ੧੦੦
✲ ਛੇ ਪ੍ਰਕਾਰ ਦੇ ਅਵਤਾਰ ਅਤੇ ਪ੍ਰੀਭਾਸ਼ਾ ੧੦੧
✲ ਛੇ ਪ੍ਰਕਾਰ ਦੇ ਅਵਤਾਰ ੧੦੧
✲ ਈਸ਼ਵਰ ਦੇ ਛੇ ਗੁਣ ੧੦੨
✲ ਜੀਵਾਂ ਦੇ ਛੇ ਵਿਕਾਰ ੧੦੨
✲ ਤਨ ਦੇ ਛੇ ਚੱਕਰ ੧੦੩
✲ ਸ੍ਰਵਣ ਦੇ ਖਟ ਚਿੰਨ੍ਹ ੧੦੩
✲ ਭਗਉਤੀ ਦੇ ਛੇ ਅਰਥ ੧੦੪
✲ ਛੇ ਪ੍ਰਕਾਰ ਦੇ ਦੋਸ਼ ੧੦੪
✲ ਛੇ ਭਾਵ ਬਾਰਹਮਾਹਾ ਬਾਣੀ ਦੇ ੧੦੫
✲ ਖਟ ਪ੍ਰਮਾਣ ੧੦੫
✲ ਖਟ ਪ੍ਰਮਾਣ ਨਿਖੇਧ ਪੱਖ ਦੁਆਰਾ ਕਥਨ ੧੦੬
✲ ਛੇ ਸ਼ਾਸਤ੍ਰ ਵਿਸਥਾਰ ਸਹਿਤ ੧੦੭
✲ ਛੇ ਕਾਰਕ ੧੧੦
✲ ਛੇ ਬਖ਼ਸ਼ਿਸ਼ਾਂ ੧੧੦

✲ ਖਟ ਰਸ ੧੧੦
✲ ਛੇ ਰਾਗ ੧੧੦
✲ ਵਖਿਆਨ ਦੇ ਖਟ ਅੰਗ ੧੧੧
✲ ਖਟ ਲੱਖਣ ਪੂਰਨ ਪੁਰਖਾਂ ਦੇ ੧੧੧
✲ ਵੇਦ ਦੇ ਖਟ ਅੰਗ ੧੧੨

੭.

✲ ਸੱਤ ਪਾਤਾਲ ੧੧੩
✲ ਸੱਤ ਆਕਾਸ਼ ੧੧੩
✲ ਸੱਤ ਦੀਪ (ਸ਼ਾਸਤ੍ਰਾਂ ਅਨੁਸਾਰ) ੧੧੩
✲ ਸੱਤ ਦੀਪ (ਭੂਗੋਲ ਅਨੁਸਾਰ) ੧੧੩
✲ ਸੱਤ ਸਮੁੰਦਰ ੧੧੩
✲ ਅਥਵਾ ਸੱਤ ਸਮੁੰਦਰ ੧੧੪
✲ ਸੱਤ ਪ੍ਰਕਾਰ ਦੀ ਅਗਨੀ ੧੧੪
✲ ਅਗਿਆਨ ਦੀਆਂ ਸੱਤ ਭੂਮਿਕਾਵਾਂ ੧੧੪
✲ ਸੱਤ ਪ੍ਰਕਾਰ ਦੀ ਮੌਤ ੧੧੪
✲ ਸੱਤ ਵਿਭਕਤੀਆਂ ੧੧੫
✲ ਨਾਮ ਪਦ ਦੇ ਸੱਤ ਅਰਥ ੧੧੫
✲ ਸੱਤ ਪ੍ਰਕਾਰ ਦਾ ਡਰ ੧੧੬
✲ ਗਿਆਨ ਦੀਆਂ ਸੱਤ ਭੂਮਿਕਾਵਾਂ ੧੧੭
✲ ਸੱਤ ਸਤੀ ੧੧੯
✲ ਸੱਤ ਸਰਗਮਾਂ ੧੧੯
✲ ਸੱਤ ਪਕਵਾਨੀ ੧੧੯
✲ ਸੱਤ ਪਰਬਤ ੧੧੯
✲ ਸੱਤ ਰਿਖੀ ੧੨੦
✲ ਸੱਤ ਵਾਰ ੧੨੦

੮.

✲ ਅਸ਼ਟ ਧਾਤ ੧੨੧
✲ ਅੱਠ ਸਾਧਨ ੧੨੧
✲ ਜੋਗ ਦਾ ਨਿਰਣਾ ੧੨੨
✲ ਜੋਗ ਦੇ ਅੱਠ ਅੰਗ ਇਹ ਹਨ ੧੨੨
✲ ਗੁਰਮਤਿ ਭਗਤਿ ਯੋਗ ਦੇ ਅੱਠ ਅੰਗ ੧੨੪
✲ ਅਸ਼ਟ ਧਾਤੂ ੧੨੬
✲ ਉਚਾਰਨ ਦੇ ਅੱਠ ਅਸਥਲ ੧੨੬
✲ ਨਾਗਾਂ ਦੀਆਂ ਅੱਠ ਕੁਲਾਂ ੧੨੬
✲ ਬੁੱਧ ਧਰਮ ਦੇ ਅੱਠ ਨਿਯਮ ੧੨੬
✲ ਅੱਠ ਵਿਵਾਹ ੧੨੬
✲ ਗੁਰੂ ੧੨੭

੯.

✲ ਨੌਂ ਵਿਆਕਰਣਾਂ ੧੨੯
✲ ਬਾਈ ਵਾਰਾਂ ਅੰਦਰ ਨੌਂ ਧੁਨਾਂ ੧੨੯
✲ ਨੌਂ ਨਾਥ ੧੨੯
✲ ਨੌਂ ਮੁਨੀ ੧੩੦
✲ ਨੌਂ ਯੋਗੀਆਂ ਦੇ ਨਾਮ ੧੩੦
✲ ਨੌਂ ਖੰਡ ੧੩੦
✲ ਨੌਂ ਨਿੱਧੀਆਂ ੧੩੧
✲ ਨੌਂ ਦ੍ਰਵ ਵਸਤੂਆਂ ੧੩੧
✲ ਸ਼ੌਕ ਵਾਲੇ ਜਗਿਆਸੂਆਂ ਦੀਆਂ ਨੌਂ ਨਿਸ਼ਾਨੀਆਂ ੧੩੧
✲ ਨੌਂ ਪ੍ਰਕਾਰ ਦੀ ਭਗਤੀ ੧੩੧
✲ ਰਹਾਉ ਪਦ ਦੇ ਨੌਂ ਅਰਥ ੧੩੨
✲ ੴ (ਓਅੰਕਾਰ) ਦੇ ਨੌਂ (੯) ਅਰਥ ੧੩੩
✲ ਨੌਂ ਜੁਗਤੀਆਂ : ਜੋ ਮਾਇਆ ਨਹੀਂ ਸਹਾਰਦੀ ੧੩੫
✲ ਵੈਰਾਗ ਦੀਆਂ ਨੌਂ ਕਿਸਮਾਂ ਹਨ ੧੩੮
✲ ਸ੍ਰੀ ਹਰਿਮੰਦਰ ਸਾਹਿਬ ਵਿੱਚ ਕੀਰਤਨ ਚੌਂਕੀਆਂ ਦੇ ਨੌਂ ਨਾਮ ੧੪੦

੧੦.

✲ ਦਸ ਗੁਰੂ ਸਾਹਿਬਾਨ ੧੪੧
✲ ਮਹਾਂਭਾਰਤ ਵਿੱਚ ਦਸ ਪਾਪ ਲਿਖੇ ਹਨ ੧੪੧
✲ ਸਿੰਮ੍ਰਿਤੀਆਂ ਵਿੱਚ ਵੀ ਦਸ ਪਾਪ ਲਿਖੇ ਹਨ ੧੪੧
✲ ਸੰਨਿਆਸੀਆਂ ਦੇ ਦਸ ਨਾਮ ੧੪੧
✲ ਦਸ ਪੁਰਬ ੧੪੨
✲ ਮਹਾਨ ਕੋਸ਼ ਅਨੁਸਾਰ ਦਸ ਪੁਰਬ ੧੪੨
✲ ਨਾਮ ਦੀਆਂ ਦਸ ਅਵਸਥਾਵਾਂ ੧੪੨
✲ ਸਰੀਰ (ਮੋਹ) ਦੀਆਂ ਦਸ ਅਵਸਥਾਵਾਂ ੧੪੪

੧੧.

✲ ਗਿਆਰ੍ਹਾਂ ਪ੍ਰਕਾਰ ਦੇ ਸੁਖ ੧੪੫
✲ ਗਿਆਰ੍ਹਾਂ ਅਵਤਾਰ ਸ਼ਿਵ ਜੀ ਦੇ ੧੪੫

੧੨.

✲ ਬਾਰ੍ਹਾਂ ਰਾਸਾਂ ਉਨ੍ਹਾਂ ਦੇ ਸੁਆਮੀ ੧੪੬
✲ ਜੋਗੀਆਂ ਦੇ ਬਾਰ੍ਹਾਂ ਪੰਥ ੧੪੬

✲ ਘਰ ਪਦ ਦੇ ਬਾਰ੍ਹਾਂ ਅਰਥ ੧੪੬

੧੪.

✲ ਚੌਦਾਂ ਲੋਕ ੧੪੮
✲ ਚੌਦਾਂ ਰਤਨ ੧੪੮
✲ ਅੰਤਰੀਵ ਚੌਦਾਂ ਰਤਨ ੧੪੮
✲ ਚੌਦਾਂ ਪ੍ਰਕਾਰ ਦੀ ਵਿੱਦਿਆ ੧੪੮
✲ ਵਕਤੇ ਦੇ ਚੌਦਾਂ ਗੁਣ ੧੪੯
✲ ਸ੍ਰੋਤੇ ਦੇ ਚੌਦਾਂ ਗੁਣ ੧੪੯

੧੫.

✲ ਪੰਦਰਾਂ ਥਿਤਾਂ ੧੫੦

੧੬.

✲ ਸੋਲ੍ਹਾਂ ਸ਼ਿੰਗਾਰ ੧੫੧
✲ ਚੰਦ੍ਰਮਾ ਦੀਆਂ ਸੋਲ੍ਹਾਂ ਕਲਾਂ ੧੫੧
✲ ਈਸ਼ਵਰ ਦੀਆਂ ਸੋਲ੍ਹਾਂ ਕਲਾਂ ੧੫੧

੧੭.

✲ ਸਤਾਰਾਂ ਭੱਟਾਂ ਦੇ ਨਾਮ ੧੫੨

੧੮.

✲ ਅਠਾਰਹ ਭਾਰ ੧੫੨
✲ ਮੁੱਖ ਸਿੱਧੀਆਂ ੧੫੨
✲ ਗੌਣ ਸਿੱਧੀਆਂ ੧੫੨
✲ ਅਠਾਰਾਂ ਪੁਰਾਣ ੧੫੩

੧੯.

✲ ਉੱਨੀ ਦੋਸ਼ਾਂ ਤੋਂ ਰਹਿਤ ਹੋਣ ਦੀ ਜੁਗਤੀ ੧੫੪

੨੧.

✲ ਇੱਕੀ ਪੁਰੀਆਂ ੧੫੪
✲ ਇੱਕੀ ਕੁੱਲਾਂ ੧੫੪

੨੨.

✲ ੩੧ ਰਾਗਾਂ ਵਿੱਚੋਂ ੧੭ ਰਾਗਾਂ ਅੰਦਰ
ਬਾਈ ਵਾਰਾਂ ਅੰਕਿਤ ਹਨ ੧੫੫

੨੪.

✲ ਚੌਵੀ ਅਵਤਾਰ ੧੫੬
✲ ਦੱਤਾ ਤ੍ਰੇਯ ਦੇ ਚੌਵੀ ਗੁਰੂ ੧੫੬

੨੫.

✲ ਪੱਚੀ ਪ੍ਰਕਿਰਤੀਆਂ ਦਾ ਨਕਸ਼ਾ ੧੫੭

੨੭.

✲ ਸਤਾਈ ਸਿੰਮ੍ਰਿਤੀਆਂ ਦੇ ਨਾਮ ੧੫੭
✲ ੩੧. ਰਾਗ ੧੫੭

੩੨.

✲ ਬੱਤੀ ਲੱਛਣਾਂ ਦਾ ਵੇਰਵਾ ੧੫੮
✲ ਪਤੀਬ੍ਰਤਾ ਇਸਤ੍ਰੀ ਦੇ ਬੱਤੀ ਲੱਛਣ ੧੫੮

੩੬.

✲ ਛੱਤੀ ਪ੍ਰਕਾਰ ਦੇ ਭੋਜਨ ੧੫੯

੪੦.

✲ ਚਮਕੌਰ ਦੀ ਗੜ੍ਹੀ ਦੇ ਚਾਲ੍ਹੀ ਸ਼ਹੀਦ ੧੬੦

੪੪.

✲ ਜੋਗ ਸ਼ਾਸਤ੍ਰ ਵਿੱਚ
੪੪ ਪ੍ਰਕਾਰ ਦਾ ਜੋਗ ਦੱਸਿਆ ਹੈ ੧੬੧

੫੨.

✲ ਬਵੰਜਾ ਬੀਰ ੧੬੨
✲ ਬਵੰਜਾ ਕਵੀ ੧੬੩

੬੮.

✲ ਅਠਾਹਠ ਤੀਰਥ ਕਪਲ ਤੰਤ੍ਰ ਅਨੁਸਾਰ ੧੬੪

੮੪.

✲ ਚੌਰਾਸੀ ਸਿੱਧ ੧੬੫
✲ ਚੌਰਾਸੀ ਲੱਖ ਜੂਨਾਂ ੧੬੫

੧੦੧.

✲ ਬ੍ਰਹਮ ਬੇਤਾ ਆਪਣੀਆਂ
੧੦੧ ਕੁਲਾਂ ਨੂੰ ਤਾਰ ਦਿੰਦਾ ਹੈ ੧੬੬
✲ ਧੰਨਵਾਦ ੧੬੭
✲ ਗ੍ਰੰਥ ਸੰਪੂਰਣਤਾ ਦਾ ਮੰਗਲ ੧੬੮

✧✧✧

ਮੂਲ ਮੰਤ੍

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ।।

ਜਪੁ।।

ਆਦਿ ਸਚੁ ਜੁਗਾਦਿ ਸਚੁ।।
ਹੈ ਭੀ ਸਚੁ ਨਾਨਕੁ ਹੋਸੀ ਭੀ ਸਚੁ।।

ਮੁਖਬੰਧ

ਸ੍ਰੀ ਅਕਾਲ ਪੁਰਖ ਵਾਹਿਗੁਰੂ ਜੀ ਦਾ ਓਟ ਆਸਰਾ ਲੈ ਕਰਕੇ ਜੋ ਹੁਣ ਤੱਕ ਪਿੱਛੇ ਲਿਖਣ ਦੇ ਕਾਰਜ ਅਰੰਭੇ ਸਨ, ਉਨ੍ਹਾਂ ਦੀ ਪੰਥ ਖ਼ਾਲਸੇ ਵਿੱਚ ਜੋ ਸੇਵਾ ਮਨਜ਼ੂਰ ਹੋਈ ਹੈ, ਉਹ ਦਾਸ ਨੂੰ ਫੋਨਾਂ ਰਾਹੀਂ ਅਤੇ ਵੱਡੀਆਂ-ਵੱਡੀਆਂ ਸਟੇਜਾਂ 'ਤੇ ਸਨਮਾਨ ਰਾਹੀਂ ਲਿਖਣ ਦਾ ਉਤਸ਼ਾਹ ਵਧਾਇਆ ਹੈ। *ਗੁਰਵਾਕ ਚਾਨਣ* ਦੋ ਭਾਗਾਂ ਵਿੱਚ, *ਗੁਰਪ੍ਰਕਰਣ ਚਾਨਣ* ਇੱਕ ਭਾਗ ਵਿੱਚ, *ਗੁਰਬਾਣੀ ਅਰਥ ਭੰਡਾਰ* ੧੨ ਭਾਗਾਂ ਵਿੱਚ, *ਭਾਈ ਗੁਰਦਾਸ ਸਾਹਿਬ ਜੀ ਦੀਆਂ ਵਾਰਾਂ* ਦੋ ਭਾਗਾਂ ਵਿੱਚ, *ਪੰਚ ਗ੍ਰੰਥਾਵਲੀ, ਪੰਜ ਗ੍ਰੰਥਾਂ ਦੀ ਵਿਆਖਿਆ, ਵੈਰਾਗ ਸੱਤਕ* ਇੱਕ ਭਾਗ ਵਿੱਚ, *ਪ੍ਰਬੋਧ ਚੰਦਰ ਨਾਟਕ* ਇੱਕ ਭਾਗ ਵਿੱਚ, *ਪੰਜਵੀਂ ਰੁੱਤ* (ਭਾਈ ਸੰਤੋਖ ਸਿੰਘ ਜੀ ਦੀ ਕਾਵਿ ਰਚਨਾ ਵਿੱਚੋਂ) ਇੱਕ ਭਾਗ ਵਿੱਚ *ਵਿਚਾਰ ਚੰਦ੍ਰੋਦਯ* ਇੱਕ ਭਾਗ ਵਿੱਚ, *ਭਾਈ ਗੁਰਦਾਸ ਜੀ ਦੇ ਕਬਿੱਤ ਸਵੱਈਏ* ਇੱਕ ਭਾਗ ਵਿੱਚ, ਇਨ੍ਹਾਂ ਸਾਰੀਆਂ ਪੋਥੀਆਂ ਦੀ ਗਿਣਤੀ ੨੭ ਹੈ, ੨੮ਵਾਂ ਇਹ *ਸੰਖਿਆ ਬੋਧ* ਨਾਮੀ ਗ੍ਰੰਥ ਹੈ। ਜੱਥੇ ਦੇ ਵਿਦਵਾਨ ਗਿਆਨੀ ਸਿੰਘਾਂ ਨਾਲ ਇਹ ਵਿਚਾਰ ਹੁੰਦੀ ਰਹੀ ਕਿ ਬਹੁਤ ਸਾਰੇ ਗ੍ਰੰਥਾਂ ਵਿੱਚ ਇਹ ਸਿਧਾਂਤ, ਜਿਸ ਦੀ ਵਾਰ-ਵਾਰ ਲੋੜ ਪੈਂਦੀ ਹੈ, ਜੈਸਾ ਕਿ ਪੰਜ ਪ੍ਰਕਾਰ ਦਾ ਭਰਮ, ਸੱਤ ਪ੍ਰਕਾਰ ਦਾ ਡਰ, ਸੱਤ ਪਾਤਾਲ, ਸੱਤ ਅਕਾਸ਼ ਆਦਿ ਉਹ ਲੱਭਣ ਦੇ ਲਈ ਵੱਖਰੇ-ਵੱਖਰੇ ਗ੍ਰੰਥਾਂ ਵਿੱਚੋਂ ਭਾਲ ਕਰਨੀ ਪੈਂਦੀ ਹੈ, ਕਈ ਵਾਰ ਸਿੰਮ੍ਰਿਤੀ ਦੇ ਵਿੱਚੋਂ ਵਿਸਰੇ ਹੋਏ ਪਦ-ਪਦਾਰਥਾਂ ਨੂੰ ਲੱਭਣ ਲਈ ਬਹੁਤ ਸਾਰਾ ਸਮਾਂ ਲੱਗ ਜਾਂਦਾ ਹੈ, ਜਦੋਂ ਕਿ ਇਤਨਾ ਸਮਾਂ ਕਥਾਵਾਚਕ ਕੋਲ ਹੁੰਦਾ ਨਹੀਂ, ਇਸ ਮੁਸ਼ਕਲ ਨੂੰ ਮੁੱਖ ਰੱਖਦਿਆਂ ਹੋਇਆਂ ਬਹੁਤ ਸਾਰੇ ਗ੍ਰੰਥਾਂ ਵਿੱਚੋਂ ਗਿਣਤੀਆਂ ਇਕੱਠੀਆਂ ਕਰ ਕੇ ਉਨ੍ਹਾਂ ਗਿਣਤੀਆਂ ਦਾ ਸਮੂਹ **'ਸੰਖਿਆ ਬੋਧ'** ਤਿਆਰ ਕੀਤਾ ਹੈ, ਜਿਵੇਂ ਬਾਗ਼ ਦਾ ਮਾਲੀ ਖਿੜੇ ਹੋਏ ਫੁੱਲਾਂ ਦੇ ਬਗ਼ੀਚੇ ਵਿੱਚੋਂ ਵੱਖਰੇ-ਵੱਖਰੇ ਫੁੱਲ ਲੈ ਕੇ ਗੁਲਦਸਤਾ ਬਣਾ ਕੇ ਸਨਮਾਨਯੋਗ ਵਿਅਕਤੀਆਂ ਨੂੰ ਭੇਟ ਕਰਦਾ ਹੈ, ਇਵੇਂ ਹੀ ਦਾਸਾਂ ਨੇ ਵਿਦਵਾਨਾਂ ਲਈ ਇਹ ਗਿਣਤੀਆਂ-ਮਿਣਤੀਆਂ ਦਾ ਗੁਲਦਸਤਾ ਵਿਆਖਿਆ ਸਹਿਤ ਲਿਖ ਕੇ ਪੰਥ ਖ਼ਾਲਸੇ ਨੂੰ ਭੇਟ ਕੀਤਾ ਹੈ। ਇਸ ਵਿੱਚੋਂ ਗੂੜ੍ਹ ਵਿਸ਼ੇ ਨਾਲ ਸੰਬੰਧ ਰੱਖਣ ਵਾਲੇ ਪਦ-ਪਦਾਰਥ ਸੌਖੇ ਤਰੀਕੇ ਨਾਲ ਲੱਭਣ ਲਈ ੧ ਤੋਂ ਲੈ ਕੇ ੧੦੧ ਤਕ ਹਰੇਕ ਅੰਕ ਦੀ ਗਿਣਤੀ ਨਾਲ ਸੰਬੰਧਿਤ ਸੰਕੇਤ ਇੱਕ ਥਾਂ ਲਿਖ ਦਿੱਤਾ ਹੈ, ਤਾਂ ਕਿ ਪੜ੍ਹਨ ਵਿਚਾਰਨ ਵਾਲਿਆਂ ਨੂੰ ਸੌਖੇ ਤਰੀਕੇ ਨਾਲ ਲੱਭ ਸਕੇ। ਇਸ ਗ੍ਰੰਥ ਦੇ ਲਿਖਣ ਦਾ ਕਾਰਜ ਅਮਰ ਸ਼ਹੀਦ ਧੰਨ ਬਾਬਾ ਜ਼ੋਰਾਵਰ ਸਿੰਘ ਜੀ, ਧੰਨ ਬਾਬਾ ਫ਼ਤਹਿ ਸਿੰਘ ਜੀ ਅਤੇ ਗੁਰਦੇਵ ਮਾਤਾ, ਮਾਤਾ ਗੁਜਰ ਕੌਰ ਜੀ ਦੇ ਸਸਕਾਰ ਅਸਥਾਨ ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ ਦੇ ਨਜ਼ਦੀਕ ਗੁਰਮਤਿ ਵਿਦਿਆਲਾ, ਜੱਥਾ ਰੰਧਾਵਾ ਦੇ ਸਥਾਨ 'ਤੇ ਗੁਰੂ ਸਾਹਿਬ ਦਾ ਓਟ ਆਸਰਾ ਲੈ ਕੇ ੨੦੮੦ ਬਿਕ੍ਰਮੀ ਸੰਮਤ, ਦਿਨ ਬੁੱਧਵਾਰ, ਪੋਖ ਸੁਦੀ ਸੱਤ, ੨੨ ਦਸੰਬਰ ੨੦੨੩ ਈ. ਨੂੰ ਅਰੰਭ ਕੀਤਾ ਸੀ। ਗੁਰੂ ਦੀ ਕਿਰਪਾ ਸਦਕਾ ੨੦੮੦ ਬਿਕ੍ਰਮੀ ਸੰਮਤ, ਦਿਨ ਸੋਮਵਾਰ, ਫੱਗਣ ਸੁਦੀ ਪੂਰਨਮਾਸ਼ੀ, ੨੪ ਫ਼ਰਵਰੀ ੨੦੨੪ ਈ: ਨੂੰ ਸੰਪੂਰਨ ਹੋਇਆ।

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਦਾਸਨਿ ਦਾਸ ਹਰੀ ਸਿੰਘ
ਗੁਰਮਤਿ ਵਿਦਿਆਲਾ ਜੱਥਾ ਰੰਧਾਵਾ
ਸੰਪ੍ਰਦਾ ਦਮਦਮੀ ਟਕਸਾਲ

ੴ ਸਤਿਗੁਰ ਪ੍ਰਸਾਦਿ॥

ਮੰਗਲਾ-ਚਰਣ ਟੀਕਾਕਾਰ ਵੱਲੋਂ

੧. ਨਮਸ਼ਕਾਰ ਸ੍ਰੀ ਵਾਹਿਗੁਰੂ, ਸਤਿ ਚਿਤ ਅਨਦ ਸਰੂਪ।
ਘਟ ਘਟ ਮਹਿ ਜੋ ਰਵ ਰਿਹਾ, ਨਿਰਗੁਣ ਸਰਗੁਣ ਰੂਪ॥

੨. ਨਿਰੰਕਾਰ ਕੀ ਜੋਤਿ ਜੋ, ਸ੍ਰੀ ਗੁਰੂ ਨਾਨਕ ਦੇਵ।
ਤਿਨਿ ਚਰਨਨ ਮਮ ਬੰਦਨਾ, ਅਮਰ ਅਲੱਖ ਅਭੇਵ॥

੩. ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਕਿਰਪਾ ਸਿੰਧ ਸੁ ਜਾਨ।
ਚਰਨ ਕਮਲ ਤਿਨਿ ਬੰਦਨਾ, ਸਿੱਖਨ ਦੇਇ ਕਲਿਆਨ॥

੪. ਦਸ ਗੁਰੂਅਨ ਕੀ ਜੋਤਿ ਜੋ, ਸ੍ਰੀ ਗੁਰੂ ਗ੍ਰੰਥ ਮਹਾਨ।
ਬੰਦੋਂ ਸੀਸ ਨਿਵਾਇ ਕੈ, ਭੋਗ ਮੋਖ ਦਇ ਦਾਨ॥

੫. ਸੰਖਿਆ ਯੁਤ ਗਯਾਨ ਜੋ, ਲਿਖਾ ਗ੍ਰੰਥਨ ਮਾਹਿ।
ਭਿੰਨ ਭਿੰਨ ਸੇ ਅੰਸ਼ ਲੇ, ਲਿਖੂੰ ਗ੍ਰੰਥ ਬਨਾਇ॥

੬. ਸ੍ਰੀ ਸਤਿਗੁਰੂ ! ਕ੍ਰਿਪਾ ਕਰਹੁ, ਬਖ਼ਸ਼ੋ ਸ਼ੁਧ ਸੁਬੋਧ।
ਤਵ ਕਿਰਪਾ ਤੇ ਲਿਖ ਸਕੂੰ, ਗ੍ਰੰਥ ਸੰਖਿਆ ਬੋਧ॥

✧✧✧

੧.
ਅਖੰਡ ਸਰੂਪ ਬ੍ਰਹਮ

ਅਖੰਡ ਸਰੂਪ ਬ੍ਰਹਮ=ਜਿਸ ਵਿੱਚ ਦੂਆਪਣ ਨਹੀਂ ਹੈ।

ਬ੍ਰਹਮ ਦੇ ਨਾਲ ਕਲਪਤਿਦਾਤਮ ਸੰਬੰਧ ਵਾਲੀ ਮਾਇਆ :

ਜਿਵੇਂ ਬਲੌਰ ਚਿੱਟਾ, ਨਿਰਮਲ, ਉੱਜਲ ਹੁੰਦਾ ਹੈ, ਉਸ ਦੇ ਕੋਲ ਜਿਹੋ ਜਿਹੇ ਰੰਗ ਦੀ ਕੋਈ ਚੀਜ਼, ਫੁੱਲ ਜਾਂ ਕੱਪੜਾ ਆਦਿ ਰੱਖੀਏ, ਉਸ ਤਰ੍ਹਾਂ ਦਾ ਰੰਗ ਬਲੌਰ ਵਿੱਚ ਪ੍ਰਤੀਤ ਹੋਣ ਲੱਗ ਜਾਂਦਾ ਹੈ। ਕੱਪੜੇ, ਫੁੱਲ ਅਤੇ ਬਲੌਰ ਦਾ ਇਹ ਕਲਪਤਿਦਾਤਮ ਸੰਬੰਧ ਹੈ। ਜਦੋਂ ਉਹ ਰੰਗਦਾਰ ਚੀਜ਼ ਦੂਰ ਹਟਾ ਦੇਈਏ ਤਾਂ ਬਲੌਰ ਉੱਜਲ ਦਾ ਉੱਜਲ ਰਹਿ ਜਾਂਦਾ ਹੈ। ਇਹ ਜੋ ਬ੍ਰਹਮ ਹੈ, ਉਹ ਸ਼ੁੱਧ ਸਰੂਪ ਹੈ। ਤ੍ਰੈ-ਗੁਣੀ ਮਾਇਆ ਦਾ ਉਸ ਨਾਲ ਕਲਪਤਿਦਾਤਮ ਸੰਬੰਧ ਪੈਣ ਤੋਂ ਈਸ਼ਵਰ ਕਹਾਉਂਦਾ ਹੈ। ਮਾਇਆ ਦਾ ਤਿਆਗ ਕਰ ਕੇ ਉਹ ਸ਼ੁੱਧ ਦਾ ਸ਼ੁੱਧ ਸਰੂਪ ਹੀ ਹੈ। ਜੋ ਸਦਾ ਸੱਚਾ ਨਾ ਹੋਵੇ ਅਤੇ ਕਲਪਿਤ ਹੋਵੇ। ਜਿਸ ਪ੍ਰਕਾਰ ਅੱਗ ਦੇ ਨਾਲ ਲੋਹੇ ਵਿਚ ਤਿੰਨ ਸ਼ਕਤੀਆਂ ਪੈਦਾ ਹੋ ਜਾਂਦੀਆਂ ਹਨ। ਪਹਿਲੀ ਪ੍ਰਕਾਸ਼ ਸ਼ਕਤੀ ਆਉਂਦੀ ਹੈ ਤੇ ਲੋਹਾ ਲਾਲ ਹੋ ਕੇ ਚਮਕਦਾ ਹੈ। ਦੂਸਰੀ ਸਾੜਨ ਸ਼ਕਤੀ ਅਤੇ ਤੀਸਰੀ ਊਸ਼ਨ ਸ਼ਕਤੀ, ਜੋ ਗਰਮੀ ਪੈਦਾ ਕਰਦੀ ਹੈ। ਅੱਗ ਤੋਂ ਪਾਸੇ ਕਰ ਕੇ ਇਹ ਤਿੰਨੇ ਸ਼ਕਤੀਆਂ ਹੀ ਨਹੀਂ ਰਹਿੰਦੀਆਂ।

ਇਸ ਪ੍ਰਕਾਰ ਚੇਤਨ ਬ੍ਰਹਮ ਦੀ ਸੱਤਾ ਨੂੰ ਲੈ ਕੇ ਜੜ੍ਹ ਮਾਇਆ ਹਰਕਤ ਵਿੱਚ ਆਈ। ਤ੍ਰਿਗੁਣੀ ਰੂਪ ਹੋਈ ਅਤੇ ਈਸ਼ਵਰ ਹੋ ਕੇ ਸ੍ਰਿਸ਼ਟੀ ਰਚੀ। ਸਤੋ ਪ੍ਰਧਾਨ ਰੂਪ ਜਿਹੜੀ ਮਾਇਆ ਹੈ, ਜਿਸ ਵਿੱਚ ਰਜੋ ਤੇ ਤਮੋ ਗੁਣ ਘੱਟ ਹਨ ਅਤੇ ਸਤੋ ਪ੍ਰਧਾਨ ਹੈ, ਉਸ ਚੇਤਨ ਦਾ ਅਭਾਸ ਪੈਣ ਕਰ ਕੇ ਈਸ਼ਰ ਕਹਾਈ। ਜਿਸ ਵਿੱਚ ਸਤੋ, ਰਜੋ ਘੱਟ ਅਤੇ ਤਮੋ ਗੁਣ ਪ੍ਰਧਾਨ ਹੈ, ਜੋ ਅਵਿੱਦਿਆ ਹੈ, ਉਸ ਵਿਚ ਚੇਤਨ ਦਾ ਅਭਾਸ ਪਿਆ ਤੇ ਉਹ ਜੀਵ ਕਹਾਈ। ਜਦੋਂ ਚੇਤਨ ਦਾ ਪ੍ਰਤਿਬਿੰਬ ਮਾਇਆ ਵਿੱਚ ਪਿਆ, ਤਾਂ ਤਿੰਨ ਗੁਣ ਪੈਦਾ ਹੋਏ। ਜਿਸ ਪ੍ਰਕਾਰ ਭਾਸ਼ਾਵਾਦੀਆਂ ਦਾ ਮੱਤ ਹੈ ਕਿ ਜਿਤਨਾ ਚਿਰ ਘੜਾ ਪਾਣੀ ਨਾਲ ਭਰਿਆ ਹੋਇਆ ਸੂਰਜ ਦੇ ਸਾਹਮਣੇ ਰਹੇ, ਓਨਾ ਚਿਰ ਸੂਰਜ ਦਾ ਪ੍ਰਤਿਬਿੰਬ ਘੜੇ ਵਿੱਚ ਪੈਂਦਾ ਹੈ। ਜਦੋਂ ਬੱਦਲ ਆਦਿ ਆ ਜਾਣ ਤਾਂ ਨਹੀਂ ਪੈਂਦਾ, ਇਸੇ ਪ੍ਰਕਾਰ ਹੀ ਮਾਇਆ ਵਿੱਚ ਚੇਤਨ ਦਾ ਅਭਾਸ ਪੈਂਦਾ ਹੈ ਤਾਂ ਇਹ ਰਚਨਾ ਰਚਦੀ ਹੈ। ਐਸਾ ਸਮਾਂ ਦੱਸਿਆ ਨਹੀਂ ਜਾ ਸਕਦਾ ਕਿ ਮਾਇਆ ਫਲਾਣੇ ਸਮੇਂ ਉਸ ਤੋਂ ਓਹਲੇ ਹੋ ਸਕਦੀ ਹੈ, ਕਿਉਂਕਿ ਉਹ ਸਰਬ-ਵਿਆਪਕ ਹੈ। ਮਾਇਆ ਲਾਂਭੇ ਕਿੱਥੇ ਲੁੱਕ ਜਾਵੇਗੀ? ਨਾ ਮਾਇਆ ਮਰਦੀ ਹੈ ਕਿਉਂਕਿ ਮਰਨ ਤੋਂ ਸ੍ਰਿਸ਼ਟੀ ਲੈ ਹੋਵੇਗੀ। ਇਹ ਅਜੂਨੀ ਨਾਦੀ ਹੈ, ਸ਼ਾਂਤ ਅਨਾਦੀ ਹੈ, ਕਿਉਂਕਿ ਇਹ ਪ੍ਰਤੀਤ ਹੁੰਦੀ ਹੈ, ਜਿਵੇਂ ਜਾਗਦੇ ਹੋਏ ਪੁਰਖ ਦੀਆਂ ਅੱਖਾਂ ਦਾ ਪ੍ਰਕਾਸ਼ ਅੱਗੇ ਪੈਂਦਾ ਹੈ, ਜਦੋਂ ਸੌਂ ਜਾਵੇ ਤਾਂ ਅੱਖਾਂ ਮਿੱਚ ਜਾਂਦੀਆਂ ਹਨ ਅਤੇ ਅੱਖਾਂ ਦਾ ਪ੍ਰਕਾਸ਼ ਕਿਸੇ ਵਸਤੂ ਨੂੰ ਵੇਖਣ ਰੂਪ ਕੰਮ ਨਹੀਂ ਕਰਦਾ। ਇਸੇ ਪ੍ਰਕਾਰ ਜਦੋਂ ਪਰਮਾਤਮਾ ਸ੍ਵੈ ਰੂਪ ਵਿਚ ਲੀਨ ਹੁੰਦਾ ਹੈ ਕਿ ਜਗਤ ਦੀ ਰਚਨਾ ਦੀ ਹੁਣ ਲੈਅਤਾ ਕਰਨੀ ਹੈ, ਉਸੇ ਸਮੇਂ ਫਿਰ ਅੱਖਾਂ ਬੰਦ ਹੋਣ ਦੀ ਨਿਆਈਂ ਆਪਣਾ ਪ੍ਰਤਿਬਿੰਬ ਮਾਇਆ ਵਿੱਚ ਪੈਣ ਤੋਂ ਰੋਕ ਲੈਂਦਾ ਹੈ। ਮਾਇਆ ਅਸਕਤ ਜੜ੍ਹ ਹੈ। ਉਹ ਆਪ ਕੁਝ ਨਹੀਂ ਕਰ ਸਕਦੀ, ਜਿਸ ਪ੍ਰਕਾਰ ਕਲਾ ਨਾਲ ਪੁਤਲੀਆਂ ਦੀ ਕਿਰਿਆ ਹੁੰਦੀ ਹੈ, ਜੇ ਕਲਾ ਨਾ ਹੋਵੇ ਤਾਂ ਪੁਤਲੀਆਂ ਥਾਉਂ-ਥਾਈਂ ਖੜ ਜਾਂਦੀਆਂ ਹਨ। ਇਸ ਪ੍ਰਕਾਰ ਸਭ ਰਚਨਾ ਸਮਾਪਤ ਹੋ ਜਾਂਦੀ ਹੈ। ਉਸ ਦਾ ਫੁਰਨਾ ਹੀ ਪ੍ਰਤਿਬਿੰਬ ਦਾ ਪੈਣਾ ਹੈ ਅਤੇ ਫੁਰਨਾ ਮੇਟਣਾ ਪ੍ਰਤਿਬਿੰਬ ਦਾ ਨਹੀਂ ਪੈਣਾ ਹੈ।

ਮ੍ਰਿਗ ਤ੍ਰਿਸ਼ਨਾ :

ਰੇਤਲੇ ਮੈਦਾਨਾਂ ਵਿਚ ਜਦੋਂ ਸੂਰਜ ਦੀਆਂ ਸਿੱਧੀਆਂ ਕਿਰਨਾਂ ਪੈਂਦੀਆਂ ਹਨ ਤਾਂ ਰੇਤੇ ਦੀ ਚਮਕ ਨਦੀ ਦੇ ਪਾਣੀ ਵਾਂਗ ਪ੍ਰਤੀਤ ਹੁੰਦੀ ਹੈ। ਮ੍ਰਿਗ ਪਾਣੀ ਦੇ ਭੁਲੇਖੇ ਜਦੋਂ ਉਥੇ ਜਾਂਦੇ ਹਨ ਤਾਂ ਉਹ ਉਤਨਾ ਹੀ ਹੋਰ ਦੂਰ ਪ੍ਰਤੀਤ ਹੁੰਦੀ ਹੈ। ਇਉਂ ਵਾਸਤਵ ਵਿੱਚ ਪਾਣੀ ਤਾਂ ਹੁੰਦਾ ਹੀ ਨਹੀਂ, ਸਿਰਫ਼ ਰੇਤੇ ਦੀ ਚਮਕ ਨੂੰ ਪਾਣੀ ਸਮਝ ਕੇ ਮ੍ਰਿਗ ਭਟਕਦਾ ਫਿਰਦਾ ਹੈ। ਏਸੇ ਪ੍ਰਕਾਰ ਬ੍ਰਹਮ ਰੂਪੀ ਸੂਰਜ ਹੈ, ਜਿਸ ਦੀ ਸੱਤਾ ਰੂਪੀ ਕਿਰਨ ਮਾਇਆ ਰੂਪੀ ਰੇਤੇ ਵਿੱਚ ਪੈ ਰਹੀ ਹੈ, ਜਿਸ ਕਰਕੇ ਨਾਨ੍ਹਾ ਤਰ੍ਹਾਂ ਦਾ ਸੰਸਾਰ, ਪਦਾਰਥਾਂ ਰੂਪੀ ਪਾਣੀ ਪ੍ਰਤੀਤ ਹੋ ਰਿਹਾ ਹੈ (ਇਸ ਵਿੱਚ ਜੋ ਸੱਤਤਾ ਪ੍ਰਤੀਤ ਹੋ ਰਹੀ ਹੈ ਇਹ ਮ੍ਰਿਗ ਤ੍ਰਿਸ਼ਨਾ ਦਾ ਪਾਣੀ ਹੈ) ਜੀਵ ਰੂਪ ਮ੍ਰਿਗ ਇਨ੍ਹਾਂ ਪਦਾਰਥਾਂ, ਸੰਸਾਰ ਨੂੰ ਸੱਚੇ ਮੰਨ ਕੇ ਇਨ੍ਹਾਂ ਦੀ ਪ੍ਰਤੀਤ ਦੀ ਆਸਾ ਕਾਰਨ ਦੌੜਦਾ ਹੈ, ਪਰ ਇਹ ਪਦਾਰਥ, ਸੰਸਾਰ ਮ੍ਰਿਗ ਤ੍ਰਿਸ਼ਨਾ ਦੇ ਪਾਣੀ ਵਾਂਗ ਝੂਠਾ ਹੈ, ਜੋ ਪਕੜ ਵਿੱਚ ਨਾ ਆਉਣ ਕਰਕੇ ਜੀਵ ਭਟਕਦਾ-ਭਟਕਦਾ ਇਸ ਦੀ ਆਸਾ ਵਿੱਚ ਮਰ ਜਾਂਦਾ ਹੈ।

ਸਾਰਦੂਲ ਸ਼ੇਰ :

੨੧ ਝੋਟਿਆਂ ਜਿਤਨਾ ਬਲ ਇਕ ਸ਼ੇਰ ਵਿੱਚ ਹੁੰਦਾ ਹੈ, ੨੧ ਸ਼ੇਰਾਂ ਜਿਤਨਾ ਬਲ ਕੇਹਰੀ ਸ਼ੇਰ ਵਿੱਚ ਹੁੰਦਾ ਹੈ, ੨੧ ਕੇਹਰੀ ਸ਼ੇਰਾਂ ਜਿਤਨਾ ਬਲ ਇਕ ਬੱਬਰ ਸ਼ੇਰ ਵਿੱਚ ਹੁੰਦਾ ਹੈ, ੨੧ ਬੱਬਰ ਸ਼ੇਰਾਂ ਜਿਤਨਾ ਬਲ ਇਕ ਸਾਰਦੂਲ ਵਿੱਚ ਹੁੰਦਾ ਹੈ।

ਕੌਡੀ :

ਤੁੱਛ ਮਾਇਆ ਜਾਂ ਕੌਡੀ ਸਮੁੰਦਰ ਵਿੱਚੋਂ ਨਿਕਲੇ ਇਕ ਨਿੱਕੇ ਜਿਹੇ ਜੀਵ ਦੇ ਘਰ ਹਨ ਜੋ ਚੂਨੇ ਦੇ ਹੁੰਦੇ ਹਨ। ਗ਼ਰੀਬ ਦੇਸ਼ਾਂ ਵਿੱਚ ਸਿੱਕੇ ਦੀ ਥਾਂ ਵਰਤੀਦਾ ਸੀ। ਪੰਜਾਬ ਵਿੱਚ ਇਨ੍ਹਾਂ ਦਾ ਤੋਰਾ ਹੁਣ ਘਟਿਆ ਹੈ, ਇਕ ਪੈਸੇ ਦੀਆਂ ਲਗਭਗ ੬੪ ਕੌਡੀਆਂ ਹੁੰਦੀਆਂ ਸਨ।

ਗੰਧ੍ਰਬ ਨਗਰੀ :

ਰਾਜੇ ਹਰੀ ਚੰਦ ਦੀ ਨਗਰੀ ਜੋ ਇਕ ਭੁਲੇਖੇ ਦੀ ਨਗਰੀ ਹੈ, ਜੋ ਆਕਾਸ਼ ਵਿੱਚ ਦਿੱਸਦੀ ਹੈ, ਪਰ ਅਸਲ ਵਿੱਚ ਹੁੰਦੀ ਨਹੀਂ। ਪੁਰਾਣਕ ਕਥਾ ਅਨੁਸਾਰ ਜਦੋਂ ਰਾਜੇ ਹਰੀ ਚੰਦ ਨੂੰ ਸਵਰਗ ਦੀ ਪ੍ਰਾਪਤੀ ਹੋਈ, ਤਾਂ ਇਸ ਨੇ ਕਿਹਾ, ਮਹਾਰਾਜ ! ਮੇਰੀ ਸਾਰੀ ਪੁਰੀ ਸਵਰਗ ਨੂੰ ਲੈ ਚੱਲੋ, ਤਾਂ ਮਹਾਰਾਜ ਨੇ ਸਾਰੀ ਪੁਰੀ ਹੀ ਬਿਬਾਨ ਵਿੱਚ ਚੜ੍ਹਾ ਲਈ। ਜਦੋਂ ਆਕਾਸ਼ ਵਿੱਚ ਬਿਬਾਨ ਜਾ ਰਿਹਾ ਸੀ ਤਾਂ ਉਸ ਵਿੱਚੋਂ ਗਧੇ ਹਿਣਕ ਪਏ, ਗਧੇ ਹਿਣਕਣ ਤੋਂ ਹਰੀ ਚੰਦ ਨੂੰ ਮਾਣ ਹੋ ਗਿਆ ਤੇ ਆਪਣੇ-ਆਪ ਨੂੰ ਕਹਿਣ ਲੱਗਾ ਕਿ ਹਰੀ ਚੰਦਾ ! ਤੇਰੇ ਤਾਂ ਗਧੇ ਵੀ ਸਵਰਗਾਂ ਨੂੰ ਚੱਲੇ ਹਨ। ਇਸ ਪ੍ਰਕਾਰ ਉਹ ਪੁਰੀ ਉਥੇ ਹੀ ਖਲੋ ਗਈ। ਮੰਨਿਆ ਜਾਂਦਾ ਹੈ ਕਿ ਹੁਣ ਤਾਈਂ ਉਹ ਉਥੇ ਹੀ ਵੱਸਦੀ ਹੈ। ਜਦੋਂ ਆਕਾਸ਼ ਵਿੱਚ ਧੁੰਦ ਆਦਿ ਵਿੱਚ ਸੂਰਜ ਦੀਆਂ ਕਿਰਨਾਂ ਪੈਣ ਤੋਂ ਭੁਲੇਖੇ ਜਿਹੇ ਪੈਂਦੇ ਹਨ ਕਿ ਜਿਵੇਂ ਕੋਈ ਨਗਰੀ ਹੈ, ਉਸ ਨੂੰ ਹਰਿ ਚੰਦਉਰੀ ਜਾਂ ਗੰਧ੍ਰਬ ਨਗਰੀ ਆਦਿ ਨਾਮ ਦਿੰਦੇ ਹਨ, ਪਰ ਉਸ ਤੋਂ ਕਿਸੇ ਨੇ ਕੋਈ ਸੌਦਾ ਨਹੀਂ.ਖਰੀਦਿਆ ਇਹ ਕਹਿਣ ਮਾਤਰ ਹੀ ਹੈ, ਇਉਂ ਹੀ ਇਹ ਪਦਾਰਥ ਵਾਸਤਵ ਵਿੱਚ ਨਹੀਂ ਹੁੰਦੇ। ਉਸ ਨਗਰੀ ਵਾਂਗ ਮਿਥਿਆ ਹੀ ਹਨ ਅਰਥਾਤ ਵਾਸਤਵ ਵਿੱਚ ਹਰੀ ਚੰਦਉਰੀ ਕੋਈ ਵਸਤੂ ਨਹੀਂ, ਕੇਵਲ ਮ੍ਰਿਗ ਤ੍ਰਿਸ਼ਨਾ ਦੀ ਤਰ੍ਹਾਂ ਧੁੰਦ ਵਿੱਚ ਖ਼ਿਆਲੀ ਰਚਨਾ ਹੈ। ਸਰਦੀ ਦੀ ਰੁੱਤ ਵਿੱਚ ਸੂਰਜ ਦੀਆਂ ਕਿਰਨਾਂ ਤੇਜ਼ ਹੋਣ ਤੋਂ ਪਹਿਲਾਂ ਰੇਗਿਸਤਾਨ ਜਾਂ ਸਮੁੰਦਰ ਦੇ ਕਿਨਾਰੇ ਗਾੜ੍ਹੀ ਧੁੰਦ ਹੋਣ ਕਰਕੇ, ਅਕਾਸ਼ ਵਿੱਚ ਕਦੇ ਸੱਤਯ ਵਸਤੂਆਂ ਦਾ ਅਕਸ਼ ਤੇ ਕਦੇ ਖ਼ਿਆਲ ਵਿੱਚ ਵੱਸੇ ਹੋਏ ਪਦਾਰਥ ਸਤਯ ਸਮਾਨ ਭਾਸਣ ਲੱਗ ਜਾਂਦੇ ਹਨ। ਹਰਿਆਣੇ ਦੇ ਹਿਸਾਰ ਜ਼ਿਲ੍ਹੇ ਜਾਂ ਰੇਤਲੇ ਇਲਾਕਿਆਂ ਅਤੇ ਅਰਬ ਦੇ ਸਮੁੰਦਰੀ ਰੇਤਲੇ ਮੈਦਾਨਾਂ ਵਿੱਚ ਹਰਿ ਚੰਦਉਰੀ ਦਾ ਨਜ਼ਾਰਾ ਅਜੀਬ ਭਾਸਿਆ ਕਰਦਾ ਹੈ।

ਜਿਸ ਪੁਰਸ਼ ਨੇ ਉਹ ਪਹਿਲਾਂ ਨਹੀਂ ਦੇਖਿਆ, ਉਹ ਬਿਨਾਂ ਸੰਸੇ ਸੁੰਦਰ ਮਕਾਨ, ਕਿਲ੍ਹੇ ਅਤੇ ਬਾਗ਼ ਦੇਖ ਕੇ ਉਨ੍ਹਾਂ ਦੀ ਸੈਰ ਲਈ ਲਲਚਾਉਂਦਾ ਹੈ, ਪਰ ਜਿਉਂ-ਜਿਉਂ ਸੂਰਜ ਦੀਆਂ ਕਿਰਨਾਂ ਤੇਜ਼ ਹੁੰਦੀਆਂ ਜਾਂਦੀਆਂ ਹਨ ਤਿਉਂ-ਤਿਉਂ ਧੁੰਦ ਪਤਲੀ ਪੈਣ ਲੱਗਦੀ ਹੈ ਅਤੇ ਦੇਖਦੇ ਹੀ ਦੇਖਦੇ ਸਾਰੀ ਰਚਨਾ ਅੱਖਾਂ ਤੋਂ ਪਰ੍ਹੇ ਹੋ ਜਾਂਦੀ ਹੈ।

ਕਰਨਲ ਟਾਂਡ ਆਪਣੀ ਪੁਸਤਕ ਵਿੱਚ ਲਿਖਦਾ ਹੈ ਕਿ ਇਕ ਵਾਰ ਜਹਾਜ਼ ਵਿੱਚ ਸਫ਼ਰ ਕਰਦੇ ਹੋਏ ਮੈਨੂੰ ਹਰਿ ਚੰਦਉਰੀ ਦਾ ਜਹਾਜ਼ ਇਸ ਤਰ੍ਹਾਂ ਭਾਸਿਆ ਕਿ ਹੁਣੇ ਹੀ ਸਾਡੇ ਜਹਾਜ਼ ਨੂੰ ਟੱਕਰ ਮਾਰ ਕੇ ਚੂਰ-ਚੂਰ ਕਰ ਦੇਵੇਗਾ। ਟਾਂਡ ਕਹਿੰਦਾ ਹੈ, ਮੈਂ ਡਰਦੇ ਮਾਰੇ ਸ਼ੋਰ ਮਚਾ ਦਿੱਤਾ ਅਤੇ ਜਾਨ ਬਚਾਉਣ ਦੇ ਫ਼ਿਕਰ ਵਿੱਚ ਪੈ ਗਿਆ, ਪਰ ਜਹਾਜ਼ ਦੇ ਅਫ਼ਸਰ ਜੋ ਅਸਲ ਗੱਲ ਦੇ ਭੇਤੀ ਸਨ, ਸਾਰੇ ਮੈਨੂੰ ਦੇਖ ਕੇ ਹੱਸਣ ਲੱਗ ਪਏ ਤੇ ਮੈਂ ਸ਼ਰਮਿੰਦਾ ਹੋ ਗਿਆ। ਇਹ ਕਰਨਲ ਟਾਂਡ ਦੀ ਕਹਾਣੀ ਹੈ।

ਗੁਰਬਾਣੀ ਵਿੱਚ ਸੰਸਾਰ ਦੇ ਮਾਇਕੀ ਪਦਾਰਥ ਜੋ ਖਿਨ ਭਰ ਚਮਤਕਾਰ ਵਿਖਾ ਕੇ ਮਿਟ ਜਾਂਦੇ ਹਨ, ਉਨ੍ਹਾਂ ਨੂੰ ਹਰੀ ਚੰਦਉਰੀ (ਗੰਧ੍ਰਬ ਨਗਰੀ) ਦਾ ਦ੍ਰਿਸ਼ਟਾਂਤ ਦੇ ਕੇ ਮਿਥਿਆ ਦੱਸਿਆ ਹੈ।

ਇਕ ਖੂਹਣਿ = ੧.

ਇਕ ਖ਼ਾਸ ਗਿਣਤੀ ਦੀ ਫ਼ੌਜ, ਜਿਸ ਵਿੱਚ ੧੦੯੩੫੦ ਪੈਦਲ, ੬੪੬੧੦ ਘੋੜੇ, ੨੧੮੭੦ ਹਾਥੀ, ਇਉਂ ਕੁੱਲ ੨੧੮੭੦੦ ਹੋਣ, ਉਸ ਨੂੰ ਅਖੌਹਣੀ, ਖੂਹਣੀ ਜਾਂ ਖੁਹਣਿ ਕਹਿੰਦੇ ਹਨ ਭਾਵ ਬੇਅੰਤ ਤੋਂ ਹੈ।

ਪੰਜਾਬ ਦੇ ਵਿੱਚ ਇਉਂ ਮੰਨਿਆ ਹੈ ਕਿ ਜਿਸ ਫ਼ੌਜ ਦੇ ਲੰਘਦਿਆਂ-ਲੰਘਦਿਆਂ ਖੂਹ ਗਰਦ ਨਾਲ ਭਰ ਜਾਵੇ, ਪੂਰਿਆ ਜਾਵੇ ਅਤੇ ਖੂਹ ਦਾ ਪਾਣੀ ਸੁੱਕ ਜਾਵੇ, ਉਸ ਨੂੰ ਖੂਹਣ ਜਾਂ ਖੂਹਣੀ ਕਹਿੰਦੇ ਹਨ।

ਜਨੇਊ = (ਯੱਗਜੋਪਵੀਤ, ਜੰਞੂ, ਬ੍ਰਹਮਸੂਤ੍ਰ) :

ਹਿੰਦੂ ਮੱਤ ਦੇ ਸ਼ਾਸਤਰਾਂ ਵਿੱਚ ਜਨੇਊ ਬਣਾਉਣ ਦੀ ਵਿਧੀ ਇਉਂ ਮਿਲਦੀ ਹੈ : ਵੇਦ ਮੰਤ੍ਰ ਪੜ੍ਹ ਕੇ, ਖੇਤ ਵਿੱਚੋਂ ਕਪਾਹ ਲੈਣੀ, ਉਸ ਦੀ ਰੂੰ ਹੱਥਾਂ ਨਾਲ ਕੱਢ ਕੇ ਖੂਹ ਦੀ ਮਣ ਉਤੇ ਬੈਠ ਕੇ ਲਾਟੂ ਫੇਰ ਕੇ ਸੂਤ ਕੱਢਣਾ, ਖੂਹ ਵਿੱਚ ਲਟਕਾਇਆ ਹੋਇਆ ਲਾਟੂ ਆਪਣੇ ਚੱਕਰ ਨਾਲ ਧਾਗੇ ਨੂੰ ਵਟ ਦਿੰਦਾ ਹੈ। ਜਦ ਲੰਮਾ ਸੂਤ ਬਣ ਜਾਵੇ ਕਿ ਜਿਸ ਨਾਲ ਜਨੇਊ ਦਾ ਪ੍ਰਮਾਣ ਪੂਰਾ ਹੋ ਜਾਵੇ, ਤਦ ਉਸ ਧਾਗੇ ਨੂੰ ਤਿਹਰਾ ਕਰ ਕੇ ਇਕ ਡੋਰੀ ਵੱਟਣੀ। ਇਨ੍ਹਾਂ ਤਿਹਰੀ ਤਿੰਨਾਂ ਡੋਰਾਂ ਦਾ ਇਕ ਅਗ੍ਰ ਹੁੰਦਾ ਹੈ, ਦੋ ਅਗ੍ਰਾਂ ਦਾ ਇਕ ਜਨੇਊ ਬਣਦਾ ਹੈ, ਜੋ ਦ੍ਵਿਜਾਂ ਦੇ ਪਹਿਰਣ ਯੋਗ ਹੁੰਦਾ ਹੈ। ਇਹ ਖੱਬੇ ਮੋਢੇ ਤੋਂ ਪਹਿਨ ਕੇ ਸੱਜੀ ਵੱਖੀ ਵੱਲ ਲਟਕਾਇਆ ਜਾਂਦਾ ਹੈ। ਪਿਤਰ ਕਰਮ ਕਰਨ ਵੇਲੇ ਸੱਜੇ ਮੋਢੇ 'ਤੇ ਪਹਿਰੀਦਾ ਹੈ। ਮਨੂੰ ਜੀ ਦੇ ਮੱਤ ਅਨੁਸਾਰ ਬ੍ਰਾਹਮਣ ਦਾ ਜਨੇਊ ਕਪਾਸ ਦਾ, ਛੱਤ੍ਰੀ ਦਾ ਸਣ ਦਾ, ਵੈਸ਼ਯ ਦਾ ਮੀਢੇ ਦੀ ਉੱਨ ਦਾ ਹੋਣਾ ਚਾਹੀਦਾ ਹੈ। ਜਨੇਊ ਸੰਸਕਾਰ ਸਮੇਂ ਬ੍ਰਾਹਮਣ ਨੂੰ ਕਾਲੇ ਹਿਰਨ ਦੀ, ਛੱਤ੍ਰੀ ਨੂੰ ਲਾਲ ਮ੍ਰਿਗ ਦੀ ਅਤੇ ਵੈਸ਼ਯ ਨੂੰ ਬੱਕਰੇ ਦੀ ਖੱਲ ਪਹਿਰਨੀ ਚਾਹੀਦੀ ਹੈ ਅਤੇ ਬ੍ਰਾਹਮਣ ਬਿੱਲ ਜਾਂ ਪਲਾਹ ਦਾ, ਛੱਤ੍ਰੀ ਨੂੰ ਵੱਟ (ਬੋਹੜ) ਦਾ, ਵੈਸ਼ਯ ਨੂੰ ਪੀਲੂ ਬ੍ਰਿਛ (ਸਾਲ) ਦਾ ਡੰਡਾ ਧਾਰਨ ਕਰਨਾ ਚਾਹੀਦਾ ਹੈ। ਗਰਭ ਭਾਵ ਜੀਵ ਦੇ ਜਨਮ ਤੋਂ ਲੈ ਕੇ ਬ੍ਰਾਹਮਣ ਦਾ ਅੱਠਵੇਂ, ਛੱਤ੍ਰੀ ਦਾ ਗਿਆਰ੍ਹਵੇਂ ਅਤੇ ਵੈਸ਼ਯ ਦਾ ਬਾਰ੍ਹਵੇਂ ਵਰ੍ਹੇ ਜਨੇਊ ਸੰਸਕਾਰ ਹੋਣਾ ਚਾਹੀਦਾ ਹੈ। ਨਾਰਦ ਦੇ ਮੱਤ ਅਨੁਸਾਰ ਬ੍ਰਾਹਮਣ ਦਾ ਬਸੰਤ ਰੁੱਤ ਵਿੱਚ, ਛੱਤ੍ਰੀ ਦਾ ਗ੍ਰੀਖਮ ਰੁੱਤ ਵਿੱਚ ਅਤੇ ਵੈਸ਼ਯ ਦਾ ਸਰਦ ਰੁੱਤ ਵਿੱਚ ਜਨੇਊ ਸੰਸਕਾਰ ਹੋਣਾ ਚਾਹੀਦਾ ਹੈ।

ਸੂਰਜ = ਇਕ ਬ੍ਰਹਿਮੰਡ ਦਾ ਇਕ ਸੂਰਜ।
ਚੰਦਰਮਾ = ਇਕ ਬ੍ਰਹਿਮੰਡ ਦਾ ਇਕ ਚੰਦਰਮਾ।
ਪ੍ਰਿਥਵੀ = ਇਕ ਬ੍ਰਹਿਮੰਡ ਦੀ ਇਕ ਪ੍ਰਿਥਵੀ।

✧✧✧

੨.

ਨਾਮ

ਨਾਮ = ਕਿਸੇ ਵੀ ਵਸਤੂ ਦੇ ਬੋਧ ਕਰਾਉਣ ਵਾਲੇ ਸ਼ਬਦ ਨੂੰ ਨਾਮ ਕਹਿੰਦੇ ਹਨ, ਜਿਸ ਕਰਕੇ ਅਰਥ ਜਾਣਿਆ ਜਾਵੇ, ਉਹ ਨਾਮ ਕਹੀਦਾ ਹੈ, ਜੋ ਦੋ ਪ੍ਰਕਾਰ ਹੈ :

੧. ਵਸਤੂ ਵਾਚਕ ਨਾਮ ੨. ਭਾਵ ਵਾਚਕ ਨਾਮ

੧. ਵਸਤੂ ਵਾਚਕ ਨਾਮ = ਕਿਸੇ ਵਸਤੂ ਦਾ ਨਾਮ ਲੈਣ ਨਾਲ ਉਸੇ ਵਸਤੂ ਦਾ ਚੇਤਾ ਆ ਜਾਣਾ, ਜਿਵੇਂ ਦੇਵਤੇ, ਦਾਨਵ, ਮਾਨਸ, ਪਸ਼ੂ, ਪੰਛੀ, ਬ੍ਰਿਛ, ਪਹਾੜ, ਧਰਤੀ ਆਦਿ।

੨. ਭਾਵ ਵਾਚਕ ਨਾਮ = ਭਾਵਨਾ, ਨਿਰਮਾਣਤਾ, ਸਾਵਧਾਨਤਾ, ਇਕਾਗਰਤਾ, ਕੋਮਲਤਾ, ਸੁਹਿਰਦਤਾ, ਕਠੋਰਤਾ, ਸੁੰਦਰਤਾ ਆਦਿ ਇਹ ਸਭ ਭਾਵ ਵਾਚਕ ਨਾਮ ਹਨ।

ਲਖ਼ਣ :

੧. ਸਰੂਪ ਲਖ਼ਣ ੨. ਤਟੱਸਥੀ ਲਖ਼ਣ

੧. ਸਰੂਪ ਲਖ਼ਣ :

ਸਰੂਪ ਦਾ ਗਿਆਨ ਕਰਾਉਣ ਲਈ ਜੋ ਲਖ਼ਣ ਸਦਾ ਕਾਇਮ ਰਹਿਣ, ਉਹ ਸਰੂਪ ਲਖ਼ਣ ਹੁੰਦੇ ਹਨ ਭਾਵ ਸਤਿ, ਚੇਤਨ, ਅਨੰਦ, ਸਦਾ ਸਚਦਾਨੰਦ, ਅਸਤੀ, ਭਾਂਤੀ, ਪ੍ਰਿਯ। ਇਹ ਬ੍ਰਹਮ ਦੇ ਸਰੂਪ ਲਖ਼ਣ ਹਨ ਜੋ ਸਦਾ ਰਹਿੰਦੇ ਹਨ ਤੇ ਸਿੱਧਾ ਸਰੂਪ ਨੂੰ ਜਣਾਉਂਦੇ ਹਨ (੧) = ਜੋ ਅਦ੍ਵੈਤ ਸਰੂਪ ਹੈ, ਸਤਿ = ਨਾਸ਼ ਤੋਂ ਰਹਿਤ ਹੈ, ਅਜੂਨੀ = ਅਜਨਮਾ ਸਰੂਪ ਹੈ, ਵਾ: ਜੂਨਾਂ ਤੋਂ ਰਹਿਤ ਹੈ, ਸੈਭੰ = ਸੁਤੇ ਪ੍ਰਕਾਸ਼ ਹੈ। '੧ ਸਤਿ ਅਜੂਨੀ ਸੈਭੰ ਅਕਾਲ ਮੂਰਤਿ' ਸਰੂਪ ਲਖ਼ਣ ਹਨ। ਸਤਿ ਚਿਤ ਅਨੰਦ ਰੂਪਤ੍ਵੰ ਈਸ਼੍ਵਰ ਅਸਹਿ ਸਰੂਪ ਲਖਸਣਤ੍ਵੰ ॥ ਸਤਿ, ਚੇਤਨ, ਅਨੰਦ ਇਹ ਬ੍ਰਹਮ ਦਾ ਸਰੂਪ ਲਖ਼ਣ ਹੈ।

੨. ਤਟੱਸਥੀ ਲਖ਼ਣ :

ਜਿਹੜੇ ਲਖ਼ਣ ਕਦੇ ਰਹਿਣ ਤੇ ਕਦੇ ਨਾ ਰਹਿਣ, ਪਰ ਸਾਰਿਆਂ ਤੋਂ ਵੱਖਰਾ ਜਣਾ ਦੇਣ, ਜੋ ਸਰੂਪ ਤੋਂ ਵੱਖਰੇ ਹੋਣ, ਉਹ ਤਟੱਸਥੀ ਲਖ਼ਣ ਹੁੰਦੇ ਹਨ, ਜਿਵੇਂ ਕਿਸੇ ਨੇ ਬਜ਼ਾਰ ਵਿੱਚ ਖੜੇ ਹੋ ਕੇ ਪੁੱਛਿਆ ਕਿ ਮੈਂ ਰਾਮ ਸਰੂਪ ਦੇ ਘਰ ਜਾਣਾ ਹੈ। ਤਾਂ ਦੱਸਣ ਵਾਲੇ ਨੇ ਦੱਸਿਆ ਕਿ ਸਾਹਮਣੇ ਗਲੀ ਵਿੱਚ ਚੂਨੇ ਗਚ ਤੇ ਸਫ਼ੈਦ ਕਲੀ ਕੀਤਾ ਹੋਇਆ ਉਸ ਦਾ ਮਕਾਨ ਹੈ। ਉਸ ਨੇ ਜਾ ਕੇ ਦੇਖਿਆ ਕਿ ਸਾਰੇ ਮਕਾਨ ਇਸੇ ਤਰ੍ਹਾਂ ਦੇ ਹਨ। ਦੁਬਾਰਾ ਪੁੱਛਣ 'ਤੇ ਕਿਸੇ ਸਿਆਣੇ ਨੇ ਦੱਸਿਆ ਕਿ ਉਹ ਸਾਹਮਣੇ ਜਿਸ ਮਕਾਨ ਉੱਤੇ ਕਾਂ ਬੈਠਾ ਹੈ, ਉਹ ਰਾਮ ਸਰੂਪ ਦਾ ਘਰ ਹੈ। ਉਹ ਪੰਛੀ ਮਕਾਨ ਨੂੰ ਵੱਖਰਾ ਜਣਾ ਕੇ ਉੱਡ ਗਿਆ। ਉਹ ਸਦਾ ਨਹੀਂ ਬੈਠਾ ਰਿਹਾ, ਇਸ ਪ੍ਰਕਾਰ ਜੋ ਵਿਸ਼ੇਸ਼ ਗੁਣ ਹੋਣ, ਪਰ ਸਦਾ ਨਾ ਰਹਿਣ, ਉਹ ਤਟੱਸਥੀ ਲਖ਼ਣ ਹੁੰਦੇ ਹਨ। ਜੈਸਾ ਕਿ :

ਕਦਾਚਿ ਕੜ੍ਹੈਸਤੀ, ਅਨ-ਵਿਜਾਵਰਤ ਕਤਿਯੰ, ਤਟੱਸਥ ਲਖਸਣੱਂ ॥

ਇਸ ਪ੍ਰਕਾਰ ਜਦੋਂ ਪਰਮੇਸ਼ਰ ਜਗਤ ਰਚਦਾ ਹੈ, ਤਾਂ ਕਰਤਾ ਹੁੰਦਾ ਹੈ, ਤੇ ਉਸ ਵਿੱਚ ਵਿਆਪਕ ਹੋ ਕੇ ਪੁਰਖੁ ਹੈ, ਪਰ ਜਦੋਂ ਪਰਲੋ ਕਰਦਾ ਹੈ ਤਾਂ ਕਰਤਾਪੁਣਾ ਨਹੀਂ ਰਹਿੰਦਾ। ਸੋ ਜਿਵੇਂ '**ੴ (ਓਅੰਕਾਰ) ਨਾਮੁ ਕਰਤਾ ਪੁਰਖੁ**' ਤਟੱਸਥੀ ਲਖ਼ਣ ਹਨ।

ਸ੍ਵਣ : ਦੋ ਪ੍ਰਕਾਰ ਦਾ ਹੁੰਦਾ ਹੈ

੧. ਗੁਰੂ ਸਾਹਿਬ ਜੀ ਤੋਂ ਮਹਾਂਵਾਕਯ ਦਾ ਸ੍ਵਣ ਕਰਨ ਨਾਲ ਆਤਮਾ ਦਾ ਬ੍ਰਹਮ ਰੂਪ ਹੋਣ ਦਾ ਨਿਸ਼ਚਾ ਹੋ ਜਾਂਦਾ ਹੈ ਕਿ ਮੇਰਾ ਆਤਮਾ ਬ੍ਰਹਮ ਰੂਪ ਹੀ ਹੈ, ਜੈਸਾ ਕਿ **''ਤੂ ਸਦਾ ਸਲਾਮਤਿ ਨਿਰੰਕਾਰ''॥**

੨. ਗੁਰੂ ਦੇ ਬਚਨਾਂ ਦਾ ਛੇ ਪ੍ਰਕਾਰ ਦੇ ਚਿੰਨ੍ਹਾਂ ਨਾਲ ਇਕ ਅਦੁੱਤੀ ਸਤਿ ਸਰੂਪ ਬ੍ਰਹਮ ਵਿੱਚ ਸਾਰੇ ਬਚਨਾਂ ਦਾ ਸਿਧਾਂਤ ਜਾਨਣ ਰੂਪ ਸ੍ਵਣ ਹੈ, ਦੂਸਰੇ ਸ੍ਵਣ ਦੇ ਖਟ ਚਿੰਨ੍ਹ ੬ ਅੰਕ ਦੀ ਗਿਣਤੀ ਵਿੱਚ ਦੇਖੋ।

ਜੁਗਤੀਆਂ : ਦੋ ਪ੍ਰਕਾਰ ਦੀਆਂ ਹੁੰਦੀਆਂ ਹਨ

੧. **ਭੇਦ ਦੀਆਂ ਬਾਧਕ ਜੁਗਤੀਆਂ,** ਜਿਹੜੀ ਜੁਗਤੀ ਜੀਵ ਈਸ਼ ਦੇ ਅਭੇਦ ਗਿਆਨ ਦਾ ਖੰਡਨ ਕਰੇ ਭਾਵ ਕਿ ਜੀਵ ਈਸ਼ ਵੱਖਰੇ-ਵੱਖਰੇ ਹਨ, ਇਸ ਦਾ ਖੰਡਨ ਕਰੇ। ਜੈਸਾ ਕਿ :

ਜਿਨ ਕੈ ਭੀਤਰਿ ਹੈ ਅੰਤਰਾ ॥ ਜੈਸੇ ਪਸੁ ਤੈਸੇ ਓਇ ਨਰਾ ॥ ੨ ॥

(ਅੰਗ ੧੧੬੩)

ਜੋ ਦੁਤੀਆ ਕੋ ਮਨ ਮੈ ਧਾਰੇ ॥ ਭੈ ਤਾ ਕਹੁ ਯਹ ਬੇਦ ਉਚਾਰੇ ॥

(ਵਿਚਾਰ ਸਾਗਰ)

''ਦੁਤੀਆ ਭਇਅੰ ਭਵਤੀ''

੨. **ਅਭੇਦ ਦੀਆਂ ਸਾਧਕ ਜੁਗਤੀਆਂ**, ਜੋ ਜੀਵ ਈਸ਼ ਦੀ ਏਕਤਾ ਜਣਾਉਣ ਵਾਲੀਆਂ ਜੁਗਤੀਆਂ ਹਨ, ਜੈਸਾ ਕਿ :

ਸਗਲ ਬਨਸਪਤਿ ਮਹਿ ਬੈਸੰਤਰੁ ਸਗਲ ਦੂਧ ਮਹਿ ਘੀਆ ॥
ਊਚ ਨੀਚ ਮਹਿ ਜੋਤਿ ਸਮਾਣੀ ਘਟਿ ਘਟਿ ਮਾਧਉ ਜੀਆ ॥ ੧ ॥ **(ਅੰਗ ੬੧੭)**

ਅੰਨਵੈ: ਦੋ ਪ੍ਰਕਾਰ ਦਾ ਹੁੰਦਾ ਹੈ

੧. **ਦੰਡਕ ਅੰਨਵੈ :** ਸਾਰੀਆਂ ਤੁਕਾਂ ਦਾ ਅੰਨਵੈ ਕਰਕੇ ਅਰਥ ਕਰਨਾ।

੨. **ਖੰਡਕ ਅੰਨਵੈ :** ਛੋਟੇ-ਛੋਟੇ ਪਦਾਂ ਦੇ ਵੱਖੋ-ਵੱਖਰੇ ਅਰਥ ਕਰਨੇ।

ਡੰਡਉਤ: ਦੋ ਪ੍ਰਕਾਰ ਦੀ ਹੈ

੧. **ਅਸ਼ਟਾਂਗ ਡੰਡਉਤ :** ਦੋ ਹੱਥ ਧਰਤੀ ਉੱਤੇ, ਨੱਕ ਤੇ ਮੱਥਾ, ਦੋ ਗੋਡੇ ਅਤੇ ਦੋਵੇਂ ਪੈਰ, ਇਹ ਅੱਠ ਅੰਗ ਧਰਤੀ ਉਤੇ ਲਾ ਕੇ ਮੱਥਾ ਟੇਕਣਾ, ਇਹ ਅਸ਼ਟਾਂਗ ਡੰਡਉਤ ਹੈ।

੨. **ਡੰਡਉਤ :** ਡੰਡੇ ਦੀ ਤਰ੍ਹਾਂ ਲੰਮੇ ਪੈ ਕੇ ਨਮਸ਼ਕਾਰ ਕਰਨੀ ਜਿਵੇਂ ਡੰਡਾ ਸਿੱਧਾ ਧਰਤੀ 'ਤੇ ਪਿਆ

ਹੁੰਦਾ ਹੈ, ਇਉਂ ਮਨ ਨੂੰ ਸਿੱਧਾ ਕਰ ਕੇ ਭਾਵ ਮਾਨ ਰਹਿਤ ਹੋ ਕੇ ਨਮਸ਼ਕਾਰ ਕਰਨੀ ਸਫ਼ਲੀ ਹੈ। ਜੈਸਾ ਕਿ :

ਕਹਾ ਭਇਓ ਮੱਲ ਜੌ ਪੈ ਕਾਢਤ ਅਨੇਕ ਡੰਡ,
ਸੋ ਤੌ ਨ ਡੰਡੌਤ ਅਸ਼ਟਾਂਗ ਅਥਤੀਸ ਕੌ॥

(ਸ੍ਰੀ ਦਸਮ ਗ੍ਰੰਥ, ਅੰਗ ੧੮)

ਰੂਢਿ ਤੇ ਯੋਗ ਰੂਢਿ
ਦੋ ਪ੍ਰਕਾਰ ਦੇ ਸ਼ਬਦ ਹੁੰਦੇ ਹਨ

੧. **ਰੂਢਿ ਸ਼ਬਦ** = ਜਿਸ ਦੇ ਅੱਖਰਾਂ ਵਿੱਚੋਂ ਪਦ-ਛੇਦ ਕਰ ਕੇ ਹੋਰ ਕੋਈ ਅਰਥ ਨਾ ਬਣਦਾ ਹੋਵੇ, ਕੇਵਲ ਵਸਤੂ ਦਾ ਹੀ ਬੋਧ ਕਰਵਾਉਂਦਾ ਹੋਵੇ, ਉਸ ਨੂੰ ਰੂਢਿ ਸ਼ਬਦ ਕਹਿੰਦੇ ਹਨ, ਜੈਸਾ ਕਿ ਗੜਵਾ, ਤੂੰਬੀ, ਰੋਟੀ, ਫੌੜੀ ਆਦਿ, ਇਸ ਤਰ੍ਹਾਂ ਇਹ ਸੰਕੇਤੀ ਸ਼ਬਦ ਹਨ।

੨. **ਯੋਗ ਰੂਢਿ** = ਜੋ ਸ਼ਬਦ ਦੋ ਪਦਾਂ ਦਾ ਅਲੱਗ-ਅਲੱਗ ਹੋ ਕੇ ਵੱਖਰਾ-ਵੱਖਰਾ ਬੋਧ ਵੀ ਕਰਵਾਵੇ ਤੇ ਇਕ ਵਸਤੂ ਦਾ ਬੋਧਕ ਵੀ ਹੋਵੇ, ਉਸ ਨੂੰ ਯੋਗ ਰੂਢਿ ਸ਼ਬਦ ਕਹਿੰਦੇ ਹਨ, ਜੈਸਾ ਕਿ ਮੁਹਾਰ, ਪੰਕਜ ਆਦਿ (ਮੁ+ਹਾਰ) ਭਾਵ ਮੁ=ਮੋਹ ਨੂੰ ਹਾਰ=ਨਾਸ਼ ਕਰਨ ਵਾਲਾ, ਪੰਕਜ=ਕਮਲ ਵਾ: (ਪੰਕ+ਜ) ਪੰਕ=ਚਿੱਕੜ ਤੋਂ ਜ=ਜਨਮਿਆ ਭਾਵ ਪੈਦਾ ਹੋਇਆ, ਇਉਂ ਪੰਕਜ, ਮੁਹਾਰ ਪਦ ਯੋਗ ਗੂੰਢ ਸ਼ਬਦ ਬਣਿਆ ਹੈ।

ਸੰਨਿਆਸ : ਦੋ ਪ੍ਰਕਾਰ ਦਾ ਹੁੰਦਾ ਹੈ

੧. **ਹੰਸ ਸੰਨਿਆਸ** = ਜਿਵੇਂ ਹੰਸ ਦੁੱਧ ਅਤੇ ਪਾਣੀ ਨੂੰ ਵੱਖਰਾ-ਵੱਖਰਾ ਕਰ ਦਿੰਦਾ ਹੈ। ਦੁੱਧ ਨੂੰ ਗ੍ਰਹਿਣ ਕਰਦਾ ਹੈ ਤੇ ਪਾਣੀ ਨੂੰ ਤਿਆਗ ਦਿੰਦਾ ਹੈ, ਇਸ ਪ੍ਰਕਾਰ ਪਾਣੀ ਦੀ ਨਿਆਈਂ ਜਿਹੜੀ ਮਾਇਆ ਅਸੱਤ, ਜੜ੍ਹ, ਦੁੱਖ ਰੂਪ ਹੈ, ਇਸ ਦਾ ਤਿਆਗ ਕਰਨਾ, ਦੁੱਧ ਦੀ ਨਿਆਈਂ ਸਤਿਗੁਰੂ ਜੀ ਦੇ ਗਿਆਨ ਨੂੰ ਵਾ: ਸਤਿ, ਚਿਤ, ਅਨੰਦ ਸਰੂਪ ਨੂੰ ਗ੍ਰਹਿਣ ਕਰਨਾ, ਇਹ ਹੰਸ ਸੰਨਿਆਸ ਹੈ। ਅੱਗੇ ਇਹ ਦੋ ਪ੍ਰਕਾਰ ਦਾ ਹੈ :-

(ੳ) **ਕਟੀਚਕ ਸੰਨਿਆਸ** = ਕਿਸੇ ਜੰਗਲ ਆਦਿਕ ਅਸਥਾਨਾਂ 'ਤੇ ਕੁਟੀਆ ਬਣਾ ਕੇ ਬੈਠੇ ਰਹਿਣਾ।

(ਅ) **ਬਹੂਤਕ ਸੰਨਿਆਸ** = ਉਦਕ ਨਾਮ ਪਾਣੀ ਦਾ ਹੈ, ਬਹਿ ਨਾਮ ਵਹਿਣ ਦਾ ਹੈ ਭਾਵ ਵਗਦੇ ਪਾਣੀ ਦੇ ਕਿਨਾਰੇ ਤੁਰੇ ਫਿਰਨਾ, ਇਕ ਜਗ੍ਹਾ ਇਕ ਰਾਤ ਤੋਂ ਵੱਧ ਸਮਾਂ ਨਾ ਗੁਜ਼ਾਰਨਾ, ਇਸ ਨੂੰ ਬਹੂਤਕ ਸੰਨਿਆਸ ਕਹਿੰਦੇ ਹਨ।

੨. **ਪਰਮਹੰਸ ਸੰਨਿਆਸ** = ਜੋ ਤੱਤ ਮਿਥਿਆ ਦਾ ਵਿਵੇਚਨ ਕਰਨ ਵਾਲੇ ਹੁੰਦੇ ਹਨ ਜਿਸ ਨੂੰ ਸੁਖਮਨੀ ਸਾਹਿਬ ਵਿਚ ਕਿਹਾ ਹੈ : **ਸਤਿ ਨਿਰਤਿ ਬੂਝੈ ਜੇ ਕੋਇ ॥ (ਅੰਗ ੨੮੪)**

ਵਾਚ ਅਰਥ ਜੋ ਮਿਥਿਆ ਪ੍ਰਤੀਤੀ ਹੁੰਦੀ ਹੈ, ਜੀਵ ਈਸ਼ ਦੇ ਭੇਦ ਗਿਆਨ ਦੀ, ਇਸ ਦਾ ਤਿਆਗ ਕਰ ਦੇਣਾ, ਜੀਵ ਦੀ ਅਲਪਗਤਾ ਤੇ ਛੇ ਵਿਕਾਰ ਤਿਆਗ ਕੇ ਅਤੇ ਈਸ਼ਵਰ ਦੀ ਸਰਬਗਤਾ ਅਤੇ ਛੇ ਗੁਣਾਂ ਦਾ ਤਿਆਗ ਕਰ ਕੇ ਤੱਤ ਪਦ ਦੀ ਧਾਰਨਾ ਕਰਨੀ ਇਹ ਪਰਮਹੰਸਪੁਣਾ ਹੈ। ਪਰਮਹੰਸ ਸੰਨਿਆਸ ਵੀ ਦੋ ਪ੍ਰਕਾਰ ਦਾ ਹੁੰਦਾ ਹੈ :

(ਓ) ਬਿਬਿਧਖਾ ਸੰਨਿਆਸ = ਜੋ ਪਾਉਣ ਯੋਗ ਬ੍ਰਹਮ ਹੈ ਉਸ ਦੀ ਪ੍ਰਾਪਤੀ ਵਾਸਤੇ ਸਾਰਾ ਮਾਇਆ ਦਾ ਮੋਹ ਛੱਡ ਕੇ, ਸਾਰਿਆਂ ਤੋਂ ਨਿਵੇਕਲੇ ਹੋ ਕੇ ਹਰ ਵੇਲੇ ਸਾਧਨ ਵਿੱਚ ਲੱਗੇ ਰਹਿਣਾ ਇਹ ਬਿਬਿਧਖਾ ਸੰਨਿਆਸ ਹੈ।

(ਅ) ਵਿਦਤ ਸੰਨਿਆਸ = ਜੋ ਪਾਉਣ ਯੋਗ ਬ੍ਰਹਮ ਹੈ ਉਸ ਦੀ ਪ੍ਰਾਪਤੀ ਕਰ ਕੇ ਭਾਵੇਂ ਉਥੇ ਕਿਸੇ ਵੀ ਚੀਜ਼ ਦੇ ਤਿਆਗਣਾ ਦੀ ਲੋੜ ਨਹੀਂ, ਪਰ ਫਿਰ ਵੀ ਜੀਵਨ ਮੁਕਤੀ ਦੀ ਪ੍ਰਾਪਤੀ ਵਾਸਤੇ ਸਾਰੇ ਪਦਾਰਥਾਂ ਨੂੰ ਤਿਆਗ ਕੇ ਇਕ ਵਾਹਿਗੁਰੂ ਬ੍ਰਹਮ ਵਿੱਚ ਜੁੜੇ ਰਹਿਣਾ, ਇਸ ਦਾ ਨਾਮ ਵਿਦਤ ਸੰਨਿਆਸ ਹੈ।

ਪ੍ਰਣਵਵਾਦ ਤੇ ਵਿਵਰਤਵਾਦ

ਪ੍ਰਣਵਵਾਦ ਤੇ ਵਿਵਰਤਵਾਦ = ਇਹ ਸੰਸਾਰ ਵਿਚ ਦੋ 'ਵਾਦ' ਹਨ। ਇੱਥੇ ਵਾਦ ਤੋਂ ਭਾਵ ਚਰਚਾ ਹੈ। ਇਕ ਨੂੰ ਪ੍ਰਣਵਵਾਦ ਕਹਿੰਦੇ ਹਨ ਜੋ ਮੁੜ ਉਸ ਰੂਪ ਵਿੱਚ ਨਾ ਆ ਸਕੇ। ਸੰਸਾਰ ਵਿੱਚ ਮਾਇਆ ਦਾ ਪ੍ਰਣਵਵਾਦ ਹੈ ਬ੍ਰਹਮ ਦਾ ਵਿਵਰਤਵਾਦ ਹੈ। ਵਿਵਰਤਵਾਦ ਉਸ ਨੂੰ ਕਹਿੰਦੇ ਹਨ ਜੋ ਬਾਹਰ ਦੀ ਸ਼ਕਲ ਬਦਲ ਕੇ ਆਪਣਾ ਰੂਪ ਜਿਉਂ ਦਾ ਤਿਉਂ ਰੱਖੇ, ਜਿਵੇਂ ਮਿੱਟੀ ਤੋਂ ਬਰਤਨ ਬਣ ਕੇ ਵੀ ਮਿੱਟੀ ਨੇ ਆਪਣਾ ਰੂਪ ਨਹੀਂ ਬਦਲਿਆ, ਪਰ ਬਰਤਨ ਵੀ ਬਣ ਗਿਆ। ਪਾਣੀ ਤੋਂ ਅਨੇਕਾਂ ਲਹਿਰਾਂ, ਝੱਗ, ਬੁਦਬੁਦੇ ਬਣ ਗਏ, ਪਰ ਪਾਣੀ ਨੇ ਆਪਣਾ ਰੂਪ ਨਹੀਂ ਬਦਲਿਆ। ਲਹਿਰ ਬਣ ਕੇ, ਬੂੰਦ ਬਣ ਕੇ, ਝੱਗ ਬਣ ਕੇ ਫਿਰ ਵੀ ਪਾਣੀ ਹੈ। ਜੈਸਾ ਕਿ :

ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ॥ (ਅੰਗ ੪੮੫)

ਸੋਨੇ ਤੋਂ ਅਨੰਤ ਗਹਿਣੇ ਬਣਾ ਕੇ ਨਾਮ ਭਾਵੇਂ ਵੱਖਰੇ-ਵੱਖਰੇ ਹੋ ਗਏ, ਜਿਵੇਂ ਇਹ ਮੁੰਦਰੀ ਹੈ, ਇਹ ਕੜਾ ਹੈ, ਇਹ ਕਾਂਟੇ ਹਨ ਆਦਿ, ਪਰ ਸੁਨਿਆਰੇ ਤੋਂ ਪੁੱਛੋ ਕਿ ਕੀ ਹੈ? ਉਸ ਦੀ ਦ੍ਰਿਸ਼ਟੀ ਵਿੱਚ ਸੋਨਾ ਹੀ ਸੋਨਾ ਹੈ। ਜਦ ਕੁਠਾਲੀ ਵਿੱਚ ਢਾਲ ਦੇਈਏ ਤਾਂ ਕੇਵਲ ਸੋਨਾ ਹੀ ਸੋਨਾ ਰਹਿ ਜਾਂਦਾ ਹੈ, ਗਹਿਣਿਆਂ ਦੇ ਨਾਮ ਮਿਟ ਜਾਂਦੇ ਹਨ, ਕਿਉਂਕਿ ਕਲਪਿਤ ਸਨ। ਇਸ ਲਈ ਫੁਰਮਾਨ ਹੈ :

ਅਲੰਕਾਰ ਮਿਲਿ ਥੈਲੀ ਹੋਈ ਹੈ ਤਾ ਤੇ ਕਨਿਕ ਵਖਾਨੀ॥ (ਅੰਗ ੬੭੨)

ਇਸ ਪ੍ਰਕਾਰ ਬ੍ਰਹਮ ਸੰਸਾਰ ਦੇ ਅਨੰਤ ਜੀਵ ਰੂਪ ਲਹਿਰਾਂ, ਬੂੰਦਾਂ ਜਾਂ ਮਿੱਟੀ ਦੇ ਅਨੇਕਾਂ ਬਰਤਨ ਜਾਂ ਸੋਨੇ ਦੇ ਅਨੇਕਾਂ ਗਹਿਣੇ ਆਦਿ ਇਸ ਗੱਲ ਦਾ ਸੂਚਕ ਹਨ ਕਿ ਸੰਸਾਰ ਰੂਪ ਹੋ ਕੇ ਬ੍ਰਹਮ ਵਿੱਚ ਕੋਈ ਤਬਦੀਲੀ ਨਹੀਂ ਹੈ। ਉਸ ਦਾ ਆਪਣਾ ਰੂਪ ਹੀ ਹੈ। ਇਹ ਸੰਸਾਰ ਰੂਪ ਪ੍ਰਪੰਚ ਬ੍ਰਹਮ ਦਾ ਵਿਵਰਤਵਾਦ ਅਤੇ ਮਾਇਆ ਦਾ ਪ੍ਰਣਵਵਾਦ ਹੈ, ਕਿਉਂਕਿ ਪ੍ਰਪੰਚ ਦਾ ਅਰਥ ਹੈ ਕਿ ਜੋ ਪਰ=ਵਿਸ਼ੇਸ਼ ਕਰਕੇ ਪੰਚ=ਪੰਜ ਚੀਜ਼ਾਂ ਦਾ ਬਣਿਆ ਹੋਵੇ ਜਿਸ ਵਿੱਚ ਤਿੰਨ ਅੰਸ਼ਾਂ ਬ੍ਰਹਮ ਦੀਆਂ ਅਸਤੀ, ਭਾਂਤੀ, ਪ੍ਰਿਅ, ਜਿਸ ਨੂੰ ਸਰਲ ਭਾਸ਼ਾ ਵਿਚ ਸਤਿ, ਚਿਤ, ਅਨੰਦ ਕਿਹਾ ਜਾਂਦਾ ਹੈ। ਮਾਇਆ ਦੀਆਂ ਦੋ ਅੰਸ਼ਾਂ ਨਾਮ ਤੇ ਰੂਪ ਦੋਨੋਂ ਤਬਦੀਲ ਹੋਣ **ਵਾ:** ਮਿਟ ਜਾਣ ਵਾਲੀਆਂ ਹਨ। ਸਦਾ ਰਹਿਣ ਵਾਲਾ ਪ੍ਰਭੂ ਸਤਿ, ਚਿਤ, ਅਨੰਦ ਸਰੂਪ ਹੈ। ਪ੍ਰਣਵਵਾਦ ਨੂੰ ਪ੍ਰਾਪਤ ਹੋਣ ਕਰਕੇ ਇਸ ਦਾ ਤੀਸਰਾ ਨਾਮ ਦੁਨੀਆਂ ਹੈ। ਜਿਸ ਦਾ ਅਰਥ ਹੈ — ਦੋ ਨੀਹਾਂ, ਜਿਸ 'ਤੇ ਸਾਰਾ ਸੰਸਾਰ ਖੜਾ ਹੈ, ਇਕ ਜੰਮਣ ਦੀ ਤੇ ਦੂਜੀ ਮਰਣ ਦੀ ਨੀਂਹ ਹੈ। ਇਕ ਖ਼ੁਸ਼ੀ ਤੇ ਇਕ ਗ਼ਮੀ ਦੀ ਹੈ। ਇਕ ਮਿਲਾਪ ਦੀ ਤੇ ਦੂਜੀ ਵਿਛੋੜੇ ਦੀ ਹੈ। ਇਕ ਸੁਖ, ਦੂਜੀ ਦੁੱਖ ਦੀ ਹੈ। ਇਕ ਸੱਚ ਦੀ ਤੇ ਦੂਜੀ ਝੂਠ ਦੀ ਹੈ। ਇਕ ਰਾਗ ਦੀ ਤੇ ਦੂਜੀ ਦ੍ਵੈਖ ਦੀ ਹੈ। ਇਸ ਪ੍ਰਕਾਰ

ਹੋਰ ਵੀ ਅਨੰਤ ਪ੍ਰਮਾਣ ਦਿੱਤੇ ਜਾ ਸਕਦੇ ਹਨ ਪਰ ਵਿਸਥਾਰ ਦੇ ਭੈਅ ਕਾਰਨ ਹੋਰ ਨਹੀਂ ਦਿੱਤੇ। ਸੋ ਇਸ ਪ੍ਰਕਾਰ ਇਸ ਦਾ ਨਾਮ ਦੁਨੀਆਂ ਵੀ ਹੈ ਜੋ ਐਸੀਆਂ ਦੋ ਨੀਹਾਂ 'ਤੇ ਹੈ।

ਅਗਿਆਨ ਦੀਆਂ ਦੋ ਸ਼ਕਤੀਆਂ

੧. **ਅਭਾਨਾਪਾਦ ਸ਼ਕਤੀ :** ਜਿਹੜਾ ਪ੍ਰਤੀਤ ਨਾ ਹੋਣਾ। ਪ੍ਰਭੂ ਨੂੰ ਨੇੜੇ ਨਾ ਸਮਝਣਾ ਭਾਵ ਜਿਹੜਾ ਅਗਿਆਨ ਦੀ ਸ਼ਕਤੀ ਕਰਕੇ ਪ੍ਰਤੀਤ ਨਹੀਂ ਹੁੰਦਾ ਤੇ ਦੂਸਰਾ, ਪਰਮੇਸ਼ਰ ਹੈ ਤਾਂ ਸਹੀ, ਪਰ ਦਿੱਸਦਾ ਨਹੀਂ।

੨. **ਅਸੱਤ੍ਵਾਪਾਦ ਸ਼ਕਤੀ :** ਅਸੱਤ੍ਵਾਪਾਦ ਸ਼ਕਤੀ ਕਿ ਬ੍ਰਹਮ ਹੈ ਹੀ ਨਹੀਂ। ਤੇਰੇ ਅੰਦਰ ਪ੍ਰੋਖ ਗਿਆਨ ਦਾ ਪਰਦਾ ਸੀ, ਤੂੰ ਪਰਮੇਸ਼ਰ ਨੂੰ ਸਮਝਦਾ ਤਾਂ ਸੀ ਕਿ ਨਾਮ ਜਪਣੇ ਕਰਕੇ ਹੀ ਪਰਮੇਸ਼ਰ ਮਾਤਾ ਦੇ ਗਰਭ ਵਿੱਚ ਮੇਰੀ ਗੁਪਤ ਹੋ ਕੇ ਪਾਲਣਾ ਕਰਦਾ ਹੈ, ਪਰ ਪ੍ਰਤੀਤ ਨਹੀਂ ਹੁੰਦਾ। ਇਹ ਅਗਿਆਨ ਦੀ ਸ਼ਕਤੀ ਤੇਰੇ ਅੰਦਰ ਵਰਤ ਗਈ ਸੀ, ਜਿਹੜੀ ਅਗਿਆਨ ਦੀ ਸ਼ਕਤੀ ਸੀ ਕਿ ਬ੍ਰਹਮ ਹੈ ਹੀ ਨਹੀਂ, ਇਸ ਨਾਸਤਕਪੁਣੇ ਵੱਲੋਂ ਨਾਂਗਾ ਪਿਆ ਹੋਇਆ ਸੀ ਤੈਨੂੰ ਨਿਸ਼ਚਾ ਸੀ ਕਿ ਪਰਮੇਸ਼ਰ ਹੈ, ਪਰ ਪ੍ਰਤੀਤ ਨਹੀਂ ਹੁੰਦਾ। ਅਗਿਆਨ ਦੀ ਅਸੱਤ੍ਵਾਪਾਦ ਸ਼ਕਤੀ ਨਾਸ਼ ਹੋਈ ਸੀ। ਉਸ ਗੱਲ ਵੱਲੋਂ ਨਾਂਗਾ ਸੀ, ਸਮਝਦਾ ਸੀ ਕਿ ਪਰਮੇਸ਼ਰ ਹੈ ਪਰ ਮੈਨੂੰ ਦਿੱਸਦਾ ਨਹੀਂ। ਗੁਪਤ ਹੋ ਕੇ ਮੇਰੀ ਪਾਲਣਾ ਕਰ ਰਿਹਾ ਹੈ। ਮਾਤਾ ਦੇ ਗਰਭ ਵਿੱਚ ਪ੍ਰੋਖ ਗਿਆਨ ਦੁਆਰਾ ਤੈਨੂੰ ੧੦੦ ਜਨਮਾਂ ਦਾ ਗਿਆਨ ਸੀ। ਇਹ ਨਿਸ਼ਚਾ ਨਹੀਂ ਹੁੰਦਾ ਕਿ ਪਰਮੇਸ਼ਰ ਹੈ ਹੀ ਨਹੀਂ, ਜਿਵੇਂ ਨਾਸਤਕ ਕਹਿੰਦੇ ਹਨ ਜਿਸ ਪ੍ਰਕਾਰ ਰੱਸੇ ਦਾ ਨਾਗ ਵੱਲ ਪਾਇਆ ਹੁੰਦਾ ਹੈ। ਇਸ ਪ੍ਰਕਾਰ ਤੂੰ ਅਗਿਆਨ ਦੀ ਅਭਾਨਾਪਾਦ ਸ਼ਕਤੀ ਦੇ ਨਾਲ ਨਾਗ ਵਲ ਦੀ ਨਿਆਈਂ ਉਸ ਵਿਚ ਬੱਝਾ ਹੋਇਆ ਸੀ, ਭਾਵ ਅਗਿਆਨ ਵੀ ਅਸੱਤ੍ਵਾਪਾਦ ਸ਼ਕਤੀ ਤੋਂ ਰਹਿਤ ਸੀ (ਜਿਵੇਂ ਇਕ ਬੋਲੀ ਹੈ ਕਿ ਕੋਈ ਪੁਰਖ ਨਾ ਖਾਵੇ, ਕਹਿਣਾ ਅੱਜ ਮੇਰਾ ਨਾਂਗਾ ਹੈ ਭਾਵ ਇਕ ਅਗਿਆਨ ਦੀ ਅਸੱਤ੍ਵਾਪਾਦ ਸ਼ਕਤੀ ਤੋਂ ਰਹਿਤ ਸੀ, .ਖਾਲੀ ਸੀ।

ਰਾਗ, ਦ੍ਵੈਸ਼

੧. ਰਾਗ=ਕਿਸੇ ਨਾਲ ਮੋਹ ਵਿੱਚ ਆ ਕੇ ਪ੍ਰੇਮ ਕਰਨਾ, ੨. ਦ੍ਵੈਸ਼=ਨਫ਼ਰਤ ਵਿੱਚ ਆ ਕੇ ਦ੍ਵੈਸ਼ ਕਰਨੀ।

ਜੰਮਣ, ਮਰਣ

੧. ਜੰਮਣ=ਜਨਮ ਧਾਰਨਾ ੨. ਮਰਣ=ਮੌਤ ਆ ਜਾਣੀ

ਚੰਦ, ਸੂਰਜ

ਇਕ ਬ੍ਰਹਿਮੰਡ ਦਾ ਇਕ ਸੂਰਜ, ਇਕ ਬ੍ਰਹਿਮੰਡ ਦਾ ਇਕ ਚੰਦਰਮਾ

ਹਰਖ, ਸੋਗ

੧. ਹਰਖ=ਖ਼ੁਸ਼ੀ ੨. ਸੋਗ=ਗ਼ਮ

ਦੋ ਦਲ

੧. ਦੇਵਤਿਆਂ ਦਾ ੨. ਰਾਖਸ਼

ਦੋ ਪੱਖ

੧. ਅੰਧੇਰ ਪੱਖ ੨. ਚਾਨਣ ਪੱਖ

ਨਿਹੰਗ ਸਿੰਘਾਂ ਦੇ ਦੋ ਦਲ

੧. ਬੁੱਢਾ ਦਲ ੨. ਤਰਨਾ ਦਲ

ਦੋ ਸੁਦਾਮੇ

੧. ਦੁਆਪਰ ਜੁੱਗ ਦੇ ਅੰਦਰ ਭਗਵਾਨ ਕ੍ਰਿਸ਼ਨ ਜੀ ਦਾ ਮਿੱਤਰ, ਗੋਕਲ ਵਿੱਚ ਰਹਿਣ ਵਾਲਾ ਬ੍ਰਾਹਮਣਾਂ ਦਾ ਲੜਕਾ, ਜਿਸ ਸੁਦਾਮੇ ਦੀ ਸਾਰੀ ਵਾਰਤਾ ਸੰਖੇਪ ਰੂਪ ਵਿੱਚ ਭਾਈ ਗੁਰਦਾਸ ਸਾਹਿਬ ਜੀ ਨੇ ਇਉਂ ਵਰਣਨ ਕੀਤੀ ਹੈ। ਜੈਸਾ ਕਿ :

ਬਿਪੁ ਸੁਦਾਮਾ ਦਾਲਿਦੀ, ਬਾਲ ਸਖਾਈ ਮਿਤ੍ਰ ਸਦਾਏ।
ਲਾਗੂ ਹੋਈ ਬਾਮ੍ਹਣੀ ਮਿਲਿ, ਜਗਦੀਸ ਦਲਿਦ੍ਰ ਗਵਾਏ।
ਚਲਿਆ ਗਣਦਾ ਗਟੀਆਂ, ਕਿਉ ਕਰਿ ਜਾਈਐ ਕਉਣੁ ਮਿਲਾਏ।
ਪਹੁਤਾ ਨਗਰਿ ਦੁਆਰਕਾ, ਸਿੰਘ ਦੁਆਰਿ ਖਲੋਤਾ ਜਾਏ।
ਦੂਰਹੁ ਦੇਖਿ ਡੰਡਉਤਿ ਕਰਿ, ਛਡਿ ਸਿੰਘਾਸਣੁ ਹਰਿ ਜੀ ਆਏ।
ਪਹਿਲੇ ਦੇ ਪਰਦਖਣਾ ਪੈਰੀ, ਪੈ ਕੈ ਲੈ ਗਲਿ ਲਾਏ।
ਚਰਣੋਦਕੁ ਲੈ ਪੈਰ ਧੋਇ, ਸਿੰਘਾਸਣੁ ਉਤੇ ਬੈਠਾਏ।
ਪੁਛੇ ਕੁਸਲੁ ਪਿਆਰੁ ਕਰਿ, ਗੁਰ ਸੇਵਾ ਦੀ ਕਥਾ ਸੁਣਾਏ।
ਲੈ ਕੇ ਤੰਦੁਲ ਚਬਿਓਨੁ, ਵਿਦਾ ਕਰੇ ਅਗੈ ਪਹੁਚਾਏ।
ਚਾਰਿ ਪਦਾਰਥ ਸਕੁਚਿ ਪਠਾਏ॥ ੯॥

੨. ਦੂਜਾ ਸੁਦਾਮਾ ਇਕ ਵੱਡੇ ਕਵੀਆਂ ਵਿੱਚੋਂ ਹੋਇਆ ਹੈ, ਜੋ ਜਾਤੀ ਦਾ ਬ੍ਰਾਹਮਣ ਸੀ। ਇਹ ਬੁੰਦੇਲ-ਖੰਡ ਦਾ ਵਾਸੀ ਸੀ। ਇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿੱਚ ਹਾਜ਼ਰ ਹੋਇਆ ਅਤੇ ਆਪਣੀ ਵਿੱਦਿਆ ਦਾ ਜੌਹਰ ਦਿਖਾਉਂਦਿਆਂ ਇਕ ਕਵਿਤਾ ਭੇਟ ਕੀਤੀ, ਜਿਸ ਦੇ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਦੁਆਪਰ ਦੇ ਅਵਤਾਰ ਭਗਵਾਨ ਕ੍ਰਿਸ਼ਨ ਦੱਸਦਿਆਂ ਅਤੇ ਆਪਣੇ ਆਪ ਨੂੰ ਦੁਆਪਰ ਵਾਲਾ ਸੁਦਾਮਾ ਦੱਸ ਕੇ ਦੁਆਪਰ ਦਾ ਇਤਿਹਾਸ ਦੁਹਰਾਇਆ ਹੈ ਜੈਸਾ ਕਿ :

ਏਕੈ ਸੰਗਿ ਪਢੇ ਹੈਂ, ਆਵੰਤਿਕਾ ਸੰਦੀਪਨੀ ਕੈ,
ਸੋਈ ਸੁਧ ਆਈ ਤੋ, ਬੁਲਾਇ ਬੂਝੀ ਬਾਮਾ ਮੈਂ।
ਪੁੰਗੀ ਫਲ ਹੋਤ ਤੌ, ਅਸੀਸ ਦੇਤੋ ਨਾਥ ਜੀ ਕੌ,
ਤੰਦੁਲ ਲੇ ਦੀਨੇ ਬਾਂਧ ਲੀਨੌ ਫਟੇ ਜਾਮਾ ਮੈਂ।
ਦੀਨ ਦਯਾਲ ਸੁਨ ਕੈ, ਦਯਾਲੁ ਦਰਬਾਰ ਮਿਲੇ,
ਏਤੋ ਕੁਛ ਦੀਨੌ ਪਾਈ, ਅਗਨਿਤ ਸਾਮਾ ਮੈਂ।
ਪ੍ਰੀਤਿ ਕਰ ਜਾਨੈ ਗੁਰ ਗੋਬਿੰਦ ਕੈ ਮਾਨੈ ਤਾਂ ਤੇ,
ਵਹੀ ਤੂੰ ਗੋਬਿੰਦ, ਵਹੀ ਬਾਮ੍ਹਨ ਸੁਦਾਮਾ ਮੈਂ।

ਦੋ ਸੂਰਦਾਸ

੧. **ਸੂਰਦਾਸ :** ਬਾਬਾ ਰਾਮਦਾਸ ਬ੍ਰਾਹਮਣ ਦੇ ਘਰ ਸੰਮਤ ੧੫੬੦ ਵਿੱਚ ਜਨਮਿਆ। ਇਸ ਨੇ ਵੱਲਭਾਚਾਰਯ ਦਾ ਸ਼ਿਸ਼ ਹੋ ਕੇ ਕ੍ਰਿਸ਼ਨ ਭਗਤੀ ਵਿੱਚ ਆਪਣੀ ਉਮਰ ਬਤੀਤ ਕੀਤੀ। *ਸੂਰ ਸਾਗਰ* ਗ੍ਰੰਥ ਇਸ ਦੀ ਸੁੰਦਰ ਰਚਨਾ ਹੈ। ਬ੍ਰਜ ਭਾਸ਼ਾ ਦੇ ਕਵੀਆਂ ਵਿੱਚੋਂ ਇਹ ਅੱਵਲ ਦਰਜੇ ਦਾ ਕਵੀ ਹੋਇਆ ਹੈ। ਜੈਸਾ ਕਿ :

ਸੂਰ ਸੂਰ, ਤੁਲਸੀ ਸਸੀ, ਉਡਗਨ ਕੇਸ਼ੋਦਾਸ।
ਅਬ ਕੇ ਕਵਿ ਖੁਦਯੋਤ ਸਮ, ਜਹਿ ਤਹਿ ਕਰਹਿ ਪ੍ਰਕਾਸ਼॥

(ਅਸ਼ਟ ਛਾਪ ਕਵੀ)

ਅਸ਼ਟ ਛਾਪ ਕਵੀ ਕਹਿੰਦਾ ਹੈ ਕਿ ਸੂਰਦਾਸ ਜੀ ਸੂਰਜ ਦੀ ਨਿਆਈਂ ਕਾਵਯ ਦਾ ਚਾਨਣਾ ਦੇਣ ਵਾਲੇ ਕਵੀ ਸਨ। ਤੁਲਸੀ ਦਾਸ ਜੀ **ਸਸੀ**=ਚੰਦਰਮਾ ਦੀ ਨਿਆਈਂ ਹਨ, ਕਿਉਂਕਿ ਉਨ੍ਹਾਂ ਦੀ ਰਚਨਾ ਵਿੱਚੋਂ ਚੰਦਰਮਾ ਦੀਆਂ ਕਿਰਨਾਂ ਵਾਂਗ ਭਗਤੀ ਦੀ ਠੰਢ ਮਹਿਸੂਸ ਹੁੰਦੀ ਹੈ। ਸਮੂਹ ਤਾਰਿਆਂ ਦੀ ਨਿਆਈਂ ਕੇਸ਼ੋਦਾਸ ਕਵੀ ਹੈ। ਇਹ ਬ੍ਰਜ ਭਾਸ਼ਾ ਦਾ ਮਹਾਨ ਕਵੀ ਸੀ। ਇਹ ਵੀ ਬੁੰਦੇਲ-ਖੰਡ ਦਾ ਨਿਵਾਸੀ ਸੀ। ਇਸ ਦਾ ਜਨਮ ੧੬੨੪ ਵਿੱਚ ਲਿਖਿਆ ਹੈ। ਇਸ ਦੇ ਕਾਵਯ ਗ੍ਰੰਥ *ਕਵਿਪ੍ਰਿਯਾ, ਰਸਿਕਪ੍ਰਿਯਾ, ਰਾਮ ਚੰਦ੍ਰਿਕਾ* ਆਦਿਕ ਹਨ। **ਅਬ**=ਹੁਣ ਦੇ ਜੋ ਕਵੀ ਕਹਾਉਣ ਵਾਲੇ ਹਨ ਇਹ **ਖੁਦਯੋਤ**=ਟਟਹਿਣੇ ਦੀ ਨਿਆਈਂ ਹਨ, ਜੋ ਜਿੱਥੇ ਕਿੱਥੇ ਪ੍ਰਕਾਸ਼ ਕਰਨ ਦਾ ਜਤਨ ਕਰਦੇ ਹਨ ਪਰ ਹਨੇਰਾ ਨਹੀਂ ਚੁਕ ਹੁੰਦਾ।

੨. **ਸੂਰਦਾਸ :** ਇਸ ਦਾ ਜਨਮ ੧੫੮੬ ਵਿੱਚ ਗਵਾਲੀਅਰ ਦੇ ਨਜ਼ਦੀਕ ਹੋਇਆ। ਇਹ ਵੀ ਬ੍ਰਾਹਮਣ ਜਾਤੀ ਦਾ ਸੀ। ਸੰਸਕ੍ਰਿਤ, ਫ਼ਾਰਸੀ, ਹਿੰਦੀ ਦਾ ਪ੍ਰਸਿੱਧ ਵਿਦਵਾਨ ਸੀ। ਪਹਿਲਾਂ ਇਹ ਅਕਬਰ ਦਾ ਅਹਿਲਕਾਰ ਸੀ ਅਤੇ ਅਵਧ ਦੇ ਇਲਾਕੇ ਸੰਦੀਲਾ ਦਾ ਹਾਕਮ ਸੀ। ਪਰ ਅਖ਼ੀਰ ਨੂੰ ਬੈਰਾਗ ਵਿੱਚ ਆ ਕੇ ਸਭ ਕੁਝ ਤਿਆਗ ਦਿੱਤਾ ਅਤੇ ਵਿਰਕਤ ਹੋ ਗਿਆ। ਬਾਕੀ ਰਹਿੰਦੀ ਆਯੂ ਪਰਮੇਸ਼ਰ ਦੇ ਸਿਮਰਨ ਵਿੱਚ ਬਿਤਾਈ। ਸੂਰਦਾਸ ਦੀ ਸਮਾਧ ਕਾਂਸ਼ੀ ਵਿੱਚ ਸਥਿਤ ਹੈ। ਇਸ ਸੂਰਦਾਸ ਦੀ ਕੇਵਲ ਇਕ ਤੁਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ :

ਛਾਡਿ ਮਨ ਹਰਿ ਬਿਮੁਖਨ ਕੋ ਸੰਗੁ॥

(ਅੰਗ ੧੨੫੩)

ਦੋ ਕਾਰਨ

੧. **ਉਪਾਦਾਨ ਕਾਰਨ :** ਜਿਸ ਤੋਂ ਕਾਰਜ ਪੈਦਾ ਹੋ ਕੇ, ਉਸੇ ਵਿੱਚ ਸਮਾਇਆ ਰਹੇ, ਜਿਵੇਂ ਕਿ ਘੜਾ ਮਿੱਟੀ ਵਿੱਚੋਂ ਪੈਦਾ ਹੋ ਕੇ ਮਿੱਟੀ ਦਾ ਰੂਪ ਹੀ ਰਹਿੰਦਾ ਹੈ, ਕਿਉਂਕਿ ਮਿੱਟੀ ਨੇ ਹੀ ਬਦਲ ਕੇ ਘੜੇ ਦਾ ਰੂਪ ਧਾਰਨ ਕੀਤਾ ਹੈ। ਇਸ ਲਈ ਮਿੱਟੀ ਘੜੇ ਦਾ ਉਪਾਦਾਨ ਕਾਰਨ ਹੋਈ। ਲੋਹਾ ਸ਼ਸਤ੍ਰ ਦਾ ਉਪਾਦਾਨ ਕਾਰਨ ਹੈ ਅਤੇ ਸੋਨਾ ਗਹਿਣਿਆਂ ਦਾ ਉਪਾਦਾਨ ਕਾਰਨ ਹੈ। ਵੇਦਾਂਤ ਮੱਤ ਅਨੁਸਾਰ ਮਾਇਆ ਸੰਸਾਰ ਦਾ ਉਪਾਦਾਨ ਕਾਰਨ ਹੈ। ਜੈਸਾ ਕਿ :

ਉਪਾਦਾਨ ਇਹ ਸਭ ਜਗ ਕੇਰੀ॥ **(ਸ੍ਰੀ.ਗੁ.ਪ੍ਰ.ਸੂ.ਗ੍ਰੰਥ)**

੨. **ਨਮਿੱਤ ਕਾਰਨ :** ਜਿਸ ਤੋਂ ਕਾਰਜ ਪੈਦਾ ਹੋ ਕੇ, ਉਸ ਵਿੱਚ ਨਾ ਰਹੇ, ਜਿਵੇਂ ਘੜਾ ਘੁਮਿਆਰ ਤੋਂ ਪੈਦਾ ਹੋ ਕੇ, ਘੁਮਿਆਰ ਉਸ ਦੇ ਵਿੱਚ ਨਹੀਂ ਰਹਿੰਦਾ, ਇਉਂ ਭਾਂਡਿਆਂ ਦਾ ਨਮਿੱਤ ਕਾਰਨ ਘੁਮਿਆਰ, ਗਹਿਣਿਆਂ ਦਾ ਨਮਿੱਤ ਕਾਰਨ ਸੁਨਿਆਰ ਆਦਿਕ।

ਕਾਰੂੰ

੧. ਕਾਰੂੰ ਮਿਸਰ ਦਾ ਬਾਦਸ਼ਾਹ ਸੀ। ਇਸ ਦੇ ਪਿਤਾ ਦਾ ਨਾਮ ਯਸ਼ਰ ਸੀ। ਇਹ ਬਾਦਸ਼ਾਹ ਇਜ਼ਰਾਈਲ ਖ਼ਾਨਦਾਨ ਵਿੱਚੋਂ ਹੋਇਆ ਹੈ ਅਤੇ ਬਹੁਤ ਵੱਡਾ ਧਨੀ ਸੀ ਅਤੇ ਸੂਮ ਵੀ ਸੀ। ਕਾਰੂੰ ਦਾ ਜ਼ਿਕਰ ਕੁਰਾਨ ਦੀ ਸੂਰਤ ੨੯, ਆਯਤ ੩੮ ਅਤੇ ਸੂਰਤ ੨੮, ਆਯਤ ੭੬-੮੨ ਵਿੱਚ ਆਇਆ ਹੈ। ਇਹ ਬਾਦਸ਼ਾਹ ਪੈਗ਼ੰਬਰ ਮੂਸੇ ਦੇ ਚਾਚੇ ਦਾ ਪੁੱਤਰ ਸੀ। ਯਹੂਦੀਆਂ ਦੀ ਮਜ਼ਹਬੀ ਕਿਤਾਬ ਵਿੱਚ ਲਿਖਿਆ ਹੈ ਕਿ ਕਾਰੂੰ ਦੇ ਖ਼ਜ਼ਾਨਿਆਂ ਨੂੰ ਲੱਗੇ ਹੋਏ ਜਿੰਦਰਿਆਂ ਦੀਆਂ ਕੁੰਜੀਆਂ ਦਾ ਭਾਰ ੩੦੦ ਖੱਚਰਾਂ ਦਾ ਬੋਝ ਸੀ। ਕਾਰੂੰ ਮਾਇਆ ਦੇ ਅਭਿਮਾਨ ਵਿੱਚ ਹੰਕਾਰੀ ਹੋ ਗਿਆ ਸੀ। ਇਸ ਕਰਕੇ ਪੈਗ਼ੰਬਰ ਮੂਸੇ ਦੇ ਹੁਕਮਾਂ ਦਾ ਉਲੰਘਣ ਕਰਦਾ ਰਹਿੰਦਾ ਸੀ ਅਤੇ ਜੁਗਾਤ ਨਹੀਂ ਦੇਂਦਾ ਸੀ। ਇਸ ਕਾਰਨ ਪੈਗ਼ੰਬਰ ਮੂਸਾ ਦੀ ਬਦ-ਦੁਆ ਨਾਲ ਜ਼ਮੀਨ ਵਿੱਚ ਸਮੇਤ ਖ਼ਜ਼ਾਨੇ ਗ਼ਰਕ ਹੋਇਆ। ਪਰ ਇਹ ਬਾਦਸ਼ਾਹ ਜਨਮ ਸਾਖੀ ਅਨੁਸਾਰ ਸ੍ਰੀ ਗੁਰੂ ਨਾਨਕ ਸਾਹਿਬ ਦੇ ਵੇਲੇ ਹੋਇਆ ਲਿਖਿਆ ਹੈ। ਜਿਸਦੀ ਮਾਇਆ ਦੇ ੪੦ ਗੰਜ ਪ੍ਰਸਿੱਧ ਹਨ। ੪੦ ਗੰਜ ਦਾ ਵੇਰਵਾ ੪੦ ਅੰਕ ਦੀ ਗਿਣਤੀ ਵਿੱਚ ਆਵੇਗਾ। ਗੁਰੂ ਜੀ ਨੇ ਇਸ ਦੀ ਜੋੜੀ ਹੋਈ ਮਾਇਆ ਗ਼ਰੀਬਾਂ ਵਿੱਚ ਵੰਡਵਾਈ ਅਤੇ ਸੂਈ ਦੇ ਬਹਾਨੇ ਉਸ ਨੂੰ ਉਪਦੇਸ਼ ਦਿੱਤਾ ਕਿ ਉਥੇ ਸੂਈ ਵਰਗੀ ਨਿੱਕੀ ਵਸਤੂ ਵੀ ਨਹੀਂ ਜਾ ਸਕਦੀ ਤਾਂ ਫੇਰ ੪੦ ਗੰਜ ਕਿਵੇਂ ਜਾਣਗੇ, ਇਉਂ ਗਿਆਨ ਕਰਵਾਇਆ। ਇਸ ਬਾਦਸ਼ਾਹ ਦਾ ਰੂਮ ਵਲਾਇਤ ਵਿੱਚ ਹੋਣਾ ਭਾਈ ਸੰਤੋਖ ਸਿੰਘ ਜੀ ਨੇ ਲਿਖਿਆ ਹੈ। ਇਟਲੀ ਦੀ ਰਾਜਧਾਨੀ ਰੂਮ ਹੈ, ਜਿਸ ਵਿੱਚ ਦੇਖਣ ਵਾਲੇ ਦੱਸਦੇ ਹਨ ਕਿ ਬਾਦਸ਼ਾਹ ਦੇ (ਮਹਿਲ) ਪੁਰਾਣੇ ਚਿੰਨ੍ਹ ਖੰਡਰਾਤ ਰੂਪ ਵਿੱਚ ਮਿਲੇ ਹਨ।

੨. ਇਸ ਦਾ ਅਸਲ ਨਾਮ ਕਾਰੂਸਸ ਸੀ ਜੋ ਲੀਡੀਆ ਦੇਸ਼ ਦਾ ਬਾਦਸ਼ਾਹ ਸੀ। ਇਹ ਵੀ ਕਾਰੂੰ ਨਾਮ ਤੋਂ ਪ੍ਰਸਿੱਧ ਹੋਇਆ। ਕਾਰੂੰ ਵਾਂਗ ਪਹਿਲਾਂ ਇਹ ਵੀ ਵੱਡਾ ਧਨੀ ਸੀ। ਇਸ ਦੀ ਵਡਿਆਈ ਵੇਖ ਕੇ ਵੱਡੇ-ਵੱਡੇ ਇਸ ਪਾਸ ਆਉਂਦੇ ਸਨ। ਜਿਨ੍ਹਾਂ ਵਿੱਚੋਂ 'ਸੋਲਨ' ਇਕ ਵੱਡਾ ਰਿਖੀ ਵੀ ਸੀ। ਉਸ ਨੇ ਕਾਰੂਸਸ ਤੋਂ ਪੁੱਛਿਆ ਕਿ ਸੰਸਾਰ ਵਿੱਚ ਸੁਖੀ ਕੌਣ ਹੈ? ਸੋਲਨ ਨੇ ਜਵਾਬ ਦਿੱਤਾ, ਜਿਸ ਦਾ ਅੰਤ ਸੁੱਖ ਨਾਲ ਨਿਭੇ। ਜਦੋਂ ਫ਼ਰਾਂਸ ਦੇ ਬਾਦਸ਼ਾਹ ਨੇ ਕਾਰੂਸਸ ਨੂੰ ਜਿੱਤ ਕੇ ਫੜ ਲਿਆ ਤੇ ਮਾਰਨ ਲੱਗਾ ਤਾਂ ਉਸ ਨੂੰ ਸੋਲਨ ਰਿਖੀ ਦੀ ਦਿੱਤੀ ਸਿੱਖਿਆ ਯਾਦ ਆ ਗਈ ਅਤੇ ਕਾਰੂਸਸ ਨੇ ਤਿੰਨ ਵਾਰ ਸੋਲਨ ਰਿਖੀ ਦਾ ਨਾਮ ਲਿਆ। ਬਾਦਸ਼ਾਹ ਦੇ ਪੁੱਛਣ 'ਤੇ ਕਾਰੂਸਸ ਨੇ ਆਪਣੇ ਸਿੱਖਿਆ ਦਾਤੇ ਰਿਖੀ ਦਾ ਸੰਵਾਦ ਸੁਣਾਇਆ ਤਾਂ ਬਾਦਸ਼ਾਹ ਨੇ ਪ੍ਰਭਾਵਤ ਹੋ ਕੇ ਛੱਡ ਦਿੱਤਾ।

ਦੋ ਫ਼ਰਿਸ਼ਤੇ

੧. ਕਿਰਾਮੂਨ, ੨. ਕਾਤਬੀਵ

ਕੁਰਾਨ ਅਨੁਸਾਰ ਇਕ ਜੀਵ ਦੇ ਸੱਜੇ ਮੋਢੇ 'ਤੇ ਚੰਗੇ ਕਰਮ ਲਿਖਣ ਲਈ ਅਤੇ ਇਕ ਖੱਬੇ ਮੋਢੇ 'ਤੇ ਬੁਰੇ ਕਰਮ ਲਿਖਣ ਲਈ ਨਿਯੁਕਤ ਹਨ। ਇਨ੍ਹਾਂ ਨੂੰ ਸਨਾਤਨ ਮੱਤ ਵਿੱਚ ਵੀ ਮੰਨਿਆ ਗਿਆ ਹੈ। ਇਸ ਦਾ ਵੇਰਵਾ ਗੁਰਬਾਣੀ ਵਿੱਚ ਵੀ ਆਇਆ ਹੈ। ਜੈਸਾ ਕਿ :

ਚਿਤ੍ਰ ਗੁਪਤੁ ਜਬ ਲੇਖਾ ਮਾਗਹਿ ਤਬ ਕਉਨੁ ਪੜਦਾ ਤੇਰਾ ਢਾਕੈ॥ (ਅੰਗ ੬੧੬)

ਦੋ ਗਨਕਾ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿੱਚ ਦੋ ਗਨਕਾ ਦਾ ਪ੍ਰਸੰਗ ਆਉਂਦਾ ਹੈ।

੧. ਜਨਕ ਪੁਰੀ ਵਿੱਚ ਰਹਿੰਦੀ ਸੀ, ਜਿਸ ਦਾ ਨਾਮ ਪਿੰਗਲਾ ਸੀ। ਇਸ ਨੇ ਇਕ ਦਿਨ ਇਕ ਧਨੀ ਸੁੰਦਰ ਜਵਾਨ ਦੇਖਿਆ ਅਤੇ ਦੇਖ ਕੇ ਕਾਮ ਨਾਲ ਵਿਆਕੁਲ ਹੋ ਗਈ। ਪਰ ਉਹ ਪਾਸ ਨਾ ਆਇਆ। ਜਿਸ ਤੋਂ ਪਿੰਗਲਾ ਦੀ ਸਾਰੀ ਰਾਤ ਬੇਚੈਨੀ ਵਿੱਚ ਬੀਤੀ। ਅੰਮ੍ਰਿਤ ਵੇਲੇ ਨੂੰ ਇਸ ਦੇ ਮਨ ਵਿਚ ਬੈਰਾਗ ਉਤਪੰਨ ਹੋਇਆ ਕਿ ਜੇਕਰ ਅਜਿਹਾ ਪ੍ਰੇਮ ਈਸ਼ਵਰ ਵਿੱਚ ਲਾਉਂਦੀ, ਤਦੋਂ ਕੇਹਾ ਉੱਤਮ ਫਲ ਪ੍ਰਾਪਤ ਹੁੰਦਾ। ਵਾ: ਇਸ ਪ੍ਰਕਾਰ ਵੀ ਮੰਨਿਆ ਜਾਂਦਾ ਹੈ ਕਿ ਇਹ ਰਾਜੇ ਜਨਕ ਦੇ ਸਰੀਰ ਉੱਪਰ ਮੋਹਿਤ ਹੋਈ ਸੀ। ਜਦੋਂ ਵੀ ਉਸ ਦੀ ਸਭਾ ਲੱਗਦੀ, ਤਦੋਂ ਉਸ ਦੇ ਚਿਹਰੇ ਵੱਲ ਤੱਕਦੀ ਰਹਿੰਦੀ ਸੀ। ਇਕ ਦਿਨ ਰਾਜਾ ਜਨਕ ਰਿਸ਼ੀਆਂ ਨਾਲ ਵਿਚਾਰ ਗੋਸ਼ਟੀ ਕਰ ਰਿਹਾ ਸੀ, ਤਦੋਂ ਉਨ੍ਹਾਂ ਦੀ ਵਿਚਾਰ ਸੁਣ ਕੇ ਗਨਕਾ ਨੂੰ ਆਪਣੇ ਉੱਪਰ ਬਹੁਤ ਗਿਲਾਨੀ ਹੋਈ। ਤਦੋਂ ਆਪਣੇ ਕਰਮਾਂ ਨੂੰ ਧ੍ਰਿਕਾਰ ਕੇ ਉਪਦੇਸ਼ ਕਮਾ ਕੇ ਤਪ ਕੀਤਾ ਅਤੇ ਮੁਕਤੀ ਨੂੰ ਪ੍ਰਾਪਤ ਕੀਤਾ।

੨. ਇਹ ਇਕ ਬਹੁਤ ਮਸ਼ਹੂਰ ਸੁੰਦਰ ਵੇਸ਼ਵਾ ਸੀ। ਇਸੇ ਕਰਕੇ ਇਸ ਨੂੰ ਚੰਦ੍ਰਮਣੀ ਜਾਂ ਚੰਦ੍ਰਵਤੀ ਗਨਿਕਾ ਵੀ ਕਹਿੰਦੇ ਸਨ। ਇਕ ਵਾਰ ਬਹੁਤ ਤੇਜ਼ ਹਨੇਰੀ ਤੇ ਬਾਰਿਸ਼ ਆਈ। ਇਕ ਮਹਾਤਮਾ ਜਿਸ ਦੇ ਕੱਪੜੇ ਭਿੱਜੇ ਹੋਏ ਸਨ ਉਹ ਗਨਿਕਾ ਦੇ ਬੂਹੇ ਅੱਗੇ ਆ ਕੇ ਖੜੇ ਹੋ ਗਏ। ਉਨ੍ਹਾਂ ਦੀ ਅਜਿਹੀ ਤਰਸਯੋਗ ਹਾਲਤ ਵੇਖ ਕੇ, ਇਸਤ੍ਰੀ ਸੁਭਾਅ ਅਨੁਸਾਰ ਗਨਿਕਾ ਨੂੰ ਤਰਸ ਆ ਗਿਆ। ਆਪਣੇ ਅੰਦਰ ਬਿਠਾ ਕੇ ਕੋਲਿਆਂ ਦੀ ਅੰਗੀਠੀ ਤਪਾ ਕੇ ਸਾਧੂ ਨੂੰ ਨਿੱਘ ਦਿੱਤਾ। ਮੀਂਹ ਰੁਕਣ ਤੋਂ ਸੰਤ ਜਾਣ ਲਈ ਉੱਠੇ, ਤਦ ਵੇਸ਼ਵਾ ਸੰਤਾਂ ਦੇ ਚਰਨਾਂ 'ਤੇ ਸਿਰ ਰੱਖ ਕੇ ਬੇਨਤੀ ਕਰਨ ਲੱਗੀ ਕਿ ''ਮੈਂ ਬੜੀ ਪਾਪਣ ਹਾਂ, ਮੇਰਾ ਪਾਪਣ ਦਾ ਉਧਾਰ ਕਿਵੇਂ ਹੋਵੇ, ਮੇਰੇ ਅਭਾਗਣ 'ਤੇ ਤਰਸ ਖਾ ਕੇ ਕਿਰਪਾ ਕਰੋ।'' ਗਨਿਕਾ ਦੀ ਬੇਨਤੀ ਸੁਣ ਕੇ ਸੰਤਾਂ ਨੇ ਇਕ ਤੋਤੇ ਵਾਲਾ ਪਿੰਜਰਾ ਜੋ ਉਨ੍ਹਾਂ ਦੇ ਪਾਸ ਸੀ ਉਹ ਗਨਿਕਾ ਨੂੰ ਫੜਾਉਂਦਿਆਂ ਕਿਹਾ ਕਿ ''ਹੇ ਪੁੱਤ੍ਰੀ ! ਇਸ ਤੋਤੇ ਨੂੰ ਆਪਣੇ ਕੋਲ ਰੱਖ ਲੈ ਅਤੇ ਸਵੇਰੇ ਉੱਠ ਕੇ ਇਸ਼ਨਾਨ ਕਰਨ ਤੋਂ ਬਾਅਦ ਇਸ ਤੋਤੇ ਨੂੰ 'ਰਾਮ- ਰਾਮ' ਪੜ੍ਹਾਉਣਾ ਹੈ।'' ਉਪਦੇਸ਼ ਦੇ ਕੇ ਵਿਦਾ ਹੋ ਗਏ। ਗਨਿਕਾ ਨੇ ਸੰਤਾਂ ਦੇ ਉਪਦੇਸ਼ ਨੂੰ ਕਮਾਇਆ। ਇਕ ਦਿਨ ਹਨੇਰੀ ਰਾਤ ਨੂੰ ਇਕ ਜ਼ਹਿਰੀਲੇ ਸੱਪ ਨੇ ਤੋਤੇ ਨੂੰ ਪਿੰਜਰੇ ਵਿੱਚ ਹੀ ਡਸ ਕੇ ਮਾਰ ਦਿੱਤਾ, ਜਦੋਂ ਨਿੱਤ ਦੀ ਤਰ੍ਹਾਂ ਗਨਿਕਾ ਤੋਤੇ ਨੂੰ ਰਾਮ ਰਾਮ ਜਪਾਉਣ ਲੱਗੀ, ਤਦ ਅੱਗੋਂ ਤੋਤੇ ਦੀ ਅਵਾਜ਼ ਨਾ ਆਈ। ਉਸ ਨੇ ਪਿੰਜਰੇ ਵਿੱਚ ਹੱਥ ਪਾਇਆ, ਤਦ ਸੱਪ ਨੇ ਇਸ ਨੂੰ ਵੀ ਡਸ ਲਿਆ। ਰਾਮ-ਰਾਮ ਕਹਿੰਦੀ ਦੇ ਪ੍ਰਾਣ ਨਿਕਲ ਗਏ। ਅੰਤ ਵੇਲੇ ਰਾਮ ਦਾ ਨਾਮ ਲੈਣ ਕਰਕੇ ਬੈਕੁੰਠ ਧਾਮ ਨੂੰ ਚਲੀ ਗਈ। ਗੁਰਬਾਣੀ ਵਿੱਚ ਇਸ ਪ੍ਰਕਾਰ ਲਿਖਿਆ ਹੈ :

ਸੂਆ ਪੜਾਵਤ ਗਨਿਕਾ ਤਰੀ॥ ਸੋ ਹਰਿ ਨੈਨਹੁ ਕੀ ਪੂਤਰੀ॥ (ਅੰਗ ੯੭੪)

ਭਾਈ ਗੁਰਦਾਸ ਜੀ ਨੇ ਵੀ ਇਸ ਪ੍ਰਥਾਇ ਆਪਣੀਆਂ ਵਾਰਾਂ ਅੰਦਰ ਜ਼ਿਕਰ ਕੀਤਾ ਹੈ, ਜੈਸਾ ਕਿ :

ਗਈ ਬੈਕੁੰਠਿ ਬਿਬਾਣਿ ਚੜ੍ਹਿ, ਨਾਉਂ ਨਰਾਇਣੁ ਛੋਤਿ ਅਛੋਤਾ।
ਥਾਉਂ ਨਿਥਾਵੇਂ ਮਾਣੁ ਮਣੋਤਾ॥ ੨੧॥ (ਵਾਰ ੧੦, ਪਉੜੀ ੨੧)

ਗਿਆਨ ਦੋ ਪ੍ਰਕਾਰ ਦਾ

੧. **ਅਪਰਮਾ ਗਿਆਨ :** ਤ੍ਰਿਪੁਟੀ ਵਿੱਚ ਭਾਵ ਧਿਆਤਾ ਧਿਆਨ ਧੇਯ, ਗਿਆਤਾ ਗਿਆਨ ਗੇਯ, ਪ੍ਰਮਾਤਾ ਪ੍ਰਮਾਨ ਪ੍ਰਮੇਯ ਇਸ ਵਿੱਚ ਆਪਣੇ ਆਪ ਨੂੰ ਜਾਨਣਾ ਕਿ ਧਿਆਤਾ ਵੀ ਮੈਂ ਹੀ ਹਾਂ, ਧਿਆਨ ਵਿੱਚ ਵੀ ਮੈਂ ਹੀ ਹਾਂ, ਧੇਯ ਵਿੱਚ ਵੀ ਮੈਂ ਹੀ ਹਾਂ। ਇਉਂ ਸਾਰੀਆਂ ਤ੍ਰਿਪੁਟੀਆਂ ਵਿੱਚ ਆਪਣੇ ਆਪ ਨੂੰ ਜਾਨਣਾ ਇਸ ਨੂੰ ਅਪਰਮਾ ਗਿਆਨ ਕਹੀਦਾ ਹੈ। ਜੈਸਾ ਕਿ :

ਤ੍ਰਿਪੁਟੀ ਮੈਂ ਲਖਿ ਆਪ ਕੋ, ਕਹੈਂ ਅਪਰਮਾ ਗਜਾਨ॥ ੬॥

੨. **ਪ੍ਰਮਾ ਗਿਆਨ :** ਜੋ ਧਿਆਤਾ ਧਿਆਨ ਧੇਯ ਨੂੰ ਪ੍ਰਕਾਸ਼ ਕਰਨ ਵਾਲਾ ਹੈ ਅਤੇ ਸਾਰਿਆਂ ਦਾ ਆਸਰਾ ਰੂਪ ਹੈ ਉਸ ਨੂੰ ਆਪਣਾ ਆਪ ਜਾਨਣਾ ਹੀ ਵੇਦਾਂਤ ਮੱਤ ਦੇ ਗ੍ਰੰਥਾਂ ਵਿੱਚ ਪ੍ਰਮਾ ਗਿਆਨ ਕਿਹਾ ਜਾਂਦਾ ਹੈ।

ਤ੍ਰਿਪੁਟੀ ਕੋ ਜੁ ਪ੍ਰਕਾਸ਼ ਹੀ, ਅਰ ਸਭਿ ਕੋ ਧਿਸਠਾਨ॥
ਅਪਨੋ ਆਪ ਸੁ ਜਾਨਹੀ, ਸੋ ਕਹਿ ਪਰਮਾ ਗਯਾਨ॥ ੭॥ **(ਸ੍ਰੀ ਗੁ.ਪ੍ਰ.ਸੂ.ਗ੍ਰੰ. ਰੁੱਤ ੫, ਅੰਸੂ ੪੩)**

ਅਵਿੱਦਿਆ

੧. **ਮੂਲਾ ਅਵਿੱਦਿਆ :** ਜੋ ਸਰੂਪ ਨੂੰ ਢੱਕਦੀ ਹੈ, ਭਾਵ ਉਸ 'ਤੇ ਪਰਦਾ ਰੂਪ ਬਣੀ ਹੋਈ ਹੈ।

੨. **ਤੂਲਾ ਅਵਿੱਦਿਆ :** ਜੋ ਘਟ-ਘਟ ਆਦਿ ਪਦਾਰਥਾਂ ਵਿੱਚ ਵਿਆਪਕ ਚੇਤਨ ਨੂੰ ਢੱਕ ਰੱਖਦੀ ਹੈ। ਇਨ੍ਹਾਂ ਦੋਨਾਂ ਅਵਿੱਦਿਆ ਨੂੰ ਨਾਸ਼ ਕਰਨ ਲਈ ਦੋ ਤਰ੍ਹਾਂ ਦਾ ਬ੍ਰਹਮ ਗਿਆਨ ਕਥਨ ਕੀਤਾ ਹੈ। ਪ੍ਰੋਖ ਗਿਆਨ, ਜਿਸ ਨਾਲ ਤੂਲਾ ਅਵਿੱਦਿਆ ਨਾਸ਼ ਹੁੰਦੀ ਹੈ ਅਤੇ ਅਪ੍ਰੋਖ ਗਿਆਨ ਨਾਲ ਮੂਲਾ ਅਵਿੱਦਿਆ ਨਾਸ਼ ਹੁੰਦੀ ਹੈ।

੧. **ਪ੍ਰੋਖ ਗਿਆਨ :** ਓਲ੍ਹੇ ਵਾਲਾ ਗਿਆਨ ਭਾਵ ਗੁਰਬਾਣੀ ਵਾ: ਹੋਰ ਧਾਰਮਿਕ ਸ਼ਾਸਤ੍ਰ ਪੜ੍ਹ ਕੇ ਇਹ ਨਿਸ਼ਚਾ ਹੋ ਜਾਣਾ ਕਿ ਪਰਮਾਤਮਾ ਹੈ ਪਰ ਪ੍ਰਗਟ ਨਾ ਹੋਣਾ, ਇਹ ਪ੍ਰੋਖ ਗਿਆਨ ਹੈ।

੨. **ਅਪ੍ਰੋਖ ਗਿਆਨ :** ਪਰਮਾਤਮਾ ਦਾ ਸਾਖਸ਼ਾਤ ਪ੍ਰਗਟ ਹੋ ਜਾਣਾ। ਜੈਸਾ ਕਿ :

ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ॥ **(ਅੰਗ ੪੮੭)**

ਬੁੱਧੀ

ਵੇਦਾਂਤ ਮੱਤ ਅਨੁਸਾਰ ਬੁੱਧੀ ਦੋ ਪ੍ਰਕਾਰ ਦੀ ਹੈ :

੧. **ਨਿਰਣੇ ਆਤਮਿਕ :** ਜੋ ਕਿਸੇ ਵਸਤੂ ਦਾ ਪਹਿਲਾਂ ਨਿਰਣਾ ਕਰਦੀ ਹੈ, ਉਹ ਨਿਰਣੇ ਆਤਮਿਕ ਬੁੱਧੀ ਹੈ।

੨. **ਨਿਸਚੇ ਆਤਮਿਕ :** ਜਦੋਂ ਨਿਰਣੇ ਆਤਮਿਕ ਕਿਸੇ ਵਸਤੂ ਦਾ ਨਿਰਣਾ ਕਰ ਲੈਂਦੀ ਹੈ, ਤਦ ਉਸ ਉਤੇ ਨਿਸਚਾ ਹੋ ਜਾਂਦਾ ਹੈ, ਇਸ ਕਰਕੇ ਐਸੀ ਬੁੱਧੀ ਨੂੰ ਨਿਸਚੇ ਆਤਮਿਕ ਬੁੱਧੀ ਕਹਿੰਦੇ ਹਨ।

ਵੈਰ

ਵੈਰ ਦੋ ਪ੍ਰਕਾਰ ਹੁੰਦਾ ਹੈ :

੧. **ਕਿਰਤਮ ਵੈਰ :** ਜੋ ਕਿਸੇ ਵਿਸ਼ੇਸ਼ ਕਾਰਨਾਂ ਕਰਕੇ ਵੈਰ ਪੈ ਜਾਣਾ, ਅਜਿਹਾ ਵੈਰ ਉਦੋਂ ਤਕ ਹੀ ਰਹਿੰਦਾ ਹੈ, ਜਦੋਂ ਤਕ ਉਸ ਦਾ ਕਾਰਨ ਮੌਜੂਦ ਹੋਵੇ, ਪਰ ਜਦੋਂ ਕਾਰਨ ਨਾਸ਼ ਹੋ ਜਾਵੇ, ਤਦ ਇਹ ਕਿਰਤਮ ਵੈਰ ਵੀ ਨਾਲ ਹੀ ਨਾਸ ਹੋ ਜਾਂਦਾ ਹੈ।

੨. **ਸਹਿਜ ਵੈਰ :** ਸਹਿਜ ਵੈਰ ਉਹ ਹੁੰਦਾ ਹੈ, ਜੋ ਬਿਨਾਂ ਕਿਸੇ ਕਾਰਨ ਤੋਂ ਹੁੰਦਾ ਹੈ, ਜਿਵੇਂ ਬਿੱਲੀ ਤੇ ਚੂਹੇ ਦਾ ਅਤੇ ਕੁੱਤੇ ਤੇ ਬਿੱਲੀ ਦਾ, ਆਦਿ ਇਹ ਵੈਰ ਆਦਿ ਤੋਂ ਚੱਲਿਆ ਆਉਂਦਾ ਹੈ।

ਦੋ ਟੋਡਰ ਮੱਲ

੧. ਭਗਵਤੀ ਦਾਸ ਦਾ ਪੁੱਤਰ, ਚੂਹਣੀਆਂ (ਜ਼ਿਲ੍ਹਾ ਲਾਹੌਰ) ਦਾ ਵਸਨੀਕ, ਇਕ ਗ਼ਰੀਬ ਖੱਤਰੀ, ਜਿਸ ਦਾ ਨਾਮ ਸੰਨ ੧੫੨੩ ਵਿੱਚ ਹੋਇਆ। ਇਹ ਆਪਣੀ ਲਿਆਕਤ ਨਾਲ ਵੱਧਦਾ-ਵੱਧਦਾ ਅਕਬਰ ਬਾਦਸ਼ਾਹ ਦਾ ਦੀਵਾਨ ਬਣ ਗਿਆ। ਇਸ ਦੇ ਬਣਾਏ ਹੋਏ ਮਾਲ ਦੇ ਨਿਯਮ ਅਕਬਰ ਨੂੰ ਬਹੁਤ ਪਸੰਦ ਆਏ। ਸਭ ਤੋਂ ਪਹਿਲਾਂ ਟੋਡਰ ਮੱਲ ਨੇ ਹਿੰਦੀ ਤੋਂ ਫ਼ਾਰਸੀ ਵਿੱਚ ਦਫ਼ਤਰ ਕੀਤਾ। ਇਹ ਬਹਾਦਰ ਜਰਨੈਲ ਵੀ ਸੀ। ਇਸ ਨੇ ਬੰਗਾਲ ਦੀ ਮੁਹਿੰਮ ਵਿੱਚ ਵੱਡੀ ਵੀਰਤਾ ਦਿਖਾਈ। ਅਕਬਰ ਦੇ ਸੰਨ ਜਲੂਸੀ ੨੪ ਵਿੱਚ ਲਾਹੌਰ ਦਾ ਹਾਕਮ ਬਣਿਆ। ਇਸ ਦਾ ਨਿਵਾਸ ਬਜ਼ਾਰ ਹਕੀਮਾਂ (ਦਰਵਾਜ਼ਾ ਭਾਟੀ) ਵਿੱਚ ਸੀ। ਟੋਡਰ ਮੱਲ ਦੀ ਅਕਬਰ ਦੇ ਨੌਂ ਰਤਨਾਂ ਵਿੱਚ ਗਿਣਤੀ ਹੈ। ਕਈ ਲੇਖਕਾਂ ਨੇ ਇਸ ਨੂੰ ਕਾਮਸਥ (ਕਾਇਸਥ) ਅਤੇ ਬਾਣੀਆ ਵੀ ਲਿਖਿਆ। ਇਸ ਦਾ ਦੇਹਾਂਤ ੧੫੮੯ ਲਾਹੌਰ ਵਿੱਚ ਹੋਇਆ। ਟੋਡਰ ਮੱਲ ਫ਼ਾਰਸੀ ਤੋਂ ਇਲਾਵਾ ਹਿੰਦੀ ਦਾ ਵੀ ਉੱਤਮ ਕਵੀ ਸੀ। ਇਸ ਦੀ ਰਚਨਾ ਹੈ :

ਗੁਣ ਬਿਨ ਜਯੋਂ ਕਮਾਨ ਗੁਰੁ ਬਿਨ ਜੈਸੇ ਗਯਾਨ,
ਮਾਨ ਬਿਨ ਦਾਨ ਜੈਸੇ ਜਲ ਬਿਨ ਮਰ ਸਰ ਹੈ।
ਕੰਠ ਬਿਨ ਗੀਤ ਜੈਸੇ, ਹਿਤੁ ਬਿਨ ਪ੍ਰੀਤਿ ਜੈਸੇ,
ਵੇਸ਼ਯਾ ਰਸਰੀਤਿ ਜੈਸੇ ਫਲ ਬਿਨ ਤਰ ਹੈ।
ਤਾਰ ਬਿਨ ਯੰਤ੍ਰ ਜੈਸੇ ਸਯਾਨੇ ਬਿਨ ਮੰਤ੍ਰ ਜੈਸੇ,
ਪਤਿ ਬਿਨ ਨਾਰਿ ਜੈਸੇ ਪੁਤ੍ਰ ਬਿਨ ਘਰ ਹੈ।
'ਟੋਡਰ' ਸੁ ਕਵਿ ਕੈਸੇ ਮਨੁ ਮੇ ਵਿਚਾਰ ਦੇਖੋ,
ਧਰਮ ਵਿਹੀਨ ਧਨ ਪਕਛੀ ਬਿਨ ਪਰ ਹੈ।

੨. ਇਹ ਟੋਡਰ ਮੱਲ ਸਰਹਿੰਦ ਦਾ ਵਸਨੀਕ, ਇਕ ਸ਼ਾਹੂਕਾਰ, ਜਿਸ ਨੇ ਸ਼ਹੀਦੀ ਉਪਰੰਤ ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦੇ ਸਰੀਰਾਂ ਦਾ ਸਸਕਾਰ ਕੀਤਾ ਸੀ। ਟੋਡਰ ਮੱਲ ਨੇ ਸਸਕਾਰ ਲਈ ਜ਼ਮੀਨ ਮੋਹਰਾਂ ਖੜੀਆਂ ਕਰ ਕੇ ਖ਼ਰੀਦੀ ਤੇ ਸਸਕਾਰ ਕੀਤਾ ਸੀ। ਜਿਸ ਜਗ੍ਹਾ ਦਾ ਨਾਮ ਗੁਰਦੁਆਰਾ ਜੋਤੀ ਸਰੂਪ ਸਾਹਿਬ ਹੈ।

✧✧✧

੩.

ਖੂਹਣਿ

ਖੂਹਣਿ = ਸੰਸਕ੍ਰਿਤ ਦੇ ਵਿੱਚ ਵਿਦਵਾਨਾਂ ਨੇ ਤਿੰਨ ਪ੍ਰਕਾਰ ਦੀਆਂ ਖੂਹਣੀਆਂ ਲਿਖੀਆਂ ਹਨ :

(ੳ) ਜਿਸ ਵਿੱਚ ਛਪੰਜਾ (੫੬) ਹਜ਼ਾਰ ਘੋੜੇ ਹੋਣ, ਤੀਹ ਹਜ਼ਾਰ ਹਾਥੀ ਹੋਣ, ਚਾਲ੍ਹੀ ਹਜ਼ਾਰ ਰਥ ਹੋਣ ਤੇ ਸਤਾਸੀ ਹਜ਼ਾਰ ਪੈਦਲ ਫ਼ੌਜ ਹੋਵੇ, ਉਸ ਨੂੰ ਇਕ **'ਖੂਹਣਿ'** ਕਹਿੰਦੇ ਹਨ।

(ਅ) ਦੂਸਰਾ ਇਹ ਵੀ ਮੰਨਿਆ ਹੈ ਕਿ ਜਿਸ ਵਿੱਚ ਇਕ ਲੱਖ ਸਤਵੰਜਾ ਕੁ ਹਜ਼ਾਰ ਦੀ ਗਿਣਤੀ ਅੰਦਰ ਪੈਦਲ ਫ਼ੌਜ, ਘੋੜੇ, ਰਥ, ਹਾਥੀ ਆਦਿ ਸਾਰੇ ਹੀ ਆ ਜਾਂਦੇ ਹਨ, ਉਸ ਨੂੰ **'ਖੂਹਣਿ'** ਕਹਿੰਦੇ ਹਨ।

(ੲ) ਇਕ ਸੰਸਕ੍ਰਿਤ ਦੇ ਵਿਦਵਾਨ ਨੇ ਇਹ ਗਿਣਤੀ ਵੀ ਦਿੱਤੀ ਹੈ ਕਿ ਜਿਸ ਵਿੱਚ ਇਕ ਲੱਖ ਘੋੜਾ, ਇਕ ਲੱਖ ਹਾਥੀ, ਇਕ ਲੱਖ ਰਥ ਤੇ ਦੋ ਲੱਖ ਪੈਦਲ ਫ਼ੌਜ ਹੋਵੇ ਭਾਵ ਪੰਜ ਲੱਖ ਦੀ ਗਿਣਤੀ ਨੂੰ ਵੀ **'ਖੂਹਣਿ'** ਕਹਿੰਦੇ ਹਨ।

ਨੋਟ : ਇਕ ਖੂਹਣਿ ਬਾਰੇ '੧' ਅੰਕ ਦੀ ਗਿਣਤੀ ਵਿੱਚ ਦੇਖੋ।

ਪ੍ਰਕਾਸ਼

ਜਗਤ ਅੰਦਰ ਤਿੰਨ ਤਰ੍ਹਾਂ ਦਾ ਪ੍ਰਕਾਸ਼ ਮੰਨਿਆ ਗਿਆ ਹੈ :

੧. **ਤਾਮਸੀ ਪ੍ਰਕਾਸ਼ :** ਸੂਰਜ ਆਦਿ ਅੱਗ ਦਾ ਪ੍ਰਕਾਸ਼ ਤਾਮਸੀ ਪ੍ਰਕਾਸ਼ ਹੈ।

੨. **ਰਾਜਸੀ ਪ੍ਰਕਾਸ਼ :** ਜਗਿਆਸੂ ਜਨਾਂ ਅੰਦਰ ਬਿਰਤੀ ਦਾ ਨਿਰੋਧ ਕਰਕੇ ਜੋ ਸ਼ਾਸਤਰ ਗਿਆਨ ਦੀ ਸਮਝ ਪੈਣੀ ਹੈ, ਇਹ ਰਾਜਸੀ ਪ੍ਰਕਾਸ਼ ਹੈ।

੩. **ਸਾਂਤਕੀ ਪ੍ਰਕਾਸ਼ :** ਜੋ ਬਿਰਤੀ ਦਾ ਵੇਦਾਂ ਸ਼ਾਸਤਰਾਂ ਦੇ ਤੱਤ ਸਿਧਾਂਤ ਦੁਆਰਾ ਸਤੋ ਗੁਣ ਦੇ ਵਿੱਚ ਲੀਨ ਹੋਣਾ ਹੈ, ਇਹ ਸਾਂਤਕੀ ਪ੍ਰਕਾਸ਼ ਹੈ।

ਮਿੱਤਰ

ਤਿੰਨ ਤਰ੍ਹਾਂ ਦੇ ਮਿੱਤਰ ਹੁੰਦੇ ਹਨ :

੧. **ਧਨ ਮਿੱਤਰ :** ਪਹਿਲਾ ਧਨ ਦੀ ਮਿੱਤਰਤਾ ਉਤਨਾ ਚਿਰ ਹੁੰਦੀ ਹੈ, ਜਿਤਨਾ ਚਿਰ ਪ੍ਰਾਰਬਧ ਹੋਵੇ, ਜਦੋਂ ਪ੍ਰਾਰਬਧ ਮੁੱਕ ਜਾਵੇ ਤਾਂ ਰਾਜੇ ਵੀ ਕੰਗਾਲ ਹੋਏ ਵੇਖੀਦੇ ਹਨ ਵਾ: ਧਨ ਦੀ ਮਿੱਤਰਤਾ ਉਤਨਾ ਚਿਰ ਹੈ ਜਿਤਨਾ ਚਿਰ ਮਨੁੱਖ ਦੇ ਸਰੀਰ ਵਿੱਚ ਸੁਆਸ ਹਨ, ਧਨ ਨਾਲ ਮਨੁੱਖ ਉਤਨਾ ਚਿਰ ਆਪਣੀ ਸੇਵਾ ਕਰ ਸਕਦਾ ਹੈ। ਧਨ ਕਰਕੇ ਸਰੀਰਕ ਸੁੱਖ ਸਹੂਲਤਾਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ, ਪਰ ਜਿਸ ਵੇਲੇ ਸਰੀਰ ਵਿੱਚੋਂ ਸਵਾਸ ਨਿਕਲ ਜਾਂਦੇ ਹਨ, ਉਸੇ ਵੇਲੇ ਹੀ ਧਨ ਦੇ ਮਾਲਕ ਹੋਰ ਬਣ ਜਾਂਦੇ ਹਨ ਤੇ ਮਿੱਤਰਤਾ ਸਾਥ ਛੱਡ ਜਾਂਦੀ ਹੈ।

੨. ਸੰਬੰਧੀ ਆਦਿ ਮਿੱਤਰ : ਦੂਸਰੇ ਮਿੱਤਰ ਸੰਬੰਧੀ ਆਦਿ ਹਨ। ਇਹ ਉਤਨੇ ਚਿਰ ਦੇ ਮਿੱਤਰ ਹਨ, ਜਿਤਨਾ ਚਿਰ ਕੋਲ ਧਨ ਦੌਲਤ ਹੈ, ਜਦੋਂ ਧਨ ਦੌਲਤ ਕੋਲ ਨਾ ਰਹੇ ਤਾਂ ਇਹ ਸਾਥ ਛੱਡ ਕੇ ਭੱਜ ਜਾਂਦੇ ਹਨ। ਜੈਸਾ ਕਿ :

ਜਬ ਹੀ ਨਿਰਧਨ ਦੇਖਿਓ ਨਰ ਕਉ ਸੰਗੁ ਛਾਡਿ ਸਭ ਭਾਗੇ॥ (ਅੰਗ ੬੩੩)

ਵਾ: ਸੰਬੰਧੀਆਂ ਦੀ ਮਿੱਤਰਤਾ ਉਤਨਾ ਚਿਰ ਹੈ, ਜਿਤਨਾ ਚਿਰ ਮਨੁੱਖ ਦੇ ਸਰੀਰ ਨੂੰ ਸ਼ਮਸ਼ਾਨ ਭੂਮੀ ਵਿੱਚ ਲਿਜਾ ਕੇ, ਦਾਹ ਸਸਕਾਰ ਨਹੀਂ ਕਰ ਦਿੰਦੇ। ਇੱਥੇ ਸੰਬੰਧੀਆਂ ਦੀ ਮਿੱਤਰਤਾ ਸਾਥ ਛੱਡ ਜਾਂਦੀ ਹੈ। ਜੈਸਾ ਕਿ :

ਮਰਘਟ ਲਉ ਸਭੁ ਲੋਗੁ ਕੁਟੰਬੁ ਭਇਓ ਆਗੈ ਹੰਸੁ ਅਕੇਲਾ॥ (ਅੰਗ ੬੫੪)

੩. ਕਰਮ ਮਿੱਤਰ : ਤੀਸਰੇ ਜੀਵ ਦੇ ਕਰਮ ਮਿੱਤਰ ਹਨ। ਜਿਹੋ ਜਿਹੇ ਜੀਵ ਕਰਮ ਕਰਦਾ ਹੈ ਉਹੋ ਜਿਹਾ ਉਸ ਨੂੰ ਫਲ ਪ੍ਰਾਪਤ ਹੁੰਦਾ ਹੈ। ਕਈ ਕਰਮ ਸਮਾਂ ਪਾ ਕੇ ਫਲ ਦਿੰਦੇ ਹਨ, ਕਈ ਜਲਦੀ ਹੀ ਫਲ ਦੇ ਦਿੰਦੇ ਹਨ। ਮਾੜੇ ਕਰਮ ਸਜ਼ਾ ਦਿਵਾਉਂਦੇ ਹਨ ਤੇ ਚੰਗੇ ਕਰਮ ਜਸ ਦਿਵਾਉਂਦੇ ਹਨ ਭਾਵ ਚੰਗੇ ਮਾੜੇ ਕਰਮਾਂ ਦਾ ਫਲ ਜ਼ਰੂਰ-ਬਰ-ਜ਼ਰੂਰ ਭੋਗਣਾ ਪੈਂਦਾ ਹੈ, ਜੈਸਾ ਕਿ :

ਅਵੱਸਯ ਮੇਵ ਭੋਕਤਬਯੰ ਕ੍ਰਿਤਮ ਕਰਮ ਸੁਭਾਸੁਭੰ॥

ਇਸ ਕਰਕੇ ਗੁਰਬਾਣੀ ਸਾਨੂੰ ਚੰਗੇ ਕਰਮ ਕਰਨ ਲਈ ਪ੍ਰੇਰਨਾ ਕਰਦੀ ਹੈ, ਜੈਸਾ ਕਿ :

ਸੋਈ ਕੰਮੁ ਕਮਾਇ ਜਿਤੁ ਮੁਖੁ ਉਜਲਾ॥ (ਅੰਗ ੩੯੭)

ਵਾ: **ਫਰੀਦਾ ਅਮਲ ਜਿ ਕੀਤੇ ਦੁਨੀ ਵਿਚਿ ਦਰਗਹ ਆਏ ਕੰਮਿ॥** (ਅੰਗ ੧੩੮੩)

ਇਸ ਕਰਕੇ ਕਰਮ ਭਾਵੇਂ ਚੰਗਾ ਜਾਂ ਮਾੜਾ ਕੀਤਾ ਹੋਵੇ, ਉਹ ਪ੍ਰਲੋਕ ਤਕ ਨਾਲ ਜਾਂਦਾ ਹੈ, ਭਾਵ ਕਰਮ, ਪ੍ਰਲੋਕ ਤਕ ਸਾਥ ਜਾਂਦਾ ਹੈ।

ਜਪੁ

ਸੰਸਕ੍ਰਿਤ ਗ੍ਰੰਥਾਂ ਵਿੱਚ **'ਜਪੁ'** ਤਿੰਨ ਪ੍ਰਕਾਰ ਦਾ ਲਿਖਿਆ ਹੈ :

੧. ਵਾਚਿਕ = ਜੋ ਸਪੱਸ਼ਟ ਉਚਾਰਨ ਕਰ ਕੇ ਕੀਤਾ ਜਾਵੇ।

੨. ਉਪਾਂਸ = ਜੋ ਹੋਠਾਂ ਦੇ ਅੰਦਰ ਬਹੁਤ ਧੀਮੀ ਧੁਨ 'ਚ ਕੀਤਾ ਜਾਵੇ।

੩. ਮਾਨਸ = ਜੋ ਮਨ ਦੇ ਸੰਕਲਪ ਦੁਆਰਾ ਹੀ ਕੀਤਾ ਜਾਵੇ।

ਤਪ

ਤਪ : ਤਿੰਨ ਪ੍ਰਕਾਰ ਹੈ :

੧. ਰਾਜਸੀ ਤਪ = ਇੰਦਰੀਆਂ ਦਾ ਦਮਨ ਕਰ ਕੇ ਸਾਧਨਾ ਕਰਨੀ।

੨. ਤਾਮਸੀ ਤਪ = ਜਲਧਾਰੇ ਕਰਨੇ ਜਾਂ ਧੂਣੀਆਂ ਤਾਪਣੀਆਂ ਆਦਿ।

੩. ਸਾਂਤਕੀ ਤਪ = ਸਤਿ ਸੰਗਤ ਕਰ ਕੇ, ਕਥਾ ਕੀਰਤਨ ਦੁਆਰਾ ਮਨ ਇਕਾਗਰ ਕਰਨਾ।

ਅਮੋਲਕ ਵਸਤੂ

ਅਮੋਲਕ ਵਸਤੂ ਤਿੰਨ ਪ੍ਰਕਾਰ ਦੀ ਹੁੰਦੀ ਹੈ :

੧. ਜੋ ਵਸਤੂ ਬਿਨਾਂ ਮੁੱਲ ਤੋਂ ਭਾਵ ਮੁਫ਼ਤ ਵਿੱਚ ਹੀ ਮਿਲ ਜਾਵੇ।

੨. ਜੋ ਵਸਤੂ ਵਿੱਦਿਆ, ਬੁੱਧ ਅਤੇ ਧਨ ਨਾਲ ਵੀ ਨਾ ਮਿਲੇ।

੩. ਜੋ ਵਾਹਿਗੁਰੂ ਜੀ ਦੀ ਬਖ਼ਸ਼ਿਸ਼ ਨਾਲ ਮਿਲੇ, ਹੋਰ ਕਿਸੇ ਵੀ ਪ੍ਰਕਾਰ ਪ੍ਰਾਪਤ ਨਾ ਹੋ ਸਕਦੀ ਹੋਵੇ।

ਬੁੱਧੀ

ਜੀਵਾਂ ਦੀ ਤਿੰਨ ਪ੍ਰਕਾਰ ਦੀ ਬੁੱਧੀ ਹੁੰਦੀ ਹੈ : ਉੱਤਮ, ਮੱਧਮ, ਕਨਿਸ਼ਟ।

੧. ਉੱਤਮ ਬੁੱਧੀ : ਕੇਵਲ ਵਾਹਿਗੁਰੂ ਦੀ ਪ੍ਰਾਪਤੀ ਦੀ ਇੱਛਾ ਹੋਣੀ।

੨. ਮੱਧਮ ਬੁੱਧੀ : ਜਿਸ ਨੂੰ ਵਿਸ਼ੇ-ਵਾਸ਼ਨਾ ਭੀ ਅਤੇ ਪਰਮੇਸ਼ਰ ਦੀ ਇੱਛਾ ਭੀ ਹੋਵੇ।

੩. ਕਨਿਸ਼ਟ ਬੁੱਧੀ : ਕੇਵਲ ਵਿਸ਼ੇ-ਵਿਸ਼ੈਣੀ ਮੱਤ ਹੋਵੇ, ਪਰਮੇਸ਼ਰ ਦੀ ਇੱਛਾ ਤੋਂ ਵਿਹੂਣਾ ਹੋਵੇ।

ਤਾਪ

ਤਿੰਨ ਪ੍ਰਕਾਰ ਦੇ ਤਾਪ ਹਨ : ਆਧੀ, ਬਿਆਧੀ, ਉਪਾਧੀ।

੧. ਆਧੀ (ਅਧਿਆਤਮਿਕ) = ਮਨ ਦੇ ਰੋਗ ਕਾਮ, ਕ੍ਰੋਧ, ਆਦਿਕ ਵਿਕਾਰ ਪੈਦਾ ਹੋਣ, ਉਸ ਨੂੰ ਆਧੀ ਕਹਿੰਦੇ ਹਨ।

੨. ਬਿਆਧੀ (ਅਧਿਭੌਤਿਕ) = ਸਰੀਰ ਨੂੰ ਰੋਗ ਲੱਗ ਜਾਣੇ।

੩. ਉਪਾਧ (ਅਧਿਦੈਵਿਕ) = ਬਾਹਰੀ ਦੁੱਖ ਉਪੱਦ੍ਰਵ ਆਦਿ ਲੱਗ ਜਾਣੇ।

ਤਿੰਨ ਭੇਦ

੧. ਸਜਾਤੀ ਭੇਦ : ਉਸੇ ਜਾਤੀ ਦਾ ਹੋਰ ਹੋਣਾ, ਜਿਵੇਂ ਮਨੁੱਖ ਜਾਤੀ ਦੇ ਹੋਰ ਦੂਜੇ ਮਨੁੱਖ ਹਨ, ਪਰ ਪ੍ਰਭੂ ਦਾ ਕੋਈ ਸਜਾਤੀ ਨਹੀਂ, ਇਸ ਲਈ ਪ੍ਰਭੂ ਸਜਾਤੀ ਭੇਦ ਤੋਂ ਰਹਿਤ ਹੈ।

੨. ਵਿਜਾਤੀ ਭੇਦ : ਭੇਦ ਕਰਕੇ ਦੂਸਰੀ ਜਾਤੀ ਹੋਣੀ, ਜਿਵੇਂ ਮਨੁੱਖ ਦੇ ਬਰਾਬਰ ਪਸ਼ੂ, ਪੰਛੀ ਆਦਿ। ਪਰ ਪ੍ਰਭੂ ਵਿੱਚ ਵਿਜਾਤੀ ਭੇਦ ਵੀ ਨਹੀਂ।

੩. ਸ੍ਵੈਗਤਿ ਭੇਦ : ਜੋ (ਸ੍ਵੈ) ਆਪਣੇ ਆਪ ਨੂੰ ਗਤਿ=ਪ੍ਰਾਪਤ ਹੋਣ ਵਾਲੇ ਅੰਗ ਪ੍ਰਤੰਗ, ਜਿਵੇਂ ਬ੍ਰਿਛ ਦਾ ਮੁੱਢ, ਟਾਹਣੇ, ਟਾਹਣੀਆਂ, ਫੁੱਲ, ਫਲ ਆਦਿ, ਇਸੇ ਪ੍ਰਕਾਰ ਸਰੀਰ ਦੇ ਅੰਗ ਲੱਤਾਂ, ਬਾਂਹਵਾਂ, ਉਂਗਲਾਂ ਆਦਿ। ਪਰ ਪਰਮੇਸ਼ਰ ਵਿੱਚ ਸ੍ਵੈਗਤਿ ਭੇਦ ਵੀ ਨਹੀਂ ਹੈ। ਉਹ ਪ੍ਰਭੂ ਤਾਂ ਇੱਕੋ ਚੇਤਨ ਪ੍ਰਕਾਸ਼ ਸਰੂਪ ਸਰਬ-ਵਿਆਪਕ ਹੈ। ਜੈਸਾ ਕਿ :

ਸਭ ਮਹਿ ਜੋਤਿ ਜੋਤਿ ਹੈ ਸੋਇ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥

(ਅੰਗ ੧੩)

ਇਸ ਤੋਂ ਇਲਾਵਾ ਤਿੰਨ ਭੇਦ ਹੋਰ ਹਨ - ਉਹ ਇਹ ਹਨ :

ਪ੍ਰਭੂ ਦੇਸ਼, ਕਾਲ, ਵਸਤੂ ਪ੍ਰਛੇਦ ਰਹਿਤ ਹੈ :

੧. ਦੇਸ਼ = ਸੰਸਾਰ, ਦੇਸ਼ ਭੇਦ ਵਿੱਚ ਵੰਡਿਆ ਹੋਇਆ ਹੈ, ਜਿਵੇਂ ਮਾਲਵਾ, ਮਾਝਾ, ਪੋਠੋਹਾਰ, ਪਾਕਿਸਤਾਨ, ਹਿੰਦੁਸਤਾਨ, ਚੀਨ, ਬਰਮਾ ਆਦਿ। ਪਰ ਪ੍ਰਭੂ ਦੇਸ਼ ਭੇਦ ਤੋਂ ਰਹਿਤ ਸਰਬ-ਵਿਆਪਕ ਹੈ। ਜੈਸਾ ਕਿ :

ਸਭਨੀ ਥਾਈ ਰਵਿਆ ਆਪਿ (ਅੰਗ ੮੦੧)

ਵਾ : **ਕਿ ਸਰਬਤ੍ਰ ਦੇਸੈ ॥ ਕਿ ਸਰਬਤ੍ਰ ਭੇਸੈ ॥** (ਜਾਪੁ ਸਾਹਿਬ)

੨. **ਕਾਲ** = ਸੰਸਾਰ ਦੇ ਜੀਵਾਂ ਵਿੱਚ ਕਾਲ ਭੇਦ ਪਾਇਆ ਜਾਂਦਾ ਹੈ। ਕੋਈ ਦਿਨ ਵਿੱਚ ਪੈਦਾ ਹੋਇਆ, ਕੋਈ ਰਾਤ ਨੂੰ, ਕੋਈ ਕਿਸੇ ਕਾਲ=ਸਮੇਂ ਪੈਦਾ ਹੋਇਆ ਹੈ, ਪਰ ਪਰਮਾਤਮਾ ਅਜਨਮਾ ਹੈ। ਇਸ ਕਰਕੇ ਉਸ ਵਿੱਚ ਕਾਲ ਭੇਦ ਵੀ ਨਹੀਂ ਹੈ। ਜੈਸਾ ਕਿ :

ਨਾ ਇਸੁ ਬਾਪੁ ਨਹੀ ਇਸੁ ਮਾਇਆ ॥ ਇਹੁ ਅਪਰੰਪਰੁ ਹੋਤਾ ਆਇਆ ॥ (ਅੰਗ ੮੬੮)

ਵਾ : **ਨਾ ਤਿਸੁ ਬਾਪੁ ਨ ਮਾਇ ਕਿਨਿ ਤੂ ਜਾਇਆ ॥** (ਅੰਗ ੧੨੭੯)

ਵਾ : **ਤੂ ਅਕਾਲ ਪੁਰਖੁ ਨਾਹੀ ਸਿਰਿ ਕਾਲ ॥** (ਅੰਗ ੧੦੩੮)

ਵਾ : **ਅਜਨਮ ਹੈਂ ॥ ਅਬਰਨ ਹੈਂ ॥** (ਜਾਪੁ ਸਾਹਿਬ)

ਭਾਵ ਉਸ ਪਰਮਾਤਮਾ ਵਿੱਚ ਕਾਲ (ਸਮੇਂ) ਕਰਕੇ ਵੀ ਕੋਈ ਭੇਦ ਨਹੀਂ ਹੈ। ਸਾਰੀ ਦੁਨੀਆਂ ਕਾਲ ਅਧੀਨ ਹੈ, ਪਰ ਉਹ ਪਰਮਾਤਮਾ ਅਕਾਲ ਹੈ।

੩. **ਵਸਤੂ :** ਵਸਤੂਆਂ ਦੇ ਵਿਅਸਟੀ ਉਪਾਧੀ ਕਰਕੇ ਤਿੰਨ ਭੇਦ ਹੁੰਦੇ ਹਨ :

੧. ਵਿਸ੍ਵ : ਵਿਸ੍ਵ ਨਾਮੇ ਜੀਵ ਜਾਗਤ੍ਰ ਦਾ ਅਭਿਮਾਨੀ ਹੈ।

੨. ਤੈਜਸ੍ਵ : ਤੈਜਸ੍ਵ ਨਾਮੇ ਜੀਵ ਸੁਪਨ ਦਾ ਅਭਿਮਾਨੀ ਹੈ।

੩. ਪ੍ਰਾਗਯ : ਪ੍ਰਾਗਯ ਨਾਮੇ ਜੀਵ ਸੁਖੋਪਤਿ ਦਾ ਅਭਿਮਾਨੀ ਹੈ।

ਵਸਤੂ : ਸਮਸਟੀ ਉਪਾਧੀ ਕਰਕੇ ਵਸਤੂ ਦੇ ਤਿੰਨ ਭੇਦ ਇਹ ਹਨ :

੧. **ਵੈਰਾਟ :** ਸਮਸਟੀ ਉਪਾਧੀ ਕਰਕੇ ਉਹ ਸਾਰੇ ਬ੍ਰਹਿਮੰਡ ਦੀ ਜਾਗਤ੍ਰ ਦਾ ਅਭਿਮਾਨੀ ਵੈਰਾਟ ਹੈ, ਜਿਵੇਂ ਇਕ ਬ੍ਰਿਛ ਕੇਵਲ ਬ੍ਰਿਛ ਕਹਾਉਂਦਾ ਹੈ, ਪਰ ਬ੍ਰਿਛਾਂ ਦਾ ਸਮੂਹ ਬਾਗ਼ ਜਾਂ ਜੰਗਲ ਕਹਾਉਂਦਾ ਹੈ। ਜਿਸ ਦੇ ਸਿਰ ਉਪਰਲੇ ਸੱਤ ਲੋਕ ਹਨ, ਚਰਨ ਸੱਤ ਪਤਾਲ ਹਨ, ਸੁਆਸ ਨਾਸਕਾ ਪਵਨ, ਸੱਜਾ ਖੱਬਾ ਨੇਤ੍ਰ ਸੂਰਜ ਅਤੇ ਚੰਦ੍ਰਮਾ, ਮੁਖ ਅਗਨੀ ਹੈ, ਹਿਰਦਾ ਵਿਸ਼ਨੂੰ ਹੈ, ਦੋਵੇਂ ਬਾਂਹਵਾਂ ਬ੍ਰਹਮਾ ਤੇ ਸ਼ਿਵ ਹਨ, ਪੇਟ ਸਮੁੰਦਰ ਹੈ, ਨਾੜੀਆਂ ਨਦੀਆਂ ਹਨ, ਹੱਡੀਆਂ ਪਰਬਤ ਹਨ, ਰੋਮ ਬਨਸਪਤੀ ਹੈ, ਬੀਰਜ ਮੇਘ ਮਾਲਾ ਹੈ, ਜਿੱਥੇ ਧਰਮ ਦਾ ਵਰਤਾਰਾ ਹੈ, ਉਥੇ ਈਸ਼ਵਰ ਦਾ ਮੁੱਖ ਹਿੱਸਾ ਭਾਵ ਅਗਲਾ ਹਿੱਸਾ ਹੈ। ਜਿੱਥੇ ਅਧਰਮ ਦਾ ਵਰਤਾਰਾ ਹੋ ਰਿਹਾ ਹੈ, ਉਥੇ ਈਸ਼ਵਰ ਦਾ ਪਿੱਛਲਾ ਹਿੱਸਾ ਭਾਵ ਪਿੱਠ ਹੈ। ਇਸ ਪ੍ਰਕਾਰ ਵੈਰਾਟ ਸਰੂਪ ਹੈ।

੨. **ਹਿਰਨ ਗਰਭ :** ਜੋ ਸਮਸਟੀ ਉਪਾਧੀ ਕਰਕੇ ਸਾਰਿਆਂ ਦੀ ਸੁਪਨ ਅਵਸਥਾ ਨੂੰ ਹਿਰਨ=ਪ੍ਰਕਾਸ ਗਰਭ=ਕਰਨ ਵਾਲਾ ਹੈ, ਉਸ ਨੂੰ ਹਿਰਨ ਗਰਭ ਕਹਿੰਦੇ ਹਨ।

੩. **ਅੱਬਯਾਕ੍ਰਿਤ :** ਸਮਸਟੀ ਉਪਾਧੀ ਕਰਕੇ ਸਭ ਦੀ ਸੁਖੋਪਤਿ ਅਵਸਥਾ ਦੇ ਅਭਿਮਾਨੀ ਨੂੰ ਅੱਬਯਾਕ੍ਰਿਤ ਕਹਿੰਦੇ ਹਨ। ਮਾਇਆ ਕਰਕੇ ਇਹ ਤਿੰਨ ਵਸਤੂ ਦੇ ਭੇਦ ਹਨ, ਪਰ ਉਹ ਵਾਹਿਗੁਰੂ ਇਨ੍ਹਾਂ ਭੇਦਾਂ ਤੋਂ ਰਹਿਤ ਹੈ।

ਸੰਸੇ

ਸੰਸੇ ਤਿੰਨ ਪ੍ਰਕਾਰ ਦੇ ਹਨ : ੧.ਪ੍ਰਮਾਣ ਗਤਿ ਸੰਸਾ, ੨.ਪ੍ਰਮੇਯ ਗਤਿ ਸੰਸਾ, ੩.ਵਿਪਰਜੇ ਸੰਸਾ।

੧. ਪ੍ਰਮਾਣ ਗਤਿ ਸੰਸਾ : ਪ੍ਰਮਾਣ ਗਤਿ ਸੰਸਾ ਉਸ ਨੂੰ ਕਹਿੰਦੇ ਹਨ ਜਿਵੇਂ ਕਿ ਕਿਸੇ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਨਾ ਕਦੇ ਸੁਣਿਆ ਹੋਵੇ, ਤੇ ਨਾ ਕਦੇ ਪੜ੍ਹਿਆ ਹੋਵੇ, ਉਸ ਨੂੰ ਇਹ ਸੰਸਾ ਹੈ ਕਿ ਗੁਰਬਾਣੀ ਵਿੱਚ ਅਦ੍ਵੈਤ ਜਾਂ ਦ੍ਵੈਤ ਦਾ ਕਥਨ ਹੈ? ਇਹ ਪ੍ਰਮਾਣ ਗਤਿ ਸੰਸਾ ਹੈ। ਇਹ ਸਰਵਣ ਕਰਨ ਨਾਲ ਨਾਸ਼ ਹੋਵੇਗਾ, ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਸ੍ਰਵਣ ਅਤੇ ਦਰਸ਼ਨ ਕੀਤੇ ਤਾਂ ਹੁਕਮ ਆਇਆ, ਜੈਸਾ ਕਿ :

ਸਾਹਿਬੁ ਮੇਰਾ ਏਕੋ ਹੈ ॥ ਏਕੋ ਹੈ ਭਾਈ ਏਕੋ ਹੈ ॥ ੧ ॥ ਰਹਾਉ ॥ **(ਅੰਗ ੩੫੦)**

ਤਥਾ :

ਏਕੋ ਆਪਿ ਵਰਤਦਾ ਪਿਆਰੇ ਘਟਿ ਘਟਿ ਰਹਿਆ ਸਮਾਇ ॥ ੭ ॥ **(ਅੰਗ ੪੩੨)**

ਇਸ ਤਰ੍ਹਾਂ ਸ੍ਰਵਣ ਕਰਨ ਨਾਲ ਪ੍ਰਮਾਣ ਗਤਿ ਸੰਸਾ ਨਾਸ਼ ਹੋ ਗਿਆ ਕਿ ਗੁਰਬਾਣੀ ਵਿੱਚ ਅਦ੍ਵੈਤ ਦਾ ਕਥਨ ਹੈ।

੨. ਪ੍ਰਮੇਯ ਗਤਿ ਸੰਸਾ : ਪ੍ਰਮੇਯ ਗਤਿ ਸੰਸਾ ਉਸ ਨੂੰ ਕਹਿੰਦੇ ਹਨ ਕਿ ਜੀਵ ਈਸ਼ਵਰ ਦਾ ਭੇਦ ਗਿਆਨ ਸਤਿ ਹੈ ਜਾਂ ਅਭੇਦ ਗਿਆਨ ਸਤਿ ਹੈ? ਮਨ ਵਿੱਚ ਵਿਚਾਰ ਆਉਣੀ ਕਿ ਉਹ ਸਰਬੱਗ ਹੈ। ਮੈਂ ਅਲਪੱਗ ਹਾਂ, ਏਕਤਾ ਕਿਸ ਪ੍ਰਕਾਰ ਹੋਵੇਗੀ, ਇਸ ਦੀ ਨਵਿਰਤੀ ਅਭੇਦ ਦੀਆਂ ਸਾਧਕ ਤੇ ਭੇਦ ਦੀਆਂ ਬਾਧਕ ਜੁਗਤੀਆਂ ਦੁਆਰਾ ਮੰਨਣ ਕਰਨ ਨਾਲ ਪ੍ਰਮੇਯ ਗਤਿ ਸੰਸਾ ਨਾਸ਼ ਹੁੰਦਾ ਹੈ।

ਅਭੇਦ ਸਾਧਕ ਜੁਗਤੀਆਂ ਅਤੇ ਭੇਦ ਦੀਆਂ ਬਾਧਕ ਜੁਗਤੀਆਂ ਬਾਰੇ ਅੰਕ (੨) ਦੀ ਗਿਣਤੀ ਵਿੱਚ ਦੇਖੋ।

੩. ਵਿਪਰਜੇ ਸੰਸਾ : ਵਿਪਰਜੇ ਸੰਸਾ ਉਸ ਨੂੰ ਕਹਿੰਦੇ ਹਨ, ਜੋ ਧਰਮ ਸ਼ਾਸਤ੍ਰਾਂ ਗੁਰੂ ਦੇ ਉਪਦੇਸ਼ ਤੋਂ ਉਲਟ ਸਮਝਣਾ ਹੈ, ਕਹਿਣਾ ਜੇ ਰੱਬ ਹੋਵੇ ਤਾਂ ਦਿਸਦਾ ਕਿਉਂ ਨਹੀਂ। ਇਸ ਕਰਕੇ ਰੱਬ ਹੈ ਨਹੀਂ, ਇਸ ਦੀ ਨਵਿਰਤੀ ਨਿਧਿਆਸਣ ਨਾਲ ਹੋਵੇਗੀ। ਨਿਧਿਆਸਣ ਉਸ ਨੂੰ ਕਹਿੰਦੇ ਹਨ ਜਿਸ ਵਿੱਚ ਸਜਾਤੀ ਬਿਰਤੀ ਦਾ ਗ੍ਰਹਿਣ ਅਤੇ ਵਿਜਾਤੀ ਬਿਰਤੀ ਦਾ ਤਿਆਗ ਹੋਵੇ, ਭਾਵ ਸਤਿ, ਸੰਤੋਖ, ਸ਼ੁੱਭ ਗੁਣ ਧਾਰਨ ਕਰਨ ਵਾਲੀ ਤੇ ਬ੍ਰਹਮ ਗਿਆਨ ਨੂੰ ਪੈਦਾ ਕਰਨ ਵਾਲੀ ਸਜਾਤੀ ਬਿਰਤੀ ਹੈ। ਪੰਜੇ - ਕਾਮ, ਕ੍ਰੋਧ, ਆਦਿਕਾਂ ਨੂੰ ਧਾਰਨ ਕਰਨ ਵਾਲੀ ਅਗਿਆਨ ਨੂੰ ਪੈਦਾ ਕਰਨ ਵਾਲੀ ਵਿਜਾਤੀ ਬਿਰਤੀ ਹੈ।

ਪ੍ਰਮਾਣ

ਪ੍ਰਮਾਣ : ਤਿੰਨ ਪ੍ਰਕਾਰ ਦੇ ਹੁੰਦੇ ਹਨ :

੧. ਗ੍ਰੰਥਕ ਪ੍ਰਮਾਣ :

ਭਾਵੇਂ ਅਨਜਾਣਪੁਣੇ 'ਚ ਬਹੁਤ ਸਾਰੇ ਸ਼ਰਧਾਲੂ '੧ਓ' ਦਾ ਉਚਾਰਨ, ਇਕ ਓਮੰ, ਇਕਮਕਾਰ ਜਾਂ ਏਕੰਕਾਰ, ਆਦਿ ਦੇ ਤਰੀਕਿਆਂ ਨਾਲ ਕਰਦੇ ਹਨ ਪਰ ਉਚਾਰਨ ਅਸ਼ੁੱਧ ਹੈ, ਜੋ ਉਨ੍ਹਾਂ ਦੀ ਅਗਿਆਨਤਾ ਦਾ ਕਾਰਨ ਹੈ। ੧ਓ ਦਾ ਉਚਾਰਨ ਜੋ ਟਕਸਾਲਾਂ, ਸੰਪ੍ਰਦਾਵਾਂ ਵਿੱਚ ਸੀਨਾ-ਬਸੀਨਾ ਚਲਿਆ ਆ ਰਿਹਾ ਹੈ ਉਹ 'ਇਕ ਓਅੰਕਾਰ' ਹੈ, ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ, ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿੱਚ ਜਾਂ ਸ੍ਰੀ ਦਸਮ ਗ੍ਰੰਥ ਵਿੱਚ ਜੋ ਇਕਮਕਾਰ ਆਦਿ

ਉਚਾਰਨ ਕਰਦੇ ਹਨ ਉਸ ਦਾ ਪ੍ਰਮਾਣ ਨਹੀਂ ਮਿਲਦਾ। ਦੂਜੇ ਪਾਸੇ ੧ਓ ਦਾ ਸ਼ੁੱਧ ਉਚਾਰਨ 'ਇਕ ਓਅੰਕਾਰ' ਹੈ, ਜਿਸ ਦੇ ਪ੍ਰਮਾਣ ਉਪਰੋਕਤ ਗ੍ਰੰਥਾਂ ਵਿੱਚ ਹੇਠ ਲਿਖੇ ਅਨੁਸਾਰ ਹਨ :

(ੳ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਪ੍ਰਮਾਣ :

ਓਅੰਕਾਰਿ ਬ੍ਰਹਮਾ ਉਤਪਤਿ ॥ ਓਅੰਕਾਰੁ ਕੀਆ ਜਿਨਿ ਚਿਤਿ ॥
ਓਅੰਕਾਰਿ ਸੈਲ ਜੁਗ ਭਏ ॥ ਓਅੰਕਾਰਿ ਬੇਦ ਨਿਰਮਏ ॥ (ਅੰਗ ੯੨੯)
ਓਅੰਕਾਰ ਉਤਪਾਤੀ ॥ ਕੀਆ ਦਿਨਸੁ ਸਭ ਰਾਤੀ ॥ (ਅੰਗ ੧੦੦੩)

(ਅ) ਸ੍ਰੀ ਦਸਮ ਗ੍ਰੰਥ ਵਿੱਚੋਂ ਪ੍ਰਮਾਣ :

ਓਅੰਕਾਰ ਆਦਿ ॥ ਕਥਨੀ ਅਨਾਦਿ ॥..... ॥ (ਸ੍ਰੀ ਦਸਮ ਗ੍ਰੰਥ, ਅੰਗ ੯)
ਪ੍ਰਿਥਮੈ ਓਅੰਕਾਰ ਤਿਨ ਕਹਾ ॥ ਸੋ ਧੁਨ ਪੂਰ ਜਗਤ ਮੋ ਰਹਾ ॥ (ਸ੍ਰੀ ਦਸਮ ਗ੍ਰੰਥ, ਅੰਗ ੧੫੮)

(ੲ) ਭਾਈ ਗੁਰਦਾਸ ਜੀ ਦੀ ਬਾਣੀ ਵਿੱਚੋਂ ਪ੍ਰਮਾਣ :

ਇਕ ਕਵਾਉ ਪਸਾਉ ਕਰਿ ਓਅੰਕਾਰਿ ਅਕਾਰੁ ਪਸਾਰਾ ॥ ੧ ॥ (ਵਾਰ ੬, ਪਉੜੀ ੪)
ਓਅੰਕਾਰ ਅਕਾਰਿ ਕਰਿ ਇਕੁ ਕਵਾਉ ਪਸਾਉ ਕਰਾਇਆ ॥ (ਵਾਰ ੩੯, ਪਉੜੀ ੨)
ਓਅੰਕਾਰਿ ਅਕਾਰੁ ਚਲਿਤੁ ਰਚਾਇਆ ॥ ੧ ॥ (ਵਾਰ ੩੨, ਪਉੜੀ ੧)
ਓਅੰਕਾਰਿ ਅਕਾਰੁ ਕਰਿ ਪਉਣ ਪਾਣੀ ਬੈਸੰਤਰੁ ਧਾਰੇ ॥ (ਵਾਰ ੪, ਪਉੜੀ ੧)
ਜਾ ਕੇ ਓਅੰਕਾਰਿ ਕੇ ਬਿਥਾਰ ਕੀ ਅਪਾਰੁ ਗਤਿ, ਸਬਦ ਬਿਬੇਕ ਏਕ ਜੀਹ ਕੈਸੇ ਗਾਵਈ ॥...
ਜਾ ਕੈ ਓਅੰਕਾਰਿ ਕੈ ਅਕਾਰ ਹੈ ਨਾਨਾ ਪ੍ਰਕਾਰ, ਕੀਰਤਨ ਸਮੈ ਸਾਧ ਸੰਗਿ ਸੋ ਲਗਨ ਹੈ ॥...
(ਕਬਿੱਤ ਸ੍ਵੈਯੇ, ਭਾਈ ਗੁਰਦਾਸ ਜੀ)

ਉਪਰੋਕਤ ਪ੍ਰਮਾਣਾਂ ਤੋਂ ਸਪੱਸ਼ਟ ਕਿ '੧ਓ' ਦੇ ਉਚਾਰਣ ਲਈ ਗ੍ਰੰਥਕ ਪ੍ਰਮਾਣ ਇਹੋ ਦੱਸਦੇ ਹਨ ਕਿ ਇਸ ਦਾ ਸ਼ੁੱਧ ਉਚਾਰਨ - 'ਇਕ ਓਅੰਕਾਰ' ਹੈ।

੨. ਸੰਪ੍ਰਦਾਇ ਉਚਾਰਣ ਪ੍ਰਮਾਣ :

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਾਬੋ ਕੀ ਤਲਵੰਡੀ ਸ੍ਰੀ ਦਮਦਮਾ ਸਾਹਿਬ (ਪੰਜਾਬ) ਵਿੱਚ ਬਿਰਾਜਦਿਆਂ ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਸਾਹਿਬ ਸੰਪੂਰਨ ਕਰਾਈ ਤੇ ਉਥੇ ਸਿੰਘਾਂ ਨੂੰ ਗੁਰਬਾਣੀ ਦਾ ਪਾਠ ਅਤੇ ਅਰਥ ਆਪ ਪੜ੍ਹਾਏ, ਜਿਸ ਤੋਂ ਸਿੱਖ ਧਰਮ ਦੀਆਂ ਦੋਵੇਂ ਟਕਸਾਲਾਂ ਚੱਲੀਆਂ। ਇਕ ਬਾਬਾ ਦੀਪ ਸਿੰਘ ਜੀ ਤੋਂ ਦਮਦਮੀ ਟਕਸਾਲ ਅਤੇ ਦੂਸਰੀ ਭਾਈ ਮਨੀ ਸਿੰਘ ਜੀ ਤੋਂ ਅੰਮ੍ਰਿਤਸਰ ਸਾਹਿਬ ਵਾਲੀ ਟਕਸਾਲ, ਜੋ ਬ੍ਰਹਮ ਗਿਆਨੀ ਤੱਤਵੇਤੇ ਗਿਆਨੀ ਮਹਾਂਪੁਰਖਾਂ ਦੁਆਰਾ ਅੱਜ ਤਕ ਵਿੱਦਿਆ ਪੜ੍ਹਨ ਪੜ੍ਹਾਉਣ ਦੀ ਸੇਵਾ ਨਿਭਾਉਂਦੀਆਂ ਆ ਰਹੀਆਂ ਹਨ। ਇਨ੍ਹਾਂ ਦੋਵਾਂ ਸੰਪ੍ਰਦਾਵਾਂ ਵਿੱਚ ਜੋ ਸੀਨਾ--ਬਸੀਨਾ '੧ਓ' ਦਾ ਉਚਾਰਨ ਕਰਾਇਆ ਜਾ ਰਿਹਾ ਹੈ, ਉਹ 'ਇਕ ਓਅੰਕਾਰ' ਹੈ। ਇਹ ਟਕਸਾਲੀ ਉਚਾਰਣ ਜੋ ਮੰਨਣਯੋਗ ਹੈ।

੩. ਅਨੁਭਵੀ ਦਲੀਲ ਦਾ ਪ੍ਰਮਾਣ :

ਜੇਕਰ '੧ਓ' ਨੂੰ ਪਦ ਛੇਦ ਕਰੀਏ ਤਾਂ ਇਸ ਦੇ ਤਿੰਨ ਹਿੱਸੇ ਬਣਦੇ ਹਨ — ੧=ਇਕ, ਓ=ਓਅੰ, ◌ =ਕਾਰ ॥ ਇਸ ਵਿੱਚ '੧' ਸੰਖਿਆ ਵਾਚਕ। 'ਓ' ਸੰਸਕ੍ਰਿਤ ਦਾ ਪਦ ਹੈ ਜਿਸ ਦਾ ਉਚਾਰਨ 'ਓਅੰ' ਹੈ। ਅੱਗੇ ਜੋ ਲਕੀਰ ◌ ਕਾਰ ਹੈ। ਇਸ ਲਕੀਰ ਨੂੰ ਹਜ਼ੂਰ ਨੇ ਗੁਰਬਾਣੀ 'ਚ ਵੀ 'ਕਾਰ' ਹੀ ਕਿਹਾ ਹੈ।

ਦੇ ਕੈ ਚਉਕਾ ਕਢੀ ਕਾਰ॥ (ਅੰਗ ੪੭੨)

ਕਾਰੀ ਕਢੀ ਕਿਆ ਥੀਐ ਜਾਂ ਚਾਰੇ ਬੈਠੀਆ ਨਾਲਿ॥ (ਅੰਗ ੯੧)

ਇਸ ਲਈ ਜਦੋਂ ੧ਓ ਦਾ ਉਚਾਰਣ ਸੰਧੀ ਯੁਕਤ ਇਕੱਠਾ ਕਰਾਂਗੇ ਤਾਂ ਇਉਂ ਬਣ ਜਾਵੇਗਾ '੧' ਇੱਕ+'ਓ' ਓਅੰ+ ◌ਾਂ ਕਾਰ='ਇਕ ਓਅੰਕਾਰ'। ਇਹ ਇਸ ਦਾ ਸ਼ੁੱਧ ਉਚਾਰਣ ਹੈ। ਪੰਜਾਬ ਦੀ ਆਮ ਬੋਲੀ ਵਿੱਚ ਖਿੱਚੀ ਗਈ ਕਿਸੇ ਲਕੀਰ ਨੂੰ 'ਕਾਰ' ਆਖਦੇ ਹਨ। ਜਿਵੇਂ ਪੰਡਤ ਭੋਜਨ ਕਰਨ ਸਮੇਂ ਆਪਣੀ ਥਾਲੀ ਦੁਆਲੇ ਜਲ ਦੁਆਰਾ ਲਕੀਰ (ਕਾਰ) ਬਣਾਉਂਦਾ ਹੈ। ਸਪੇਰੇ ਸੱਪ ਦਿਖਾਉਣ ਸਮੇਂ ਉਸ ਨੂੰ ਕੀਲਣ ਲਈ ਸੱਪ ਦੁਆਲੇ ਆਟੇ ਆਦਿ ਨਾਲ ਲਕੀਰ ਖਿੱਚ ਕੇ ਉਸ ਨੂੰ 'ਕਾਰ' ਖਿੱਚਣਾ ਆਖਦੇ ਹਨ। ਰਾਮਾਇਣ ਵਿੱਚ ਜ਼ਿਕਰ ਆਉਂਦਾ ਹੈ ਕਿ ਜਦੋਂ ਰਾਮ ਤੇ ਲਛਮਣ, ਰਾਵਣ ਦੇ ਕਪਟ ਦੁਆਰਾ ਰਚੇ ਸੋਨੇ ਦੇ ਹਿਰਨ ਪਿੱਛੇ ਨਿਕਲੇ ਤਾਂ ਸੀਤਾ ਦੀ ਕੁਟੀਆ ਅੱਗੇ ਇਕ ਲਕੀਰ ਖਿੱਚੀ ਗਈ ਸੀ ਕਿ ਇਸ ਨੂੰ ਪਾਰ ਨਹੀਂ ਕਰਨਾ। ਉਸ ਨੂੰ ਉਥੇ 'ਕਾਰ' ਹੀ ਕਿਹਾ ਜਾਂਦਾ ਹੈ ਤੇ ਸੀਤਾ ਨੇ ਸਾਧੂ ਭੇਖ 'ਚ ਆਏ ਰਾਵਣ ਨੂੰ ਖੈਰਾਤ ਪਾਉਣ ਸਮੇਂ ਉਸ ਲਕੀਰ (ਕਾਰ) ਦਾ ਉਲੰਘਣ ਕੀਤਾ ਸੀ ਤਾਂ ਉਸ ਦਾ ਹਰਨ ਹੋਇਆ। ਇਨ੍ਹਾਂ ਉਪਰੋਕਤ ਦਲੀਲਾਂ ਤੋਂ ਇਹੋ ਸਪੱਸ਼ਟ ਹੁੰਦਾ ਹੈ ਕਿ 'ਮੁੜਦੀ ਲਕੀਰ' ਕਾਰ ਕਹਾਉਂਦੀ ਹੈ। ਇਸ ਲਈ ਸਤਿਗੁਰੂ ਸਾਹਿਬਾਨ ਨੇ ਵੀ ਇੱਥੇ ਮੁੜਦੀ ਲਕੀਰ ਨੂੰ 'ਕਾਰ' ਕਰਕੇ ਹੀ ਲਿਖਿਆ ਹੈ। ਇਸ ਕਰਕੇ ਇਸ ਨੂੰ 'ਕਾਰ' ਪੜ੍ਹਨਾ ਹੀ ਯੋਗ ਹੈ। ਅਸੀਂ ਉਪਰੋਕਤ ਸਬੂਤਾਂ ਜਾਂ ਦਲੀਲਾਂ ਦੇ ਆਧਾਰ 'ਤੇ ਇਸ ਸਿੱਟੇ 'ਤੇ ਪੁੱਜਦੇ ਹਾਂ ਕਿ ਗੁਰਬਾਣੀ ਵਿੱਚ ਜਿੱਥੇ ਵੀ '੧ਓ' ਸ਼ਬਦ ਆਉਂਦਾ ਹੈ, ਇਸ ਦਾ ਸ਼ੁੱਧ ਉਚਾਰਣ 'ਇਕ ਓਅੰਕਾਰ' ਹੀ ਹੈ। ਕੋਈ ਵੀ ਹੋਰ ਉਚਾਰਣ ਸ਼ੁੱਧ ਨਹੀਂ ਮੰਨਿਆ ਜਾ ਸਕਦਾ।

ਪ੍ਰਮਾਣ : ਤਿੰਨ ਪ੍ਰਕਾਰ ਦੇ ਪ੍ਰਮਾਣ ਵਿਦਵਾਨਾਂ ਨੇ ਹੋਰ ਵੀ ਮੰਨੇ ਹਨ :

੧. **ਵੈਦਿਕ ਪ੍ਰਮਾਣ :** ਜੋ ਪ੍ਰਮਾਣ ਵੇਦ ਅਨੁਸਾਰ ਹੋਣ, ਉਹ ਵੈਦਿਕ ਪ੍ਰਮਾਣ ਕਹਾਉਂਦੇ ਹਨ। ਵੇਦ ਸੁਰਤੀਆਂ ਵਿੱਚ ਜਿੱਥੇ (ਗੁਰੂ) ਪਦ ਹੈ, ਉਸ ਨੂੰ ਸਤਿਗੁਰੂ ਜੀ ਦਾ ਵਾਚਕ ਸਮਝੋ।

(ੳ) ਗੋਪਾਲ ਤਾਪਨੀ ਉਪਨਿਸ਼ਦ ਪ੍ਰਮਾਣ :

ਸੱਚਦਾਨੰਦ ਰੂਪਾਯਾ ਕ੍ਰਿਸ਼੍ਨਾਯ ਕਲਿਸ਼ੁ ਕਰਮਣੇ।
ਨਮੋਂ ਵੇਦਾਂਤ ਵੇਦ ਗੁਰ ਵੇਬੁਧਿ ਸਾਖਣੇ।

(ਅ) ਵੇਦ ਸੁਰਤੀ ਪ੍ਰਮਾਣ :

ਗਰੂਰ ਬ੍ਰਹਮਾ ਗਰੂਰ ਬਿਸ਼ਨੂੰ ਗਰੂਰ ਦੇਵ ਮਹੇਸ੍ਵਰਾ॥
ਗਰੂਰ ਸਾਖਿਯਾਤ ਪਾਰਬ੍ਰਹਮ ਤਸਮਈ ਸ੍ਰੀ ਗੁਰੂ ਵੇ ਨਮਹ॥ ੨॥
ਅਗਿਆਨ ਤਿਮਰਧੇਸਯ ਗਿਆਨ ਜਨੈ ਸਾਲਾਕਿਯਾ॥
ਚਖ ਮੂਹੁਨ ਸੀਲ ਤੰਯੇਨ ਤਸਮੈ ਸ੍ਰੀ ਗੁਰਵੇ ਨਮਹ॥ ੨॥
ਸਿਵਕਸੋਂ ਗੁਰੂ ਤ੍ਰਾਤਾ ਗੁਰਊ ਰੁਸਟੋ ਸਿਵੋ ਨਹੀ॥
ਸਿਵਾਦਿਪਯ ਪਿਕੰਤ ਸਮਾਦ ਗੁਰੂੰ ਯਤਨੇ ਪੂਜਯੇਤ॥ ੩॥

(ੲ) ਪੁਰਾਣ ਪ੍ਰਮਾਣ : ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਬਾਰੇ 'ਭਵਿੱਖਤ ਪੁਰਾਣ' ਦੇ ਅਠਾਈਵੇਂ ਅਧਿਆਇ ਵਿੱਚ ੩੩ਵੇਂ ਸਲੋਕ ਤੋਂ ੪੪ਵੇਂ ਸਲੋਕ ਤਕ ਜ਼ਿਕਰ ਹੈ। ਇਹਨਾਂ ੧੨ ਸਲੋਕਾਂ ਵਿੱਚ ਸਵਾਮੀ ਕਾਰਤਕ ਜੀ ਦੇ ਪੁੱਛਣ 'ਤੇ ਬ੍ਰਹਮਾ ਜੀ ਨੇ ਉੱਤਰ ਦਿੱਤਾ ਹੈ, ਜੈਸਾ ਕਿ :

ਏਵੰ ਵੈ ਧਰਮ ਪਰਾਚੁਰਯੰ ਭਵਿਸ਼ਯਤ ਯਦਾ ਕਲੌ॥ ੩੩॥
ਤਦਾ ਵੈ ਲੋਕ ਰਖਜਾਰਥੰ ਮਲੇਛਾਨਾ ਨਾਸ ਹੇਤਯੇ॥
ਪਸ਼ੁਮੇਤੁ ਸੁਭੰ ਦੇਸੇ ਬੇਦੀ ਬੰਸੇ ਚ ਨਾਨਕੋ॥ ੩੪॥
ਨਾਮਨਾ ਭਾਵਿ ਰਾਜਰਿਖੀ ਬ੍ਰਹਮ ਗਯਾ ਨੈਕ ਮਾਨਸ॥
ਭਵਿਸ਼ਯਿਤ ਕਲੌ ਮਕੰਦ ਤਤ੍ਵ ਬਿਤਯਾ ਕਲਿਯਾ ਹਰੇ॥ ੩੫॥
ਸ੍ਰੀ ਮਨ ਰਾਜ ਸਾਰਦੂ ਲਾਨੁਪ ਦਿਸਯਤਿ ਪੁਨਾ॥
ਮਲੇਛਾਨ ਹਨਿਸਯੰਤ ਸਕੰਦ ਧਰਮ ਤੱਤੋ ਪਦੇਸ ਕ੍ਰਿਤ॥ ੩੬॥
ਤੇਨੋਪਦਿਸਟੰ ਮਾਰਗ ਵੈ ਯੇ ਰਕਹੀ ਸਯੰਤਿ ਤੁਮ ਪਾ:॥
ਤੇ ਤੈ ਰਾਜਾ ਕਰਿਸਯੰਤਿ ਤਸਯਾ ਸਿਖਯਾ ਨਸਾਰਿਤਾ॥ ੩੭॥
ਧਰਮੇਣ ਰਾਜਯ ਬ੍ਰਿਧਿ ਸਚ ਕਲੌ ਤੇਸਾਂ ਭਵਿਸਯੰਤ॥
ਤੇਸਾਂ ਰਾਜ ਸਾਂਤ ਪਰੇ ਕਾਲੇ ਮਲੇਛਾਂ ਗੌਰ ਮੁਖਾ ਕ੍ਰਿਪਾ॥ ੩੮॥
ਪ੍ਰਬਲਾਸੀ ਭਵਿ ਸਯੰਤਿ ਸਕੰਦ ਪ੍ਰਜਾ ਰਖਯਣ ਤਤਪਰ॥
ਆਲਖ ਕਾਲੇਨ ਤੇਸਾਂ ਤੂੰ ਰਾਜਯ ਬ੍ਰਿਧਿ ਭਵਿਸਯਤਿ॥ ੩੯॥
ਨ੍ਰਿਪਬਣੰ ਹਰਿਸ਼ਯੰਤ ਮੌਰ ਵਰਣਾ ਗਯਾਯਨ ਗਾ:॥
ਅਸੀਤਿ ਸਤ ਰਾਜਯੰਤੇ ਨੀਤਿ ਸਾਸਤ੍ਰਾ ਨੁਸਾਰਤਾ॥ ੪੦॥
ਕ੍ਰਿਤ੍ਰਾ ਪਸਚਿਮ ਦੇਸੀਯੇ ਨ੍ਰਿਪੈਰ ਯਾਸਯੰਤਯ ਦਰਸਨੰ॥
ਯਾਦ ਬੇਦੇ 'ਚ ਲਿਪੇ ਚ ਬੈਰਮਬ ਚ ਵਿਮੁਯਧ ਧੀ॥ ੪੧॥
ਤਦਾ ਨ੍ਰਿਪਾ ਬਿਜਸਤਿ ਮਲੇਸਦਾਨ ਧ੍ਰਮੰ ਪਰਾਜ ਯਨੁ ਖਾਨ॥
ਤਸਮਿਨ ਕਾਲੇ ਖੰਡ ਨਾਥਾ ਸਹਸਸਰ ਸਹੈਸ੍ਰਸ !॥ ੪੨॥
ਭਵਿਸਯੰਤਿ ਕਲੌ ਸਕੰਦ ਰਾਜਯ ਪਾਲਨਾ ਤਤਪਰਾ॥
ਰਾਜ ਰਿਖਿ ਮਤ ਮਾਰਗੀਣਾ ਮਾਗਯਾ ਲੋਕੋ ਭਵਿਸਯਤਿ॥ ੪੩॥
ਏਵ ਸਤ ਤ੍ਰਯੰ ਰਾਜਯੰ ਕ੍ਰਿਤਾ ਪਚਾਸ ਉਤਰੰ॥
ਬ੍ਰਮੇਣੈਵ ਕਲੌ ਸਕੰਦ ਤਤ ! ਸੰਸਯਾ ਸਮਿਸਯਤਿ !॥ ੪੪॥

੨. **ਲੌਕਿਕ ਪ੍ਰਕਾਣ :** ਯਥਾਰਥ ਵਕਤੇ ਦੁਆਰ ਕਹੇ ਗਏ ਬਚਨ ਲੌਕਿਕ ਪ੍ਰਮਾਣ ਕਹਾਉਂਦੇ ਹਨ।

(ੳ) ਭਾਈ ਗੁਰਦਾਸ ਜੀ, ਜੋ ਗੁਰੂ ਘਰ ਦੇ ਮਹਾਨ ਵਿਦਵਾਨ ਅਤੇ ਯਥਾਰਥ ਵਕਤੇ ਸਨ। ਉਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੂਰਣ ਅਵਤਾਰ ਹੋਣ ਬਾਰੇ ਲਿਖਦੇ ਹਨ; ਜੈਸਾ ਕਿ :

ਸੁਣੀ ਪੁਕਾਰਿ ਦਾਤਾਰੁ ਪ੍ਰਭੁ ਗੁਰੁ ਨਾਨਕ ਜਗ ਮਾਹਿ ਪਠਾਇਆ। (ਵਾਰ ੧, ਪਉੜੀ ੨੩)
ਕਲਿ ਤਾਰਣਿ ਗੁਰੂ ਨਾਨਕ ਆਇਆ। (ਵਾਰ ੧, ਪਉੜੀ ੨੩)
ਸਤਿਗੁਰ ਨਾਨਕ ਦੇਉ ਹੈ ਪਰਮੇਸਰ ਸੋਈ। (ਵਾਰ ੩੮, ਪਉੜੀ ੨੦)
ਨਾਰਾਇਣ ਨਿਜ ਰੂਪੁ ਧਰਿ ਨਾਥਾ ਨਾਥ ਸਨਾਥ ਕਰਾਇਆ। (ਵਾਰ ੨੪, ਪਉੜੀ ੧)

(ਅ) ਭੱਟਾਂ ਨੇ ਸਵੱਈਆਂ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੂਰਨ ਅਵਤਾਰ ਹੋਣ ਸੰਬੰਧੀ ਇਸ ਪ੍ਰਕਾਰ ਕਥਨ ਕੀਤਾ ਹੈ, ਜੈਸਾ ਕਿ :

ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥ (ਅੰਗ ੧੩੬੫)

ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ ॥ (ਅੰਗ ੧੪੦੮)

(ਏ) ਇਤਿਹਾਸਕ ਗਵਾਹੀ ਜਾਂ ਪ੍ਰਮਾਣ ਇਸ ਪ੍ਰਕਾਰ ਹਨ : ਜਨਮਸਾਖੀ ਅਨੁਸਾਰ ਜਦੋਂ ਸ੍ਰੀ ਗੁਰ ਨਾਨਕ ਦੇਵ ਜੀ ਵੇਈਂ ਪ੍ਰਵੇਸ਼ ਕਰ ਕੇ ਸੱਚਖੰਡ ਪਹੁੰਚੇ ਤਾਂ ਅਕਾਲ ਪੁਰਖ ਨੇ ਕਿਹਾ ਕਿ ਹੇ ਗੁਰੂ ਨਾਨਕ ਦੇਵ ਜੀ ! ਮੈਂ ਪਾਰਬ੍ਰਹਮ ਪਰਮੇਸ਼ਰ ਹਾਂ ਅਤੇ ਤੁਸੀਂ ਗੁਰੂ ਪਰਮੇਸ਼ਰ ਹੋ। ਸਾਡੇ ਅਤੇ ਤੁਹਾਡੇ ਵਿੱਚ ਕੋਈ ਭੇਦ ਨਹੀਂ ਹੈ।

(ਸ) ''ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ'' ਵਿੱਚ ਭਾਈ ਸੰਤੋਖ ਸਿੰਘ ਜੀ ਇਸ ਪ੍ਰਕਾਰ ਲਿਖਦੇ ਹਨ :

ਏਕੰਕਾਰ ਧਾਰਿ ਨਿਜ ਰੂਪਾ ॥ ਪਰਗਟੇ ਸਤਿਗੁਰ ਰੂਪ ਅਨੂਪਾ ॥

੩. ਸ਼ੈ-ਪ੍ਰਮਾਣ : ਸ਼ੈ-ਪ੍ਰਮਾਣ ਉਹ ਹੁੰਦੇ ਹਨ, ਜੋ ਆਪਣੇ ਆਪ ਵੱਲੋਂ ਕਹੇ ਗਏ ਹੁੰਦੇ ਹਨ। ਗੁਰਬਾਣੀ ਵਿੱਚ ਸਤਿਗੁਰੂ ਨਾਨਕ ਦੇਵ ਜੀ ਦੀ ਪੂਰਣਤਾ ਅਤੇ ਵਿਸ਼ੇਸ਼ਤਾ ਦਰਸਾਉਂਦੇ ਹੋਏ ਅਨੇਕ ਪ੍ਰਮਾਣ ਮਿਲਦੇ ਹਨ, ਜੈਸਾ ਕਿ :

ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ ॥ (ਅੰਗ ੭੫੦)

ਗੁਰੁ ਪਰਮੇਸਰੁ ਏਕੁ ਹੈ ਸਭ ਮਹਿ ਰਹਿਆ ਸਮਾਇ ॥ (ਅੰਗ ੫੩)

ਸਤਿਗੁਰੁ ਪਰਮੇਸਰੁ ਮੇਰਾ ॥ (ਅੰਗ ੮੮੪)

ਗ੍ਰੰਥੀਆਂ (ਗੰਢਾਂ)

ਗ੍ਰੰਥੀਆਂ (ਗੰਢਾਂ) : ਤਿੰਨ ਪ੍ਰਕਾਰ ਦੀਆਂ ਗ੍ਰੰਥੀਆਂ ਦਾ ਵੇਰਵਾ ਇਸ ਪ੍ਰਕਾਰ ਹੈ :

੧. ਚਿਦ ਜੜ੍ਹ ਗ੍ਰੰਥੀ : ਸਤਿ, ਚਿੱਤ, ਅਨੰਦ ਰੂਪ ਚੇਤਨ ਬ੍ਰਹਮ ਨੂੰ ਅਸੱਤ, ਜੜ੍ਹ ਤੇ ਦੁੱਖ ਰੂਪ ਸਮਝਣਾ ਅਤੇ ਅਸੱਤ, ਜੜ੍ਹ ਦੁੱਖ ਰੂਪ ਦੇਹ ਨੂੰ ਸਤਿ, ਚਿੱਤ, ਅਨੰਦ ਰੂਪ ਸਮਝਣਾ, ਭਾਵ ਜੋ ਅਹੰ ਮਮ ਅਧਿਆਸ ਹੈ। ਜੈਸਾ ਕਿ :

(ੳ) ਹਉ ਹਉ ਕਰਤ ਬੰਧਨ ਮਹਿ ਪਰਿਆ ਨਹ ਮਿਲੀਐ ਇਹ ਜੁਗਤਾ ॥ (ਅੰਗ ੬੪੨)

(ਅ) ਹਉ ਹਉ ਭੀਤਿ ਭਇਓ ਹੈ ਬੀਚੋ ਸੁਨਤ ਦੇਸਿ ਨਿਕਟਾਇਓ ॥

ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ ॥ (ਅੰਗ ੬੨੪)

ਹਉ ਹਉ ਕਰਦੀ ਸਭ ਫਿਰੈ ਬਿਨੁ ਸਬਦੈ ਹਉ ਨ ਜਾਇ ॥

ਨਾਨਕ ਨਾਮਿ ਰਤੇ ਤਿਨ ਹਉਮੈ ਗਈ ਸਚੈ ਰਹੇ ਸਮਾਇ ॥ (ਅੰਗ ੪੨੬)

੨. ਸੰਸੇ ਗ੍ਰੰਥੀ : ਪ੍ਰਮਾਣ, ਪ੍ਰਮੇਯ, ਵਿਪਰਜੇ ਸੰਸਿਆਂ ਦੀ ਗੰਢ ਪਈ ਰਹਿਣੀ।

(ੳ) ਪ੍ਰਮਾਣ ਗਤਿ ਸੰਸਾ : ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਬ੍ਰਹਮ ਦੀ ਏਕਤਾ ਦਾ ਕਥਨ ਕੀਤਾ ਹੈ ਜਾਂ ਇਸ ਦੇ ਉਲਟ ਅਨੇਕਤਾ ਦਾ।

ਨਵਿਰਤੀ : ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ ਸਤਿਗੁਰਾਂ ਦੀ ਬਾਣੀ ਪੜ੍ਹੀਏ ਤਾਂ ਪਤਾ ਲੱਗਦਾ ਹੈ :

ਏਕੋ ਹੈ ਭਾਈ ਏਕੋ ਹੈ ॥ (ਅੰਗ ੩੫੦)

(ਅ) ਪ੍ਰਮੇਯ ਗਤਿ ਸੰਸਾ : ਜੀਵ ਅਤੇ ਬ੍ਰਹਮ ਇਕ ਸਰੂਪ ਹਨ ਇਹ ਸਤਿ ਹੈ? ਜਾਂ ਜੀਵ ਅਤੇ ਬ੍ਰਹਮ ਵੱਖਰੇ-ਵੱਖਰੇ ਹਨ ਇਹ ਸਤਿ ਹੈ।

ਨਵਿਰਤੀ :

ਸੋ ਪ੍ਰਭੁ ਦੂਰਿ ਨਾਹੀ ਪ੍ਰਭੁ ਤੁੰਹੈ॥ **(ਅੰਗ ੩੫੪)**

(੧) **ਵਿਪਰਜੇ ਸੰਸਾ :** ਜੀਵ ਅਤੇ ਬ੍ਰਹਮ ਦਾ ਭੇਦ ਸਤਿ ਹੈ ਜਾਂ ਦੇਹ ਆਦਿਕ ਸਾਰਾ ਜੋ ਪਸਾਰਾ ਹੈ ਇਹ ਸਤਿ ਹੈ।

ਨਵਿਰਤੀ :

ਜਲਿ ਥਲਿ ਮਹੀਅਲਿ ਸੁਆਮੀ ਸੋਈ ॥ ਅਵਰੁ ਨ ਕਹੀਐ ਦੂਜਾ ਕੋਈ ॥
ਗੁਰ ਗਿਆਨ ਅੰਜਨਿ ਕਾਟਿਓ ਭ੍ਰਮੁ ਸਗਲਾ ਅਵਰੁ ਨ ਦੀਸੈ ਏਕ ਬਿਨਾ॥ **(ਅੰਗ ੧੦੭੯)**

ਨੋਟ : ਸੰਸਿਆਂ ਨੂੰ ਵਿਸਥਾਰ ਸਹਿਤ ਪੜ੍ਹਨ ਲਈ ਪਿੱਛੇ ਇਸੇ ੩ ਅੰਕ ਵਿੱਚ ਦੇਖੋ।

੩. **ਕਰਮ ਗ੍ਰੰਥੀ (ਗੰਢ) :** ਕਰਤਾ ਅਤੇ ਭੋਗਤਾ ਦੀ ਗੰਢ, ਇਹ ਵਿਚਾਰਨਾ ਕਿ ਮੈਂ ਕਰਤਾ ਹਾਂ, ਮੈਂ ਹੀ ਭੋਗ ਰਿਹਾ ਹਾਂ ਜੋ ਪਿੱਛੇ ਕਰਮ ਕੀਤੇ ਹੋਏ ਸਨ ਉਨ੍ਹਾਂ ਦਾ ਫਲ ਮੈਂ ਅਗਲੇ ਕਰਮਾਂ ਵਿੱਚ ਭੋਗਾਂਗਾ। ਜੈਸਾ ਕਿ :

(ੳ) **ਤਨੁ ਮੇਰਾ ਸੰਪੈ ਸਭ ਮੇਰੀ ਬਾਗ ਮਿਲਖ ਸਭ ਜਾਏ ॥**
ਦੇਵਨਹਾਰਾ ਬਿਸਰਿਓ ਠਾਕੁਰੁ ਖਿਨ ਮਹਿ ਹੋਤ ਪਰਾਏ ॥ **(ਅੰਗ ੨੧੩)**

(ਅ) **ਹਉ ਸੰਚਉ ਹਉ ਖਾਟਤਾ ਸਗਲੀ ਅਵਧ ਬਿਹਾਨੀ॥ ਰਹਾਉ ॥** **(ਅੰਗ ੨੪੨)**

ਸਿਮਰਨੀ (ਮਾਲਾ)

ਸਿਮਰਨੀ (ਮਾਲਾ) : ਹਿੰਦੂ ਮੱਤ ਦੇ ਗ੍ਰੰਥਾਂ ਵਿੱਚ ਮਾਲਾ ਤਿੰਨ ਪ੍ਰਕਾਰ ਦੀ ਲਿਖੀ ਹੋਈ ਹੈ :

੧. **ਕਰਮਾਲਾ :** ਉਂਗਲੀਆਂ ਉੱਪਰ ਗਿਣਤੀ ਕਰ ਕੇ ਨਾਮ ਜਪਣਾ।

੨. **ਵਰਣਮਾਲਾ :** 'ਅ' ਤੋਂ 'ਕ' ਤੀਕ ਅੱਖਰਾਂ ਨੂੰ ਮਾਲਾ ਕਲਪਨਾ, ਜਿਵੇਂ 'ੳ' ਤੋਂ 'ੜ' ਤੀਕ ਗਿਣਤੀ ਲਈ ਅੱਖਰ ਥਾਪੀਏ।

੩. **ਅਕ੍ਮਾਲਾ (ਮਣਕਿਆਂ ਦੀ ਮਾਲਾ) :** ਜੋ ਰੁਦ੍ਰਾਖਸ਼, ਕਮਲ ਦੇ ਬੀਜ, ਹਾਥੀ ਦੰਦ, ਸੰਖ ਦੇ ਟੁਕੜੇ, ਚੰਦਨ, ਤੁਲਸੀ, ਮੋਤੀ, ਬਿਲੌਰ, ਮੂੰਗਾ, ਸੁਵਰਣ (ਸੋਨੇ) ਆਦਿ ਦੇ ਮਣਕਿਆਂ ਤੋਂ ਬਣਾਈ ਜਾਂਦੀ ਹੈ।

ਜਪੁ

ਜਪੁ ਤਿੰਨ ਪ੍ਰਕਾਰ ਦਾ ਹੁੰਦਾ ਹੈ :

੧. **ਸਾਂਤਕੀ :** ਮਨ ਦਾ ਬਿਸ੍ਰਾਮ ਪਾ ਜਾਣਾ।

੨. **ਰਾਜਸੀ :** ਇੰਦ੍ਰੀਆਂ ਦਾ ਦਮਨ ਕਰ ਕੇ ਰੱਖਣਾ।

੩. **ਤਾਮਸੀ :** ਜਲਧਾਰਾ ਕਰਨੇ, ਧੂਣੀਆਂ ਤਾਉਣੀਆਂ, ਵਰਤ ਰੱਖਣੇ ਆਦਿ।

੧. ਦਾਨੇ, ੨. ਦਾਨੇ ਦੀਵਾਨੇ, ੩. ਦਾਨੇ ਦੀਵਾਨੇ ਮਸਤਾਨੇ

੧. **ਦਾਨੇ :** ਅਕਲ ਵਾਲੇ, ਗਿਆਨਵਾਨ ਅਤੇ ਸਮਝਦਾਰ, ਜਿਹੜੇ ਉੱਤੋਂ ਤਾਂ ਵਿਵਹਾਰਕ ਕੰਮਾਂ 'ਚ ਲੱਗੇ ਹੋਏ ਦਿੱਸਦੇ ਹਨ, ਪਰ ਅੰਦਰੋਂ ਹਮੇਸ਼ਾਂ ਪ੍ਰਭੂ ਨਾਲ ਲਿਵ ਜੋੜੀ ਰੱਖਦੇ ਹਨ। ਜੈਸਾ ਕਿ :

ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ॥ (ਅੰਗ ੧੩੮੪)

ਦੀਸਹਿ ਸਭ ਮਹਿ ਸਭ ਤੇ ਰਹਤੇ॥ ਪਾਰਬ੍ਰਹਮ ਕਾ ਓਇ ਧਿਆਨੁ ਧਰਤੇ॥ (ਅੰਗ ੧੮੧)

ਜਿਨ੍ ਪਟੁ ਅੰਦਰਿ ਬਾਹਰਿ ਗੁਦੜੁ ਤੇ ਭਲੇ ਸੰਸਾਰਿ॥

ਤਿਨ੍ ਨੇਹੁ ਲਗਾ ਰਬ ਸੇਤੀ ਦੇਖਨ੍ ਵੀਚਾਰਿ॥ (ਅੰਗ ੪੭੩)

ਗਲ ਨ ਬਾਹਰਿ ਨਿਕਲੈ ਹੁਕਮੀ ਬੰਦੇ ਕਾਰ ਕਰਾਰੀ॥ (ਭਾਈ ਗੁਰਦਾਸ ਜੀ, ਵਾਰ ੧੧, ਪਉੜੀ ੨)

ਗੁਰਸਿਖੀ ਗੁਰਸਿਖ ਸੁਣ, ਅੰਦਰਿ ਸਿਆਣਾ ਬਾਹਰਿ ਭੋਲਾ।

ਵਾਹਿਗੁਰੂ ਗੁਰੁ ਸਬਦੁ ਲੈ, ਪਰਮ ਪਿਆਲਾ ਚੁਪਿ ਚਬੋਲਾ। (ਵਾਰ ੫, ਪਉੜੀ ੧੧)

੨. **ਦਾਨੇ ਦੀਵਾਨੇ :** ਜਿਹੜੇ ਅੰਦਰੋਂ ਲਿਵ ਲਾਈ ਰੱਖਦੇ ਹਨ ਪਰ ਬਾਹਰਲੇ ਵਿਵਹਾਰਾਂ ਵੱਲੋਂ ਦੀਵਾਨੇ ਭਾਵ ਮਸਤ ਹੀ ਰਹਿੰਦੇ ਹਨ। ਜੈਸਾ ਕਿ :

ਸਿਦਕ ਸਬੂਰੀ ਸਾਬਤੇ ਮਸਤੀ ਹੁਸੀਆਰੀ। (ਵਾਰ ੯, ਪਉੜੀ ੩)

ਭਾਇ ਭਗਤਿ ਭੈ ਚਲਣਾ ਮਸਤ ਅਲਮਸਤ ਸਦਾ ਹੁਸਿਆਰੀ।

(ਭਾਈ ਗੁਰਦਾਸ ਜੀ, ਵਾਰ ੧੧, ਪਉੜੀ ੧)

੩. ਦਾਨੇ ਦੀਵਾਨੇ ਮਸਤਾਨੇ : ਜਿਹੜੇ ਪ੍ਰਭੂ ਦੇ ਅਨੰਦ ਵਿੱਚ ਐਸੇ ਮਸਤ ਹੁੰਦੇ ਹਨ ਕਿ ਵਿਹਾਰਾਂ ਦੀ ਤੇ ਸਰੀਰ ਦੀ ਸੋਝੀ ਵੀ ਨਹੀਂ ਰਹਿੰਦੀ। ਜੈਸਾ ਕਿ :

ਬ੍ਰਹਮ ਗਿਆਨੀ ਕੈ ਨਾਹੀ ਧੰਧਾ॥ (ਅੰਗ ੨੭੩)

ਮਨ ਤੇ ਬਿਸਰਿਓ ਸਗਲੋ ਧੰਧਾ ਗੁਰ ਕੀ ਚਰਣੀ ਲਾਏ॥ (ਅੰਗ ੬੭੧)

ਗੁਰਮੁਖਿ ਸੁਖ ਫਲ ਪਿਰਮ ਰਸੁ ਦੇਹ ਬਿਦੇਹ ਪਰਮ ਪਦੁ ਪਾਵੈ।

(ਭਾਈ ਗੁਰਦਾਸ ਜੀ, ਵਾਰ ੬, ਪਉੜੀ ੧੧)

ਅਨੰਦ

ਅਨੰਦ : ਇਹ ਤਿੰਨ ਪ੍ਰਕਾਰ ਦਾ ਮੰਨਿਆ ਹੈ। ਜੈਸਾ ਕਿ :

ਬਿਖਿਆਨੰਦ ਸੰਸਾਰ ਹੈ ਭਜਨਾ ਨੰਦ ਹਰੀਦਾਸ
ਬ੍ਰਹਮਾਨੰਦ ਜੀਵਨ ਮੁਕਤ ਭਈ ਬਾਸਨਾ ਨਾਸ॥੧੨॥

(ਵਿਚਾਰਮਾਲਾ, ਅੱਠਵਾਂ ਬਿਸ੍ਰਾਮ)

੧. **ਵਿਸ਼ੇ ਅਨੰਦ :** ਵਿਸ਼ਿਆਂ ਦਾ ਅਨੰਦ ਸੰਸਾਰੀ ਜੀਵ ਨੂੰ ਹੈ, ਜੋ ਵਿਸ਼ਈ ਪੁਰਸ਼ ਹੈ ਉਸ ਨੂੰ ਪ੍ਰਾਪਤ ਹੁੰਦਾ ਹੈ, ਜਿਸ ਦੇ ਕਾਰਨ ਜੰਮਣ-ਮਰਣ ਵਿੱਚ ਰਹਿੰਦਾ ਹੈ।

੨. **ਭਜਨਾਨੰਦ :** ਜਿਹੜੇ ਹਰੀ ਪਰਮਾਤਮਾ ਦੇ ਦਾਸ ਹਨ, ਭਜਨ ਦਾ ਅਨੰਦ ਉਹਨਾਂ ਨੂੰ ਆਉਂਦਾ ਹੈ ਭਾਵ ਕਥਾ, ਕੀਰਤਨ ਵਿੱਚ ਮਨ ਇਕਾਗਰ ਹੋ ਕੇ ਰਸ ਆਉਣਾ, ਜਿਵੇਂ ਨਾਲੇ ਦੇ ਪਾਣੀ ਦਾ ਪ੍ਰਵਾਹ ਹੁੰਦਾ ਹੈ ਜੋ ਵਰਖਾ ਪੈਣ ਦੇ ਕਾਰਨ ਚੱਲਦੇ ਹਨ। ਜਦੋਂ ਵਰਖਾ ਬੰਦ ਹੋ ਗਈ, ਇਹ ਵੀ ਬੰਦ ਹੋ ਜਾਂਦੇ ਹਨ। ਇਸੇ ਪ੍ਰਕਾਰ ਹੀ ਜਿਹੜੇ ਲੋਕ ਜਿੰਨਾ ਚਿਰ ਤਕ ਜਪ ਤਪ ਆਦਿ ਕਰਦੇ ਰਹਿੰਦੇ ਹਨ ਜਾਂ ਕਥਾ, ਕੀਰਤਨ ਸ੍ਰਵਣ ਕਰਦੇ ਹਨ ਓਨਾ ਚਿਰ ਅਨੰਦ ਬਣਿਆ ਰਹਿਣਾ। ਪਰ ਬਾਅਦ ਵਿੱਚ ਕੁਸੰਗਤ ਦੇ ਵੱਸ ਹੋਣ ਕਰਕੇ ਭਜਨ ਛੱਡ ਜਾਣ ਕਾਰਨ, ਉਹਨਾਂ ਦਾ ਅਨੰਦ ਨਾਸ਼ ਹੋ ਜਾਂਦਾ ਹੈ। ਇਉਂ ਭਜਨਾਨੰਦ ਵਿੱਚ ਬ੍ਰਹਮਾਨੰਦ ਨਾਲੋਂ ਅੰਤਰ ਹੈ।

੩. **ਬ੍ਰਹਮਾਨੰਦ :** ਬ੍ਰਹਮ ਦਾ ਅਨੰਦ ਜੀਵਨ ਮੁਕਤ ਪੁਰਖਾਂ ਨੂੰ ਹੁੰਦਾ ਹੈ, ਜਿਨ੍ਹਾਂ ਦੀ ਸਾਰੀ ਵਾਸਨਾ ਖ਼ਤਮ ਹੋ ਜਾਂਦੀ ਹੈ ਅਤੇ ਬ੍ਰਹਮ ਦੀ ਸਾਖਿਆਤਤਾ ਕਰਕੇ ਅਨੰਦ ਦੀ ਪ੍ਰਾਪਤੀ ਹੁੰਦੀ ਹੈ। ਉਹ ਅਨੰਦ ਕਦੇ ਨਾਸ਼ ਨਹੀਂ ਹੁੰਦਾ। ਜਿਵੇਂ ਬੜਵਾ ਅਗਨੀ ਸਮੁੰਦ੍ਰ ਦੇ ਕ੍ਰੋੜਾਂ ਮਣਾਂ ਪਾਣੀ ਨੂੰ (ਜਿਵੇਂ ਤਵੇ 'ਤੇ ਬੂੰਦ ਪੈ ਕੇ ਸੜਦੀ ਹੈ) ਇਸ ਤਰ੍ਹਾਂ ਸਾੜ ਕੇ ਵੀ ਕਾਇਮ ਰਹਿੰਦੀ ਹੈ, ਬੁਝਦੀ ਨਹੀਂ। ਇਸ ਪ੍ਰਕਾਰ ਬ੍ਰਹਮਾਨੰਦ ਲੱਖਾਂ ਅਗਿਆਨ ਦੇ ਜਨਮਾਂ-ਜਨਮਾਂਤ੍ਰਾਂ ਦੇ ਸੰਕਲਪਾਂ ਨੂੰ ਨਾਸ਼ ਕਰ ਕੇ ਵੀ ਸਾਖਿਆਤ ਹੀ ਰਹਿੰਦਾ ਹੈ। ਕਦੇ ਸੰਸਕਾਰਾਂ ਹੇਠ ਦੱਬਦਾ ਨਹੀਂ, ਹਰ ਸਮੇਂ ਗਿਆਨ ਰੂਪੀ ਅਗਨੀ ਸਾਖਿਆਤ ਰਹਿੰਦੀ ਹੈ। ਕਦੇ ਅਭਾਵ ਨਹੀਂ ਹੁੰਦੀ।

ਕਰਮ

ਕਰਮ : ਧਰਮ ਗ੍ਰੰਥਾਂ ਵਿੱਚ ਤਿੰਨ ਪ੍ਰਕਾਰ ਦੇ ਕਰਮਾਂ ਦਾ ਜ਼ਿਕਰ ਆਉਂਦਾ ਹੈ, ਜੋ ਇਸ ਪ੍ਰਕਾਰ ਹੈ :

੧. **ਸੰਚਤ ਕਰਮ :** ਜਨਮਾਂ-ਜਨਮਾਂਤਰਾਂ ਦੇ ਇਕੱਠੇ ਹੋਏ ਕਰਮਾਂ ਨੂੰ 'ਸੰਚਤ ਕਰਮ' ਕਿਹਾ ਜਾਂਦਾ ਹੈ।

੨. **ਪ੍ਰਾਲਬਧ ਕਰਮ :** ਜਨਮ ਦੀ ਪ੍ਰਾਪਤ ਹੋਈ, ਫਿਰ ਦੁੱਖ, ਸੁੱਖ, ਧਨ, ਪਦਾਰਥ ਜੋ ਵੀ ਵਡਿਆਈ ਮਿਲਦੀ ਹੈ, ਇਸ ਨੂੰ 'ਪ੍ਰਾਲਬਧ ਕਰਮ' ਕਿਹਾ ਜਾਂਦਾ ਹੈ। ਇਸ ਦੁਆਰਾ ਸਰੀਰ ਮਿਲਦਾ ਹੈ।

੩. **ਕਿਰੇਮਾਨ ਕਰਮ :** ਜਿਹੜੀ ਮਾਨ ਹੰਗਤਾ ਦੇ ਸਹਿਤ ਉੱਠਦਿਆਂ ਬੈਠਦਿਆਂ ਕੀਤੀ ਕਿਰਿਆ ਹੈ, ਉਸ ਨੂੰ 'ਕਿਰਿਆਮਾਨ ਕਰਮ' ਕਿਹਾ ਜਾਂਦਾ ਹੈ।

ਨੋਟ : ਸੁਤੇ-ਸਿੱਧ ਸੁਭਾਵਿਕ ਕਿਰਿਆ ਕਰਮ ਨਹੀਂ ਕਹਿਲਾਉਂਦੀ। ਸੁਤੇ-ਸਿੱਧ ਕਿਰਿਆ ਦਾ ਫਲ ਦੇਣ ਵਾਲਾ ਕਰਮ ਨਹੀਂ ਬਣਦਾ, ਕਿਉਂਕਿ ਜੇਕਰ ਅਸੀਂ ਪੁੰਨ ਕਰਮ ਕਰਾਂਗੇ ਤਾਂ ਦੇਵ ਦੇਹੀ ਨੂੰ ਪ੍ਰਾਪਤ ਹੋਵਾਂਗੇ। ਜੇ ਪਾਪ ਕਰਮ ਕਮਾਉਣਾ ਕਰਾਂਗੇ ਤਾਂ ਪਸ਼ੂ, ਪੰਛੀ, ਤ੍ਰਿਗਦ ਜੂਨਾਂ ਨੂੰ ਪ੍ਰਾਪਤ ਹੋਵਾਂਗੇ। ਜੇਕਰ ਪਾਪ-ਪੁੰਨ ਮਿਸ਼ਰਤ ਕਰਾਂਗੇ ਤਾਂ ਮਨੁੱਖਾ ਦੇਹੀ ਨੂੰ ਪ੍ਰਾਪਤ ਹੋਵਾਂਗੇ, ਪਰ ਪਰਮਾਤਮਾ ਨੂੰ ਮਿਲ ਨਹੀਂ ਸਕਾਂਗੇ।

ਸਖੀ : ਤਿੰਨ ਪ੍ਰਕਾਰ ਦੀ ਹੁੰਦੀ ਹੈ

੧. **ਉੱਤਮ ਸਖੀ** = ਸਤੋ ਗੁਣ ਦੀ ਪ੍ਰਧਾਨਤਾ ਦੇ ਸਹਿਤ ਉਹ ਮਹਾਤਮਾ ਰੂਪ ਸਖੀ ਜਿਸ ਨੂੰ ਪਤੀ ਪਰਮਾਤਮਾ ਪ੍ਰਾਪਤ ਹੋ ਚੁੱਕਾ ਹੈ।

੨. **ਮੱਧਮ ਸਖੀ** = ਰਜੋ ਗੁਣ ਦੀ ਪ੍ਰਧਾਨਤਾ ਦੇ ਸਹਿਤ ਉਹ ਅਧਿਕਾਰੀ ਰੂਪ ਸਖੀ ਜੋ ਸਭ ਸਾਧਨਾਂ ਦੇ ਸੰਪੰਨ ਹੋ ਗਈ ਹੋਵੇ, ਪਰ ਬ੍ਰਹਮ ਦੀ ਸਾਖਿਆਤਤਾ ਵਿੱਚ ਕੁਝ ਦੇਰ ਹੋਵੇ।

੩. **ਕਨਿਸ਼ਟ ਸਖੀ** = ਤਮੋਗੁਣ ਦੀ ਪ੍ਰਧਾਨਤਾ ਦੇ ਸਹਿਤ ਉਹ ਜਗਿਆਸੂ ਰੂਪ ਸਖੀ, ਜਿਸ ਨੇ ਅਜੇ ਕੋਈ ਸਾਧਨ ਨਹੀਂ ਕੀਤਾ ਪਰ ਅੰਦਰ ਪਤੀ ਪਰਮੇਸ਼ਰ ਦੇ ਦਰਸ਼ਨਾਂ ਦੀ ਚਾਹਨਾਂ ਲੱਗ ਰਹੀ ਹੈ।

ਬੰਧਨ : ਤਿੰਨ ਪ੍ਰਕਾਰ ਦੇ ਹੁੰਦੇ ਹਨ

੧. ਅਸਥੂਲ ਸਰੀਰ ਜੋ ਮਾਤਾ-ਪਿਤਾ ਦੇ ਸੰਬੰਧ ਕਰਕੇ ਪੰਜਾਂ ਤੱਤਾਂ ਪੱਚੀ ਪ੍ਰਕਿਰਤੀਆਂ ਤੋਂ ਪੈਦਾ ਹੋਇਆ ਹੈ। ਮੋਹ ਕਰਕੇ ਇਹ ਵੀ ਬੰਧਨ ਰੂਪ ਹੈ।

੨. ਸੂਖਮ ਸਰੀਰ ਸਤਾਰਾਂ ਤੱਤਾਂ ਭਾਵ ਪੰਜ ਗਿਆਨ ਇੰਦ੍ਰੇ, ਪੰਜ ਕਰਮ ਇੰਦ੍ਰੇ, ਪੰਜ ਪ੍ਰਾਣ, ਮਨ ਤੇ ਬੁੱਧ, ਜਿਸ ਨੂੰ ਜੀਵ ਲੈ ਕੇ ਲੋਕ-ਪ੍ਰਲੋਕ ਵਿੱਚ ਆਉਂਦਾ ਜਾਂਦਾ, ਇਸ ਨੂੰ ਵੀ ਅਗਿਆਨ ਦਾ ਬੰਧਨ ਹੈ।

੩. ਕਾਰਨ ਸਰੀਰ ਜੋ ਅਵਿੱਦਿਆ ਕਰਕੇ ਬੰਧਨ ਰੂਪ ਹੋ ਰਿਹਾ ਹੈ। ਇਸ ਪ੍ਰਕਾਰ ਇਹ ਤਿੰਨ ਪ੍ਰਕਾਰ ਦੇ ਬੰਧਨ ਹਨ।

ਤਿੰਨ ਪ੍ਰਕਾਰ ਦੇ ਇੱਛਾ ਰੂਪ ਬੰਧਨ ਹਨ । ਜੈਸਾ ਕਿ:

ਸੁਤ ਬਿਤ ਲੋਕ ਈਖਣਾ ਤੀਨ।

੧. ਸੁਤ = ਪੁੱਤਰ ਵਾਸ਼ਨਾ ਕਿ ਮੇਰੇ ਔਲਾਦ ਹੋਵੇ।

੨. ਬਿਤ = ਧਨ ਦੀ ਪ੍ਰਾਪਤੀ ਦੀ ਇੱਛਾ।

੩. ਲੋਕ ਈਖਣਾ = ਇਹ ਈਖਣਾ=ਇੱਛਾ ਹੋਣੀ ਕਿ ਲੋਕ ਮੇਰਾ ਜਸ ਕਰਨ।

ਸੱਤਾ : ਤਿੰਨ ਪ੍ਰਕਾਰ ਦੀ ਹੈ

੧. ਵਿਵਹਾਰਕ ਸੱਤਾ = ਜਿਸ ਸੱਤਾ ਨਾਲ ਵਿਵਹਾਰ ਚੱਲਦੇ ਹਨ ਜਿਵੇਂ ਜਦੋਂ ਤਕ ਸ੍ਰਿਸ਼ਟੀ ਬਣੀ ਰਹਿੰਦੀ ਹੈ, ਤੱਤ ਬਣੇ ਰਹਿੰਦੇ ਹਨ, ਜਿਨ੍ਹਾਂ ਕਰਕੇ ਵਿਵਹਾਰ ਚੱਲਦੇ ਰਹਿੰਦੇ ਹਨ ਜਾਂ ਬ੍ਰਹਮਾ, ਵਿਸ਼ਨੂੰ, ਕਾਰਕ ਕੋਈ ਵਿੱਚ, ਪਰਮਾਤਮਾ ਦੇ ਹੁਕਮ ਵਿੱਚ ਇਹ ਕੰਮ ਤੋਰਦੇ ਰਹਿੰਦੇ ਹਨ। ਜਿੰਨਾ ਚਿਰ ਇਹ ਪਸਾਰਾ ਜੁੱਗਾਂ ਤਕ ਬਣਿਆ ਹੋਇਆ ਹੈ, ਇਸ ਦੇ ਵਿੱਚ ਅਕਾਸ਼, ਪਉਣ, ਪਾਣੀ, ਧਰਤੀ, ਅਗਨੀ ਆਦਿਕ ਜਿੰਨੇ ਜੀਵ ਜੰਤ ਹਨ ਇਹ ਦੀਰਘ ਕਾਲ ਤਕ ਪ੍ਰਤੀਤ ਹੁੰਦੇ ਹਨ। ਇਹ ਵਿਵਹਾਰਕ ਸੱਤਾ ਹੈ। ਅਵਿੱਦਿਆ ਦੇ ਪ੍ਰਕਾਸ਼ ਕਰਕੇ ਪ੍ਰਤੀਤ ਹੁੰਦੀ ਹੈ।

੨. ਪ੍ਰਮਾਰਥਕ ਸੱਤਾ = ਇਕ ਪਰਮੇਸ਼ਰ ਤੋਂ ਬਿਨਾਂ ਹੋਰ ਕੋਈ ਵਸਤੂ ਨਹੀਂ, ਸਰਬ ਰੂਪ ਆਪ ਹੀ ਹੈ, ਭਾਵ ਪਰਮੇਸ਼ਰ ਦੇ ਸਰੂਪ ਗਿਆਨ ਦਾ ਨਾਮ 'ਪ੍ਰਮਾਰਥਕ ਸੱਤਾ' ਹੈ, ਇਹ ਗਿਆਨ ਹੋ ਜਾਣਾ ਕਿ ਪਰਮੇਸ਼ਰ ਤੋਂ ਬਿਨਾਂ ਹੋਰ ਕੋਈ ਚੀਜ਼ ਨਹੀਂ ਹੈ। ਸਾਰੇ ਪਰਮੇਸ਼ਰ ਰੂਪ ਆਪ ਹੀ ਹੈ।

੩. ਪ੍ਰਤੀਭਾਸ਼ਕ ਸੱਤਾ = ਜੋ ਕੇਵਲ ਪ੍ਰਤੀਤੀ ਮਾਤਰ ਸੱਤਾ ਹੋਣਾ, ਜਿਸ ਵਿੱਚ ਕੋਈ ਵਿਵਹਾਰ ਸਿੱਧ ਨਾ ਹੋਵੇ। ਵਸਤੂ ਦੀ ਕੇਵਲ ਗਿਆਨ ਮਾਤਰ ਪ੍ਰਤੀਤ ਹੋਣੀ। ਜਿਵੇਂ ਸੁਪਨੇ ਦੇ ਪਦਾਰਥ, ਭੂਤ, ਅਗਨੀ, ਹਨੇਰੇ ਵਿੱਚ ਬ੍ਰਿਛ ਦੇ ਮੁੱਢ ਤੋਂ ਚੋਰ ਪ੍ਰਤੀਤ ਹੋਣਾ। ਝਾੜੀਆਂ 'ਚ ਭੂਤ ਪ੍ਰਤੀਤ ਹੋਣਾ, ਮਾਰੂਥਲਾਂ ਵਿੱਚ ਸੂਰਜੀ ਗਰਮੀ ਨਾਲ ਪਾਣੀ ਪ੍ਰਤੀਤ ਹੋਣਾ। ਉਹ ਮਾਰੂਥਲਾਂ ਦਾ ਗਿਆਨ ਹੋਣ ਨਾਲ ਨਵਿਰਤ ਹੋ ਜਾਂਦਾ ਹੈ ਅਤੇ ਜਦੋਂ ਤਕ ਸਤਿ ਸਰੂਪ (ਪਰਮ ਅਰਥ) ਦਾ ਗਿਆਨ ਨਾ ਹੋ ਜਾਵੇ, ਵਿਵਹਾਰਕ ਸੱਤਾ ਨਵਿਰਤ ਨਹੀਂ ਹੁੰਦੀ ਭਾਵ ਜਿਵੇਂ ਸਿੱਪ ਦੇ ਵਿੱਚ ਚਾਂਦੀ, ਰੱਸੀ ਵਿੱਚ ਸੱਪ, ਮਾਰੂਥਲਾਂ ਵਿੱਚ ਗਰਮੀ ਦੀ ਰੁੱਤ ਵਿੱਚ ਦੁਪਹਿਰ ਦੇ ਸਮੇਂ ਜਲ ਪ੍ਰਤੀਤ ਹੁੰਦਾ ਹੈ, ਜਿਸ ਨੂੰ ਮ੍ਰਿਗ ਤ੍ਰਿਸ਼ਨਾ ਦਾ ਜਲ ਕਿਹਾ ਜਾਂਦਾ ਹੈ, ਕਿਉਂਕਿ ਮ੍ਰਿਗ ਨੂੰ ਇਹ ਜਲ ਸੱਚਾ ਪ੍ਰਤੀਤ ਹੁੰਦਾ ਹੈ। ਪਰ ਜਦੋਂ ਕੋਲ ਜਾ ਕੇ ਵੇਖੀਏ ਤਾਂ ਉਹ ਚੀਜ਼ ਨਹੀਂ ਹੁੰਦੀ। ਅਸਲ ਵਸਤੂ ਦਾ ਪਤਾ ਲੱਗ ਜਾਂਦਾ ਹੈ, ਪ੍ਰਤੀਭਾਸ਼ਕ ਸੱਤਾ ਖ਼ਤਮ ਹੋ ਜਾਂਦੀ ਹੈ। ਇਸ ਪ੍ਰਕਾਰ ਦੇ ਭਰਮ ਕਰਕੇ ਜੋ ਸੰਸਾਰ ਪ੍ਰਤੀਤ ਹੋ ਰਿਹਾ ਹੈ, ਗਿਆਨ ਹੋਣ ਤੋਂ ਪ੍ਰਤੀਭਾਸ਼ਕ ਸੱਤਾ ਦਾ ਅਭਾਵ ਹੋ ਜਾਂਦਾ ਹੈ। ਜੋ ਵਿਵਹਾਰਕ ਸੱਤਾ ਹੈ, ਨਾ ਤਾਂ ਬਹੁਤ ਸਮੇਂ ਤਕ ਯੁੱਗ ਬਣੇ ਰਹਿਣਗੇ ਅਤੇ ਨਾ ਸੰਸਾਰ ਬਣਿਆ ਹੁੰਦਾ ਹੈ। ਜਿੰਨਾ ਚਿਰ ਪ੍ਰਮਾਰਥਕ ਸੱਤਾ ਪ੍ਰਗਟ ਨਹੀਂ ਹੁੰਦੀ, ਓਨਾ ਚਿਰ ਇਹ ਸਭ ਵਸਤੂਆਂ ਨਾਸ਼ਵੰਤ ਪ੍ਰਤੀਤ ਨਹੀਂ ਹੁੰਦੀਆਂ। ਜਦੋਂ ਪਰਮੇਸ਼ਰ ਦਾ ਸਰੂਪ ਪ੍ਰਗਟ ਹੋ ਜਾਵੇਗਾ, ਉਦੋਂ ਇਹ ਸਭ ਬਨਾਵਟਾਂ, ਆਕਾਰ ਖ਼ਤਮ ਹੋ ਜਾਂਦੇ ਹਨ।

ਰੋਗ

੧. **ਬਾਣੀ ਦੇ ਰੋਗ** = ਮੰਦਾ ਬੋਲਣਾ, ਨਿੰਦਿਆ ਕਰਨੀ।

੨. **ਤਨ ਦੇ ਰੋਗ** = ਅਨੇਕਾਂ ਪ੍ਰਕਾਰ ਦੀਆਂ ਸਰੀਰਕ ਬੀਮਾਰੀਆਂ ਦਾ ਨਾਮ ਸਰੀਰਕ ਰੋਗ ਹੈ।

੩. **ਮਨ ਦੇ ਰੋਗ** = ਆਪਣੇ ਔਗੁਣਾਂ ਨੂੰ ਲੁਕੋ ਕੇ ਰੱਖਣਾ, ਕਿਸੇ ਦਾ ਬੁਰਾ ਚਿਤਵਦੇ ਰਹਿਣਾ।

ਤਿੰਨ ਪ੍ਰਕਾਰ ਦੇ ਸੂਰਮੇ

੧. **ਰਥੀ** = ਜਿਹੜਾ ਸੌ (੧੦੦) ਜਾਂ ਹਜ਼ਾਰ (੧੦੦੦) ਪੁਰਖ ਨਾਲ ਜੰਗ ਕਰ ਕੇ ਜਿੱਤ ਪ੍ਰਾਪਤ ਕਰੇ, ਉਹ ਰਥੀ ਹੁੰਦਾ ਹੈ।

੨. **ਮਹਾਂਰਥੀ** = ਜਿਹੜਾ ਇਕੱਲਾ ਹੀ ੧੦ ਹਜ਼ਾਰ ਨਾਲ ਜੰਗ ਕਰ ਕੇ ਫ਼ਤਹਿ ਪਾਵੇ, ਉਹ ਮਹਾਂਰਥੀ ਹੁੰਦਾ ਹੈ।

੩. **ਅਤਿਰਥੀ** = ਜੋ ਇਕੱਲਾ ਹੀ ਅਣਗਿਣਤ ਪੁਰਖਾਂ ਨਾਲ ਜੰਗ ਕਰਕੇ ਜਿੱਤ ਪ੍ਰਾਪਤ ਕਰੇ, ਉਹ ਅਤਿਰਥੀ ਹੁੰਦਾ ਹੈ।

ਰਥੀ, ਮਹਾਂਰਥੀ, ਅਤਿਰਥੀ, ਇਨ੍ਹਾਂ ਨੂੰ ਜਪੁ ਜੀ ਸਾਹਿਬ ਅੰਦਰ ਯੋਧਾ, ਮਹਾਂਬਲੀ, ਸੂਰਮਾ ਕਰਕੇ ਕਥਨ ਕੀਤਾ ਹੈ। ਜੈਸਾ ਕਿ :

ਤਿਥੈ ਜੋਧ ਮਹਾਬਲ ਸੂਰ॥ (ਅੰਗ ੮)

ਅੰਤਰੀਵ ਸੂਰਮੇ

੧. **ਰਥੀ** = ਜਿਹੜਾ ਆਪਣੇ ਸਰੀਰ ਨੂੰ ਨਾਜਾਇਜ਼ ਵਿਸ਼ੇ-ਵਿਕਾਰਾਂ ਤੋਂ ਰੋਕ ਕੇ ਭਾਵ ਬਚਾਅ ਕੇ ਸਰੀਰ ਦੁਆਰਾ ਬੱਜਰ ਕੁਰਹਿਤ ਨਾ ਹੋਣ ਦੇਵੇ। ਅੰਤਰੀਵੀ ਭਾਵ 'ਚ ਉਸ ਨੂੰ ਯੋਧਾ ਭਾਵ ਰਥੀ ਕਹਿੰਦੇ ਹਨ।

੨. **ਮਹਾਂਰਥੀ** = ਜੋ ਦੇਹ ਦੇ ਦਸਾਂ ਇੰਦਰਿਆਂ ਦੇ ਵਿਸ਼ਿਆਂ ਨੂੰ ਰੋਕ ਕੇ ਰੱਖਦਾ ਹੈ, ਉਸ ਦੀ ਪਦਵੀ ਮਹਾਂਬਲੀ ਭਾਵ ਮਹਾਂਰਥੀ ਹੈ।

੩. **ਅਤਿਰਥੀ** = ਜੋ ਮਨ ਦੇ ਅਨੰਤ ਸੰਕਲਪਾਂ 'ਤੇ ਫ਼ਤਹਿ ਪਾ ਲਵੇ ਭਾਵ ਜਿੱਤ ਪ੍ਰਾਪਤ ਕਰ ਲਵੇ, ਉਹ ਸੂਰਮਾ ਹੈ ਭਾਵ ਅਤਿਰਥੀ ਦੀ ਨਿਆਈਂ ਹੈ।

ਸਰੋਤੇ

੧. **ਊਂਘੇ** = ਊਂਘਦੇ ਰਹਿਣਾ, ਸੁਸਤ ਰਹਿਣਾ, ਅੱਧੀ ਨੀਂਦ ਹੋਣੀ ਪਰ ਦਿਖਾਉਣਾ ਮਸਤ ਬਣ ਕੇ।

੨. **ਸੁੰਘੇ** = ਰਸ ਵਾਲੀ ਬੁੱਧੀ, ਕਥਾਕਾਰ ਦਾ ਵੇਖਣਾ ਕਿਹੋ ਜਿਹੀ ਅਵਾਜ਼, ਕਿੰਨੀਆਂ ਪੁਸਤਕਾਂ, ਸ਼ਾਸਤਰਾਂ ਦੇ ਪ੍ਰਮਾਣ ਦਿੰਦਾ ਹੈ, ਦ੍ਰਿਸ਼ਟਾਂਤ ਕਿੰਨੇ ਦਿੰਦਾ ਹੈ, ਪੜ੍ਹਿਆ ਹੈ ਕਿ ਨਹੀਂ, ਇਸ ਤਰ੍ਹਾਂ ਦੇ ਸਰੋਤੇ ਸੁੰਘਦੇ ਹੀ ਰਹਿੰਦੇ ਹਨ।

੩. **ਚੁੰਘੇ** = ਜਿਵੇਂ ਗਊ ਕੋਲ ਬੱਛਰੇ ਲਈ ਦੁੱਧ ਹੁੰਦਾ ਹੈ। ਵੇਦ ਸ਼ਾਸਤਰ ਗਊਆਂ ਦੀ ਨਿਆਈਂ ਹਨ। ਗੀਤਾ ਵਿੱਚ ਲਿਖਿਆ ਹੈ ਕਿ ਜ਼ੁਬਾਨ ਦਾ ਜਿਹੜਾ ਅਨੰਦ ਹੈ ਉਹ ਦੁੱਧ ਹੈ। ਜਗਿਆਸੂ ਵੱਛੇ

ਦੀ ਨਿਆਈਂ ਇਹ ਅਕਾਲ ਪੁਰਖ ਦੇ ਨਾਮ ਰਸ ਨੂੰ ਚੁੰਘ ਕੇ ਤ੍ਰਿਪਤ ਹੁੰਦੇ ਹਨ ਉਹ ਸਰੋਤੇ ਹਨ ਜੋ ਇਸ ਪ੍ਰਕਾਰ ਕਥਾ ਸੁਣਦੇ ਹਨ। ਉਨ੍ਹਾਂ ਦੀ ਕਥਾ ਦੁਆਰਾ ਮੈਲ ਖ਼ਤਮ ਹੁੰਦੀ ਹੈ।

ਵੈਰਾਗ ਤਿੰਨ ਪ੍ਰਕਾਰ ਦਾ

੧. **ਗਧਾ ਵੈਰਾਗ** = ਇਕ ਵਾਰ ਮਨ ਇਹੋ ਜਿਹਾ ਹੋਣਾ ਕਿ ਗ੍ਰਿਹਸਤ ਇਕ ਬੰਧਨ ਹੈ, ਨਾਸ਼ਵਾਨ ਹੈ, ਇਸ ਤੋਂ ਕੀ ਲੈਣਾ ਹੈ। ਇਹ ਸੋਚ ਕੇ ਘਰ-ਬਾਰ ਤਿਆਗ ਦੇਣਾ, ਪਰ ਛੇਤੀ ਹੀ ਵਿਕਾਰਾਂ ਦੇ ਗ੍ਰਸੇ ਹੋਏ ਨੇ ਖੁਆਰ ਹੋ ਕੇ ਮੁੜ ਆਉਣਾ ਤੇ ਫਿਰ ਵਿਕਾਰਾਂ ਵਿੱਚ ਖਚਿਤ ਹੋ ਜਾਣਾ। ਜਿਵੇਂ ਖੋਤਾ ਘੁਮਿਆਰ ਦੇ ਘਰੋਂ ਬਾਹਰ ਚਲੇ ਜਾਂਦਾ ਹੈ ਤੇ ਰੂੜੀਆਂ 'ਤੇ ਤੁਰ ਫਿਰ ਕੇ ਫੇਰ ਵਾਪਸ ਆਪਣੇ ਘਰ ਆ ਜਾਂਦਾ ਹੈ।

੨. **ਘੋੜਾ ਵੈਰਾਗ** = ਉਪਰਾਮ ਹੋ ਕੇ ਘਰ ਛੱਡ ਦੇਣਾ, ਪਰ ਜਦੋਂ ਭੈਣ-ਭਰਾ ਸੰਬੰਧੀ ਆ ਕੇ ਕਹਿਣ ਕਿ ਘਰ ਕਿਉਂ ਛੱਡਦਾ ਹੈਂ, ਘਰ ਬਹਿ ਕੇ ਭਜਨ ਕਰ, ਘਰ ਦਾ ਵੀ ਖ਼ਿਆਲ ਰੱਖ, ਇਉਂ ਉਨ੍ਹਾਂ ਦੇ ਕਹਿਣ 'ਤੇ ਵਾਪਸ ਮੁੜ ਆਉਣਾ। ਜਿਵੇਂ ਘੋੜਾ ਕਿੱਲੇ ਤੋਂ ਖੁੱਲ੍ਹ ਜਾਵੇ, ਫਿਰ ਉਸ ਨੂੰ ਘੇਰ ਕੇ ਉਥੇ ਹੀ ਘਰ ਵਿੱਚ ਲਿਆ ਕੇ ਬੰਨ੍ਹ ਲਈਦਾ ਹੈ। ਫਿਰ ਉਸ 'ਤੇ ਕਾਠੀ ਪਾ ਲਈਦੀ ਹੈ, ਇਸ ਪ੍ਰਕਾਰ ਘੋੜੇ ਦੀ ਤਰ੍ਹਾਂ ਉੱਦਮ ਕਰ ਕੇ ਸੰਬੰਧੀਆਂ ਲਈ ਪਰਿਵਾਰ ਵਿੱਚ ਖਚਿਤ ਹੋ ਜਾਣਾ।

੩. **ਸ਼ੇਰ ਵੈਰਾਗ** = ਜਿਵੇਂ ਸ਼ੇਰ ਇਕ ਵਾਰੀ ਪਿੰਜਰਾ ਤੋੜ ਕੇ ਨਿਕਲ ਜਾਵੇ, ਗਧਾ ਆਪੇ ਮੁੜ ਆਉਂਦਾ ਹੈ, ਘੋੜਾ ਜਾ ਕੇ ਲਿਆਉਣਾ ਪੈਂਦਾ ਹੈ, ਪਰ ਸ਼ੇਰ ਇਕ ਵਾਰੀ ਨਿਕਲ ਗਿਆ ਤਾਂ ਫਿਰ ਮੁੜਦਾ ਨਹੀਂ। ਇਸ ਪ੍ਰਕਾਰ ਇਕ ਵਾਰੀ ਘਰ ਛੱਡ ਕੇ ਨਿਕਲਣਾ, ਫੇਰ ਸੰਬੰਧੀਆਂ ਦਾ ਮੋਹ ਨਹੀਂ ਕਰਨਾ, ਅਥਵਾ ਇਕ ਵਾਰੀ ਦੇਹ ਅਭਿਮਾਨ ਰੂਪੀ ਪਿੰਜਰਾ ਤੋੜ ਕੇ ਇਸ ਦੇਹ ਦਾ ਮੋਹ ਨਾ ਕਰਨਾ। ਇਉਂ ਤਿੰਨ ਪ੍ਰਕਾਰ ਦਾ ਵੈਰਾਗ ਵਿਦਵਾਨਾਂ ਨੇ ਕਿਹਾ ਹੈ।

ਗੁਰਮਤਿ ਅਨੁਸਾਰ ਤਿੰਨ ਪਾਪ

੧. ਵਾਹਿਗੁਰੂ ਤੋਂ ਬੇਮੁਖਤਾ। ੨. ਸ਼ੁੱਭ ਉੱਦਮ ਦਾ ਤਿਆਗ।
੩. ਕਿਸੇ ਦਾ ਦਿਲ ਦਿਖਾਉਣਾ।
ਇਹ ਤਿੰਨ ਉਗ੍ਰ ਪਾਪ ਹਨ।

ਤਿੰਨ ਅਵਸਥਾਵਾਂ

੧. ਬਾਲ ਅਵਸਥਾ ੨. ਜਵਾਨ ਅਵਸਥਾ ੩. ਬਿਰਧ ਅਵਸਥਾ।

ਬਾਲ ਜੁਆਨੀ ਅਰੁ ਬਿਰਧ ਫੁਨਿ ਤੀਨਿ ਅਵਸਥਾ ਜਾਨਿ॥ (ਅੰਗ ੧੪੨੮)

ਇਸਤ੍ਰੀ ਜਾਤੀ ਦੇ ਤਿੰਨ ਭੇਦ

'ਬ੍ਰਹਮ ਵੈਵਰਤ' ਪੁਰਾਣ ਵਿੱਚ ਇਸਤ੍ਰੀ ਦੇ ਤਿੰਨ ਪ੍ਰਕਾਰ ਦੇ ਭੇਦ ਕਥਨ ਕੀਤੇ ਗਏ ਹਨ :

੧. **ਸਾਧਵੀ** = ਜੋ ਇਸਤ੍ਰੀ ਪਤੀ ਨੂੰ ਪਰਮਾਤਮਾ ਦਾ ਰੂਪ ਸਮਝ ਕੇ ਉਸ ਦੀ ਸੇਵਾ ਕਰਦੀ ਹੈ ਅਤੇ ਪਤੀਬ੍ਰਤਾ ਧਰਮ ਵਿੱਚ ਇਸਥਿਤ ਰਹਿੰਦੀ ਹੈ, ਕਦੇ ਮਨ ਕਰਕੇ ਡੋਲਦੀ ਨਹੀਂ, ਇਕ ਆਪਣੇ ਪਤੀ ਤੋਂ ਬਗ਼ੈਰ ਹੋਰ ਸਭਨਾਂ ਨੂੰ ਇਸਤ੍ਰੀ ਰੂਪ ਕਰਕੇ ਦੇਖਦੀ ਹੈ ਅਤੇ ਕੇਵਲ ਸੰਤਾਨ ਦੇ ਸੰਕਲਪ ਨਾਲ ਹੀ ਪਤੀ ਨਾਲ ਸੰਗ ਕਰਦੀ ਹੈ, ਉਹ ਸਾਧਵੀ ਇਸਤ੍ਰੀ ਹੈ।

੨. ਭੋਗਯਾ = ਜੋ ਇਸਤ੍ਰੀ ਪਦਾਰਥਾਂ ਅਤੇ ਸਿਰਫ਼ ਵਿਸ਼ੇ-ਵਾਸ਼ਨਾ ਕਰਕੇ ਪਤੀ ਨੂੰ ਸੇਵਨਾ ਕਰਦੀ ਹੈ, ਉਹ ਭੋਗਯਾ ਇਸਤ੍ਰੀ ਹੈ।

੩. ਕੁਲਟਾ = ਜੋ ਕਪਟ, ਛਲ-ਫ਼ਰੇਬ ਅਤੇ ਲੋਭ ਕਰਕੇ ਪਤੀ ਦੀ ਸੇਵਾ ਕਰਦੀ ਹੈ ਅਤੇ ਪਰਾਏ ਪੁਰਖਾਂ ਨਾਲ ਪ੍ਰੀਤੀ ਰੱਖਦੀ ਹੈ, ਉਹ ਕੁਲਟਾ ਇਸਤ੍ਰੀ ਹੈ।

ਤਿੰਨ ਪ੍ਰਕਾਰ ਦੇ ਸਰੀਰ

੧. ਸਥੂਲ ਸਰੀਰ = ਪੰਜ ਤੱਤਾਂ, ਪੱਚੀ ਪ੍ਰਕਿਰਤੀਆਂ ਦਾ ਬਣਿਆ ਹੋਇਆ ਸਥੂਲ ਸਰੀਰ ਹੈ।

੨. ਸੂਖਮ ਸਰੀਰ = ੧੭ ਤੱਤਾਂ ਦਾ ਭਾਵ ਪੰਜ ਗਿਆਨ ਇੰਦ੍ਰੇ, ਪੰਜ ਕਰਮ ਇੰਦ੍ਰੇ, ਪੰਜ ਪ੍ਰਾਣ, ਮਨ ਅਤੇ ਬੁੱਧ ਇਨ੍ਹਾਂ ਨੂੰ ਸੂਖਮ ਸਰੀਰ ਕਿਹਾ ਹੈ।

੩. ਕਾਰਣ ਸਰੀਰ = ਜੋ ਅਵਿੱਦਿਆ ਦੇ ਪੜਦੇ ਵਾਲਾ ਹੈ, ਉਹ ਕਾਰਣ ਸਰੀਰ ਹੈ।

ਹਦੀਸ ਦੇ ਤਿੰਨ ਦਰਜੇ

੧. ਹਦੀਸ ਕੌਲੀ = ਜੋ ਕੁਝ ਪੈਗ਼ੰਬਰ ਨੇ ਆਪਣੀ ਜ਼ੁਬਾਨ ਤੋਂ ਦੱਸਿਆ।

੨. ਹਦੀਸ ਫਿਅਲੀ = ਜੋ ਕੰਮ ਪੈਗ਼ੰਬਰ ਨੇ ਖ਼ੁਦ ਕੀਤਾ।

੩. ਹਦੀਸ ਤਕਰੀਰੀ = ਜੋ ਕਿਸੇ ਨੇ ਹਜ਼ਰਤ ਮੁਹੰਮਦ ਸਾਹਿਬ ਦੇ ਸਾਹਮਣੇ ਕੀਤਾ ਅਰ ਉਸ ਤੋਂ ਆਪ ਨੇ ਵਿਵਰਜਤ ਨਹੀਂ ਕੀਤਾ।

ਸੁਆਸਾਂ ਸੰਬੰਧੀ ਜੋਗੀਆਂ ਦੇ ਤਿੰਨ ਕਰਮ

੧. ਪੂਰਕ = ਸੁਆਸਾਂ ਨੂੰ ਚੜ੍ਹਾਉਣਾ

੨. ਕੁੰਭਕ = ਸੁਆਸਾਂ ਨੂੰ ਠਹਿਰਾਉਣਾ

੩. ਰੇਚਕ = ਸੁਆਸਾਂ ਨੂੰ ਉਤਾਰਨਾ

ਰੇਚਕ ਕੁੰਭਕ ਪੂਰਕ ਮਨ ਹਾਠੀ॥ (ਅੰਗ ੧੦੪੩)

ਤਿੰਨ ਕਰਮ ਸਿੱਖਾਂ ਦੇ

੧. ਨਾਮ ਜਪਣਾ **੨.** ਵੰਡ ਛਕਣਾ **੩.** ਕਿਰਤ ਕਰਨੀ

ਤਿੰਨ ਗੁਣ

੧. ਸਤੋ ਗੁਣ = ਸ਼ਾਂਤੀ, ਦਇਆ, ਦਾਨ, ਖਿਮਾ ਆਦਿ ਦਾ ਕਾਰਣ ਹੈ।

੨. ਰਜੋ ਗੁਣ = ਮੋਹ ਤੇ ਹੰਕਾਰ ਦਾ ਕਾਰਣ ਹੈ।

੩. ਤਮੋ ਗੁਣ = ਅਗਿਆਨ ਤੇ ਕ੍ਰੋਧ ਦਾ ਕਾਰਣ ਹੈ।

ਰਜ ਗੁਣ ਤਮ ਗੁਣ ਸਤ ਗੁਣ ਕਹੀਐ, ਇਹ ਤੇਰੀ ਸਭ ਮਾਇਆ॥ (ਅੰਗ ੧੧੨੩)

ਜ੍ਵਰ

ਵੈਦਿਕ ਗ੍ਰੰਥਾਂ ਅਨੁਸਾਰ ਪ੍ਰਾਣੀ ਦੇ ਸਰੀਰ ਵਿੱਚ ਤਿੰਨ ਚੀਜ਼ਾਂ ਮੌਜੂਦ ਹੁੰਦੀਆਂ ਹਨ। ਜਦੋਂ ਇਹ

ਸਮਾਨ ਰੂਪ ਵਿੱਚ ਹੋਣ ਤਾਂ ਇਨ੍ਹਾਂ ਤੋਂ ਕੋਈ ਦੁੱਖ ਪ੍ਰਾਪਤ ਨਹੀਂ ਹੁੰਦਾ, ਪਰ ਕਿਸੇ ਇਕ ਦੀ ਅਧਿਕਤਾ ਹੋ ਜਾਵੇ ਤਾਂ ਉਹ ਰੋਗ ਦੇ ਰੂਪ ਵਿੱਚ ਬਦਲ ਜਾਂਦੀ ਹੈ। ਇਹ ਤਿੰਨ ਜ੍ਵਰ ਇਸ ਤਰ੍ਹਾਂ ਹਨ :

੧. ਵਾਤ=ਬਾਇ, ਬਾਦੀ, ਵਾਯੂ **੨. ਪਿੱਤ**=ਗਰਮੀ, ਸਫ਼ਰਾ **੩. ਕਫ**=ਬਲਗਮ

ਤ੍ਰਿਕੁਟਾ

੧. ਮਘਾਂ **੨.** ਕਾਲੀਆਂ ਮਿਰਚਾਂ **੩.** ਸੁੰਢ

ਤ੍ਰਿਫਲਾ

੧. ਆਂਵਲਾ **੨.** ਹਰੜ **੩.** ਬਹੇੜਾ

ਤ੍ਰਿਪੁਟੀ

੧. ਕਰਤਾ = ਜੋ ਅਸਥੂਲ ਸਰੀਰ ਵਿੱਚ ਹੰਕਾਰ ਵਾਲੀ ਬਿਰਤੀ ਭਾਵ ਮੈਂ ਕਰਾਂਗਾ, ਮੈਂ ਕਰਕੇ ਦਿਖਾਵਾਂਗਾ, ਏਹੋ ਜਿਹਾ ਹੰਕਾਰ ਜੋ ਕਰਦਾ ਹੈ, ਵੇਦਾਂਤ ਮੱਤ ਅਨੁਸਾਰ ਉਸ ਨੂੰ ਕਰਤਾ ਕਿਹਾ ਜਾਂਦਾ ਹੈ।

੨. ਕਿਰਿਆ = ਇੰਦ੍ਰਿਆਂ ਦੁਆਰਾ ਅੰਤਸ਼ਕਰਣ ਦੀ ਬਿਰਤੀ ਨਿਕਲ ਕੇ ਵਿਸ਼ੇ ਤਕ ਜਾਂਦੀ ਹੈ ਭਾਵ ਪਦਾਰਥ ਤਕ ਜਾਂਦੀ ਹੈ, ਜਿਵੇਂ ਅੰਤਸ਼ਕਰਣ ਦੀ ਬਿਰਤੀ ਨੇਤ੍ਰਾਂ ਦੁਆਰਾ ਨਿਕਲ ਕੇ ਰੂਪ ਤਕ ਜਾਂਦੀ ਹੈ, ਰੂਪ ਨੇਤ੍ਰਾਂ ਦਾ ਵਿਸ਼ਾ ਹੈ। ਇਸ ਬਿਰਤੀ ਨੂੰ ਵੇਦਾਂਤ ਮੱਤ ਵਿੱਚ ਕਿਰਿਆ ਕਹਿੰਦੇ ਹਨ।

੩. ਕਰਮ = ਸ਼ਬਦ, ਸਪਰਸ਼, ਰੂਪ, ਰਸ, ਗੰਧ ਜੋ ਪੰਜੇ ਵਿਸ਼ੇ ਹਨ, ਇਨ੍ਹਾਂ ਸਾਰਿਆਂ ਦੇ ਨਾਲ ਜਦੋਂ ਬਿਰਤੀ ਜੁੜਦੀ ਹੈ ਜਾਂ ਲੱਗ ਕੇ ਅੱਗੇ ਕਰਤਬ ਕੀਤਾ ਜਾਵੇ, ਉਸ ਕੋਲ ਬਹੁਤ ਧਨ ਹੈ, ਚੰਗੇ ਕਰਮਾਂ ਵਾਲਾ ਹੈ, ਆਦਿ ਸ਼ਬਦ ਵਰਤੇ ਜਾਂਦੇ ਹਨ ਇਸ ਨੂੰ ਕਰਮ ਕਹਿੰਦੇ ਹਨ।

ਤ੍ਰਿਬੇਣੀ

੧. ਗੰਗਾ = ਭਾਰਤ ਦੀ ਪ੍ਰਸਿੱਧ ਨਦੀ ਜੋ ਹਿੰਦੂ ਮੱਤ ਵਿੱਚ ਅਤਿ ਪਵਿੱਤਰ ਮੰਨੀ ਗਈ ਹੈ ਜੋ ਇਹ ਗੋਮੁਖ ਚਸ਼ਮੇ ਤੋਂ ਨਿਕਲਦੀ ਹੈ, ਜੋ ਹਰਿਦੁਆਰ ਤੋਂ ੧੮੦ ਮੀਲ ਉੱਪਰ ਹੈ ਅਤੇ ਜਿਸ ਦੀ ਬੁਲੰਦੀ ੧੩੮੦੦.ਫੁੱਟ ਹੈ। ਰਸਤੇ ਵਿੱਚ ਅਨੇਕ ਜਲਧਾਰਾ ਨੂੰ ਆਪਣੇ ਨਾਲ ਮਿਲਾਉਂਦੀ ਹੋਈ, ਹਰਿਦੁਆਰ ਦੇ ਮੁਕਾਮ 'ਤੇ ਭਾਰੀ ਨਦੀ ਬਣ ਜਾਂਦੀ ਹੈ। ਅਨੇਕ ਅਸਥਾਨਾਂ ਵਿੱਚ ਦੀ ੧੫੫੦ ਮੀਲ ਵਹਿੰਦੀ ਹੋਈ ਗੰਗਾ ਸਾਗਰ ਦੇ ਸੰਗਮ ਪੁਰ ਸਮੁੰਦਰ ਨਾਲ ਜਾ ਮਿਲਦੀ ਹੈ।

੨. ਜਮਨਾ = ਭਾਰਤ ਦੀ ਇਕ ਪ੍ਰਸਿੱਧ ਨਦੀ ਜਿਸ ਦੀ ਗਿਣਤੀ ਤ੍ਰਿਬੇਣੀ ਵਿੱਚ ਹੈ। ਪੁਰਾਣਾਂ ਨੇ ਇਸ ਨੂੰ ਸੂਰਜ ਦੀ ਪੁੱਤਰੀ ਮੰਨਿਆ ਹੈ। ਇਹ ਟੇਹਰੀ ਦੇ ਇਲਾਕੇ ਹਿਮਾਲਯ ਤੋਂ ੧੦੮੫੦.ਫੁੱਟ ਦੀ ਬੁਲੰਦੀ ਤੋਂ ਨਿਕਲ ਕੇ ੮੬੦ ਮੀਲ ਵਹਿੰਦੀ ਹੋਈ ਪ੍ਰਯਾਗਰਾਜ ਨਾਲ ਜਾ ਮਿਲਦੀ ਹੈ।

੩. ਸੁਰਸਤੀ = ਵੇਦਾਂ ਵਿੱਚ ਸੁਰਸਤੀ ਇਕ ਨਦੀ ਦਾ ਨਾਮ ਹੈ ਜੋ ਬ੍ਰਹਮਾਵਰਤ ਦੀ ਹੱਦ ਸੀ। ਜਿਸ ਵਿੱਚ ਆਰਯ ਲੋਕ ਪਹਿਲਾਂ ਵੱਸਦੇ ਸਨ ਅਤੇ ਇਸ ਨੂੰ ਇਸੇ ਤਰ੍ਹਾਂ ਪਵਿੱਤਰ ਜਾਣਦੇ ਸਨ। ਜਿਸ ਤਰ੍ਹਾਂ ਹੁਣ ਉਨ੍ਹਾਂ ਦੀ ਵੰਸ਼ ਗੰਗਾ ਨਦੀ ਨੂੰ ਜਾਣਦੇ ਹਨ। ਹੁਣ ਇਹ ਸਿਰਮੌਰ ਦੇ ਇਲਾਕੇ ਤੋਂ ਨਿਕਲ ਕੇ ਕਈ ਥਾਈਂ ਰੇਤੇ ਵਿੱਚ ਅਲੋਪ/ਪ੍ਰਗਟ ਹੁੰਦੀ ਹੁੰਦੀ ਪਟਿਆਲੇ ਦੇ ਇਲਾਕੇ ਅੰਦਰ ਵਿੱਚ ਜਾ ਮਿਲਦੀ ਹੈ।

ਤਿੰਨ ਨਾੜੀਆਂ

੧. ਇੜਾ = ਚੰਦਰਮਾ ਦੀ ਖੱਬੀ ਸੁਰ।

੨. ਪਿੰਗਲਾ = ਸੂਰਜ ਦੀ ਸੱਜੀ ਸੁਰ।

੩. ਸੁਖਮਨਾ = ਜੋਗੀਆਂ ਦੀ ਕਲਪੀ ਹੋਈ ਇਕ ਨਾੜੀ, ਜੋ ਨੱਕ ਦੇ ਮੂਲ ਤੋਂ ਲੈ ਕੇ ਕੰਗਰੋੜ ਦੇ ਨਾਲ ਹੁੰਦੀ ਹੋਈ ਦਿਮਾਗ ਤਕ ਪਹੁੰਚਦੀ ਹੈ। ਇਸ ਦੇ ਖੱਬੇ ਪਾਸੇ ਇੜਾ ਸੱਜੇ ਪਾਸੇ ਪਿੰਗਲਾ ਹੈ।

ਤਿੰਨ ਮੁੱਖ ਦੇਵਤੇ

੧. ਵਿਸ਼ਨੂੰ = ਇਹ ਸਤੋ ਗੁਣੀ ਦੇਵਤਾ ਹੈ।

੨. ਬ੍ਰਹਮਾ = ਇਹ ਰਜੋ ਗੁਣੀ ਦੇਵਤਾ ਹੈ।

੩. ਸ਼ਿਵਜੀ = ਇਹ ਤਮੋ ਗੁਣੀ ਦੇਵਤਾ ਹੈ।

ਤਿੰਨ ਲੋਕ

੧. ਸਵਰਗ ਲੋਕ **੨.** ਮਾਤ ਲੋਕ **੩.** ਪਤਾਲ ਲੋਕ

✧✧✧

੪.

ਵੇਦ

੧. ਰਿਗ ਵੇਦ। **੨.** ਸਾਮ ਦੇਵ। **੩.** ਜੁਜਰ ਵੇਦ। **੪.** ਅਥਰਬਣ ਵੇਦ।

ਮਨਮੁਖ ਪੁਰਖ ਦੇ ਲੱਛਣ

੧. ਕਰੂਰਤਾ = ਦੁਖੀ ਨੂੰ ਵੇਖ ਕੇ ਖ਼ੁਸ਼ ਹੋਣਾ।

੨. ਦ੍ਵੈਸ਼ ਕਰਨਾ = ਸੁਖੀ ਨੂੰ ਦੇਖ ਕੇ ਈਰਖਾ ਕਰਨੀ।

੩. ਵੈਰ ਭਾਵ = ਦੂਜੇ ਦੀ ਪ੍ਰਭੁਤਾ ਨੂੰ ਦੇਖ ਕੇ ਦੁਖੀ ਹੋਣਾ, ਸੜਨਾ, ਸੋਚਣਾ ਕਿ ਇਸ ਦੀ ਪ੍ਰਭੁਤਾ ਨਾਸ਼ ਹੋ ਜਾਵੇ।

੪. ਅਯੋਗ ਹੱਠ = ਆਪਣੀ ਗੱਲ ਮਨਾਉਣ ਲਈ ਅਯੋਗ ਹੱਠ ਕਰਨਾ।

ਮੁਕਤੀ

ਚਾਰ ਪ੍ਰਕਾਰ ਦੀ ਮੁਕਤੀ ਬੁੱਧੀਮਾਨ ਪੁਰਸ਼ਾਂ ਨੇ ਇਸ ਪ੍ਰਕਾਰ ਕਥਨ ਕੀਤੀ ਹੈ :

੧. ਸਾਲੋਕਯ = ਆਪਣੇ ਇਸ਼ਟ ਦੇ ਲੋਕ ਵਿੱਚ ਨਿਵਾਸ ਕਰਨਾ।

੨. ਸਮੀਪਯ = ਆਪਣੇ ਇਸ਼ਟ ਦੇ ਨਿਕਟਵਰਤੀ ਹੋਣਾ।

੩. ਸਰੂਪ = ਇਸ਼ਟ ਦੇ ਤੁੱਲ ਸ਼ਕਲ ਦਾ ਹੋਣਾ।

੪. ਸਾਯੁਜਯ = ਇਸ਼ਟ ਨਾਲ ਅਭੇਦ ਹੋਣਾ।

ਉਮਰ : ਚਾਰ ਜੁੱਗਾਂ ਦੀ

੧. ਸਤਿਜੁਗ ਦੀ ਉਮਰ = ੧੭,੨੮,੦੦੦ ਸਾਲ

੨. ਤ੍ਰੇਤੇ ਦੀ ਉਮਰ = ੧੨,੯੬,੦੦੦ ਸਾਲ

੩. ਦੁਆਪੁਰ ਦੀ ਉਮਰ = ੮,੬੪,੦੦੦ ਸਾਲ

੪. ਕਲਿਜੁਗ ਦੀ ਉਮਰ = ੪,੩੨,੦੦੦ ਸਾਲ

ਪੰਡਿਤ ਸੁੱਖਾ ਸਿੰਘ ਜੀ ਨੇ ਚਾਰ ਜੁੱਗਾਂ ਦੀ ਉਮਰ ਦਾ ਵੇਰਵਾ ਇਸ ਪ੍ਰਕਾਰ ਦਿੱਤਾ ਹੈ :

ਸਵੈਯਾ : ਸਤ੍ਰਹਿ ਲਾਖ ਹਜਾਰ ਅਠਾਈਸ, ਹੈ ਯੁਗ ਸਤ ਚਹੂੰ ਪਗ ਜਾਨੋ॥
ਬਾਰਹਿ ਲਾਖ ਹਜਾਰ ਛਿਆਨਵੇਂ, ਤੇਤਾ ਤਹੀ ਪਗ ਤੀਨ ਬਖਾਨੋ॥
ਆਠ ਹੀ ਲਾਖ ਹਜਾਰ ਜੋ ਚਹੁੰਸਠ, ਦੁਆਪਰ ਦੁਐ ਪਗ ਧਰਮ ਕੇ ਮਾਨੋ॥
ਚਾਰ ਸੌ, ਲਾਖ ਬੱਤੀਸ ਹਜਾਰ ਕੋ, ਹੈ ਕਲ ਏਕ ਪਗੈ ਠਹਿਰਾਨੋ॥

(ਅਧਿਆਤਮ ਪ੍ਰਕਾਸ਼ ਗ੍ਰੰਥ)

ਧਰਮ ਦੀਆਂ ਚਾਰ ਰਾਜਧਾਨੀਆਂ

ਭਾਰਤ ਦੇ ਧਰਮ ਸ਼ਾਸਤਰਾਂ ਅਨੁਸਾਰ ਧਰਮ ਦੀਆਂ ਚਾਰ ਰਾਜਧਾਨੀਆਂ ਹਨ :

੧. ਰਾਜਾ, ੨. ਤੀਰਥ, ੩. ਬ੍ਰਾਹਮਣ ਜਾਂ ਵਿਦਵਾਨ, ੪. ਸੰਤ ਮਹਾਤਮਾ ਹਨ। ਜਦੋਂ ਤਕ ਧਰਮ ਰੂਪੀ ਰਾਜਾ ਆਪਣੀ ਸ਼ੁਭ ਗੁਣਾਂ ਰੂਪੀ ਫ਼ੌਜ ਨਾਲ ਧਰਮੀ ਰਈਅਤ ਦੀ ਰਾਖੀ ਕਰਦਾ ਹੈ, ਲੋਕਾਂ ਦੀ ਬੁੱਧੀ ਰੂਪੀ ਧਰਤੀ ਉਤੇ ਰਾਜ ਕਰਦਾ ਹੈ, ਉਦੋਂ ਤਕ ਲੋਕ ਸੁਖੀ ਰਹਿੰਦੇ ਹਨ। ਧਰਮ ਦੀਆਂ ਚਾਰੋਂ ਰਾਜਧਾਨੀਆਂ ਮਜ਼ਬੂਤ ਰਹਿੰਦੀਆਂ ਹਨ। ਪਰੰਤੂ ਭਿਆਨਕ ਸਮਾਂ ਆਉਣ 'ਤੇ ਧਰਮ ਰੂਪੀ ਰਾਜਾ ਆਪਣੀਆਂ ਰਾਜਧਾਨੀਆਂ ਤਿਆਗ ਕਰ ਦਿੰਦਾ ਹੈ, ਜੈਸਾ ਕਿ :

ਚਲੀ ਪਾਪ ਕੀ ਜਗਤ ਕਹਾਨੀ॥ ਭਾਜਾ ਧਰਮ ਛਾਡ ਰਾਜਧਾਨੀ॥
ਭਿੰਨ ਭਿੰਨ ਘਰ ਘਰ ਮਤ ਚਲਾ॥ ਯਾਤੇ ਧਰਮ ਭਰਮ ਉਡ ਟਲਾ॥

(ਸ੍ਰੀ ਦਸਮ ਗ੍ਰੰਥ,ਅੰਗ ੪੭੨)

ਧਰਮ ਦੀਆਂ ਚਾਰ ਰਾਜਧਾਨੀਆਂ ਦੀ ਵਿਚਾਰ ਇਸ ਪ੍ਰਕਾਰ ਹੈ :

੧. ਰਾਜਾ :

ਧਰਮ ਸ਼ਾਸਤਰਾਂ ਅਨੁਸਾਰ ਧਰਮ ਦੀ ਪਹਿਲੀ ਰਾਜਧਾਨੀ ਰਾਜੇ ਨੂੰ ਮੰਨਿਆ ਗਿਆ ਹੈ ''ਜਥਾ ਰਾਜਾ ਤਥਾ ਪਰਜਾ'' ਅਨੁਸਾਰ ਜਿਹੋ ਜਿਹਾ ਰਾਜਾ ਹੁੰਦਾ ਹੈ, ਉਹੋ ਜਿਹੀ ਹੀ ਪਰਜਾ ਬਣ ਜਾਂਦੀ ਹੈ। ਜੇ ਰਾਜਾ ਧਰਮੀ ਹੋਵੇਗਾ, ਤਾਂ ਪਰਜਾ ਵਿੱਚ ਧਰਮ ਫੈਲੇਗਾ, ਪਰੰਤੂ ਅਧਰਮੀ ਰਾਜੇ ਦੇ ਰਾਜ ਵਿੱਚ ਅਧਰਮ ਹੀ ਵਧੇਗਾ, ਜਿਵੇਂ ਅਸ਼ੋਕ ਸਮਰਾਟ ਆਪ ਬੁੱਧ ਧਰਮ ਦਾ ਧਾਰਨੀ ਹੋ ਕੇ ਧਰਮ ਕਮਾਉਣ ਲੱਗਾ ਤਾਂ ਇਤਿਹਾਸ ਗਵਾਹ ਹੈ ਕਿ ਉਸ ਸਮੇਂ ਭਾਰਤ ਵਿੱਚ ਸਭ ਤੋਂ ਵੱਧ ਬੁੱਧ ਧਰਮ ਫੈਲਿਆ। ੬੪੦੦੦ ਬੋਧੀ ਭਿਖੂਸ਼ਆਂ ਦਾ.ਖਰਚਾ, ਬੁੱਧ ਧਰਮ ਦਾ ਪ੍ਰਚਾਰ ਕਰਨ ਲਈ ਅਸ਼ੋਕ ਦੇ ਖ਼ਜ਼ਾਨੇ ਵਿੱਚੋਂ ਦਿੱਤਾ ਜਾਂਦਾ ਸੀ। ਪਰੰਤੂ ਅਧਰਮੀ ਕਲਜੁਗੀ ਰਾਜਿਆਂ ਦੇ ਬਾਬਤ ਸਤਿਗੁਰੂ ਜੀ ਗੁਰਬਾਣੀ ਵਿੱਚ ਇਸ ਪ੍ਰਕਾਰ ਕਥਨ ਕਰਦੇ ਹਨ, ਜੈਸਾ ਕਿ :

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥ **(ਅੰਗ ੧੪੫)**

ਰਾਜੇ ਸੀਹ ਮੁਕਦਮ ਕੁਤੇ ॥ ਜਾਇ ਜਗਾਇਨਿ੍ ਬੈਠੇ ਸੁਤੇ॥
ਚਾਕਰ ਨਹਦਾ ਪਾਇਨਿ੍ ਘਾਉ ॥ ਰਤੁ ਪਿਤੁ ਕੁਤਿਹੋ ਚਟਿ ਜਾਹੁ॥

(ਅੰਗ ੧੨੮੮)

ਰਾਜੇ ਪਾਪੁ ਕਮਾਂਵਦੇ ਉਲਟੀ ਵਾੜ ਖੇਤ ਕਉ ਖਾਈ।

(ਭਾਈ ਗੁਰਦਾਸ ਜੀ, ਵਾਰ ੧, ਪਉੜੀ ੩੦)

ਅਜਿਹੇ ਰਾਜੇ ਧਰਮ ਦਾ ਕੀ ਪ੍ਰਚਾਰ ਕਰਨਗੇ, ਅਧਰਮੀ ਰਾਜਾ ਤਾਂ ਅਧਰਮ ਹੀ ਵਧਾਏਗਾ, ਪਰੰਤੂ ਜੇਕਰ ਰਾਜਾ ਧਰਮੀ ਹੋਵੇਗਾ, ਤਾਂ ਧਰਮ ਪਰਜਾ ਵਿੱਚ ਆਪਣੇ ਆਪ ਹੀ ਫੈਲੇਗਾ। ਜੈਸਾ ਕਿ :

ਦੋਹਰਾ॥ ਪ੍ਰਥਮ ਠਿਕਾਨਾ ਧਰਮ ਕਾ, ਭੂਪ ਕਹਿਤ ਵਿਦਵਾਨ॥
ਧਰਮ ਕਰੋ ਤਉ ਧਰਮ ਬਢੇ, ਅਧਰਮ ਅਧ੍ਰਮਿ ਬਢਾਨ॥

(ਅੰਬਾਲਵੀ ਦੋਹਾਵਲੀ)

ਅਰਥਾਤ : ਵਿਦਵਾਨ ਲੋਕਾਂ ਨੇ ਧਰਮ ਦਾ ਪਹਿਲਾ ਟਿਕਾਣਾ ਭਾਵ ਰਾਜਧਾਨੀ ਰਾਜੇ ਨੂੰ ਕਿਹਾ ਹੈ।

੨. ਤੀਰਥ :

ਧਰਮ ਦੀ ਦੂਸਰੀ ਰਾਜਧਾਨੀ ਤੀਰਥ ਹੁੰਦੇ ਹਨ। ਲੋਕੀਂ ਤੀਰਥਾਂ ਉੱਪਰ ਜਾ ਕੇ ਧਰਮ ਦੀ ਸਿੱਖਿਆ ਗ੍ਰਹਿਣ ਕਰਦੇ ਹਨ, ਜਿਸ ਨਾਲ ਧਰਮ ਦੇ ਸੰਸਕਾਰਾਂ ਦੀ ਪ੍ਰਪੱਕਤਾ ਅਤੇ ਸ਼ਰਧਾ ਵੱਧਦੀ ਹੈ, ਜਿਸ ਨਾਲ ਦੁਨੀਆਂ ਵਿੱਚ ਧਰਮ ਪ੍ਰਫੁੱਲਿਤ ਹੁੰਦਾ ਹੈ। ਇਸ ਕਾਰਨ ਇਨ੍ਹਾਂ ਤੀਰਥਾਂ ਨੂੰ ਧਰਮ ਦੀ ਰਾਜਧਾਨੀ ਕਿਹਾ ਗਿਆ ਹੈ। ਪਰੰਤੂ ਜਦੋਂ ਤੀਰਥਾਂ ਉੱਪਰ ਵੀ ਪਾਪ ਹੋਣ ਲੱਗ ਪੈਣ ਅਤੇ ਅਧਰਮ ਦੀ ਬ੍ਰਿਧੀ ਹੋਣੀ ਸ਼ੁਰੂ ਹੋ ਜਾਵੇ ਤਾਂ ਆਮ ਲੋਕਾਂ ਵਿੱਚ ਫਿਰ ਧਰਮ ਕਿਵੇਂ ਸਥਿਤ ਰਹੇਗਾ? ਜਿਵੇਂ ਲੋਕਾਂ ਨੂੰ ਅੱਜ ਕੱਲ ਗੰਗਾ ਵਰਗੇ ਪਵਿੱਤ੍ਰ ਦਰਿਆ ਵਿੱਚ ਗਊ ਮੁੱਖ ਤੋਂ ਲੈ ਕੇ ਗੰਗਾ ਸਾਗਰ ਤੀਕ ਅਨੇਕਾਂ ਸ਼ਹਿਰਾਂ ਦੀ ਗੰਦਗੀ ਮਿਲਦੀ ਹੈ, ਬੀੜੀਆਂ, ਸਿਗਰਟਾਂ ਦੇ ਟੁਕੜੇ ਤੀਰਥਾਂ ਦੇ ਪਵਿੱਤਰ ਪਾਣੀਆਂ ਵਿੱਚ ਆਮ ਵੇਖੇ ਜਾ ਸਕਦੇ ਹਨ। ਜਿੱਥੇ ਤੀਰਥਾਂ ਉੱਪਰ ਧਰਮ ਕਮਾਉਣਾ ਸੀ, ਉਥੇ ਤੀਰਥਾਂ ਦੇ ਸੀਤਲ ਜਲ ਵਿੱਚ ਸ਼ਰਾਬ ਦੀਆਂ ਬੋਤਲਾਂ ਠੰਢੀਆਂ ਕਰਦੇ ਵੇਖੇ ਜਾ ਸਕਦੇ ਹਨ। ਤੀਰਥਾਂ ਉਤੇ ਧਰਮ ਕਮਾਉਣ ਵਾਲੇ ਲੋਕੀਂ ਘੱਟ, ਪਰੰਤੂ ਮੌਜ-ਮਸਤੀ ਕਰਨ ਵਾਲੇ ਜ਼ਿਆਦਾ ਜਾਂਦੇ ਹਨ। ਜਦੋਂ ਤੀਰਥ ਉੱਪਰ ਧਰਮ ਹੀ ਡਾਵਾਂ-ਡੋਲ ਨਜ਼ਰ ਆਉਂਦਾ ਹੈ ਤਾਂ ਆਮ ਸੰਸਾਰ ਦੀ ਕੀ ਹਾਲਤ ਹੋਵੇਗੀ। ਐਸੀ ਦਸ਼ਾ ਵੇਖ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਫ਼ੁਰਮਾਨ ਕੀਤਾ ਹੈ, ਜੈਸਾ ਕਿ :

ਥਾਨਸਟ ਜਗ ਭਰਿਸਟ ਹੋਏ ਡੂਬਤਾ ਇਵ ਜਗੁ॥ (ਅੰਗ ੬੬੨)

ਸ੍ਰੀ ਗੁਰੂ ਨਾਨਕ ਦੇਵ ਜੀ ਫ਼ੁਰਮਾਉਂਦੇ ਹਨ ਕਿ ਤੀਰਥਾਂ ਉੱਪਰ ਜਾਣ ਵਾਲੇ ਹੰਕਾਰ ਵਿੱਚ 'ਮੈਂ-ਮੈਂ' ਕਰਦੇ ਹਨ ਅਤੇ ਉਥੇ ਰਹਿਣ ਵਾਲੇ ਪੰਡਿਤ ਜ਼ਿਆਦਾਤਰ ਮਾਇਆ-ਮੋਹ ਵਿੱਚ ਫਸੇ ਹੋਏ ਹਨ। ਜੈਸਾ ਕਿ :

ਤੀਰਥਿ ਜਾਉ ਤ ਹਉ ਹਉ ਕਰਤੇ॥ ਪੰਡਿਤ ਪੂਛਉ ਤ ਮਾਇਆ ਰਾਤੇ॥

(ਅੰਗ ੩੮੫)

ਸਤਿਗੁਰੂ ਜੀ ਇਉਂ ਵੀ ਕਥਨ ਕਰਦੇ ਹਨ ਕਿ ਲੋਕ ਚੱਲੇ ਤਾਂ ਤੀਰਥ ਉੱਪਰ ਨਹਾਉਣ ਲਈ ਹਨ, ਪਰੰਤੂ ਉਹ ਮਨਾਂ ਦੇ ਖੋਟੇ ਤੇ ਤਨ ਦੇ ਚੋਰ ਹਨ। ਜੈਸਾ ਕਿ :

ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ॥
ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ॥ (ਅੰਗ ੭੮੯)

ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਫ਼ੁਰਮਾਉਂਦੇ ਹਨ ਕਿ ਮਨ ਵਿੱਚ ਤਾਂ ਹੰਕਾਰ ਦੀ ਗੱਲ ਭਰੀ ਪਈ ਹੈ, ਤਾਂ ਤੀਰਥਾਂ ਦਾ ਇਸ਼ਨਾਨ ਕੀ ਕਰੇਗਾ। ਜੈਸਾ ਕਿ :

ਤੀਰਥ ਨਾਤਾ ਕਿਆ ਕਰੇ ਮਨ ਮਹਿ ਮੈਲੁ ਗੁਮਾਨੁ॥ (ਅੰਗ ੬੧)

ਗੁਰੂ ਜੀ ਇਉਂ ਫ਼ੁਰਮਾਉਂਦੇ ਹਨ ਕਿ ਹੇ ਭਾਈ ! ਤੀਰਥਾਂ ਉਤੇ ਨਹਾਉਣ ਨਾਲ ਮਨ ਦੀ ਪਵਿੱਤ੍ਰਤਾ ਨਹੀਂ ਹੁੰਦੀ, ਬਲਕਿ ਮਨ ਨੂੰ ਹਉਮੈ ਦੀ ਮੈਲ ਲੱਗ ਜਾਂਦੀ ਹੈ। ਜੈਸਾ ਕਿ :

ਤੀਰਥਿ ਨਾਇ ਕਹਾ ਸੁਚਿ ਸੈਲੁ॥ ਮਨ ਕਉ ਵਿਆਪੈ ਹਉਮੈ ਮੈਲੁ॥

(ਅੰਗ ੧੧੪੮)

ਇਨ੍ਹਾਂ ਉਪਰੋਕਤ ਪ੍ਰਮਾਣਾਂ ਦੇ ਆਧਾਰ 'ਤੇ ਅਸੀਂ ਕਹਿ ਸਕਦੇ ਹਾਂ ਕਿ ਜਿਨ੍ਹਾਂ ਤੀਰਥਾਂ ਉਤੇ ਧਰਮ ਫੈਲਣਾ ਸੀ, ਅੱਜ ਉਥੇ ਵੀ ਧਰਮ ਆਪਣਾ ਵਜੂਦ ਗਵਾਉਂਦਾ ਜਾ ਰਿਹਾ ਹੈ। ਧਰਮ ਦੀ ਦੂਜੀ ਰਾਜਧਾਨੀ ਤੀਰਥ ਵੀ ਡਾਵਾਂ-ਡੋਲ ਨਜ਼ਰ ਆਉਂਦੀ ਹੈ। ਜੈਸਾ ਕਿ :

ਦੋਹਰਾ॥ ਦੁਇ ਰਾਜਧਾਨੀ ਧਰਮ ਕੀ ਤੀਰਥ ਧਰਮ ਸਥਾਨ॥
ਪਾਪ ਅਸਚਤਾ ਤਹਿ ਬਢੈ ਧਰਮ ਕਰੇ ਪ੍ਰਸਥਾਨ॥

(ਅੰਬਾਲਵੀ ਦੋਹਾਵਲੀ)

੩. ਬ੍ਰਾਹਮਣ :

ਧਰਮ ਦੀ ਤੀਸਰੀ ਰਾਜਧਾਨੀ ਬ੍ਰਾਹਮਣ ਨੂੰ ਮੰਨਿਆ ਗਿਆ ਹੈ। ਪਹਿਲੇ ਸਮਿਆਂ ਵਿੱਚ ਬ੍ਰਾਹਮਣ ਧਰਮੀ ਹੁੰਦੇ ਸਨ, ਪਰੰਤੂ ਸਮੇਂ ਦੇ ਨਾਲ-ਨਾਲ ਸਵਾਰਥੀ ਬਣਦੇ ਚਲੇ ਗਏ ਅਤੇ ਲੋਕਾਂ ਕੋਲੋਂ ਧਨ ਦੌਲਤ ਝੂਠ ਕਪਟ ਨਾਲ ਠੱਗ ਕੇ ਮੌਜ ਮਸਤੀ ਕਰਨ ਲੱਗੇ, ਭਾਵ ਅਧਰਮੀ ਹੋਣੇ ਸ਼ੁਰੂ ਹੋ ਗਏ। ਬ੍ਰਾਹਮਣ ਜਦੋਂ ਜਪੀ ਤਪੀ ਹੁੰਦੇ ਸਨ ਤਾਂ ਧਰਮ ਦਾ ਪ੍ਰਚਾਰ ਕਰਦੇ ਸਨ, ਪਰੰਤੂ ਜਪ ਤਪ ਤੋਂ ਵਿਹੂਣੇ ਬ੍ਰਾਹਮਣ ਕੀ ਆਪਣਾ ਤੇ ਕੀ ਲੋਕਾਂ ਦਾ ਸੰਵਾਰ ਸਕਦੇ ਹਨ? ਧਰਮ-ਸ਼ਾਸਤਰਾਂ ਅਨੁਸਾਰ ਬ੍ਰਾਹਮਣ ਦੇ ਖਟ ਕਰਮ ਕਹੇ ਗਏ ਹਨ : ਵਿੱਦਿਆ ਪੜ੍ਹਨੀ ਅਤੇ ਪੜ੍ਹਾਉਣੀ, ਯੱਗ ਕਰਨਾ ਤੇ ਕਰਾਉਣਾ, ਦਾਨ ਲੈਣਾ ਤੇ ਦੇਣਾ। ਪਰੰਤੂ ਅੱਜ ਕੱਲ ਬਹੁਤੇ ਬ੍ਰਾਹਮਣ ਇਨ੍ਹਾਂ ਖਟ ਕਰਮਾਂ ਨੂੰ ਤਿਆਗ ਕੇ, ਚੋਰੀ ਯਾਰੀ, ਮਾਸ ਮਦਰਾ, ਵੇਸਵਾ ਗਾਮੀ ਆਦਿ ਕੁਕਰਮਾਂ ਵਿੱਚ ਫਸੇ ਹੋਏ ਹਨ। ਤੰਬਾਕੂ ਵਰਗੇ ਨਸ਼ਿਆਂ ਦੇ ਜ਼ਿਆਦਾਤਰ ਧਾਰਨੀ ਹਨ। ਲੋਕਾਂ ਦਾ ਬੁਰਾ ਵੀ ਆਮ ਹੀ ਚਿਤਵਦੇ ਹਨ। ਇਹੋ ਜਿਹੇ ਬ੍ਰਾਹਮਣ (ਪੰਡਿਤ) ਜੋ ਆਪ ਹੀ ਮਾਇਆ ਮੋਹ ਅਤੇ ਵਿਸ਼ੇ-ਵਿਕਾਰਾਂ ਵਿੱਚ ਡੁੱਬੇ ਹੋਏ ਹਨ ਉਹ ਹੋਰਨਾਂ ਨੂੰ ਕੀ ਤਾਰਨਗੇ। ਜੈਸਾ ਕਿ :

ਐਸੇ ਬ੍ਰਾਹਮਣ ਡੂਬੇ ਭਾਈ॥ ਨਿਰਾਪਰਾਧ ਚਿਤਵਹਿ ਬੁਰਿਆਈ॥ **(ਅੰਗ ੩੭੨)**

ਜਾਤੀ ਅਭਿਮਾਨ ਵਿੱਚ ਫਸੇ ਹੋਏ ਜੋ ਆਪਣੇ-ਆਪ ਨੂੰ ਬ੍ਰਾਹਮਣ-ਬ੍ਰਾਹਮਣ ਕਹਿੰਦੇ ਹਨ, ਜਨਮ ਗਵਾ ਰਹੇ ਹਨ, ਉਨ੍ਹਾਂ ਦੀ ਬਾਬਤ ਕਬੀਰ ਜੀ ਫ਼ੁਰਮਾਉਂਦੇ ਹਨ, ਜੈਸਾ ਕਿ :

ਬਾਮਨ ਕਹਿ ਕਹਿ ਜਨਮੁ ਮਤ ਖੋਏ॥ **(ਅੰਗ ੨੨੪)**

ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਭਰਿਸ਼ਟ ਬ੍ਰਾਹਮਣ ਨੂੰ ਮੂਰਖ ਕਹਿ ਕੇ ਉਸ ਨੂੰ ਪ੍ਰਭੂ ਸਿਮਰਨ ਭਾਵ ਚੇਤਾ ਕਰਾਉਂਦੇ ਹਨ। ਜੈਸਾ ਕਿ :

ਮੂਰਖ ਬ੍ਰਾਹਮਣ ਪ੍ਰਭੂ ਸਮਾਲਿ॥ **(ਅੰਗ ੩੭੨)**

ਸਤਿਗੁਰੂ ਅਮਰਦਾਸ ਜੀ ਬ੍ਰਹਮ ਨੂੰ ਜਾਨਣ ਵਾਲੇ ਨੂੰ ਹੀ ਬ੍ਰਾਹਮਣ ਮੰਨਦੇ ਹਨ। ਜੈਸਾ ਕਿ :

ਬ੍ਰਹਮੁ ਬਿੰਦਹਿ ਤੇ ਬ੍ਰਾਹਮਣਾ ਜੇ ਚਲਹਿ ਸਤਿਗੁਰ ਭਾਇ॥ **(ਅੰਗ ੮੫੦)**

ਸਿੰਮ੍ਰਿਤੀਆਂ ਵਿੱਚ ਬ੍ਰਾਹਮਣ ਦੇ ਲੱਛਣ ਇਸ ਪ੍ਰਕਾਰ ਕਥਨ ਕੀਤੇ ਹਨ। ਜੈਸਾ ਕਿ :

ਜਨਮ ਜਾਯਤੇ ਸੂਦ੍ਰਾ ਸੰਸਕਾਰੇ ਦਿਜੋਤਮਾ।
ਵੇਦ ਪਾਠੀ ਭਵੇਤ ਬਿਪ੍ਰਾ ਬ੍ਰਹਮ ਜਾਣੰਤੀ ਬ੍ਰਾਹਮਣਾ। **(ਸਿੰਮ੍ਰਿਤੀ)**

ਇਸੇ ਤਰ੍ਹਾਂ ਗੀਤਾ ਵਿੱਚ ਸ੍ਰੀ ਕ੍ਰਿਸ਼ਨ ਜੀ ਨੇ ਬ੍ਰਾਹਮਣ ਦੇ ਕਰਮਾਂ ਦਾ ਕਥਨ ਕੀਤਾ ਹੈ। ਜੈਸਾ ਕਿ :

ਸ਼ਮਹ ਦਮਹ ਤਪਹ ਸ਼ੌਚਮ੍ ਕਸ਼ਾਂਤਿ ਹ ਆਜਰ੍ਵਮ੍ ਏਵਚ।
ਗਿਯਾਨਮ੍ ਵਿਗ੍ਯਿਯ੍ਮ੍ ਆਸਿਤ ਕਰਮੰ ਬ੍ਰਹਮ੍ ਕਰ੍ਮ ਸਵ ਭਾਵ ਜਮ੍।

(੪੨ ਗੀਤਾ ਅਧਿਆਇ ੧੮)

ਅੰਤਹਕਰਨ ਦਾ ਨਿਗ੍ਰਹ, ਇੰਦ੍ਰੀਆਂ ਦਾ ਦਮਨ, ਬਾਹਰ ਅੰਦਰ ਦੀ ਸ਼ੁੱਧੀ, ਧਰਮ ਲਈ ਕਸ਼ਟ ਸਹਿਣਾ, ਖਿਮਾ ਭਾਵ, ਮਨ ਇੰਦ੍ਰੀਆਂ ਅਤੇ ਸਰੀਰ ਦੀ ਸਰਲਤਾ, ਆਸਤਿਕ ਬੁੱਧੀ, ਸ਼ਾਸਤਰ ਵਿਸ਼ੇ ਦਾ ਗਿਆਨ ਅਤੇ ਪ੍ਰਮਾਤਮ ਤੱਤ ਦਾ ਅਨੁਭਵ ਆਦਿ ਬ੍ਰਾਹਮਣਾਂ ਦੇ ਸ਼ੁਭਾਦਕ ਕਰਮ ਹਨ। ਐਸੇ ਬ੍ਰਾਹਮਣਾਂ ਤੋਂ ਧਰਮ ਦਾ ਪ੍ਰਚਾਰ ਸੰਚਾਰ ਹੁੰਦਾ ਹੈ, ਪਰੰਤੂ ਕਪਟੀ, ਫ਼ਰੇਬੀ ਅਤੇ ਮਲੀਣ ਬੁੱਧੀ ਵਾਲੇ ਬ੍ਰਾਹਮਣ ਧਰਮ ਦੀ ਥਾਂ ਅਧਰਮ ਹੀ ਫੈਲਾਉਂਦੇ ਹਨ। ਧਰਮ ਦੀ ਇਹ ਤੀਸਰੀ ਰਾਜਧਾਨੀ ਦੀ ਅੱਜ ਕੱਲ ਸਥਿਰ ਨਹੀਂ ਹੈ। ਜੈਸਾ ਕਿ :

ਦੋਹਰਾ: ਤ੍ਰਿਤੀ ਠਿਕਾਣਾ ਧਰਮ ਕਾ, ਬਿਪ੍ਰ ਕਹੇ ਬੁਧਿਵਾਨ।
ਧਰਮ ਬਿਪ੍ਰਤੇ ਧ੍ਰਮ ਬ੍ਰਿਧਿ, ਕਪਟ ਕਰੈ ਧ੍ਰਮ ਹਾਨਿ॥

(ਅੰਬਾਲਵੀ ਦੋਹਾਵਲੀ)

ਧਰਮ ਦੀ ਤੀਸਰੀ ਰਾਜਧਾਨੀ ਵਿਦਵਾਨਾਂ ਨੇ ਬ੍ਰਾਹਮਣ ਨੂੰ ਕਿਹਾ ਹੈ। ਧਰਮੀ ਬ੍ਰਾਹਮਣ ਤੋਂ ਧਰਮ ਦੀ ਬ੍ਰਿਧੀ ਹੁੰਦੀ ਹੈ ਅਤੇ ਅਧਰਮੀ ਬ੍ਰਾਹਮਣ ਧਰਮ ਦੀ ਹਾਨੀ ਹੀ ਕਰਦਾ ਹੈ।

੪. ਮਹਾਤਮਾ (ਸੰਤ) :

ਧਰਮ ਦੀ ਚੌਥੀ ਰਾਜਧਾਨੀ ਸੰਤ (ਮਹਾਤਮਾ) ਮੰਨੇ ਗਏ ਹਨ। 'ਸੰਤ' ਸ਼ਬਦ ਬਹੁਤ ਉੱਚ ਕੋਟੀ ਦਾ ਅਤੇ ਪਵਿੱਤਰ ਸ਼ਬਦ ਹੈ। ਇਹਨਾਂ ਬ੍ਰਹਮ ਗਿਆਨੀ ਤੱਤ ਬੇਤਿਆਂ ਦਾ ਸੰਸਾਰ ਨੂੰ ਬੜਾ ਸਹਾਰਾ ਹੁੰਦਾ ਹੈ। ਸੰਤ ਜਨ ਆਪ ਧਰਮ ਕਮਾਉਂਦੇ ਹਨ ਅਤੇ ਲੋਕਾਂ ਨੂੰ ਧਰਮ ਨਾਲ ਜੋੜਦੇ ਹਨ। ਇਸੇ ਕਰਕੇ ਸੰਤਾਂ ਨੂੰ ਧਰਮ ਸ਼ਾਸਤਰਾਂ ਵਿੱਚ ਧਰਮ ਦੀ ਰਾਜਧਾਨੀ ਮੰਨਿਆ ਗਿਆ ਹੈ। ਸੰਤ ਦੀ ਪ੍ਰਿਭਾਸ਼ਾ ਦੱਸਦੇ ਹੋਏ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਫੁਰਮਾਉਂਦੇ ਹਨ। ਜੈਸਾ ਕਿ :

ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾ ਮਨਿ ਮੰਤੁ ॥
ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ॥ **(ਅੰਗ ੩੧੯)**

ਪਰੰਤੂ ਅੱਜ ਕੱਲ ਵੇਖਣ ਵਿੱਚ ਆ ਰਿਹਾ ਹੈ ਕਿ 'ਸੰਤ' ਸ਼ਬਦ ਦਾ ਵੀ ਦੁਰਉਪਯੋਗ ਹੋ ਰਿਹਾ ਹੈ। ਬਹੁਤ ਕਲਜੁਗੀ ਸੰਤ ਧਰਮ ਕਰਮ ਨੂੰ ਤਿਆਗ ਕੇ ਐਸ਼ਪ੍ਰਸਤੀ ਦਾ ਜੀਵਨ ਬਤੀਤ ਕਰਨਾ ਚਾਹੁੰਦੇ ਹਨ। ਡੇਰਿਆਂ ਅਤੇ ਆਸ਼੍ਰਮਾਂ ਵਿੱਚ ਵਿਭਚਾਰ ਆਦਿ ਅਨੇਕ ਪ੍ਰਕਾਰਾਂ ਦੇ ਪਾਪਾਂ ਦੀਆਂ ਖ਼ਬਰਾਂ ਹਨ, ਪਰ ਤਨ ਅਤੇ ਪਰ-ਧਨ ਨਾਲ ਖਿਲਵਾੜ ਕਰਨਾ ਇਨ੍ਹਾਂ ਪਖੰਡੀ ਲੋਕਾਂ ਦਾ ਸ਼ੌਂਕ ਬਣ ਚੁੱਕਾ ਹੈ। ਲੋਕਾਂ ਦੀਆਂ ਜ਼ਮੀਨ ਜਾਇਦਾਦਾਂ ਹੜੱਪ ਕਰ ਕੇ ਚਤੁਰਾਈ ਨਾਲ ਪਰਦੇ ਪਾਉਣ ਵਿੱਚ ਬੜੇ ਮਾਹਿਰ ਹਨ। ਬਲਾਤਕਾਰ ਅਤੇ ਪਰਾਈ ਜਾਇਦਾਦ ਹੜੱਪ ਕਰਨ ਕਰ ਕੇ, ਇਨ੍ਹਾਂ ਵਿਰੁੱਧ ਅਨੇਕਾਂ ਕੇਸ ਕਚਹਿਰੀਆਂ ਵਿੱਚ ਚੱਲ ਰਹੇ ਹਨ। ਲੋਕਾਂ ਨੂੰ ਮਾਇਆ-ਮੋਹ ਤੋਂ ਬਚਣ ਦਾ ਉਪਦੇਸ਼ ਦਿੰਦੇ ਹਨ ਆਪ ਇਹ ਪੂਰੀ ਤਰ੍ਹਾਂ ਮਾਇਆ ਵਿੱਚ ਗ੍ਰਸੇ ਹੋਏ ਹਨ। ਅਜਿਹੇ ਪਖੰਡੀ ਸੰਤ ਧਰਮ ਦਾ ਕੀ ਪ੍ਰਚਾਰ ਕਰਨਗੇ, ਇਨ੍ਹਾਂ ਨੂੰ ਤਾਂ ਭਗਤ ਕਬੀਰ ਜੀ ਬਨਾਰਸ ਦੇ ਠੱਗ ਆਖਦੇ ਹਨ। ਜੈਸਾ ਕਿ :

ਗਜ ਸਾਢੇ ਤੈ ਤੈ ਧੋਤੀਆ ਤਿਹਰੇ ਪਾਇਨਿ ਤਗ॥
ਗਲੀ ਜਿਨ੍ਹਾ ਜਪਮਾਲੀਆ ਲੋਟੇ ਹਥਿ ਨਿਬਗ॥
ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ॥ **(ਅੰਗ ੪੭੬)**

ਅਜਿਹੇ ਭੇਖਧਾਰੀਆਂ ਬਾਬਤ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਫ਼ੁਰਮਾਨ ਹੈ :

ਭੇਖ ਦਿਖਾਏ ਜਗਤ ਕੋ, ਲੋਗਨ ਕੋ ਬਸਿ ਕੀਨ॥
ਅੰਤ ਕਾਲਿ ਕਾਤੀ ਕਟਯੋ, ਬਾਸੁ ਨਰਕ ਮੋ ਲੀਨ॥ ੫੬॥

(ਸ੍ਰੀ ਦਸਮ ਗ੍ਰੰਥ,ਅੰਗ ੫੮)

ਇਸ ਪ੍ਰਕਾਰ ਵੇਖਣ ਵਿੱਚ ਆਉਂਦਾ ਹੈ ਕਿ ਧਰਮ ਦੀ ਚੌਥੀ ਰਾਜਧਾਨੀ ਬਹੁਤੇ ਸੰਤ ਵੀ ਕਲਿਜੁਗ ਦੇ ਪ੍ਰਭਾਵ ਕਰਕੇ ਡਾਵਾਂ-ਡੋਲ ਹੋਏ ਫਿਰ ਰਹੇ ਹਨ। ਜਿਨ੍ਹਾਂ ਨੇ ਧਰਮ ਫੈਲਾਉਣਾ ਸੀ, ਉਹ ਆਪ ਹੀ ਅਧਰਮ ਦੀ ਬੇੜੀ 'ਤੇ ਸਵਾਰ ਹੋਏ ਨਜ਼ਰ ਆਉਂਦੇ ਹਨ। ਇਸ ਕਰਕੇ ਸੰਸਾਰ ਉੱਪਰ ਅਧਰਮ ਦਾ ਬੋਲ-ਬਾਲਾ ਦਿਨੋਂ-ਦਿਨ ਵੱਧ ਰਿਹਾ ਹੈ। ਜੈਸਾ ਕਿ :

ਦੋਹਰਾ॥ ਰਾਜਧਾਨੀ ਹੈ ਧਰਮ ਕੀ, ਚੌਥੀ ਸੰਤ ਮਹਾਨ॥
ਧਰਮੀ ਧਰਮ ਵਧਾਂਵਦੇ, ਕਪਟੀ ਕਪਟ ਕਮਾਨ॥

(ਦੋਹਾਵਲੀ ਅੰਬਾਲਵੀ ਜੱਥਾ ਰੰਧਾਵਾ)

ਧਰਮ ਦੀ ਚੌਥੀ ਰਾਜਧਾਨੀ ਮਹਾਨ ਸੰਤ ਮਹਾਤਮਾ ਹਨ। ਧਰਮੀ ਅਤੇ ਪਰਉਪਕਾਰੀ ਸੰਤ ਧਰਮ ਨੂੰ ਵਧਾਉਂਦੇ ਹਨ, ਪਰੰਤੂ ਸੰਤ ਭੇਖ ਵਿੱਚ ਜੋ ਕਪਟੀ ਹਨ ਉਹ ਪੇਟ ਪੂਰਤੀ ਲਈ ਨਿੱਤ ਕਪਟ ਹੀ ਕਮਾਉਂਦੇ ਹਨ। ਧਰਮ ਦੀਆਂ ਉਪਰੋਕਤ ਇਨ੍ਹਾਂ ਚਾਰੇ ਰਾਜਧਾਨੀਆਂ ਵਿੱਚ ਜੇਕਰ ਧਰਮ ਬਣਿਆ ਰਹੇ ਤਾਂ ਸੰਸਾਰ ਵਿੱਚ ਵੀ ਧਰਮ ਫੈਲਦਾ ਹੈ। ਪਰੰਤੂ ਧਰਮ ਆਪਣੀਆਂ ਰਾਜਧਾਨੀਆਂ ਵਿੱਚੋਂ ਪਲਾਇਣ ਕਰਨ ਲੱਗੇ ਤਾਂ ਸੰਸਾਰ ਵਿੱਚ ਅਧਰਮ ਦੀ ਹੀ ਬ੍ਰਿਧੀ ਹੁੰਦੀ ਹੈ ਅਤੇ ਪਾਪ ਫੈਲਦਾ ਹੈ। ਐਸੇ ਸਮੇਂ ਕੋਈ ਨਾ ਕੋਈ ਅਵਤਾਰ ਸੰਸਾਰ ਵਿੱਚ ਆ ਕੇ ਧਰਮ ਦੀ ਰਾਖੀ ਕਰਦਾ ਹੈ। ਸਮੇਂ-ਸਮੇਂ ਅਨੁਸਾਰ ਅਵਤਾਰ ਦੁਨੀਆਂ ਅੰਦਰ ਆਉਂਦੇ ਰਹੇ ਹਨ। ਧਰਮ ਸ਼ਾਸਤਰਾਂ ਅਨੁਸਾਰ ਛੇ ਕਿਸਮ ਦੇ ਅਵਤਾਰ ਮੰਨੇ ਗਏ ਹਨ। ਇਨ੍ਹਾਂ ਛੇ ਅਵਤਾਰਾਂ ਦਾ ਵੇਰਵਾ ਅੰਕ ੬ ਦੀ ਗਿਣਤੀ ਵਿੱਚ ਦੇਖੋ।

ਖਾਣੀਆਂ

੧. **ਅੰਡਜ** = ਅੰਡੇ ਵਿੱਚ ਵੀ ਜੀਵ ਬਣਨ ਤੋਂ ਪਹਿਲਾਂ ਪਾਣੀ ਰੂਪ ਹੀ ਹੁੰਦਾ ਹੈ।

੨. **ਜੇਰਜ** = ਜੇਰ ਦੁਆਰਾ ਪੈਦਾ ਹੋਣ ਵਾਲੇ ਜੀਵ ਦੇ ਦੁਆਲੇ ਵੀ ਪਾਣੀ ਹੀ ਹੁੰਦਾ ਹੈ।

੩. **ਸੇਤਜ** = ਪਸੀਨੇ ਤੋਂ ਜੋ ਉਤਪਤੀ ਹੈ। ਪਸੀਨਾ ਵੀ ਪਾਣੀ ਕਰਕੇ ਹੀ ਆਉਂਦਾ ਹੈ।

੪. **ਉਤਭੁਜ** = ਜੋ ਬਨਸਪਤੀ ਆਦਿ ਦੀ ਉਤਪਤੀ, ਉਹ ਸਾਰੀ ਬਨਸਪਤੀ ਵੀ ਪਾਣੀ ਕਰਕੇ ਹੀ ਪੈਦਾ ਹੁੰਦੀ ਹੈ।

ਮੰਗਲ ਚਾਰ ਪ੍ਰਕਾਰ ਦੇ ਹਨ

੧. **ਵਸਤੂ ਨਿਰਦੇਸ਼ਕ ਮੰਗਲ** = ਜਿਨ੍ਹਾਂ ਵਿੱਚ ਵਸਤੂ ਦਾ ਨਿਰਦੇਸ਼ (ਨਿਰਣਾ) ਹੋਵੇ, ਜਿਵੇਂ ਕਿ: ''ੴ ਸਤਿਗੁਰ ਪ੍ਰਸਾਦਿ'' ਵਾ: **''ਸਰਬ ਕਲਾ ਸਮਰਥ''**।

੨. **ਨਮਸਕਾਰਕ ਮੰਗਲ** = ਜਿਨ੍ਹਾਂ ਵਿੱਚ ਇਸ਼ਟ ਦੇਵ ਨੂੰ ਨਮਸਕਾਰ ਕੀਤੀ ਗਈ ਹੋਵੇ, ਜਿਵੇਂ ਕਿ: **''ਡੰਡਉਤਿ ਬੰਦਨ ਅਨਿਕ ਬਾਰ''**।

੩. **ਅਸ਼ੀਰਵਾਦ ਰੂਪੀ ਮੰਗਲ**=ਜਿਨ੍ਹਾਂ ਵਿੱਚ ਅਸ਼ੀਰਵਾਦ ਮੰਗੀ ਹੋਵੇ, ਜਿਵੇਂ ਕਿ: **''ਡੋਲਨ ਤੇ ਰਾਖਹੁ ਪ੍ਰਭੂ''**।

੪. ਆਤਮ ਚਿੰਤਨ ਮੰਗਲ = ਜਿੱਥੇ ਆਤਮਿਕ ਸਰੂਪ ਦਾ ਹੀ ਚਿੰਤਨ ਕੀਤਾ ਗਿਆ ਹੋਵੇ, ਜਿਵੇਂ ਕਿ **''ਨਾਨਕ ਦੇ ਕਰਿ ਹਥ॥ ੧॥''** ਜਿਵੇਂ ਕਰਿ=ਹੱਥ ਦੇ ਉੱਤੇ ਹੱਥ ਰੱਖੀਏ ਤਾਂ ਉਹ ਇਕ ਦੂਜੇ ਦੇ ਅਤਿਅੰਤ ਨੇੜੇ ਹੋ ਜਾਂਦੇ ਹਨ। ਇਸੇ ਪ੍ਰਕਾਰ ਆਪਣੀ ਆਤਮਾ ਨੂੰ ਬ੍ਰਹਮ ਦਾ ਰੂਪ ਸਮਝ ਕੇ ਬ੍ਰਹਮ ਦਾ ਚਿੰਤਨ ਕਰਨਾ।

ਅਨੁਬੰਧ

ਅਨੁਬੰਧ ਚਾਰ ਪ੍ਰਕਾਰ ਦੇ ਹੁੰਦੇ ਹਨ, ਜਿਵੇਂ ਸਿੱਧਾਂ ਨੇ ਪੁੱਛਿਆ ਕਿ ''ਹੇ ਮਹਾਰਾਜ ! ਗ੍ਰੰਥਾਂ ਵਿੱਚ ਚਾਰ ਅਨੁਬੰਧ ਹੁੰਦੇ ਹਨ, ਤੁਹਾਡੇ ਇਸ ਮੰਤ੍ਰ ਵਿੱਚ ਉਹ ਵੀ ਹਨ ਜਾਂ ਨਹੀਂ?'' ਉੱਤਰ : ਤਦ ਸਤਿਗੁਰਾਂ ਨੇ ਕਿਹਾ ਕਿ ਹੇ ਸਿੱਧੋ! ਜੋ ਚਾਰ ਪ੍ਰਕਾਰ ਦੇ ਅਨੁਬੰਧ ੧.ਅਧਿਕਾਰੀ ਅਨੁਬੰਧ, ੨.ਵਿਖੈ ਅਨੁਬੰਧ, ੩. ਪ੍ਰਯੋਜਨ ਅਨੁਬੰਧ, ੪. ਸੰਬੰਧ ਅਨੁਬੰਧ, ਇਹ ਸਾਰੇ ਇਸ ਮੰਤ੍ਰ ਵਿੱਚ ਵਾ: ਬਾਣੀ ਵਿੱਚ ਮੌਜੂਦ ਹਨ।'' ਜੈਸਾ ਕਿ :

ਨਹਿ ਅਨੁਬੰਧ ਪਛਾਨੈ ਜੌਲੌਂ॥ ਹ੍ਵੈ ਨ ਪ੍ਰਵ੍ਰਿਤ ਸੁਘਰ ਨਰ ਤੋਲੌਂ॥

(ਵਿਚਾਰ ਸਾਗਰ, ਤਰੰਗ ੧)

ਸਾਡੇ ਇਸ ਮੰਤ੍ਰ ਜਾਂ ਬਾਣੀ ਵਿੱਚ ਇਹ ਚਾਰੇ ਅਨੁਬੰਧ ਇਸ ਪ੍ਰਕਾਰ ਹਨ :

੧. ਅਧਿਕਾਰੀ ਅਨੁਬੰਧ :

ਸਤਿਨਾਮੁ=ਅਧਿਕਾਰੀ ਅਨੁਬੰਧ ਹੈ।

ਪ੍ਰਸ਼ਨ : ਸਿੱਧਾਂ ਨੇ ਪ੍ਰਸ਼ਨ ਕੀਤਾ ਕਿ ਹੇ ਮਹਾਰਾਜ ਜੀ! ਆਪ ਦੇ ਇਸ ਮੰਤ੍ਰ ਦਾ ਅਧਿਕਾਰੀ ਕੌਣ ਹੈ?

ਉੱਤਰ : ਤਦ ਸਤਿਗੁਰਾਂ ਨੇ ਕਿਹਾ ਕਿ ਜਿਸ ਨੂੰ ਅੱਠੇ ਪਹਿਰ ਪ੍ਰਭੂ ਨਹੀਂ ਭੁੱਲਦਾ, ਉਹ ਸਤਿਨਾਮੁ ਮੰਤ੍ਰ ਅਤੇ ਬਾਣੀ ਦਾ ਅਭਿਆਸ ਕਰਨ ਵਾਲਾ ਅਧਿਕਾਰੀ ਦੇ ਲੱਛਣ ਇਹ ਹਨ। ਜੈਸਾ ਕਿ :

ਮਲ ਵਿਛੇਪ ਜਾ ਕੇ ਨਹੀਂ, ਕਿਤੂੰ ਏਕ ਅਗਯਾਨ।
ਹ੍ਵੈ ਭਵ ਸਾਧਨ ਸਹਿਤ ਨਰ, ਸੋ ਅਧਿਕ੍ਰਿਤ ਮਤਿ ਮਾਨ॥ ੧੧॥

(ਵਿਚਾਰ ਸਾਗਰ, ਪੰਨਾ ੫)

ਜਾ=ਜਿਸ ਨਰ=ਪੁਰਖ ਕੇ=ਦੇ ਅੰਤਸ਼ਕਰਨ ਵਿੱਚ ਨਿਸ਼ਕਾਮ ਕਰਮਾਂ (ਸੇਵਾ) ਕਰਕੇ ਮਲ ਦੋਖ ਤੇ ਸਿਮਰਨ ਭਜਨ (ਉਪਾਸ਼ਨਾ) ਕਰਕੇ ਵਿਛੇਪ ਦੋਖ ਇਹ ਦੋਵੇਂ ਨਵਿਰਤ ਹੋ ਜਾਂਦੇ ਹਨ, ਪਰੰਤੂ ਇਕ ਅਗਿਆਨ ਬਾਕੀ ਅਤੇ ਚਾਰ ਸਾਧਨ ਬਿਬੇਕ, ਬੈਰਾਗ, ਖਟ ਸੰਪਤੀ, ਮੋਖ ਇੱਛਾ ਸੰਯੁਕਤ ਹੋਵੇ, ਉਹ ਗਿਆਨ ਦਾ ਅਧਿਕਾਰੀ ਹੁੰਦਾ ਹੈ। ਚਾਰ ਸਧਾਨ ਇਸੇ ਅੰਕ ਚਾਰ (੪) ਦੀ ਗਿਣਤੀ ਵਿੱਚ ਅੱਗੇ ਦੇਖੋ।

ਨੋਟ : ਅਨੁਬੰਧ=(ਅਨੁ+ਬੰਧ) ਅਨੁ ਨਾਮ ਪਸਚਾਤ ਦਾ ਹੈ, ਬੰਧ ਨਾਮ ਜੋੜਨ ਦਾ ਹੈ ਜੋ ਆਪਣਾ ਗਿਆਨ ਕਰਾ ਕੇ ਪਸਚਾਤ ਅਧਿਕਾਰੀ ਨੂੰ ਗ੍ਰੰਥ ਵਿੱਚ ਜੋੜ ਦੇਵੇ। ਵੇਦਾਂਤ ਵਿੱਚ ਇਹ ਅਨੁਬੰਧ ਦਾ ਲੱਖਣ ਹੈ। ਜੈਸਾ ਕਿ :

ਸ੍ਵੈ ਗਿਆਨੰਤਰ ਅਧਿਕਾਰੀ ਨੈ ਬੰਧਤੇ ਪ੍ਰਾਯਜਤੇ ਇਤੀ ਅਨੁਬੰਧਾ॥

੨. ਵਿਧੈ ਅਨੁਬੰਧ :

ਜਿਵੇਂ ਸਿੱਧਾਂ ਨੇ ਪੁੱਛਿਆ ਸੀ ਕਿ ਹੇ ਮਹਾਰਾਜ ! ਆਪ ਦੇ ਇਸ ਮੰਤ੍ਰ ਵਿੱਚ ਵਿਧੈ (ਵਿਸ਼ਯ) ਸਿਧਾਂਤ ਕੀ ਹੈ?

ਉੱਤਰ : ਇਸ ਮੰਤ੍ਰ ਵਿੱਚ ਕਰਤਾ ਪੁਰਖ ਵਿਧੈ ਅਨੁਬੰਧ ਹੈ, ਜਿਸ ਵਿੱਚ ਕਰਤਾ-ਜੀਵ ਪੁਰਖ=ਈਸ਼ ਦੀ ਏਕਤਾ ਸੋ ਵਿਧੈ ਅਨੁਬੰਧ ਹੈ। ਯਥਾ 'ਕਰਤਾ ਕਹੇ ਜੀਵ ਕੋ' ਭਾਵ ਕਰਤਾ ਜੀਵ ਦਾ ਵਾਚਕ ਹੈ ਜੋ ਕਰਮਾਂ ਨੂੰ ਕਰਨ ਵਾਲਾ ਹੈ। ਪੁਰਖ ਈਸ਼ਵਰ ਦਾ ਵਾਚਕ ਹੈ। ਜਿਹੜਾ ਮਾਇਆ ਸਬਲ ਹੋ ਕੇ ਸ੍ਰਿਸ਼ਟੀ ਦੀ ਉਤਪਤੀ, ਪਾਲਣਾ, ਲੈਤਾ ਕਰਦਾ ਹੈ। ਕਰਤਾ ਅਤੇ ਪੁਰਖ ਦੋਵੇਂ ਸੰਬੰਧਕ ਸ਼ਬਦਾਂ ਵਿੱਚ ਇਹੋ ਦੱਸਿਆ ਹੈ ਕਿ 'ਕਰਤਾ ਜੀਵ ਅਤੇ ਪੁਰਖ ਈਸ਼ਵਰ ਹੈ'। ਇਨ੍ਹਾਂ ਦੀ ਏਕਤਾ ਦਾ ਵਿਸ਼ਾ ਇਸ ਮੰਤ੍ਰ ਵਿੱਚ 'ਵਿਧੈ ਅਨੁਬੰਧ' ਹੈ। ਜੈਸਾ ਕਿ :

ਸੋ ਪ੍ਰਭੁ ਦੂਰਿ ਨਾਹੀ ਪ੍ਰਭੁ ਤੂੰਹੈ॥ (ਅੰਗ ੩੫੪)

ਤੂ ਸਦਾ ਸਲਾਮਤਿ ਨਿਰੰਕਾਰ॥ (ਅੰਗ ੩)

ਐਸੇ ਵਾਕ ਗੁਰਬਾਣੀ ਵਿੱਚ ਵਿਸ਼ਯ ਰੂਪ ਕਰਕੇ ਹੀ ਲਿਖੇ ਹੁੰਦੇ ਹਨ :

ਦੋਹਰਾ : ਵਿਧ ਨਿਖੇਧ ਜੋ ਕਰਮ ਹੈ, ਤਾਂ ਕੋ ਕਰਤਾ ਜੋਇ॥
ਸੋ ਕਰਤਾ ਜਾਨੋ ਸਹੀ, ਜੀਵ ਕਹਾਵੈ ਸੋਇ॥
ਦੋਹਰਾ : ਪੂਰਨ ਇਕ ਰਸ ਸਰਬ ਮੈ, ਪੁਰਖ ਤਾਹਿ ਪਹਿਚਾਨ॥
ਬ੍ਰਹਮ ਤਾਹਿਂ ਕੋ ਨਾਮ ਹੈ, ਜਾਨੋ ਪ੍ਰਗਯਾਵਾਨ॥
ਦੋਹਰਾ: ਜੀਵ ਬ੍ਰਹਮ ਕੀ ਏਕਤਾ, ਜਾ ਮਹਿ ਉਲੇਖ॥
ਸੇ ਵਿਧੈ ਪਹਿਚਾਨੀਐ, ਅਨੁਬੰਧਨ ਮਹਿ ਦੇਖ॥

(ਧਰਮ ਸ਼ਾਸਤਰ)

੩. ਪ੍ਰਯੋਜਨ ਅਨੁਬੰਧ :

ਪ੍ਰਸ਼ਨ : ਸਿੱਧਾਂ ਨੇ ਪੁੱਛਿਆ ਕਿ ਆਪ ਦੇ ਇਸ ਮੰਤ੍ਰ ਵਿੱਚ ਪ੍ਰਯੋਜਨ ਅਨੁਬੰਧ ਕੀ ਹੈ?

ਉੱਤਰ : ਤਦ ਗੁਰੂ ਜੀ ਨੇ ਕਿਹਾ ਕਿ ਹੇ ਸਿੱਧੋ ! ਸਾਡੇ ਇਸ ਮੰਤ੍ਰ ਵਿੱਚ 'ਨਿਰਭਉ ਨਿਰਵੈਰ' ਪ੍ਰਯੋਜਨ ਅਨੁਬੰਧ ਹੈ। ਜੈਸਾ ਕਿ :

ਦੋਹਰਾ : ਜਨਮ ਮਰਨ ਕੋ ਭਉ ਕਹਾਂ, ਨਿਰ ਨਿਵਿਰਤ ਯਾ ਮਾਹਿ॥
ਵੈਰ ਰਹਿਤ ਜੋ ਆਤਮਾ, ਨਿਰ ਪਰਾਪਤਿ ਕਹਿ ਤਾਹਿ॥

(ਧਰਮ ਸ਼ਾਸਤਰ)

ਭਾਵ ਜਿੱਥੇ ਜੰਮਣ ਮਰਣ ਦਾ ਡਰ ਨਵਿਰਤ ਹੋ ਜਾਏ, ਉਹ ਪ੍ਰਯੋਜਨ ਅਨੁਬੰਧ ਹੈ। ਜੈਸਾ ਕਿ :

ਨਹ ਕਿਛੁ ਜਨਮੈ ਨਹ ਕਿਛੁ ਮਰੈ॥ ਆਪਨ ਚਲਿਤੁ ਆਪ ਹੀ ਕਰੈ॥

(ਅੰਗ ੨੮੧)

ਅਕਾਲ ਮੂਰਤਿ ਵਰੁ ਪਾਇਆ ਅਬਿਨਾਸੀ ਨਾ ਕਦੇ ਮਰੈ ਨ ਜਾਇਆ॥ (ਅੰਗ ੭੮)

ਸੋ ਸੰਸਾਰ ਦੁੱਖ ਦੀ ਨਵਿਰਤੀ ਅਤੇ ਪਰਮਾਨੰਦ ਦੀ ਪ੍ਰਾਪਤੀ ਹੀ ਜੀਵ ਦਾ ਪਰਮ ਪ੍ਰਯੋਜਨ ਹੈ। ਇਸ ਪ੍ਰਕਾਰ ਹੇ ਸਿੱਧੋ ! ਸਾਡੇ ਇਸ ਮੰਤ੍ਰ ਵਿੱਚ ਨਿਰਭਉ=ਭੈ-ਰਹਿਤ ਅਤੇ ਨਿਰਵੈਰ=ਵੈਰ ਤੋਂ ਰਹਿਤ ਪਦਾਂ ਵਿੱਚ ਪ੍ਰਯੋਜਨ ਅਨੁਬੰਧ ਹੈ। ਜੈਸਾ ਕਿ :

ਪ੍ਰਯੋਜਨ ਅਨੁਬੰਧ ਕਾ, ਕਹਾ ਸਰੂਪ ਬਨਾਇ॥
ਅਨੁਬੰਧ ਸਬੰਧ ਬਖਾਨ ਹੌ, ਸੁਨੋ ਸੰਤ ਮਨ ਲਾਇ॥

੪. ਸੰਬੰਧ ਅਨੁਬੰਧ :

ਪ੍ਰਸ਼ਨ : ਸਿੱਧਾਂ ਨੇ ਫਿਰ ਪੁੱਛਿਆ, ਮਹਾਰਾਜ ਜੀ ! ਆਪ ਦੇ ਇਸ ਮੰਤ੍ਰ ਵਿੱਚ ਸੰਬੰਧ ਅਨੁਬੰਧ ਕਿਹੜਾ ਹੈ?

ਉੱਤਰ : ਤਦ ਸਤਿਗੁਰਾਂ ਨੇ ਕਿਹਾ, ਸਿੱਧੋ ! ਸਾਡੇ ਇਸ ਮੰਤ੍ਰ ਵਿੱਚ **'ਅਕਾਲ ਮੂਰਤਿ ਅਜੂਨੀ ਸੈਭੰ'** ਜੋ ਪਦ ਹਨ ਇਹ ਸੰਬੰਧ ਅਨੁਬੰਧ ਹੈ। ਜੈਸਾ ਕਿ :

ਦੋਹਰਾ: ਕਾਲ ਰਹਿਤ ਜੋ ਮੂਰਤੀ, ਸੋ ਪ੍ਰਤਿਪਾਦ ਮਹਾਨ॥
ਅਜੂਨੀ ਕਹੇ ਬੇਦ ਕੋ, ਭੰ ਪ੍ਰਕਾਸ਼ੇ ਗਿਆਨ॥
ਸੈ ਗ੍ਰੰਥ ਕੋ ਨਾਮ ਹੈ, ਭੰ ਪ੍ਰਕਾਸ਼ੇ ਗਿਆਨ॥
ਜਨਕ ਜਨਯ ਸੰਬੰਧਤਾ, ਗਿਆਨ ਗ੍ਰੰਥ ਪਹਿਚਾਨ॥

ਅਰਥਾਤ = 'ਅਜੂਨੀ ਸੈਭੰ', ਜੋ ਅਜਨਮਾ ਰੂਪ ਬ੍ਰਹਮ ਹੈ, ਜੂਨਾਂ ਤੋਂ ਰਹਿਤ ਹੈ, ਉਸ ਈਸ਼ਵਰ ਦੇ ਸਵਾਸ ਵੇਦ ਮੰਨੇ ਹਨ। ਵੇਦ ਨਾਮ ਗਿਆਨ ਦਾ ਹੈ। ਉਸ ਗਿਆਨ ਨੂੰ ਸੈਭੰ=ਸੁਤੇ ਪ੍ਰਕਾਸ਼ਨ ਵਾਲੀ ਜੋ ਗੁਰਬਾਣੀ ਹੈ, ਇਹ ਉਸ ਬ੍ਰਹਮ ਦੀ ਪ੍ਰਤਿਪਾਦਕ ਹੈ ਭਾਵ ਉਸ ਬ੍ਰਹਮ ਨੂੰ ਜਣਾਉਣ ਵਾਲੀ ਹੈ।

ਅਕਾਲ ਮੂਰਤਿ='ਕਾਲ ਰਹਿਤ ਜੋ ਮੂਰਤੀ ਸੋ ਪ੍ਰਤਿਪਾਦ ਮਹਾਨ॥' ਭਾਵ ਬ੍ਰਹਮ ਜੋ ਅਕਾਲ= ਕਾਲ ਤੋਂ ਰਹਿਤ, ਮੂਰਤਿ=ਸਰੂਪ ਹੈ, ਉਹ ਪ੍ਰਤਿਪਾਦ ਰੂਪ ਅਰਥਾਤ ਜਾਨਣੇ ਰੂਪ ਹੈ। ਇਸ ਪ੍ਰਕਾਰ ਅਕਾਲ, ਮੂਰਤਿ, ਅਜੂਨੀ, ਸੈਭੰ ਵਿਚ ਬ੍ਰਹਮ ਦਾ ਤੇ ਇਸ ਮੰਤ੍ਰ ਦਾ ਆਪਸੀ ਸੰਬੰਧ ਜਣਾਇਆ ਹੈ। ਕਿਉਂਕਿ ਗ੍ਰੰਥ (ਗੁਰ ਸ਼ਬਦ) ਪਿਤਾ ਸਰੂਪ ਹੈ ਤੇ ਗਿਆਨ ਪੁੱਤਰ ਸਰੂਪ ਹੈ। ਇਸ ਤਰ੍ਹਾਂ ਇਹ ਜਨਕ (ਪਿਤਾ) ਤੇ ਜਨਯ (ਪੁੱਤਰ) ਦਾ ਸੰਬੰਧ ਹੈ, ਜੈਸਾ ਕਿ :

ਗ੍ਰੰਥ ਗਿਆਨ ਕੋ ਜਨਕ ਹੈ, ਜਨਯ ਗਿਆਨ ਪਹਿਚਾਨ।
ਜਨਯ ਜਨਕ ਸਬੰਧਤ ਭਾਖਤ ਸਭਿ ਬੁਧਿਵਾਨ।

ਭਾਵ (ਗ੍ਰੰਥ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜਨਕ (ਪਿਤਾ) ਰੂਪ ਹਨ ਤੇ ਗਿਆਨ ਜਨਯ (ਪੁੱਤਰ) ਰੂਪ ਹੈ। ਕਿਉਂਕਿ ਗਿਆਨ ਨੂੰ ਪੈਦਾ ਕਰਨ ਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ। ਇਹ ਸੰਬੰਧ ਅਨੁਬੰਧ ਹੈ।

ਮੁਕਤੀ ਦੇ ਚਾਰ ਸਾਧਨ

੧. **ਬਿਬੇਕ =** ਸਤਿ ਸਰੂਪ ਪਰਮੇਸ਼ਰ ਪਿੱਛੇ ਵੀ ਸੀ, ਹੁਣ ਵੀ ਹੈ ਤੇ ਭਵਿੱਖਤ ਵਿੱਚ ਵੀ ਹੋਵੇਗਾ, ਐਸਾ ਵਿਚਾਰ ਹੀ ਬਿਬੇਕ ਹੈ। ਜੈਸਾ ਕਿ :

ਦੇਹ ਪਰਪੰਚ ਅਨਿੱਤ ਹੈ, ਆਤਮ ਨਿੱਤ ਬਖਾਨ॥
ਸਾਰ ਅਸਾਰੈ ਜਾਨਬੋ, ਯਹ ਬਿਬੇਕ ਪਹਿਚਾਨ॥ ੧੫॥

(ਅਧਯਾਤਮ ਪ੍ਰਕਾਸ਼)

ਦੋਹਰਾ॥ ਸਤਿ ਸਤਿ ਹੈ ਸਤਿ ਹੀ, ਨਾਮ ਰੂਪ ਸਭ ਹਾਨ।
ਐਸੇ ਜੋ ਵਿਚਾਰ ਹੈ, ਸੋ ਬਿਬੇਕ ਪਹਿਚਾਨ।

(ਵਿਚਾਰ ਸਾਗਰ)

ਧਰਮ ਸ਼ਾਸਤਰਾਂ ਵਿੱਚ ਇਸ ਬਿਬੇਕ ਨੂੰ ਹੀ ਸਾਰੇ ਸਾਧਨਾਂ ਦਾ ਮੂਲ ਕਿਹਾ ਗਿਆ ਹੈ। ਜੈਸਾ ਕਿ :

ਸਭ ਸਾਧਨ ਕੋ ਮੂਲ ਜੋ, ਹੈ ਬਿਬੇਕ ਭਵ ਮਾਂਹਿ।
ਮੂਲ ਜਹਾਂ ਤਹਿ ਕਾਂਡ ਹੈ, ਯਾ ਮਹਿ ਸੰਸੇ ਨਾਹਿ। (ਧਰਮ ਸ਼ਾਸਤਰ)
ਅਬਿਨਾਸੀ ਆਤਮ ਅਚਲ, ਜਗ ਜਾਤੈਂ ਪ੍ਰਤਿਕੂਲ।
ਐਸੋ ਗਯਾਨ ਵਿਵੇਕ ਹੈ, ਸਭ ਸਾਧਨ ਕੋ ਮੂਲ॥ ੧੩॥

(ਵਿਚਾਰ ਸਾਗਰ, ਤਰੰਗ ੧)

ਜਿਵੇਂ ਮੂਲ (ਮੁੱਢ) ਆ ਗਿਆ, ਉਥੇ ਟਾਹਣੇ, ਟਾਹਣੀਆਂ ਨਾਲ ਹੀ ਹੁੰਦੇ ਹਨ। ਇਸ ਪ੍ਰਕਾਰ ਜਿੱਥੇ ਬਿਬੇਕ, ਉਥੇ ਵੈਰਾਗ, ਖਟ ਸੰਪਤੀ, ਮੋਖ ਇੱਛਾ, ਆਦਿ ਵੀ ਆਪਣੇ ਆਪ ਆ ਜਾਂਦੇ ਹਨ। ਇਸ ਪ੍ਰਕਾਰ ਜਿਹੜਾ ਅਧਿਕਾਰੀ ਪੁਰਖ (ਸਤਿਨਾਮੁ) ਦਾ ਅਭਿਆਸੀ ਹੈ, ਉਸ ਦੇ ਅੰਦਰ ਬਿਬੇਕ ਦੇ ਨਾਲ ਵੈਰਾਗ, ਖਟ ਸੰਪਤੀ, ਮੋਖ ਇੱਛਾ ਵੀ ਆ ਜਾਂਦੀ ਹੈ। ਇਨ੍ਹਾਂ ਦੀ ਵੀਚਾਰ ਇਸ ਪ੍ਰਕਾਰ ਹੈ :

੨. **ਵੈਰਾਗ** = ਇੰਦ੍ਰ ਲੋਕ ਤੋਂ ਲੈ ਕੇ ਬ੍ਰਹਮ ਲੋਕ ਤਕ ਦੇ ਜੋ ਵੀ ਭੋਗ ਪਦਾਰਥਾਂ ਦੇ ਸੁੱਖ ਹਨ, ਉਨ੍ਹਾਂ ਨੂੰ ਕਾਂ ਦੀ ਬਿਸਟਾ ਸਮ ਜਾਣ ਕੇ ਤਿਆਗ ਦੇਣਾ ਹੀ ਸੱਚਾ ਵੈਰਾਗ ਹੈ।

ਦੋਹਰਾ॥ ਬ੍ਰਹਮਾ ਇੰਦ੍ਰ ਆਦਿ ਲੌ, ਹੋਤ ਜੋ ਦੇਹ ਧਰ ਭੋਗ।
ਕਾਕ ਬਿਸ੍ਠ ਸਮ ਜੇ ਗਿਨੈ, ਬੀਤ ਰਾਗ ਤੇ ਲੋਗ॥ ੧੪॥

(ਅਧਜਾਤਮ ਪ੍ਰਕਾਸ਼, ਅਧਿ: ੧)

ਨੋਟ : ਵੈਰਾਗ ਨੌਂ ਪ੍ਰਕਾਰ ਦਾ ਹੁੰਦਾ ਹੈ, ਇਸ ਨੂੰ ੯ ਅੰਕ ਦੀ ਗਿਣਤੀ ਵਿੱਚ ਦੇਖੋ।

੩. **ਖਟ ਸੰਪਤੀ** = ਅਧਿਕਾਰੀ ਲਈ ਤੀਸਰਾ ਸਾਧਨ 'ਖਟ ਸੰਪਤੀ' ਹੈ। ਜਿਸ ਦੇ ਛੇ ਅੰਗ ਇਉਂ ਹਨ:

ਸਮ ਦਮ ਸਰਧਾ ਤੀਸਰੀ, ਸਮਾਧਾਨ ਉਪਰਾਮ।
ਛਠੀ ਤਤਿੱਛਾ ਜਾਨੀਏ, ਭਿੰਨ ਭਿੰਨ ਯਹ ਨਾਮ॥ ੧੨॥

(ਵਿਚਾਰ ਸਾਗਰ, ਤਰੰਗ ਪਹਿਲਾ)

ਇਸ 'ਖਟ ਸੰਪਤੀ' ਦਾ ਵਿਸਥਾਰ ਸਹਿਤ ਵੇਰਵਾ ਅੰਕ ਛੇ (੬) ਦੀ ਗਿਣਤੀ ਵਿੱਚ ਦੇਖੋ।

੪. **ਮੋਖ ਇੱਛਾ** = ਹੋਰ ਸਾਰੇ ਪਦਾਰਥਾਂ ਵੱਲੋਂ ਚਿੱਤ ਦਾ ਉਪਰਾਮ ਹੋ ਜਾਣਾ ਤੇ ਅਧਿਕਾਰੀ ਦੇ ਮਨ ਅੰਦਰ ਕੇਵਲ ਮੋਖ=ਮੁਕਤੀ ਦੀ ਇੱਛਾ ਹੀ ਰਹਿ ਜਾਣੀ, ਮੋਖ ਇੱਛਾ ਕਹਾਉਂਦੀ ਹੈ। ਇਸ ਉਪਰੋਕਤ ਚਾਰ ਸਾਧਨਾਂ ਸੰਪੰਨ ਜੋ ਪੁਰਸ਼ ਹੈ ਉਹ 'ਸਤਿਨਾਮ' ਤੇ ਗੁਰਮਤਿ ਦਾ ਅਧਿਕਾਰੀ ਹੈ। ਜੈਸਾ ਕਿ :

ਮੂਲ ਆਦਿਕ ਯਾ ਮੈ ਅਹੈ, ਸੋ ਅਧਿਕਾਰੀ ਮੀਤ॥
ਅਧਿਕਾਰੀ ਅਨੁਬੰਧ ਕੀ, ਸੂਚਨ ਕਰੀ ਸੋ ਰੀਤ॥

ਸਤੀਆਂ

ਚਾਰ ਪ੍ਰਕਾਰ ਦੀਆਂ ਸਤੀਆਂ ਹਨ :

ਸ੍ਰੀ ਰਾਮ ਚੰਦਰ ਜੀ ਨੇ ਬਾਲੀ ਦੀ ਇਸਤ੍ਰੀ ਤਾਰਾ ਪ੍ਰਤੀ ਕਥਨ ਕੀਤਾ। ਇਸ ਪ੍ਰਸੰਗ ਨੂੰ 'ਅਧਿਆਤਮ ਰਾਮਾਇਣ' ਵਿੱਚ ਪੰਡਿਤ ਗੁਲਾਬ ਸਿੰਘ ਜੀ ਨੇ ਲਿਖਿਆ ਹੈ :

੧. ਜੋ ਬਾਣੀ ਸ਼ਬਦਾਂ ਕਰਕੇ ਕਿਸੇ ਦੂਸਰੇ ਪੁਰਸ਼ ਨਾਲ ਵਿਸ਼ੇ ਦੀਆਂ ਗੱਲਾਂ ਨਹੀਂ ਕਰਦੀਆਂ, ਉਹ ੫੦੦ ਸਾਲ ਤਕ ਪਤੀ ਸਮੇਤ ਸਵਰਗ ਵਿੱਚ ਵੱਸਦੀਆਂ ਹਨ।

੨. ਜੋ ਸਰੀਰ ਕਰਕੇ ਕੁਕਰਮ ਤੋਂ ਬਚੀਆਂ ਰਹਿੰਦੀਆਂ ਹਨ, ਮਨ ਭਾਵੇਂ ਡੋਲਦਾ ਹੈ, ਉਹ ਇਕ ਹਜ਼ਾਰ ਸਾਲ ਤਕ ਪਤੀ ਸਮੇਤ ਸਵਰਗ ਵਿੱਚ ਵੱਸਦੀਆਂ ਹਨ।

੩. ਜੋ ਮਨ ਕਰਕੇ ਭੀ ਕਾਇਮ ਰਹਿੰਦੀਆਂ ਹਨ, ਉਹ ਇੰਦਰ ਦੀ ਉਮਰ ਤਕ ਪਤੀ ਸਮੇਤ ਸਵਰਗ ਵਿੱਚ ਵੱਸਦੀਆਂ ਹਨ। ਉਨ੍ਹਾਂ ਦੇ ਸਤ ਦੇ ਪ੍ਰਭਾਵ ਕਰਕੇ ਪਤੀ ਓਨੀ ਦੇਰ ਨਾਲ ਹੀ ਵੱਸਦਾ ਹੈ।

੪. ਜੋ ਆਪਣੇ ਪਤੀ ਤੋਂ ਬਿਨਾਂ ਕਿਸੇ ਨੂੰ ਪੁਰਖ ਨਹੀਂ ਸਮਝਦੀਆਂ, ਸਗੋਂ ਇਸਤ੍ਰੀਆਂ ਸਮਝਦੀਆਂ ਹਨ ਉਹ ਪਤੀ ਸਮੇਤ ਸਦਾ ਲਈ ਅਮਰ ਹੋ ਜਾਂਦੀਆਂ ਹਨ।

ਸੰਤ ਸਰੂਪ ਸਤੀਆਂ ਵੀ ਚਾਰ ਪ੍ਰਕਾਰ ਦੀਆਂ ਹੁੰਦੀਆਂ ਹਨ :

੧. ਜਿਵੇਂ ਇੱਕੋ ਪਤੀ ਤੋਂ ਬਿਨਾਂ ਸਭ ਨੂੰ ਇਸਤ੍ਰੀਆਂ ਸਮਝਣਾ, ਸੰਤ ਵੀ ਇਕ ਪਰਮੇਸ਼ਰ ਤੋਂ ਬਿਨਾਂ ਬਾਕੀ ਸਭ ਉਸ ਦੀ ਰਚਨਾ ਸਮਝਦੇ ਹਨ :

ਠਾਕੁਰੁ ਏਕੁ ਸਬਾਈ ਨਾਰਿ॥ **(ਅੰਗ ੯੩੩)**

੨. ਮਾਤਾ ਪਿਤਾ ਦੀ ਆਗਿਆ ਅਨੁਸਾਰ ਜਿਸ ਨਾਲ ਅਨੰਦ ਕਾਰਜ ਹੋਏ ਹਨ ਉਸ ਨੂੰ ਪਤੀ ਪ੍ਰਮੇਸ਼ਰ ਜਾਣ ਕੇ ਪੂਜਾ ਕਰਨੀ। ਆਪ ਤੋਂ ਵੱਡਿਆਂ ਨੂੰ ਪਿਤਾ ਸਮਾਨ ਜਾਨਣਾ, ਬਰਾਬਰ ਦਿਆਂ ਨੂੰ ਭਰਾ ਜਾਨਣਾ, ਛੋਟਿਆਂ ਨੂੰ ਪੁੱਤਰ ਦੀ ਨਿਆਈਂ ਜਾਨਣਾ।

ਇਸੇ ਪ੍ਰਕਾਰ ਸੰਤ ਵੀ ਇਕ ਵਾਹਿਗੁਰੂ ਨੂੰ ਪਤੀ ਜਾਣਦੇ ਹਨ। ਵੱਡੇ ਦੀ ਪਿਤਾ ਰੂਪ ਜਾਣਦੇ ਹੋਏ ਸੇਵਾ ਕਰਨੀ, ਬਰਾਬਰ ਦਿਆਂ ਨੂੰ ਭਾਈ ਜਾਣ ਕੇ ਕਰਨੀ, ਛੋਟਿਆਂ ਨੂੰ ਪੁੱਤਰ ਰੂਪ ਜਾਣ ਕੇ ਉਪਦੇਸ਼ ਦਿੰਦੇ ਹਨ। ਇਹ ਦੂਜੇ ਦਰਜੇ ਦੇ ਸੰਤ ਹਨ।

੩. ਸਰੀਰ ਕਰਕੇ ਕਾਇਮ ਮਨ ਭਾਵੇਂ ਡੋਲਦਾ ਹੈ, ਸੰਤ ਸਰੀਰ ਕਰਕੇ ਇਕ ਪਰਮਾਤਮਾ ਦੀ ਓਟ ਰੱਖਦੇ ਹਨ ਮਨ ਕਰਕੇ ਭਾਵੇਂ ਡੋਲਦੇ ਹਨ, ਇਹ ਤੀਜੇ ਦਰਜੇ ਦੇ ਸੰਤ ਹਨ।

੪. ਸਰੀਰ ਕਰਕੇ ਤੇ ਮਨ ਕਰਕੇ ਵੀ ਡੋਲਣਾ, ਪਰੰਤੂ ਸਮਾਂ ਨਾ ਬਣਨ ਕਰਕੇ ਕੁਕਰਮ ਨਾ ਕਰਨਾ, ਸੰਤ ਸਰੀਰ, ਮਨ ਕਰਕੇ ਭਾਵੇਂ ਡੋਲਣ, ਪਰੰਤੂ ਸੰਗਤ ਕਰਕੇ ਬਚੇ ਰਹਿੰਦੇ ਹਨ ਇਹ ਚੌਥੇ ਦਰਜੇ ਦੇ ਸੰਤ ਹਨ।

ਦਾਨੀ

ਚਾਰ ਪ੍ਰਕਾਰ ਦੇ ਦਾਨੀ ਹੁੰਦੇ ਹਨ :

੧. ਦੇ ਦੇ ਮੰਗਹਿ ਸਹਸਾ ਗੂਣਾ = ਜੋ ਦਾਨ ਦੇ ਕੇ ਹਜ਼ਾਰਾਂ ਗੁਣਾਂ ਫਲ ਮੰਗਦੇ ਹਨ। 'ਧੇਲੀ ਦੇ ਕੇ ਹਵੇਲੀ' ਅਤੇ 'ਗੰਢਾ ਦੇ ਕੇ ਸੰਢਾ' ਮੰਗਦੇ ਹਨ ਅਤੇ ਇਨ੍ਹਾਂ ਦੀ ਬਾਬਤ ਹੀ ਕਿਹਾ ਹੈ ਕਿ "**ਸੇਵਾ ਥੋਰੀ ਮਾਂਗਨ ਬਹੁਤਾ॥**" ਇਸ ਉੱਪਰ ਉਸ ਮਾਈ ਦੀ ਸਾਖੀ ਪ੍ਰਸਿੱਧ ਹੈ ਜੋ ਅਹਿਰਣ ਦੀ ਚੋਰੀ ਕਰਕੇ ਸੂਈ ਦਾਨ ਕਰਦੀ ਸੀ।

ਅਹਿਰਣ ਦੀ ਚੋਰੀ ਕੀਤੀ, ਸੂਈ ਕਰੇ ਦਾਨ।
ਕੋਠੇ ਚੜ੍ਹ ਕੇ ਵੇਖਦੀ ਕਿਧਰੋ ਆਉਣ ਬਿਬਾਣ।

੩. ਦੇਣੈ ਕੈ ਵੀਚਾਰ = ਜੋ ਦਾਨ ਦੇਣ ਦੀ ਵੀਚਾਰ ਵਿੱਚ ਲੱਗੇ ਰਹਿੰਦੇ ਹਨ ਕਿ ਇਤਨੇ ਪਦਾਰਥ ਦਿੱਤੇ ਹਨ ਤੇ ਐਨੇ ਹੋਰ ਦੇਣੇ ਹਨ ਭਾਵ ਦਾਨ ਦੇਂਦੇ ਨਹੀਂ, ਵੀਚਾਰਾਂ ਹੀ ਕਰਦੇ ਰਹਿੰਦੇ ਹਨ ਕਿ ਚੱਲ ਦੇਈਏ ਜਾਂ ਨਾ ਦੇਈਏ ਜਾਂ ਦਾਨ ਦੇ ਕੇ ਵੀ ਵੀਚਾਰ ਕਰਦੇ ਹਨ ਕਿ ਇਹ ਪਦਾਰਥ ਮੈਂ ਆਪਣੇ ਪਰਿਵਾਰ ਦੀ ਕਿਸੇ ਗਰਜ ਲਈ ਖ਼ਰਚਦਾ, ਐਵੇਂ ਦਾਨ ਕਰਕੇ ਆਪਣਾ ਨੁਕਸਾਨ ਹੀ ਕਰਾ ਲਿਆ।

੪. ਸਤੀਆ ਮਨ ਸੰਤੋਖ ਉਪਜੈ = ਜੋ ਸੰਤੋਖੀ ਹਨ, ਦਾਨ ਦੇ ਕੇ ਕੋਈ ਵੀ ਇੱਛਾ ਨਹੀਂ ਕਰਦੇ ਕਿ ਸਾਨੂੰ ਕੋਈ ਫਲ ਪ੍ਰਾਪਤ ਹੋਏ। ਉਹ ਦਾਨ ਦੇ ਕੇ ਇਉਂ ਜਾਣਦੇ ਹਨ ਕਿ ਵਾਹਿਗੁਰੂ ਜੀ ਦਾ ਹੀ ਦਿੱਤਾ ਹੋਇਆ ਸੀ, ਉਸ ਦੇ ਦਿੱਤੇ ਹੋਏ ਵਿੱਚੋਂ ਜੇ ਕੁਝ ਮੋੜ ਰਿਹਾ ਹਾਂ ਤਾਂ ਇਹ ਦਾਨ ਕਾਹਦਾ ਹੋਇਆ। ਇਸ ਪ੍ਰਕਾਰ ਪਦਾਰਥ ਦੀ ਵਾਸ਼ਨਾ ਨਹੀਂ ਕਰਦੇ। ਇਹ ਸਭ ਤੋਂ ਉੱਤਮ ਦਰਜੇ ਦੇ ਦਾਤੇ ਹਨ।

ਪਹਿਲੇ ਦਰਜੇ ਦੇ ਦਾਤੇ ਨੂੰ ਜੋ ਥੋੜ੍ਹਾ ਦੇ ਕੇ ਬਹੁਤਾ ਮੰਗਦਾ ਹੈ, ਪਰਮਾਤਮਾ ਉਸ ਦੇ ਪਦਾਰਥਾਂ ਵਿੱਚ ਵਾਧਾ ਤਾਂ ਕਰ ਦੇਵੇਗਾ, ਪਰੰਤੂ ਉਸ ਦਾਨ ਨਾਲ ਉਸ ਦੇ ਪੁੰਨ ਫਲ ਵਿੱਚ ਵਾਧਾ ਨਹੀਂ ਹੋਵੇਗਾ। ਦੂਜੇ ਦਰਜੇ ਦੇ ਦਾਤੇ ਜੋ ਵਡਿਆਈ ਦੇ ਭੁੱਖੇ ਹੋਣ ਕਰਕੇ ਦਾਨ ਕਰਦੇ ਹਨ, ਇਸ ਦਾ ਵੀ ਕੋਈ ਫਲ ਨਹੀਂ ਹੈ, ਕੇਵਲ ਲੋਕਾਂ ਕੋਲੋਂ ਮਿਲੀ ਸ਼ੋਭਾ ਹੀ ਇਸ ਦਾ ਫਲ ਹੈ। ਅੱਗੇ ਵਾਸਤੇ ਕੋਈ ਫਲ ਨਹੀਂ ਹੈ। ਤੀਸਰੇ ਦਰਜੇ ਦੇ ਦਾਤੇ ਜੋ ਵੀਚਾਰਾਂ ਹੀ ਕਰਦੇ ਰਹਿੰਦੇ ਹਨ ਜਾਂ ਦਾਨ ਦੇ ਕੇ ਕਲਪਨਾ ਕਰਦੇ ਹਨ ਕਿ ਮੈਂ ਦਾਨ ਕਿਉਂ ਕਰਨਾ ਸੀ? ਇਸ ਦਾ ਵੀ ਕੋਈ ਫਲ ਨਹੀਂ ਹੈ। ਚੌਥੇ ਪ੍ਰਕਾਰ ਦੇ ਦਾਤੇ ਸੱਤ ਪ੍ਰਤੱਗੀ ਦਾਤੇ ਹਨ ਉਨ੍ਹਾਂ ਦੇ ਦਾਨ ਦਾ ਇਤਨਾ ਫਲ ਹੈ ਕਿ ਇਸ ਦਾ ਕਦੇ ਕੋਈ ਤੋਟਾ ਨਹੀਂ ਆਉਂਦਾ, ਕਿਉਂਕਿ ਇਹ ਭਾਵਨਾ ਧਾਰ ਕੇ ਨਿਰ-ਇੱਛਤ ਹੋ ਕੇ ਦਾਨ ਕਰਦੇ ਹਨ। ਇਸ ਲਈ ਇਸ ਤਰ੍ਹਾਂ ਦਾਨ ਕਰਨ ਦਾ ਫਲ ਕਿੰਨਾ ਕੁ ਹੈ, ਇਹ ਵਰਣਨ ਨਹੀਂ ਕੀਤਾ ਜਾ ਸਕਦਾ। ਜੈਸਾ ਕਿ :

ਜਨ ਨਾਨਕ ਹਰਿ ਪੁੰਨੁ ਬੀਜਿਆ ਫਿਰਿ ਤੋਟਿ ਨ ਆਵੈ ਹਰਿ ਪੁੰਨ ਕੇਰੀ॥

(ਅੰਗ ੪੫੧)

ਪੁੰਨ ਪ੍ਰਤਾਪਨ ਬਾਢ ਜੈਤ ਧੁਨ, ਪਾਪਨ ਕੇ ਬਹੁ ਪੁੰਜ ਖਪੈਂਗੇ॥

(ਸ੍ਰੀ ਦਸਮ ਗ੍ਰੰਥ,ਅੰਗ ੧੪)

ਇਨ੍ਹਾਂ ਦਾਤਿਆਂ ਵਿੱਚੋਂ ਪਰਮੇਸ਼ਰ ਹੀ ਸਭ ਤੋਂ ਵੱਡਾ ਦਾਤਾ ਹੈ, ਉਹ ਕਿਸੇ ਕੋਲੋਂ ਕੁਝ ਮੰਗਦਾ ਨਹੀਂ, ਸਗੋਂ ਸਭਨਾਂ ਨੂੰ ਦਾਨ ਦਿੰਦਾ ਹੈ, ਜੈਸਾ ਕਿ :

ਅਕਿਰਤਘਣਾ ਨੋ ਪਾਲਦਾ ਪ੍ਰਭ ਨਾਨਕ ਸਦ ਬਖਸਿੰਦੁ॥ (ਅੰਗ ੪੭)

ਮੋਨ

੧. **ਗੁੰਗ ਮੋਨ** = ਜੋ ਜਨਮ ਤੋਂ ਹੀ ਬੋਲਣ ਤੋਂ ਅਸਮਰੱਥ ਜਾਂ ਕਿਸੇ ਬਿਮਾਰੀ ਕਾਰਨ ਬੋਲਣ ਤੋਂ ਅਸਮਰੱਥ ਹੋਵੇ, ਉਹ ਗੁੰਗ ਮੋਨੀ ਹੈ।

੨. **ਜੜ੍ਹ ਮੋਨ** = ਮੂਰਖਤਾ ਕਰਕੇ ਚਤੁਰ ਪੁਰਖਾਂ ਅੱਗੇ ਕੋਈ ਗੱਲ ਨਾ ਆਉਣੀ, ਜੜ੍ਹ ਮੋਨੀ ਹੈ।

੩. **ਕਾਸ਼ਟ ਮੋਨ** = ਲੱਕੜ (ਕਾਸ਼ਟ) ਵਾਂਗ ਕਠੋਰ ਹੱਠ ਰੱਖ ਕੇ ਗੱਲ ਬਾਤ ਨਾ ਕਰਨੀ, ਜਿਵੇਂ ਕਈ ਮੋਨੀ ਸ਼ਿਲੇ ਕੱਟਣ ਲਈ ਕਰਦੇ ਹਨ, ਉਹ ਕਾਸ਼ਟ ਮੋਨੀ ਹੈ।

੪. **ਗਿਆਨ ਮੋਨ** = ਗਿਆਨ ਅਵਸਥਾ ਨੂੰ ਪ੍ਰਾਪਤ ਕਰਕੇ 'ਮੈਂ-ਮੇਰੀ' ਵਰਗੇ ਸੰਕਲਪਾਂ ਨੂੰ ਮਿਟਾ ਲੈਣਾ, ਗਿਆਨ ਮੋਨ ਹੈ, ਭਾਵ ਮਨ ਦਾ ਚੁੱਪ ਕਰ ਜਾਣਾ, ਜੈਸਾ ਕਿ :

ਯਹ ਮੈਂ ਮਮ ਯਹ ਨਾਹਿ ਮਮ, ਸਭ ਵਿਕਲਪ ਭਏ ਛੀਨ।
ਪਰਮਾਤਮ ਪੂਰਨ ਸਕਲ, ਜਾਨ ਮੋਨਤਾ ਲੀਨ।੪।

(ਵਿਚਾਰ ਮਾਲਾ, ਅਧਿ. ੧)

ਚਾਰ ਪ੍ਰਕਾਰ ਦੇ ਨਿਯਮ

੧. **ਕਹਿਣੀ** = ਕਦੇ ਕਿਸੇ ਨੂੰ ਦਿਲ ਦੁਖਾਉਣ ਵਾਲਾ ਬਚਨ ਨਹੀਂ ਕਰਨਾ। ਆਪ ਨੂੰ ਇਕ-ਵਚਨ ਤੇ ਦੂਸਰੇ ਨੂੰ ਬਹੁ-ਵਚਨ ਨਾਲ ਬੁਲਾਉਣਾ। ਸਦਾ ਸੱਚ ਬੋਲਣਾ, ਝੂਠ, ਨਿੰਦਿਆ ਨਾਲ ਰਸਨਾ ਅਪਵਿੱਤ੍ਰ ਨਹੀਂ ਕਰਨੀ, ਇਹ ਸੱਚੀ ਕਹਿਣੀ ਸਿੱਖਣੀ ਹੈ।

੨. **ਸਹਿਣੀ** = ਦੂਸਰੇ ਦੇ ਬੋਲੇ ਹੋਏ ਕੌੜੇ ਅਤੇ ਫਿੱਕੇ ਦੁਖਦਾਇਕ ਬਚਨਾਂ ਨੂੰ ਸਹਾਰਨਾ, ਅੱਗੋਂ 'ਭਲਾ ਜੀ', 'ਭੁੱਲ ਗਿਆ ਜੀ', 'ਮੁਆਫ਼ ਕਰ ਦਿਉ ਜੀ', ਬਚਨ ਕਹਿਣੇ, ਇਹ ਸਹਿਣੀ ਸਿੱਖਿਆ ਹੈ।

੩. **ਬਹਿਣੀ** = ਸਾਧਸੰਗਤ 'ਚ ਕਿਵੇਂ ਬੈਠਣਾ ਹੈ। ਸੰਗਤ ਵਿੱਚ ਪੈਰਾਂ ਭਾਰ ਬੈਠਣਾ ਜਾਂ ਗੋਡੇ ਮੂਧੇ ਮਾਰ ਕੇ ਬੈਠਣਾ ਨਹੀਂ ਚਾਹੀਦਾ ਅਤੇ ਪੱਟ 'ਤੇ ਲੱਤ ਰੱਖ ਕੇ ਵੀ ਨਹੀਂ ਬੈਠਣਾ ਚਾਹੀਦਾ। ਇਹ ਹੰਕਾਰ ਦਾ ਆਸਣ ਹੈ। ਗੋਡਿਆਂ 'ਚ ਸਿਰ ਦੇ ਕੇ ਨਹੀਂ ਬੈਠਣਾ, ਜਿਵੇਂ ਮਕਾਣ 'ਚ ਬੀਬੀਆਂ ਬੈਠ ਜਾਂਦੀਆਂ ਹਨ। ਸਾਰੇ ਅੰਗਾਂ ਨੂੰ ਇੱਕੋ ਜਿਹਾ ਭਾਰ ਦੇ ਕੇ ਚੌਕੜਾ ਮਾਰ ਕੇ, ਸਾਵਧਾਨ ਹੋ ਕੇ ਬੈਠਣਾ। ਇਸ ਪ੍ਰਕਾਰ ਬਹਿਣੀ ਸਿੱਖਣੀ ਹੈ।

੪. **ਰਹਿਣੀ** = ਸਤਿਗੁਰੂ ਜੀ ਨੇ ਜੋ ਰਹਿਤਨਾਮਿਆਂ ਵਿੱਚ ਫੁਰਮਾਇਆ ਹੈ :

ਪੰਜ ਕਕਾਰ ਨ ਕਬਹੂੰ ਤਿਆਗੈ॥ ਲਖ ਬਿਖ ਸਮ ਬਿਖਆਨ ਤੇ ਭਾਗੈ॥

ਪੰਜਾਂ ਕਕਾਰਾਂ ਦੀ ਰਹਿਤ ਵਿੱਚ ਕਦੇ ਢਿਲਿਆਈ ਨਹੀਂ ਆਉਣ ਦੇਣੀ, ਹਰ ਸਮੇਂ ਕੇਸਾਂ ਉੱਪਰ ਦਸਤਾਰ ਸਜਾ ਕੇ ਰੱਖਣੀ, ਨੰਗੇ ਸਿਰ ਕੋਈ ਕਾਰ-ਵਿਹਾਰ ਨਹੀਂ ਕਰਨਾ, ਕਿਸੇ ਦਾ ਜੂਠਾ ਨਹੀਂ ਖਾਣਾ, ਅੰਮ੍ਰਿਤ ਵੇਲੇ ਇਸ਼ਨਾਨ ਕਰਨਾ ਤੇ ਸੁੱਚ ਪਵਿੱਤ੍ਰਤਾ ਰੱਖਣੀ। ਜੈਸਾ ਕਿ :

ਥੋੜਾ ਸਵਣਾ ਖਾਵਣਾ, ਥੋੜਾ ਬੋਲਨ ਗੁਰਮਤਿ ਪਾਏ।

(ਵਾਰ ੨੮, ਪਉੜੀ ੧੫)

ਅੰਤਰੀਵੀ ਨਦੀਆਂ

ਹੰਸੁ ਹੇਤੁ ਲੋਭੁ ਕੋਪੁ, ਚਾਰੇ ਨਦੀਆ ਅਗਿ॥
ਪਵਹਿ ਦਝਹਿ ਨਾਨਕਾ, ਤਰੀਐ ਕਰਮੀ ਲਗਿ॥

(ਅੰਗ ੧੪੭)

੧. **ਹੰਸੁ** = ਹਿੰਸਾ ਭਾਵ ਜੀਵ ਘਾਤ ਕਰਨਾ।

੨. **ਹੇਤੁ** = ਮੋਹ ਭਾਵ ਮਨ 'ਚ ਮਮਤਾ ਪੈਦਾ ਹੋਣੀ।

੩. **ਲੋਭੁ** = ਲਾਲਚ, ਭਾਵ ਪਦਾਰਥਾਂ ਦੀ ਤ੍ਰਿਸ਼ਨਾ ਪੈਦਾ ਹੋਣੀ।

੪. **ਕੋਪੁ** = ਕ੍ਰੋਧ, ਅਪ੍ਰਾਪਤੀ ਆਦਿ ਪਰ ਗ਼ੁੱਸੇ ਹੋਣਾ। ਜੋ ਇਨ੍ਹਾਂ 'ਚ ਪੈਂਦੇ ਹਨ, ਉਹ ਜੀਵ ਸੜਦੇ ਰਹਿੰਦੇ ਹਨ ਤੇ ਗੁਰੂ ਕਿਰਪਾ ਦੁਆਰਾ ਹੀ ਇਨ੍ਹਾਂ ਨੂੰ ਤਰੀਦਾ ਹੈ।

ਚਾਰ ਬਾਣੀਆਂ ਸਰੀਰ ਦੀਆਂ ਹਨ

ਦੋਹਰਾ॥ ਪਰਾ ਪਸੰਤੀ ਮੱਧਮਾ, ਚਉਥੀ ਬੈਖਰੀ ਆਹਿ।
ਬਾਣੀ ਚਹੁੰ ਪ੍ਰਕਾਰ ਦੀ, ਨਾਮ ਜਪਤ ਸਫਲਾਹਿ।

(ਛੱਤੀਸ ਗਿਆਨ)

੧. **ਪਰਾ ਬਾਣੀ** = ਜਿਹੜੀ ਨਾਭੀ ਵਿੱਚ ਫੁਰਨਾ ਰੂਪ ਹੋ ਕੇ ਫੁਰਦੀ ਹੈ।

੨. **ਪਸੰਤੀ** = ਨਾਭੀ ਵਿੱਚੋਂ ਉੱਠ ਕੇ ਹਿਰਦੇ ਵਿੱਚ ਧੁਨੀ ਰੂਪ ਹੋ ਕੇ ਸ਼ਬਦਾਂ ਦੀ ਅਵਾਜ਼ ਆਉਂਦੀ ਹੈ।

੩. **ਮੱਧਮਾ** = ਹਿਰਦੇ ਤੋਂ ਕੰਠ ਵਿੱਚ ਆਇਆ ਸ਼ਬਦ, ਜਿਵੇਂ ਬਾਬਾ ਮੋਹਨ ਜੀ ਦਾ ਕੰਠ ਵਿੱਚ ਜਾਪ ਹੁੰਦਾ ਸੀ।

੪. **ਬੈਖਰੀ** = ਮੁੱਖ ਵਿੱਚੋਂ ਉਚਾਰਨ ਹੋਇਆ ਸ਼ਬਦ।

ਚਾਰ ਬ੍ਰਹਿਮੰਡ ਦੀਆਂ ਬਾਣੀਆਂ

੧. **ਤਾਂਤਕ ਬਾਣੀ** = ਜਿਸ ਵਿੱਚ ਤੱਤਾਂ ਦੀ ਅਵਾਜ਼ ਸੁਣੀ ਜਾਂਦੀ ਹੈ, ਜਿਵੇਂ ਹਵਾ 'ਚੋਂ ਸਾਂਅ-ਸਾਂਅ, ਅੱਗ 'ਚੋਂ ਭੜ-ਭੜ, ਪਾਣੀ 'ਚੋਂ ਚੁਲ-ਚੁਲ ਦੀ ਅਵਾਜ਼ ਆਉਂਦੀ ਹੈ, ਅਕਾਸ਼ 'ਚੋਂ ਧੁਨੀ ਅਤੇ ਧਰਤੀ 'ਚੋਂ ਠਕ-ਠਕ ਦੀ ਅਵਾਜ਼ ਆਉਂਦੀ ਹੈ।

੨. **ਤ੍ਰਿਗੁਣ ਆਤਮਿਕ ਬਾਣੀ** = ਜੋ ਤਿੰਨ ਮਾਇਆ ਦੇ ਗੁਣਾਂ ਨੂੰ ਵਿਸ਼ੇ ਕਰਦੀ ਹੈ। ਜੈਸਾ ਕਿ :

ਤ੍ਰੈਗੁਣਯ ਵਿਸ਼ਿਆ ਵੇਦਾ, ਨਿਸ ਤ੍ਰੈ ਗੁਣਯੋ ਭਾਵਰਜੁਨ।

(ਗੀਤਾ ਅਧਿਆਇ ੨, ਸਲੋਕ ੪੫)

ਜਿਵੇਂ ਗਿਆਨ ਕਾਂਡ ਦੀ ਬਾਣੀ ਸਾਂਤਕੀ ਹੈ, ਕਰਮ-ਕਾਂਡ ਦੀ ਬਾਣੀ ਰਾਜਸੀ ਹੈ, ਯੱਗ ਆਦਿ ਦੀ ਬਾਣੀ ਤਾਮਸੀ ਹੈ।

੩. **ਮਹੀਤਤਕ ਬਾਣੀ** = ਜਿਸ ਨੂੰ ਇਲਹਾਮ ਭਾਵ ਅਕਾਸ਼ਬਾਣੀ ਹੋਣੀ ਆਖਦੇ ਹਨ।

੪. ਪ੍ਰਕ੍ਰਿਤਕ ਬਾਣੀ=ਬੰਬ ਆਦਿ ਚੱਲਣ ਤੋਂ ਪ੍ਰਕਿਰਤੀ ਵਿੱਚ ਹੋਏ ਧਮਾਕੇ ਆਦਿ ਦੀ ਅਵਾਜ਼ ਹੋਣੀ।

ਚਾਰ ਪਦਾਰਥ

੧. ਧਰਮ = ਧਰਮ ਦੀ ਪ੍ਰਾਪਤੀ। **੨. ਅਰਥ** = ਸੰਸਾਰੀ ਪਦਾਰਥਾਂ ਦੀ ਪ੍ਰਾਪਤੀ।

੩. ਕਾਮ = ਕਾਮਨਾ ਪੂਰੀ ਹੋਣੀ। **੪. ਮੋਖ** = ਮੁਕਤੀ ਪ੍ਰਾਪਤ ਹੋ ਜਾਣੀ।

ਚਾਰ ਪ੍ਰਕਾਰ ਦੀਆਂ ਇੱਛਾਵਾਂ

੧. ਇੱਛਾ = ਅਪ੍ਰਾਪਤ ਵਸਤੂਆਂ ਦੀ ਅਭਿਲਾਖਾ, ਖ੍ਵਾਹਿਸ਼, ਜਿਵੇਂ ਧ੍ਰੂ ਭਗਤ ਜੀ ਨੇ ਕੀਤੀ, ਜੈਸਾ ਕਿ:

ਅਪਨੇ ਲੋਭ ਕਉ ਕੀਨੋ ਮੀਤੁ ॥ ਸਗਲ ਮਨੋਰਥ ਮੁਕਤਿ ਪਦੁ ਦੀਤੁ ॥ (ਅੰਗ ੧੯੫)

੨. ਪਰ-ਇੱਛਾ = ਪਰਾਏ ਦੇ ਪ੍ਰੇਰਿਆਂ ਹੋਇਆਂ ਇੱਛਾ ਕਰਨੀ **ਵਾ:** ਆਪ ਨੂੰ ਕੋਈ ਇੱਛਾ ਨਾ ਹੋਣੀ, ਪਰਾਇਆਂ ਵਾਸਤੇ ਇੱਛਾ ਕਰਨੀ।

੩. ਸਵੈ-ਇੱਛਾ = ਆਪਣੇ ਪ੍ਰਯੋਜਨ ਲਈ ਇੱਛਾ ਕਰਨੀ। ਜੈਸਾ ਕਿ :

ਅਪੁਨੈ ਸੁਆਇ ਰਿਦੈ ਲੈ ਧਾਰਿਆ ॥ (ਅੰਗ ੧੯੫)

੪. ਅਨ-ਇੱਛਾ = ਇੱਛਾ ਤੋਂ ਰਹਿਤ ਹੋ ਜਾਣਾ, ਪਰ ਪਦਾਰਥ ਪ੍ਰਾਪਤ ਹੋਈ ਜਾਣੇ।

ਚਾਰ ਹੋਰ ਇੱਛਾਵਾਂ : ਜੋ ਗੁਰਬਾਣੀ ਅੰਦਰ ਸਤਿਗੁਰੂ ਜੀ ਨੇ ਇਸ ਪ੍ਰਕਾਰ ਦੱਸੀਆਂ ਹਨ ਅਤੇ ਉਨ੍ਹਾਂ ਦੀ ਪੂਰਤੀ ਭੀ ਦਰਸਾਈ ਹੈ :

੧. ਮੇਰੇ ਕਿਸੇ ਕਾਰਜ ਵਿੱਚ ਵਿਘਨ ਨਾ ਪਵੇ।

੨. ਸਾਰੇ ਮੇਰਾ ਸਤਿਕਾਰ ਕਰਨ ਅਤੇ ਸਾਰੇ ਪਾਸੇ ਮੇਰੀ ਵਡਿਆਈ ਹੋਵੇ।

੩. ਮੈਨੂੰ ਸਦਾ ਸੁੱਖ ਪ੍ਰਾਪਤ ਹੋਵੇ।

੪. ਮੈਨੂੰ ਪਰਮੇਸ਼ਰ ਦੀ ਪ੍ਰਾਪਤੀ ਹੋਵੇ। ਜੈਸਾ ਕਿ :

ਜਿਨੀ ਗੁਰਮੁਖਿ ਨਾਮੁ ਧਿਆਇਆ ਤਿਨਾ ਫਿਰਿ ਬਿਘਨੁ ਨ ਹੋਈ ਰਾਮ ਰਾਜੇ ॥
ਜਿਨੀ ਸਤਿਗੁਰੁ ਪੁਰਖੁ ਮਨਾਇਆ ਤਿਨ ਪੂਜੇ ਸਭੁ ਕੋਈ ॥
ਜਿਨ੍ੀ ਸਤਿਗੁਰੁ ਪਿਆਰਾ ਸੇਵਿਆ ਤਿਨ੍ਾ ਸੁਖੁ ਸਦ ਹੋਈ ॥
ਜਿਨ੍ਾ ਨਾਨਕੁ ਸਤਿਗੁਰੁ ਭੇਟਿਆ ਤਿਨ੍ਾ ਮਿਲਿਆ ਹਰਿ ਸੋਈ ॥ ੨ ॥

(ਅੰਗ ੪੫੧)

ਚਾਰ ਪ੍ਰਕਾਰ ਦੇ ਭਗਤ

੧. ਅਰਥਾ ਅਰਥੀ ਭਗਤ = ਜੋ ਕਿਸੇ ਕਾਮਨਾ ਨੂੰ ਲੈ ਕੇ ਭਗਤੀ ਕਰਦੇ ਹਨ।

੨. ਆਰਤ ਭਗਤ=ਦੁਖੀ ਹੋ ਕੇ ਪਰਮੇਸ਼ਰ ਨੂੰ ਚੇਤੇ ਕਰਨਾ, ਜਿਵੇਂ ਧ੍ਰੂ, ਪ੍ਰਹਿਲਾਦ ਭਗਤ ਜੀ ਆਦਿ।

੩. ਅਨਿੰਨ ਭਗਤ = ਜੋ ਕਿਸੇ ਹੋਰ ਨੂੰ ਨਹੀਂ ਮੰਨਦੇ, ਜਿਵੇਂ ਭਗਤ ਨਾਮਦੇਵ ਜੀ, ਭਗਤ ਕਬੀਰ ਜੀ

ਹੋਏ ਹਨ। ਭਾਵ ਜੋ ਇੱਕ ਪਰਮੇਸ਼ਰ ਦੇ ਨਾਮ ਤੋਂ ਬਿਨਾਂ ਕਿਸੇ ਚੀਜ਼ ਦੀ ਇੱਛਾ ਨਹੀਂ ਰੱਖਦੇ। ਜੈਸਾ ਕਿ :

ਦਾਸ ਅਨਿੰਨ ਮੇਰੋ ਨਿਜ ਰੂਪ॥ **(ਅੰਗ ੧੨੫੨)**

੪. ਗਿਆਨੀ ਭਗਤ = ਜੋ ਗਿਆਨ ਦੇ ਸਹਿਤ ਅਰਾਧਦੇ ਹਨ, ਜਿਵੇਂ ਭਾਈ ਮਨੀ ਸਿੰਘ ਜੀ, ਬਾਬਾ ਦੀਪ ਸਿੰਘ ਜੀ, ਬਾਬਾ ਬੁੱਢਾ ਜੀ ਆਦਿ। ਜੈਸਾ ਕਿ :

ਕਹੁ ਨਾਨਕ ਕਿਰਪਾ ਭਈ ਭਗਤੁ ਭਿਆਨੀ ਸੋਇ॥ **(ਅੰਗ ੨੫੧)**

ਚਾਰ ਔਗੁਣ ਹਲਕੇ ਕੁੱਤੇ ਦੇ ਹਨ

੧. ਪੂਛ ਸਿੱਧੀ ਹੋ ਜਾਣੀ। **੨.** ਮੂੰਹ ਵਿੱਚੋਂ ਝੱਗ ਸੁੱਟਦਾ ਹੈ।

੩. ਪਾਣੀ ਕੋਲੋਂ ਡਰਦਾ ਹੈ। **੪.** ਆਪਣੇ ਪਰਾਏ ਦੀ ਪਛਾਣ ਨਹੀਂ ਕਰਦਾ।

ਚਾਰ ਔਗੁਣ : ਇਸੇ ਤਰ੍ਹਾਂ ਨਾਮਹੀਣ ਸਾਕਤ ਪੁਰਖ ਵਿੱਚ ਹਨ

੧. ਪੂਛ ਸਿੱਧੀ ਇਹੋ ਹੈ, ਹੱਥ ਸਿੱਧਾ ਰਹਿਣਾ, ਹਰ ਇੱਕ ਤੋਂ ਮੰਗਦਾ ਹੀ ਰਹਿੰਦਾ ਹੈ।

੨. ਸਤਿਪੁਰਸ਼ਾਂ, ਗੁਰੂ, ਵਾਹਿਗੁਰੂ ਪਰਮੇਸ਼ਰ ਦੀ ਨਿੰਦਿਆ ਕਰਨ ਰੂਪੀ ਝੱਗ ਸੁੱਟਦਾ ਰਹਿੰਦਾ ਹੈ।

੩. ਸਾਧਸੰਗਤ ਰੂਪੀ ਜਲ ਤੋਂ ਡਰਦਾ ਹੈ।

੪. ਆਪਣੇ ਪਰਾਏ ਦੀ ਪਛਾਣ ਨਹੀਂ, ਸਭ ਨਾਲ ਹੀ ਠੱਗੀ ਮਾਰ ਜਾਂਦਾ ਹੈ।

ਦਰਸ਼ਨ ਚਾਰ ਪ੍ਰਕਾਰ ਦੇ ਹਨ

੧. ਸੁਪਨ ਦਰਸ਼ਨ = ਸੁਪਨੇ ਦੇ ਵਿੱਚ ਗੁਰੂ ਨਾਨਕ ਦੇਵ ਜੀ ਜਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਹੋਣੇ, ਇਹ ਸੁਪਨ ਦਰਸ਼ਨ ਹਨ।

੨. ਚਿੱਤਰ ਦਰਸ਼ਨ = ਸਤਿਗੁਰੂ ਕਲਗ਼ੀਧਰ ਦੇ ਸਰੂਪ ਦਾ ਚੇਤਾ ਆਉਣਾ ਕਿ ਇਹੋ ਜਿਹੇ ਸਿੰਘ ਸਜਾਏ ਹਨ, ਪਾਤਸ਼ਾਹ ਨੇ ਆਪਣਾ ਬਾਣਾ ਦਿੱਤਾ ਹੈ। ਇਹ ਜਗਿਆਸੂ ਸਿੱਖ ਲਈ ਚਿੱਤਰ ਦਰਸ਼ਨ ਹਨ ਜਾਂ ਗੁਰੂ ਸਾਹਿਬਾਨ ਦੀ ਤਸਵੀਰਾਂ ਦੇਖ ਕੇ ਚੇਤੇ ਆ ਜਾਣਾ, ਚਿੱਤਰ ਦਰਸ਼ਨ ਹਨ।

੩. ਸ੍ਰਵਣ ਦਰਸ਼ਨ = ਗੁਰਬਾਣੀ ਦੁਆਰਾ ਗੁਣ ਸੁਣਨੇ, ਇਹ ਸ੍ਰਵਣ ਦਰਸ਼ਨ ਹਨ।

੪. ਪ੍ਰਤੱਖ ਦਰਸ਼ਨ = ਗੁਰੂ ਸਾਹਿਬ ਪ੍ਰਗਟ ਹੋ ਜਾਣ, ਭਰਮ ਕੱਟਿਆ ਜਾਵੇ, ਜੋਤਿ ਬਾਹਰ ਪ੍ਰਗਟ ਹੋ ਜਾਵੇ, ਇਹ ਸਾਖਿਆਤਤਾਕਾਰ ਭਾਵ ਪ੍ਰਤੱਖ ਦਰਸ਼ਨ ਹਨ। ਸੋ ਇਸ ਪ੍ਰਕਾਰ ਦੀ ਅਵਸਥਾ ਵਿੱਚ ਪ੍ਰੇਮ ਦਾ ਉਛਾਲਾ ਉੱਠਦਾ ਹੈ ਕਿ ਕਿਵੇਂ ਹਰੀ ਵਾਹਿਗੁਰੂ ਨੂੰ ਮਿਲਿਆ ਜਾਵੇ, ਜੋ ਸਰਬ-ਕਲਾ ਭਰਪੂਰ ਵਿਆਪਕ ਹੈ।

ਬੱਜਰ ਪਾਪ

੧. ਬ੍ਰਹਮ ਗਿਆਨੀ ਦਾ ਮਾਰਨਾ। **੨.** ਗਊ ਦਾ ਮਾਰਨਾ।

੩. ਚੋਰੀ ਵਾ: ਲੜਕੀ ਦਾ ਮਾਰਨਾ। **੪.** ਵਿਭਚਾਰੀ ਪਾਪੀ ਪੁਰਸ਼ ਦਾ ਧਨ ਖਾਣਾ।

ਬ੍ਰਹਮਣ ਕੈਲੀ ਘਾਤੁ ਕੰਞਕਾ, ਅਣਚਾਰੀ ਕਾ ਧਾਨੁ॥ **(ਅੰਗ ੧੪੧੩)**

ਚਾਰ ਬੱਜਰ ਕੁਰਹਿਤਾਂ

ਹਰਫ ਹਕਾਇਤ ਅਸਤ ਅਜੀ ਪੰਜ ਕਾਫ॥
ਬਿਦਾਨੰਦ ਬਾਵਰਨ ਗੋਯਮ ਖਿਲਾਫ॥ ੩॥
ਹੁਕਾ ਹਜਾਮਤ ਹਲਾਲੋ ਹਰਾਮ॥
ਬਾਰੀਸ਼ੇ ਹਿਨਾ ਕਰਦ ਰੂ ਸਿਆਹ ਫਾਮ॥ ੪॥

੧. **ਹੁੱਕਾ** = ਤੁਮਾਕੂ, ਸ਼ਰਾਬ ਆਦਿ ਕਿਸੇ ਪ੍ਰਕਾਰ ਦਾ ਨਸ਼ਾ ਨਹੀਂ ਵਰਤਣਾ।

੨. **ਹਜਾਮਤ** = ਕੇਸਾਂ ਦੀ ਬੇਅਦਬੀ ਨਹੀਂ ਕਰਨੀ, ਕੇਸ ਕਾਲੇ ਨਹੀਂ ਕਰਨੇ।

੩. **ਹਲਾਲੋ** = ਮਾਸ ਨਹੀਂ ਖਾਣਾ।

੪. **ਹਰਾਮ** = ਪੁਰਸ਼ ਨੇ ਪਰਾਈ ਇਸਤਰੀ ਨਾਲ ਤੇ ਇਸਤਰੀ ਨੇ ਪਰਾਏ ਪੁਰਸ਼ ਨਾਲ (ਸਰੀਰਕ) ਸੰਬੰਧ ਨਹੀਂ ਬਣਾਉਣਾ।

ਚਾਰ ਆਸਣ

੧. **ਸਿੱਧਾਸਣ** = ਖੱਬੇ ਪੈਰ ਦੀ ਅੱਡੀ ਗੁਦਾ ਉੱਪਰ ਅਤੇ ਸੱਜੇ ਪੈਰ ਦੀ ਅੱਡੀ ਲਿੰਗ ਉੱਪਰ ਰੱਖ ਕੇ ਬੈਠਣਾ।

੨. **ਪਦਮਾਸਨ** = ਸੱਜੇ ਪੱਟ 'ਤੇ ਖੱਬਾ ਪੈਰ, ਖੱਬੇ ਪੱਟ 'ਤੇ ਸੱਜਾ ਪੈਰ, ਪਿੱਠ ਪਿੱਛੋਂ ਦੀ ਹੱਥ ਕਰਕੇ ਸੱਜੇ ਹੱਥ ਨਾਲ ਸੱਜੇ ਪੈਰ ਦਾ ਅੰਗੂਠਾ ਤੇ ਖੱਬੇ ਹੱਥ ਨਾਲ ਖੱਬੇ ਪੈਰ ਦਾ ਅੰਗੂਠਾ ਫੜਨਾ। ਛਾਤੀ ਤੋਂ ਚਾਰ ਉਂਗਲ ਦੀ ਵਿੱਥ 'ਤੇ ਠੋਡੀ ਰੱਖ ਕੇ, ਨੱਕ ਦੀ ਨੋਕ ਉੱਪਰ ਨਜ਼ਰ ਜਮਾਉਣੀ, ਇਸ ਦਾ ਨਾਮ ਪਦਮਾਸਨ ਹੈ।

੩. **ਸਿੰਹਾਸਨ** = ਗੁਦਾ ਅਤੇ ਲਿੰਗ ਦੇ ਵਿਚਕਾਰ ਜੋ ਸਿਉਣ ਹੈ, ਉਸ ਦੇ ਉੱਪਰ ਪੈਰਾਂ ਦੇ ਗਿੱਟੇ ਜਮਾ ਕੇ ਬੈਠਣਾ। ਗੋਡਿਆਂ 'ਤੇ ਦੋਵੇਂ ਹੱਥ ਰੱਖ ਕੇ ਨੱਕ ਦੀ ਨੋਕ 'ਤੇ ਟਕ-ਟਕੀ ਲਾਉਣੀ।

੪. **ਭੱਦ੍ਰਾਸਨ** = ਸਿਉਣ 'ਤੇ ਰੱਖੇ ਪੈਰਾਂ ਦੇ ਅੰਗੂਠੇ ਪਦਮਾਸਨ ਵਾਂਗ ਫੜਨ ਤੋਂ ਸਿੰਹਾਸਨ ਤੋਂ ਹੀ ਭੱਦ੍ਰਾਸਨ ਬਣ ਜਾਂਦਾ ਹੈ।

ਚਾਰ ਪ੍ਰਕਾਰ ਦੇ ਦੋਸ਼

੧. **ਅਤੀ ਵਿਆਪਤੀ ਦੋਸ਼** = ਜੋ ਲਖਸ਼ ਵਿੱਚ ਵਰਤ ਕੇ ਅਲਖਸ਼ ਵਿੱਚ ਵਰਤ ਜਾਵੇ, ਉਸ ਨੂੰ ਅਤੀ ਵਿਆਪਤੀ ਦੋਸ਼ ਕਹਿੰਦੇ ਹਨ, ਲਖਸ਼=ਦੱਸੀ ਵਸਤੂ ਵਿੱਚ ਵਰਤ ਕੇ ਅਲਖਸ਼=ਨਾ ਦੱਸੀ ਵਸਤੂ ਵਿੱਚ ਵਰਤ ਜਾਵੇ, ਜੈਸਾ ਕਿ :

ਲਖਸ਼ ਵਰਤਤ੍ਵੈ ਸਤੀ, ਅਲਖਸ਼ ਵਰਤਤ੍ਵੰ ਅਤੀ ਵਿਆਪਤੀ ਅਤ੍ਵੰ॥

ਜਿਵੇਂ ਕਿ ਸਿੰਗੁਤ੍ਵੰ ਗੌਅਤ੍ਵੰ=ਸਿੰਗਾਂ ਵਾਲੀ ਗਊ ਹੈ। ਸਿੰਗਾਂ ਵਾਲੇ ਤਾਂ ਹੋਰ ਪਸ਼ੂ ਮੱਝ, ਬੱਕਰੀ, ਬਲਦ, ਆਦਿ ਵੀ ਹੁੰਦੇ ਹਨ। ਇਸ ਤਰ੍ਹਾਂ ਇਹ ਲਖਣ ਉਹਨਾਂ ਵਿੱਚ ਵੀ ਘੱਟ ਗਿਆ।

੨. **ਅਵਿਆਪਤੀ ਦੋਸ਼** = ਜੋ ਲਖਸ਼ ਦੇ ਇਕ ਦੋਸ਼ ਵਿੱਚ ਵਰਤੇ, ਉਹ ਅਵਿਆਪਤੀ ਦੋਸ਼ ਹੁੰਦਾ ਹੈ, ਜੈਸਾ ਕਿ :

ਲਖਸ਼ ਏਕ ਦੇਸ ਵਰਤਤ੍ਵੰ ਆਵਿਆਪਤੀ ਅਤ੍ਵੰ॥

ਜਿਵੇਂ ਕਿ ਕਪਲਤ੍ਵੰ ਗੌਅਤ੍ਵੰ=ਕਪਲਾ ਗਊ ਦੀਆਂ ਨਸਲਾਂ ਵਿੱਚੋਂ ਕਪਲਾ ਇਕ ਨਸਲ ਦੀ ਗਊ, ਜਿਸ ਦੇ ਥਣਾਂ 'ਤੇ ਚਟਾਂਕ ਹੁੰਦੇ ਹਨ। ਇਹ ਵੀ ਗਊ ਹੀ ਹੁੰਦੀ ਹੈ, ਪਰ ਇਹ ਲਖਸ਼ ਦੇ ਇਕ ਹਿੱਸੇ ਵਿੱਚ ਵਰਤਿਆ, ਕਿਉਂਕਿ ਬਾਕੀ ਭੀ ਗਊਆਂ ਹੁੰਦੀਆਂ ਹਨ। ਪਰ ਉਹ ਕਪਲਾ ਨਹੀਂ ਹੁੰਦੀਆਂ ਤੇ ਇਹ ਲਖਸ਼ ਉਨ੍ਹਾਂ ਵਿੱਚ ਨਹੀਂ ਵਰਤਿਆ। ਇਸ ਕਰਕੇ ਇਸ ਨੂੰ ਅਵਿਆਪਤੀ ਦੋਸ਼ ਕਹਿੰਦੇ ਹਨ।

੩. ਗੌਰਵਤਾ ਦੋਸ਼ = ਜੋ ਅਰਥ ਥੋੜ੍ਹੇ ਪਦਾਂ ਨਾਲ ਸਿੱਧ ਹੋ ਸਕਦਾ ਹੋਵੇ, ਪਰ ਉਸ ਨੂੰ ਬਹੁਤੇ ਪਦ ਉਚਾਰ ਕੇ ਸਿੱਧ ਕਰਨਾ, ਇਹ ਗੌਰਵਤਾ ਦੋਸ਼ ਹੁੰਦਾ ਹੈ। ਜੈਸਾ ਕਿ :

ਸ੍ਵਲਪ ਵਰਣਪਦ ਅਰਥ ਸਿਧੇ, ਅਧਿਕਪਦ ਵਰਨ ਪ੍ਰਣੇਮਣਮ ਗੌਰਵਤਾ।

੪. ਅਸੰਭਵ ਦੋਸ਼ = ਜੋ ਲਖਸ਼ ਮਾਤ੍ਰ ਵਿੱਚ ਵਰਤੇ ਹੀ ਨਾ, ਉਸ ਨੂੰ ਅਸੰਭਵ ਦੋਸ਼ ਕਹੀਦਾ ਹੈ। ਜੈਸਾ ਕਿ :

ਲਖਸ਼ ਮਾਤ੍ਰ ਆਵਰਤਤ੍ਵੰ ਅਸੰਭਵ ਦੋਸ਼ਤ੍ਵੰ॥

ਜਿਵੇਂ ਏਕ ਸੁਫਤ੍ਵੰ ਗੌਅਤ੍ਵੰ=ਇਕ ਸੁੰਮ ਵਾਲੀ ਗਊ ਹੈ, ਪਰ ਉਹ ਹੁੰਦੀ ਹੀ ਨਹੀਂ, ਇਸ ਕਰਕੇ ਇਹ ਅਸੰਭਵ ਦੋਸ਼ ਹੋ ਜਾਵੇਗਾ, ਕਿਉਂਕਿ ਇਕ ਸੁੰਮ ਘੋੜੇ ਜਾਂ ਖੱਚਰ ਆਦਿ ਦੇ ਹੁੰਦਾ ਹੈ, ਪਰ ਗਊ ਦਾ ਨਹੀਂ, ਲਖਸ਼ਣ ਗਊ ਦਾ ਕੀਤਾ ਸੀ ਪਰ ਵਰਤ ਘੋੜੇ ਆਦਿ ਵਿੱਚ ਗਿਆ। ਜੋ ਦੱਸੀ ਚੀਜ਼ ਵਿੱਚ ਵਰਤੇ ਹੀ ਨਾ, ਪਰ ਨਾ ਦੱਸੀ ਚੀਜ਼ ਵਿੱਚ ਵਰਤ ਜਾਵੇ, ਉਹ ਅਸੰਭਵ ਦੋਸ਼ ਹੈ।

ਚਾਰ ਪ੍ਰਕਾਰ ਦੇ ਕਵੀ

ਦੋਹਰਾ: ਏਕ ਕਵੀ ਹੈ ਭਾਰਜਾ, ਏਕ ਕਵੀ ਹੈ ਪੂਤ।
ਏਕ ਕਵੀ ਹੈ ਮਿਤ੍ਰਬਰ, ਏਕ ਕਵੀ ਅਵਧੂਤ।
ਕੌਣ ਕਵੀ ਹੈ ਭਾਰਜਾ, ਕੌਣ ਕਵੀ ਹੈ ਪੂਤ?
ਕੌਣ ਕਵੀ ਹੈ ਮਿਤ੍ਰਬਰ ਕੌਣ ਕਵੀ ਅਵਧੂਤ?
ਕਾਵਿ ਚੁਰਾਏ ਭਾਰਜਾ, ਅਰਥ ਚੁਰਾਏ ਪੂਤ।
ਦ੍ਰਿਸ਼ਟਾਂਤ ਚੁਰਾਏ ਮਿਤ੍ਰਬਰ, ਸੁਤੇ ਰਚੇ ਅਵਧੂਤ।

(ਲੌਕਿਕ ਪ੍ਰਮਾਣ)

੧. ਜੋ ਕਿਸੇ ਦੀ ਕਵਿਤਾ ਚੁਰਾਉਂਦਾ ਹੈ, ਉਹ ਇਸਤਰੀ ਕਵੀ ਹੈ।

੨. ਜਿਹੜਾ ਕਿਸੇ ਦੇ ਅਰਥ ਚੁਰਾਉਂਦਾ ਹੈ, ਉਹ ਪੁੱਤ੍ਰ ਕਵੀ ਹੈ।

੩. ਜੋ ਕਿਸੇ ਦੇ ਦ੍ਰਿਸ਼ਟਾਂਤ ਚੁਰਾਉਂਦਾ ਹੈ, ਉਹ ਮਿਤ੍ਰ ਕਵੀ ਹੈ।

੪. ਜੋ ਸੁਤੇ-ਸਿੱਧ ਆਪ ਕਵਿਤਾ ਲਿਖਦਾ ਹੈ, ਉਹ ਅਵਧੂਤ ਭਾਵ ਸ਼ੁੱਧ ਕਵੀ ਹੈ।

ਉਦਾਸੀ ਸੰਪ੍ਰਦਾ ਦੇ ਚਾਰ ਧੂੰਣੇ

ਉਦਾਸੀ ਸੰਪ੍ਰਦਾ ਸਿੱਖ ਕੌਮ ਦਾ ਇਕ ਅੰਗ ਹੈ। ਇਹ ਪੰਥ ਬਾਬਾ ਸ੍ਰੀ ਚੰਦ ਜੀ ਤੋਂ ਚੱਲਿਆ ਹੈ, ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤਰ ਸਨ। ਬਾਬਾ ਗੁਰਦਿੱਤਾ ਜੀ ਇਨ੍ਹਾਂ ਦੇ ਪਹਿਲੇ ਚੇਲੇ ਬਣੇ। ਅੱਗੇ ਬਾਬਾ ਗੁਰਦਿੱਤਾ ਜੀ ਦੇ ਚਾਰ ਚੇਲੇ ਹੋਏ ਹਨ :

੧. ਬਾਲੂ ਹਸਨਾ **੨.** ਅਲਸਮਤ

੩. ਫੂਲ ਸ਼ਾਹ **੪.** ਗੋਂਦਾ ਅਥਵਾ ਗੋਇੰਦ ਜੀ ਕਰਣੀ ਵਾਲੇ ਸਾਧ ਹੋਏ ਹਨ।

ਜੈਸਾ ਕਿ :

ਬਾਲੂ ਹਸਨਾ ਫੂਲ ਪੁਨ, ਗੋਂਦਾ ਅਰੁ ਅਲਮਸਤ।
ਮੁੱਖ ਉਦਾਸੀ ਇਹ ਭਏ, ਬਹੁਰੋਂ ਸਾਧੁ ਸਮਸਤ।

(ਸ੍ਰੀ. ਗੁ. ਪ੍ਰ. ਸੂ. ਗ੍ਰੰਥ)

ਇਨ੍ਹਾਂ ਚਾਰ ਧੂਣਿਆਂ ਨਾਲ ਛੇ ਬਖ਼ਸ਼ਿਸ਼ਾਂ ਮਿਲ ਕੇ, ਦਸ ਨਾਮੀ ਉਦਾਸੀ ਸਾਧ ਕਹੇ ਜਾਂਦੇ ਹਨ। ਛੇ ਬਖ਼ਸ਼ਿਸ਼ਾਂ ਦਾ ਵੇਰਵਾ ਅੰਕ ੬ ਦੀ ਗਿਣਤੀ ਵਿੱਚ ਦੇਖੋ।

ਉਪਮਾ ਦੇ ਚਾਰ ਅੰਗ

੧. ਉਪਮਾਨ = ਜਿਸ ਦੀ ਤੁਲਣਾ ਕਿਸੇ ਨੂੰ ਦੇਈਏ, ਜਿਵੇਂ ਕਿ ਚੰਦਰਮਾ ਦੀ ਉਪਮਾ ਮੁੱਖ ਨੂੰ ਦਿੱਤੀ ਜਾਂਦੀ ਹੈ, ਇਹ ਉਪਮਾਨ ਹੈ।

੨. ਉਪਮੇਯ = ਜਿਸ ਨੂੰ ਤੁਲਣਾ ਦੇਈਏ, ਜਿਵੇਂ ਮੁਖ ਚੰਦਰਮਾ ਸਮਾਨ ਕਲਪਿਆ ਜਾਂਦਾ ਹੈ।

੩. ਧਰਮ = ਉਪਮਾਨ ਅਤੇ ਉਪਮੇਯ ਵਿੱਚ ਸਮਾਨ ਗੁਣ, ਜਿਵੇਂ ਚੰਦਰਮਾ ਅਤੇ ਮੁੱਖ ਵਿੱਚ ਪ੍ਰਕਾਸ਼ ਅਤੇ ਸ਼ੋਭਾ ਹੈ।

੪. ਵਾਚਕ = ਵਾਚਕ ਉਸ ਨੂੰ ਕਹਿੰਦੇ ਹਨ, ਜੋ ਉਪਮਾਨ ਅਤੇ ਉਪਮੇਯ ਸਾਧਾਰਣ ਧਰਮ ਨੂੰ ਤੁੱਲ ਬੋਧਨ ਕਰੇ, ਜੈਸਾ ਕਿ, ਜੈਸਾ ਤੈਸਾ, ਤਿਉਂ, ਜਿਉਂ, ਸਭ, ਸੋ, ਸਾ, ਜਥਾ, ਵਰਗਾ ਆਦਿਕ ਸ਼ਬਦ ਵਾਚਕ ਕਹਾਉਂਦੇ ਹਨ, ਉਪਰੋਕਤ ਦੱਸੇ ਚਾਰੇ ਅੰਗ ਜਿਸ ਉਪਮਾ ਵਿੱਚ ਪਾਏ ਜਾਣ, ਉਹ ਪੂਰਣੋਪਮਾ ਅਲੰਕਾਰ ਹੈ।

ਚਾਰ ਆਸ਼ਰਮ

੧. ਬ੍ਰਹਮਚਰਯ = ਜਨੇਊ ਧਾਰ ਕੇ ਵੇਦ ਪੜ੍ਹਨ ਵਾਸਤੇ ਗੁਰੂ ਕੋਲ ੨੫ ਸਾਲ ਦੀ ਆਯੂ ਤਕ ਕਾਮ ਆਦਿਕ ਵਿਸ਼ੇ-ਵਿਕਾਰਾਂ ਨੂੰ ਤਿਆਗ ਕੇ ਬ੍ਰਹਮ ਵਿੱਦਿਆ ਪੜ੍ਹਨੀ।

੨. ਗ੍ਰਿਹਸਥ = ਇਸ ਉਪਰੰਤ ਗੁਰੂ-ਦਖਣਾ ਦੇ ਕਰਕੇ ਵਾਪਸ ਘਰ ਵਿੱਚ ਆ ਕੇ ਵਿਆਹ ਕਰਾਉਣਾ, ਇਉਂ ੫੦ ਸਾਲ ਦੀ ਉਮਰ ਤਕ ਗ੍ਰਿਹਸਤੀ ਜੀਵਨ ਬਤੀਤ ਕਰਨਾ।

੩. ਬਾਣਪ੍ਰਸਤ = ਇਸ ਤੋਂ ਉਪਰੰਤ ਇਸਤ੍ਰੀ ਸਮੇਤ ਅਥਵਾ ਇਕੱਲਾ ਹੀ ਬਨ ਵਿੱਚ ਰਹਿ ਕੇ ਅਗਨੀ ਹੋਤ੍ਰ ਆਦਿਕ ਕਰਮ ਕਰਦੇ ਹੋਇਆਂ, ਇਕਾਂਤਮਈ ਜੀਵਨ ਬਤੀਤ ਕਰਨਾ। ਇਉਂ ੭੫ ਸਾਲ ਦੀ ਅਵਸਥਾ ਤਕ ਰਹਿਣਾ।

੪. ਸੰਨਿਆਸ = ਇਸ ਤੋਂ ਬਾਅਦ ਸੰਨਿਆਸ ਧਾਰ ਕੇ ਸਾਰੇ ਕਰਮਕਾਂਡਾਂ ਦਾ ਤਿਆਗ ਕਰ ਕੇ ਭਿੱਖਿਆ ਮੰਗ ਕੇ ਜੀਵਨ ਬਤੀਤ ਕਰਨਾ, ਇਉਂ ੧੦੦ ਸਾਲ ਦੀ ਆਯੂ ਮੰਨ ਕੇ ੪ ਚਾਰ ਆਸ਼੍ਰਮ ਇਸਥਿਤ ਕੀਤੇ ਹਨ।

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਚਾਰ ਸਾਹਿਬਜ਼ਾਦੇ

੧. **ਬਾਬਾ ਅਜੀਤ ਸਿੰਘ ਜੀ** = ਕਲਗ਼ੀਧਰ ਜੀ ਦੇ ਵੱਡੇ ਸਪੁੱਤ੍ਰ ਬਾਬਾ ਅਜੀਤ ਸਿੰਘ ਜੀ, ਜਿਨ੍ਹਾਂ ਦਾ ਜਨਮ ਮਾਤਾ ਸੁੰਦਰ ਕੌਰ ਜੀ ਦੇ ਉਦਰ ਤੋਂ ੨੩ ਮਾਘ, ਸੰਮਤ ੧੭੪੩ ਨੂੰ ਹੋਇਆ ਅਤੇ ਚਮਕੌਰ ਦੇ ਧਰਮ ਯੁੱਧ ਵਿੱਚ ਵੱਡੀ ਵੀਰਤਾ ਨਾਲ ੮ ਪੋਹ, ਸੰਮਤ ੧੭੬੧ ਨੂੰ ਸ਼ਹੀਦ ਹੋਏ।

੨. **ਬਾਬਾ ਜੁਝਾਰ ਸਿੰਘ ਜੀ** = ਮਾਤਾ ਅਜੀਤ ਕੌਰ ਜੀ ਦੇ ਉਦਰ ਤੋਂ ਸੰਮਤ ੧੭੪੭ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਧਰਮਵੀਰ ਸਪੁੱਤ੍ਰ ਦਾ ਜਨਮ ਹੋਇਆ ਅਤੇ ੮ ਪੋਹ ੧੭੬੧ ਨੂੰ ਚਮਕੌਰ ਦੇ ਮੈਦਾਨ ਵਿੱਚ ਬੜੀ ਵੀਰਤਾ ਨਾਲ ਸ਼ਹੀਦੀ ਪ੍ਰਾਪਤ ਕੀਤੀ। ਦਸਮੇਸ਼ ਜੀ ਦੇ ਹਜ਼ੂਰ ਕਵੀ ਸੈਨਾਪਤਿ ਚਮਕੌਰ ਦੇ ਜੰਗ ਵਿੱਚ ਬਾਬਾ ਜੁਝਾਰ ਸਿੰਘ ਜੀ ਦੀ ਬਹਾਦਰੀ ਦਾ ਜ਼ਿਕਰ ਕਰਦਾ ਹੈ। ਜੈਸਾ ਕਿ :

ਜਬ ਦੇਖਿਓ ਜੁਝਾਰ ਸਿੰਘ, ਸਮਾ ਪਹੂਚਯੋ ਆਨ,
ਦੌਰਯੋ ਦਲ ਮੇ ਧਾਇਕੈ, ਕਰ ਮੇ ਗਹੀ ਕਮਾਨ।

੩. **ਬਾਬਾ ਜ਼ੋਰਾਵਰ ਸਿੰਘ ਜੀ** = ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਪੁੱਤ੍ਰ, ਜੋ ਮੱਘਰ ਸੁਦੀ ੩, ਸੰਮਤ ੧੭੫੩ ਨੂੰ ਮਾਤਾ ਅਜੀਤ ਕੌਰ ਜੀ ਦੇ ਉਦਰ ਤੋਂ ਅਨੰਦਪੁਰ ਸਾਹਿਬ ਵਿਖੇ ਜਨਮ ਧਾਰਨ ਕੀਤਾ ਅਤੇ ੧੩ ਪੋਹ, ਸੰਮਤ ੧੭੬੧ ਬਿਕ੍ਰਮੀ ਨੂੰ ਸੂਬਾ ਵਜ਼ੀਰ ਖ਼ਾਂ ਦੇ ਹੁਕਮ ਨਾਲ ਨੀਂਹਾਂ ਵਿੱਚ ਚਿਣ ਕੇ ਸ਼ਹੀਦ ਕੀਤੇ ਗਏ।

੪. **ਬਾਬਾ ਫ਼ਤਹਿ ਸਿੰਘ ਜੀ** = ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਪੁੱਤ੍ਰ, ਜੋ ਫੱਗਣ ਸੁਦੀ ੭, ਸੰਮਤ ੧੭੫੫ ਨੂੰ ਮਾਤਾ ਅਜੀਤ ਕੌਰ ਜੀ ਦੇ ਉਦਰ ਤੋਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਜਨਮ ਲਿਆ। ੧੩ ਪੋਹ, ਸੰਮਤ ੧੭੬੧ ਬਿਕ੍ਰਮੀ ਨੂੰ ਸ਼ਹੀਦੀ ਪਾਈ।

ਸ਼ਸਤਰਾਂ ਦੇ ਚਾਰ ਭੇਦ

ਸੰਸਕ੍ਰਿਤ ਦੇ ਵਿਦਵਾਨਾਂ ਨੇ ਸ਼ਸਤਰ ਚਾਰ ਹਿੱਸਿਆਂ ਵਿੱਚ ਵੰਡੇ ਹਨ, ਜੋ ਇਸ ਪ੍ਰਕਾਰ ਹਨ :

੧. **ਮੁਕਤ ਸ਼ਸਤਰ** = ਜੋ ਹੱਥੋਂ ਛੱਡੇ ਜਾਣ, ਜੈਸਾ ਕਿ ਚੱਕਰ।

੨. **ਅਮੁਕਤ ਸ਼ਸਤਰ** = ਜੋ ਹੱਥੋਂ ਨਾ ਛੱਡੇ ਜਾਣ, ਜੈਸਾ ਕਿ ਤਲਵਾਰ, ਕਟਾਰ ਆਦਿ।

੩. **ਮੁਕਤਾਮੁਕਤ ਸ਼ਸਤਰ** = ਜੋ ਹੱਥੋਂ ਛੱਡੇ ਵੀ ਜਾਣ ਅਤੇ ਹੱਥ ਵਿੱਚ ਫੜ ਕੇ ਵਰਤੇ ਵੀ ਜਾਣ, ਜੈਸਾ ਕਿ ਗਦਾ, ਬਰਛੀ ਆਦਿ।

੪. **ਯੰਤ੍ਰਮੁਕਤ ਸ਼ਸਤਰ** = ਜੋ ਕਲਾ ਨਾਲ ਚਲਾਏ ਜਾਣ, ਜੈਸਾ ਕਿ ਤੀਰ, ਗੋਲੀ ਆਦਿ।

ਨੋਟ : ਮੁਕਤ ਸ਼ਸਤਰ ਦੀ ਸੰਗਿਆ ਅਸਤਰ ਵੀ ਹੈ। ਪੁਰਾਣੇ ਸਮੇਂ ਵਿੱਚ ਅਸਤਰਾਂ ਦਾ ਵਗਾਉਣਾ ਮੰਤ੍ਰ ਪੜ੍ਹ ਕੇ ਵੀ ਮੰਨਿਆ ਹੈ। ਜੇ ਕੋਈ ਮੇਘ ਅਸਤਰ ਸਿੱਟਦਾ ਸੀ ਤਾਂ ਉਸ ਦੇ ਜਵਾਬ ਵਿੱਚ ਪਉਣ ਅਸਤਰ ਸੁੱਟਿਆ ਜਾਂਦਾ ਸੀ।

ਮੁਸਲਮਾਨਾਂ ਦੀਆਂ ਚਾਰ ਕਤੇਬਾਂ

੧. ਤੌਰੇਤ **੨.** ਜਬੂਰ **੩.** ਅੰਜੀਲ **੪.** ਕੁਰਾਨ

ਚਾਰ ਪ੍ਰਕਾਰ ਦੀ ਚਰਚਾ

ਵਿਦਵਾਨਾਂ ਨੇ ਚਾਰ ਪ੍ਰਕਾਰ ਦੀ ਚਰਚਾ ਮੰਨੀ ਹੈ :

੧. **ਵਾਦ ਚਰਚਾ** = ਪ੍ਰੇਮ-ਭਾਵ ਨਾਲ ਆਪਸ ਵਿੱਚ ਪ੍ਰਸ਼ਨ-ਉੱਤਰ ਕਰ ਕੇ ਤਸੱਲੀ ਕਰਨੀ।

੨. **ਹਿਤ ਚਰਚਾ** = ਬਿਨਾਂ ਈਰਖਾ ਤੋਂ ਖੰਡਨ ਮੰਡਨ ਕਰਨਾ।

੩. **ਜਲਪ ਚਰਚਾ** = ਆਪਣੇ ਮੱਤ ਦੀ ਪੁਸ਼ਟੀ ਲਈ ਦੂਜੇ ਦੀ ਦਲੀਲ ਨੂੰ ਰੱਦ ਕਰ ਦੇਣਾ।

੪. **ਵਿਤੰਡਾ ਚਰਚਾ** = ਦੂਜੇ ਦਾ ਪੱਖ ਡੇਗਣ ਵਾਸਤੇ ਛਲ, ਹਠ, ਕਪਟ, ਈਰਖਾ ਨਾਲ ਮਿਲੀ ਚਰਚਾ।

ਨੀਤੀ ਦੇ ਚਾਰ ਭੇਦ

੧. **ਸਾਮ** = ਪਿਆਰ ਭਰੇ ਬਚਨਾਂ ਨਾਲ ਵੈਰੀ ਦਾ ਕ੍ਰੋਧ ਸ਼ਾਂਤ ਕਰਨਾ।

੨. **ਦਾਮ** = ਦਾਨ, ਧਨ ਆਦਿਕ ਦਾ ਲੋਭ ਦੇ ਕੇ ਦੁਸ਼ਮਣ ਨੂੰ ਪ੍ਰਸੰਨ ਕਰਨਾ।

੩. **ਦੰਡ** = ਸ਼ਸਤਰ ਅਤੇ ਬਲ ਨਾਲ ਸਜ਼ਾ ਦੇਣੀ।

੪. **ਭੇਦ** = ਫੁੱਟ ਪਾ ਕੇ ਆਪਣਾ ਕਾਰਜ ਸਿੱਧ ਕਰ ਲੈਣਾ।

ਚਾਰ ਬੀਰ

੧. ਹਨੂੰਮਾਨ ੨. ਨਰ ਸਿੰਘ ੩. ਭੈਰਉ ੪. ਲੰਕੁੜਾ

ਅਥਵਾ ਇਹ ਵੀ ਬੀਰ ਮੰਨੇ ਹਨ :

੧. ਰਾਮ ੨. ਲਛਮਣ ੩. ਭਰਥ ੪. ਸ਼ੱਤਰੂਘਨ

ਅੰਮ੍ਰਿਤਸਰ ਦੇ ਜੁੱਗਾਂ ਦੇ ਆਧਾਰ 'ਤੇ ਚਾਰ ਨਾਮ

੧. **ਸਤਿਜੁਗ** ਵਿੱਚ ਇਖਵਾਕ ਸਰ ੨. **ਤ੍ਰੇਤਾ** ਵਿੱਚ ਰਾਮਸਰ

੩. **ਦੁਆਪਰ** ਵਿੱਚ ਸੁਧਾਸਰ ੪. **ਕਲਿਜੁਗ** ਵਿੱਚ ਅੰਮ੍ਰਿਤਸਰ

ਹਿੰਦੂ ਮੱਤ ਅਨੁਸਾਰ ਮਨੁੱਖਾਂ ਦੇ ਚਾਰ ਵਰਨ

੧. ਬ੍ਰਾਹਮਣ ੨. ਖੱਤਰੀ ੩. ਵੈਸ਼ ੪. ਸ਼ੂਦਰ

ਚਾਰ ਪ੍ਰਕਾਰ ਦੇ ਰਾਮ

ਏਕ ਰਾਮ ਦਸਰਥ ਕਾ ਬੇਟਾ। ਏਕ ਰਾਮ ਘਟ ਘਟ ਮੈ ਲੇਟਾ।
ਏਕ ਰਾਮ ਕਾ ਸਗਲ ਪਸਾਰਾ। ਏਕ ਰਾਮ ਸਭਹੂੰ ਤੇ ਨਿਆਰਾ।
ਕੌਣ ਰਾਮ ਦਸਰਥ ਕਾ ਬੇਟਾ। ਕੌਣ ਰਾਮ ਘਟ ਘਟ ਮੈ ਲੇਟਾ।
ਕੌਣ ਰਾਮ ਕਾ ਸਗਲ ਪਸਾਰਾ। ਕੌਣ ਰਾਮ ਸਭਹੂੰ ਤੇ ਨਿਆਰਾ।
ਸਾਕਾਰ ਰਾਮ ਦਸਰਥ ਕਾ ਬੇਟਾ। ਆਕਾਰ ਰਾਮ ਘਟ ਘਟ ਮੈ ਲੇਟਾ।
ਬਿੰਦੂ ਰਾਮ ਕਾ ਸਗਲ ਪਸਾਰਾ। ਨਿਰਗੁਣ ਰਾਮ ਸਭਹੂੰ ਤੇ ਨਿਆਰਾ।

(ਬਾਬਾ ਜੱਲ੍ਹਣ ਜੀ)

੧. ਸਕਾਰ ਰਾਮ = ਪੰਜਾਂ ਤੱਤਾਂ ਦੀ ਦੇਹ ਦੇ ਅਕਾਰ ਨੂੰ ਧਾਰਨ ਕਰਨ ਵਾਲਾ, ਰਾਮ ਚੰਦਰ ਜੀ ਦਸ਼ਰਥ ਦੇ ਪੁੱਤਰ ਹੋਏ।

੨. ਅਕਾਰ ਰਾਮ = ਅਕਾਰ ਰਹਿਤ ਪਰਤਕ ਜੋਤ ਰੂਪ ਹੋ ਕਰਕੇ, ਸਭਨਾਂ ਦੇ ਘਟਾਂ-ਸਰੀਰਾਂ, ਹਿਰਦਿਆਂ-ਹਿਰਦਿਆਂ ਵਿੱਚ ਜੋ ਮਿਲਿਆ ਹੋਇਆ ਹੈ।

੩. ਬਿੰਦੂ ਰਾਮ = ਮਾਇਆ ਸਬਲ ਈਸ਼ਵਰ ਹੋ ਕੇ ਜੋ ਸੰਸਾਰ ਦਾ ਪਸਾਰਾ ਕਰਦਾ ਹੈ।

੪. ਨਿਰਗੁਣ ਰਾਮ = ਜਿਹੜਾ ਤਿੰਨਾਂ ਗੁਣਾਂ ਤੋਂ ਅਤੀਤ ਸ਼ੁੱਧ ਸਰੂਪ ਬ੍ਰਹਮ ਹੈ।

ਚਾਰ ਅਵਸਥਾਵਾਂ

੧. ਘਣ ਸੁਖੋਪਤੀ = ਇਹ ਅਵਸਥਾ ਪੱਥਰਾਂ ਦੇ ਵਿੱਚ ਪਏ ਜੀਵ ਦੀ ਹੈ।

੨. ਸੁਖੋਪਤੀ = ਬ੍ਰਿਛ ਦੇ ਵਿੱਚ ਪਏ ਜੀਵ ਦੀ ਹੈ।

੩. ਸੁਪਨ = ਪਸ਼ੂ ਪੰਛੀਆਂ ਆਦਿ ਜੀਵਾਂ ਦੀ ਹੈ।

੪. ਜਾਗ੍ਰਤ=ਇਹ ਅਵਸਥਾ ਮਨੁੱਖ ਦੀ ਹੈ, ਕਿਉਂਕਿ ਮਨੁੱਖ ਨੂੰ ਜਾਗਦੇ ਦਿਮਾਗ਼ ਵਾਲਾ ਮੰਨਿਆ ਹੈ।

ਅੰਤਰੀਵ ਭਾਵ

੧. ਘਣ ਸੁਖੋਪਤੀ = ਇਹ ਪਾਮਰ ਪੁਰਸ਼ਾਂ ਦੀ ਅਵਸਥਾ ਹੈ, ਜੋ ਪੱਥਰ ਦੀ ਨਿਆਈਂ ਜੜ੍ਹ ਅਵਸਥਾ ਦਾ ਮਾਲਕ ਹੁੰਦਾ ਹੈ, ਜਿਵੇਂ ਪੱਥਰ ਵਿੱਚ ਕੋਈ ਬੀਜ ਨਹੀਂ ਪੈਦਾ ਹੁੰਦਾ, ਇਉਂ ਪਾਮਰ ਪੁਰਖ ਦੇ ਹਿਰਦੇ ਅੰਦਰ ਵੀ ਉਪਦੇਸ਼ ਰੂਪੀ ਬੀਜ ਨਹੀਂ ਜੰਮਦਾ। ਜਿਵੇਂ ਮੂਰਛਿਤ ਹੋਇਆ ਮਨੁੱਖ ਬੁਲਾਇਆਂ ਵੀ ਨਹੀਂ ਬੋਲਦਾ, ਇਉਂ ਇਹ ਪਾਮਰ ਪੁਰਖ ਮੂੜ੍ਹ ਬਿਰਤੀ ਦਾ ਮਾਲਕ ਹੈ। ਜੈਸਾ ਕਿ :

ਮੂਰਖਾ ਸਿਰਿ ਮੂਰਖੁ ਹੈ ਜਿ ਮੰਨੇ ਨਾਹੀ ਨਾਉ॥ ੨॥ (ਅੰਗ ੧੦੧੬)

ਵਾ : **ਮੂਰਖ ਕੇ ਕਿਆ ਲਖਣ ਹੈ ਕਿਆ ਮੂਰਖ ਕਾ ਕਰਣਾ ॥**
ਮੂਰਖੁ ਓਹੁ ਜਿ ਮੁਗਧੁ ਹੈ ਅਹੰਕਾਰੇ ਮਰਣਾ॥

(ਅੰਗ ੯੫੩)

੨. ਸੁਖੋਪਤੀ = ਇਹ ਅਵਸਥਾ ਵਿਸ਼ਈ ਪੁਰਸ਼ ਦੀ ਹੈ। ਸੁਖੋਪਤੀ ਅਵਸਥਾ ਗੂੜ੍ਹੀ ਨੀਂਦ ਨੂੰ ਕਹਿੰਦੇ ਹਨ। ਗੂੜ੍ਹੀ ਨੀਂਦ ਵਿੱਚ ਪਿਆ ਪੁਰਖ ਜਾਗ ਪੈਂਦਾ ਹੈ, ਭਾਵੇਂ ਅੱਖਾ ਜਾਗੇ। ਇਸੇ ਤਰ੍ਹਾਂ ਵਿਸ਼ਈ ਪੁਰਸ਼ ਜੋ ਵਿਸ਼ਿਆਂ ਅਧੀਨ ਹੈ, ਉਪਦੇਸ਼ ਦੇਣ ਵਾਲਾ ਉਸ ਨੂੰ ਉਪਦੇਸ਼ ਦੇ ਕੇ ਜਗਾ ਲੈਂਦਾ ਹੈ, ਭਾਵੇਂ ਉਸ ਤੋਂ ਉਪਦੇਸ਼ ਉੱਪਰ ਅਮਲ ਨਾ ਹੋਵੇ, ਪਰ ਉਸ ਨੂੰ ਇਹ ਸਮਝ ਪੈ ਜਾਂਦੀ ਹੈ ਕਿ ਵਿਸ਼ੇ ਗ਼ਲਤ ਹਨ। ਕਿਤੇ ਨਾ ਕਿਤੇ ਗਿਆਨ ਵਾਲੇ ਰਸਤੇ ਉੱਪਰ ਤੁਰ ਹੀ ਪੈਂਦਾ ਹੈ। ਜੈਸਾ ਕਿ :

ਕਾਮਾਰਥੀ ਸੁਆਰਥੀ ਵਾ ਕੀ ਪੈਜ ਸਵਾਰੀ॥ ੧॥ (ਅੰਗ ੮੫੮)

੩. ਸੁਪਨ = ਸੁਪਨ ਅਵਸਥਾ ਜਗਿਆਸੂ ਦੀ ਹੈ। ਸੁਪਨ ਅਵਸਥਾ ਵਾਲਾ ਪਤਲੀ ਨੀਂਦ ਵਿੱਚ ਹੁੰਦਾ ਹੈ। ਥੋੜ੍ਹੇ ਜਿਹੇ ਜਤਨ ਨਾਲ ਹੀ ਜਾਗ ਪੈਂਦਾ ਹੈ, ਇਸੇ ਤਰ੍ਹਾਂ ਜਗਿਆਸੂ ਗੁਰੂ ਦੇ ਉਪਦੇਸ਼ ਦੁਆਰਾ ਥੋੜ੍ਹੇ ਜਤਨ ਨਾਲ ਗਿਆਨ ਅਵਸਥਾ ਵਿੱਚ ਜਾਗ ਪੈਂਦਾ ਹੈ। ਜੈਸਾ ਕਿ :

ਅਗਿਆਨਿ ਲਾਇ ਸਵਾਲਿਆ ਗੁਰ ਗਿਆਨੈ ਲਾਇ ਜਗਾਵੈਗੋ ॥ (ਅੰਗ ੫੬੫)

੪. ਜਾਗ੍ਰਤ = ਜਿਵੇਂ ਜਾਗ੍ਰਤ ਅਵਸਥਾ ਵਾਲਾ ਮਨੁੱਖ ਸੂਝ-ਬੂਝ ਨਾਲ ਹਰੇਕ ਕਾਰਯ ਕਰਦਾ ਹੈ। ਇਸੇ ਤਰ੍ਹਾਂ ਜਾਗ੍ਰਤ ਅਵਸਥਾ ਦੀ ਨਿਆਈਂ ਗਿਆਨਵਾਨ ਹਨ, ਜਿਨ੍ਹਾਂ ਨੂੰ ਗਿਆਨ ਨੇਤ੍ਰਾਂ ਦੁਆਰਾ ਸਾਰੀ ਜਗ੍ਹਾ ਬ੍ਰਹਮ ਪਸਰਿਆ ਨਜ਼ਰ ਆਉਂਦਾ ਹੈ ਅਤੇ ਆਪਣੀ ਆਤਮਾ ਨੂੰ ਵੀ ਬ੍ਰਹਮ ਰੂਪ ਕਰਕੇ ਨਿਸ਼ਚੇ ਕਰ ਲਿਆ ਹੈ, ਇਹ ਗਿਆਨਵਾਨ ਦੀ ਜਾਗ੍ਰਤ ਅਵਸਥਾ ਜਾਨਣੀ, ਇਹ ਅਵਸਥਾ ਜਾਂ ਤਾਂ ਸਤਿਗੁਰੂ ਜੀ ਦੀ ਜਾਂ ਸਤਿਗੁਰਾਂ ਦੇ ਬਖ਼ਸ਼ੇ ਗੁਰਸਿੱਖਾਂ ਦੀ ਹੈ। ਜੈਸਾ ਕਿ :

ਸਤਿਗੁਰੁ ਜਾਗਤਾ ਹੈ ਦੇਉ ॥੧ ॥ਰਹਾਉ ॥ (ਅੰਗ ੪੭੯)

ਇਕੋ ਸਤਿਗੁਰੁ ਜਾਗਤਾ ਹੋਰੁ ਜਗੁ ਸੂਤਾ ਮੋਹਿ ਪਿਆਸਿ ॥ (ਅੰਗ ੫੯੨)

ਐਸੇ ਸਤਿਗੁਰੂ ਜਦੋਂ ਕਿਰਪਾ ਕਰਦੇ ਹਨ ਜਗਿਆਸੂ ਸਿੱਖ ਨੂੰ ਬ੍ਰਹਮ ਗਿਆਨ ਦੀ ਅਵਸਥਾ ਬਖ਼ਸ਼ ਦੇਂਦੇ ਹਨ, ਫਿਰ ਉਹ ਵੀ ਬ੍ਰਹਮ ਗਿਆਨੀ ਬਣ ਜਾਂਦੇ ਹਨ। ਜੈਸਾ ਕਿ :

ਬ੍ਰਹਮ ਗਿਆਨੀ ਸਦਾ ਸਦ ਜਾਗਤ ॥ ਬ੍ਰਹਮ ਗਿਆਨੀ ਅਹੰਬੁਧਿ ਤਿਆਗਤ ॥

(ਅੰਗ ੨੭੩)

ਵਾ: **ਸਤਿਗੁਰੁ ਸੇਵਨਿ ਜਾਗੰਨਿ ਸੇ ਜੋ ਰਤੇ ਸਚਿ ਨਾਮਿ ਗੁਣਤਾਸਿ ॥**

(ਅੰਗ ੫੯੩)

ਵਾ: **ਗੁਰ ਕਿਰਪਾ ਤੇ ਸੇ ਜਨ ਜਾਗੇ ਜਿਨਾ ਹਰਿ ਮਨਿ ਵਸਿਆ ਬੋਲਹਿ ਅੰਮ੍ਰਿਤ ਬਾਣੀ ॥**

(ਅੰਗ ੯੨੦)

ਸੰਗਤ

੧. ਸੰਗਤ = ਦੋ ਚੀਜ਼ਾਂ ਦੇ ਮਿਲਾਪ ਦਾ ਨਾਮ ਹੈ, ਜਿਸ ਕਰਕੇ ਜੀਵਨ ਵਿੱਚ ਕੋਈ ਲਾਭ ਜਾਂ ਘਾਟਾ ਨਾ ਹੋਵੇ, ਉਹ ਸੰਗਤ ਹੈ।

੨. ਸਾਧਸੰਗਤ = ਕਿਸੇ ਸਾਧੂ, ਸਾਧ=ਸ੍ਰੇਸ਼ਟ ਮਹਾਤਮਾ ਨਾਲ ਮਿਲ ਕੇ ਪਰਉਪਕਾਰ, ਭਜਨ, ਸਿਮਰਨ, ਕਥਾ, ਕੀਰਤਨ, ਨਿਸ਼ਕਾਮ ਸੇਵਾ ਵਿੱਚ ਲੱਗ ਕੇ ਜੀਵਨ ਉੱਚਾ ਹੋ ਜਾਵੇ, ਉਹ ਸਾਧਸੰਗਤ ਹੈ।

੩. ਕੁਸੰਗਤ = ਖੋਟੀ ਭਾਵ ਭੈੜੀ ਸੰਗਤ, ਜਿਨ੍ਹਾਂ ਖੋਟੇ ਪੁਰਖਾਂ ਨਾਲ ਮਿਲ ਕੇ ਪੁਰਸ਼ ਸ੍ਰੇਸ਼ਟ ਸੁਭਾਅ ਨੂੰ ਵਿਗਾੜ ਲਵੇ, ਆਪਣੇ ਵੱਡਿਆਂ ਦੀ ਸ਼ਰਮ ਛੱਡ ਦੇਵੇ, ਮਾੜੇ ਕਰਮ ਕਰਨ ਲੱਗ ਪਵੇ, ਉਹ ਕੁਸੰਗਤ ਹੈ।

੪. ਸਤਿਸੰਗਤ = ਜਿਨ੍ਹਾਂ ਨਾਲ ਮਿਲ ਕੇ ਸਤਿ=ਸਰੂਪ ਦੀ ਸੰ=ਭਲੀ ਪ੍ਰਕਾਰ ਗਤ=ਪ੍ਰਾਪਤੀ ਹੋ ਜਾਵੇ, ਉਹ ਸਤਿਸੰਗਤ ਹੈ, ਜੈਸਾ ਕਿ :

ਸਤਸੰਗਤਿ ਕੈਸੀ ਜਾਣੀਐ ॥ ਜਿਥੈ ਏਕੋ ਨਾਮੁ ਵਖਾਣੀਐ ॥ (ਅੰਗ ੭੨)

ਜਹ ਸਤਿਗੁਰੁ ਤਹ ਸਤਸੰਗਤਿ ਬਣਾਈ ॥ (ਅੰਗ ੧੬੦)

✧✧✧

੫.

ਦੁੱਖ

੧. **ਜੰਮਣ ਦਾ ਦੁੱਖ =** ਜੀਵ ਜੰਮਣ ਵੇਲੇ ਗਰਭ ਵਿੱਚੋਂ ਇਉਂ ਡਿੱਗਦਾ ਹੈ, ਜਿਵੇਂ ਫਲ ਵਿੱਚੋਂ ਕੀੜਾ ਡਿੱਗਦਾ ਹੈ। ਜਿਵੇਂ ਸੁਨਿਆਰਾ ਜਿੰਦਰੇ ਤਾਈਂ, ਬਰੀਕ ਛੇਕਾਂ ਤਾਈਂ ਤਾਰਾਂ ਨੂੰ ਖਿੱਚਦਾ ਹੈ। ਖਿੱਚੀਆਂ ਹੋਈਆਂ ਤਾਰਾਂ ਪਤਲੀਆਂ ਪੈ ਜਾਂਦੀਆਂ ਹਨ। ਇਸ ਤਰ੍ਹਾਂ ਜਦੋਂ ਕੋਈ ਬੱਚੇ ਜੰਮਦੇ ਹਨ ਤਾਂ ਉਹ ਬੇਸੁਰਤ ਪਏ ਰਹਿੰਦੇ ਹਨ, ਕਿਉਂਕਿ ਬੱਚਾ ਅਕਾਰ ਦਾ ਵੱਡਾ ਹੁੰਦਾ ਹੈ ਅਤੇ ਜਨਮ ਅਸਥਾਨ ਛੋਟਾ ਹੁੰਦਾ ਹੈ। ਜੋ ਪਹਿਲਾਂ ਗਰਭ ਵਿੱਚ ਓਅੰਕਾਰ-ਓਅੰਕਾਰ ਸਿਮਰਦਾ ਸੀ, ਫੇਰ ਜਦੋਂ ਜਨਮਿਆ ਤਾਂ ਓਆਂ-ਓਆਂ ਹੀ ਰਹਿ ਗਿਆ, ਭਾਵ ਰੋਣ ਲੱਗ ਪਿਆ।

੨. **ਬਾਲਪੁਣੇ ਦਾ ਦੁੱਖ =** ਮਾਤਾ ਆਪਣੇ ਕਾਰ-ਵਿਹਾਰਾਂ ਵਿੱਚ ਲੱਗੀ ਰਹਿੰਦੀ ਹੈ। ਬੱਚਾ ਕਦੇ ਚੰਦ ਵੱਲ ਵੇਖਦਾ ਹੈ ਕਿ ਕੋਈ ਮੈਨੂੰ ਪਕੜਾ ਦੇਵੇ, ਖਾਣ ਦੀ ਤ੍ਰਿਸ਼ਨਾ ਬਹੁਤ ਲੱਗੀ ਰਹਿੰਦੀ ਹੈ। ਜੈਸਾ ਕਿ:

ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ॥

(ਅੰਗ ੯੨੧)

ਅੱਖਾਂ ਦੇ ਸਹਿਤ ਹੁੰਦਾ ਹੈ ਪਰ ਪਛਾਣ ਨਹੀਂ ਸਕਦਾ, ਜ਼ਬਾਨ ਦੇ ਸਹਿਤ ਹੁੰਦਾ ਹੈ, ਪਰ ਬੋਲ ਨਹੀਂ ਸਕਦਾ, ਤੁਰ ਨਹੀਂ ਸਕਦਾ, ਇਕ ਤਰ੍ਹਾਂ ਨਾਲ ਪਿੰਗਲਾ ਹੁੰਦਾ ਹੈ। ਬੁੱਧ ਕੰਮ ਨਹੀਂ ਕਰਦੀ ਤੇ ਮੱਤ ਤੋਂ ਹੀਣਾ ਹੁੰਦਾ ਹੈ। ਉਹ ਬੱਚਾ ਥੋੜ੍ਹਾ ਜਿਹਾ ਵੱਡਾ ਹੁੰਦਾ ਹੈ, ਬੱਚਿਆਂ ਵਿੱਚ ਖੇਡਣ ਜਾਂਦਾ ਹੈ ਤਾਂ ਉਥੇ ਬੱਚੇ ਕੁੱਟ ਦਿੰਦੇ ਹਨ। ਰੋਂਦਾ ਘਰ ਨੂੰ ਆਉਂਦਾ ਹੈ। ਆਪਸ ਵਿੱਚ ਲੜਦੇ ਹਨ। ਕੋਈ ਚੀਜ਼ ਖੋਹ ਲੈਂਦਾ ਹੈ, ਕੋਈ ਘੂਰ ਦਿੰਦਾ ਹੈ, ਇਉਂ ਰੋਣ ਲੱਗ ਪੈਂਦਾ ਹੈ। ਇਉਂ ਇਹ ਬਾਲਪੁਣੇ ਦਾ ਦੁੱਖ ਹੈ।

੩. **ਕਿਸ਼ੋਰ ਅਵਸਥਾ ਦਾ ਦੁੱਖ =** ਜਿਤਨੇ ਖਾਣੇ ਖਾਣਾ ਚਾਹੁੰਦਾ ਹੈ, ਉਤਨੇ ਹੱਥ ਨਹੀਂ ਲੱਗਦੇ, ਫਿਰ ਚੋਰੀ ਕਰਦਾ ਹੈ। ਇਸ ਤਰ੍ਹਾਂ ਫਿਰ ਮਾਰ ਖਾਂਦਾ ਹੈ। ਇਸ ਤਰ੍ਹਾਂ ਖਾਣ ਪੀਣ ਦੀ ਤਾੜਨਾ ਦਾ ਦੁੱਖ ਹੈ।

੪. **ਜਵਾਨੀ ਦਾ ਦੁੱਖ =** ਫਿਰ ਵਿਸ਼ੇ ਦਬਾ ਲੈਂਦੇ ਹਨ। ਔਗੁਣਾਂ ਵਿੱਚ ਦੱਬਿਆ ਰਹਿੰਦਾ ਹੈ। ਜੈਸਾ ਕਿ :

ਬੁਰਾ ਭਲਾ ਨ ਪਛਾਣਈ ਵਣਜਾਰਿਆ ਮਿਤ੍ਰਾ ਮਨੁ ਮਤਾ ਅਹੰਮੇਇ ॥

(ਅੰਗ ੭੭)

ਧਰਮ ਤੋਂ ਹੀਣਾ ਹੋ ਜਾਂਦਾ ਹੈ। ਫੇਰ ਜਵਾਨੀ ਢਲਦੀ ਹੈ ਤਾਂ ਸਾਰਾ ਜ਼ੋਰ ਖ਼ਤਮ ਹੁੰਦਾ ਹੈ। ਖਾਣ ਪੀਣ ਨੂੰ ਸੰਤਾਨ ਹੋ ਜਾਂਦੀ ਹੈ। ਉਸ ਦੇ ਪਾਲਣ ਪੋਸ਼ਣ, ਨੌਕਰੀ, ਸੌਦਾਗਰੀ ਅਤੇ ਵਪਾਰ ਆਦਿ ਕਰਦਾ ਹੈ। ਇਹ ਜਵਾਨੀ ਦੇ ਦੁੱਖ ਹਨ।

੫. ਬੁਢੇਪੇ ਦਾ ਦੁੱਖ = ਜਦੋਂ ਬੁੱਢਾ ਹੋ ਜਾਂਦਾ ਹੈ, ਫਿਰ ਪੋਤਰੇ, ਪੜਪੋਤੇ ਕੁਝ ਨਹੀਂ ਪੁੱਛਦੇ। ਤ੍ਰਿਸ਼ਨਾ ਹੋਰ ਵੱਧ ਜਾਂਦੀ ਹੈ। ਜੈਸਾ ਕਿ :

ਤਨ ਕੇ ਬਲ ਨੇ ਅਬ ਪੀਠ ਦਈ, ਅਰ ਹਾਰ ਪਰੇ ਦ੍ਰਿਗ ਬਾਲ ਸੰਗਾਤੀ।
ਤਜ ਕੇ ਇਹ ਲੋਕ ਬਿਖੇ ਹਮ ਕੋ, ਚਲਿ ਆਪ ਗਏ ਸੁਰ ਲੋਕ ਸਜਾਤੀ।
ਜਗ ਮੀਤ ਸਖਾ ਮੁੱਖ ਫੇਰ ਗਏ, ਅਬ ਸੇਵਕ ਹਾ ਨ ਪੁਛੇ ਮਮ ਬਾਤੀ।
ਮਮ ਆਹਿ ਪਲਾਂਗਮ ਹੇ ਤ੍ਰਿਸ਼ਨੇ, ਇਕ ਤੂੰ ਮਮ ਸੰਗ ਰਹੀ ਦਿਨ ਰਾਤੀ। ੫੧।

(ਭਾਵਰਸਾਂਮ੍ਰਿਤ ਸਵੈਯਾ ੫੧)

ਮੁਸਲਮਾਨ ਫ਼ਕੀਰਾਂ ਦੇ ਪੰਜ ਦਰਜੇ

੧. ਗੌਂਸ **੨.** ਕੁਤਬ **੩.** ਵਲੀ **੪.** ਅਬਦਾਲ
੫. ਕਲੰਦਰ=ਕਿਤਨਿਆਂ ਦੇ ਮੱਤ ਵਿੱਚ ਕਲੰਦਰ ਦੀ ਥਾਂ ਔਤਾਦ ਹੈ।

ਸ਼ੁੱਭ ਗੁਣ

੧. ਸਤਿ **੨.** ਸੰਤੋਖ **੩.** ਦਇਆ **੪.** ਧਰਮ **੫.** ਵੀਚਾਰ

ਸਿੱਖੀ ਪੰਜ ਪ੍ਰਕਾਰ ਦੀ

੧. ਦੇਖਾ ਦੇਖੀ ਦੀ ਸਿੱਖੀ = ਘਰ ਦੇ ਭਰਾਵਾਂ ਜਾਂ ਸਾਕ-ਸੰਬੰਧੀਆਂ ਜਾਂ ਕਿਸੇ ਹੋਰ ਪੁਰਖ ਨੂੰ ਸਿੱਖ ਬਣਿਆ ਵੇਖ ਕੇ ਆਪ ਨਿਗੁਰਾ ਸਦਾਵਣ ਵੱਲੋਂ ਸ਼ਰਮ ਖਾ ਕੇ ਸਿੱਖ ਬਣ ਜਾਣਾ, ਇਸ ਨੂੰ ਦੇਖਾ ਦੇਖੀ ਦੀ ਸਿੱਖੀ ਆਖਦੇ ਹਨ।

੨. ਧੰਦੇ ਦੀ ਸਿੱਖੀ = ਕਿਸੇ ਕੰਮ-ਕਾਰ ਦੀ ਸਿੱਧੀ ਵਾਸਤੇ ਸਿੱਖੀ ਧਾਰਨ ਕਰਨੀ, ਜਿਵੇਂ ਵਿਆਹ ਦੇ ਵੇਲੇ ਲੜਕੀ ਵਾਲਿਆਂ ਦੇ ਕਹਿਣ 'ਤੇ ਅੰਮ੍ਰਿਤ ਛਕ ਲੈਣਾ, ਪਰ ਸਿੱਖੀ ਨਾਲ ਪਿਆਰ ਨਾ ਹੋਣ ਕਰਕੇ ਮਗਰੋਂ ਰਹਿਤ ਨਾ ਰੱਖਣੀ, ਇਹ ਧੰਧੇ ਦੀ ਸਿੱਖੀ ਹੈ।

੩. ਹਿਰਸ ਦੀ ਸਿੱਖੀ = ਕਿਸੇ ਚੀਜ਼ ਦੇ ਲਾਲਚ ਵੱਸ ਹੋ ਕੇ, ਸਿੱਖੀ ਧਾਰਨ ਕਰ ਲੈਣੀ, ਪਰ ਅੰਦਰੋਂ ਕੋਈ ਸ਼ਰਧਾ ਨਾ ਹੋਣੀ, ਇਹ ਹਿਰਸ ਦੀ ਸਿੱਖੀ ਹੈ।

੪. ਸਿਦਕ ਦੀ ਸਿੱਖੀ = ਜੋ ਦੁੱਖ-ਸੁੱਖ, ਮਾਨ-ਅਪਮਾਨ, ਹਾਨ-ਲਾਭ, ਜੰਮਣ-ਮਰਨ ਆਦਿ ਵਿੱਚ ਗੁਰੂ ਜੀ ਦਾ ਭਾਣਾ ਮੰਨ ਕੇ ਪ੍ਰਸੰਨ ਰਹਿਣਾ ਅਤੇ ਗੁਰੂ ਤੋਂ ਬਿਨਾਂ ਹੋਰ ਕਿਸੇ ਦੇਵੀ-ਦੇਵਤੇ, ਮੜ੍ਹੀ-ਮਸਾਣੀ ਆਦਿ ਦੀ ਮੰਨਤ ਨਾ ਕਰਨੀ, ਆਪਣਾ ਮਨ, ਤਨ ਤੇ ਧਨ ਗੁਰੂ ਦਾ ਸਮਝਣਾ, ਇਹ ਸਿਦਕ ਦੀ ਸਿੱਖੀ ਹੈ, ਜਿਵੇਂ ਬਾਬਾ ਦੀਪ ਸਿੰਘ ਜੀ ਨੇ ਆਪਣਾ ਸੀਸ ਗੁਰੂ ਦੀ ਅਮਾਨਤ ਸਮਝ ਕੇ ਸ੍ਰੀ ਗੁਰੂ ਰਾਮਦਾਸ ਜੀ ਦੇ ਚਰਨਾਂ ਵਿੱਚ ਭੇਟ ਕਰ ਕੇ ਸਿਦਕ ਨਿਭਾਇਆ ਸੀ।

੫. ਭਾਉ ਦੀ ਸਿੱਖੀ = ਜੋ ਗੁਰੂ ਦੇ ਸਰੂਪ ਨੂੰ ਸਾਖਸ਼ਾਤ ਪਰਮੇਸ਼ਰ ਸਮਝ ਕੇ ਆਪਣੇ ਮਨ ਵਿੱਚ ਗੁਰੂ ਦੇ ਸਰੂਪ ਦਾ ਧਿਆਨ ਕਰਨਾ ਅਤੇ ਉਨ੍ਹਾਂ ਦੇ ਬਚਨਾਂ ਉੱਪਰ ਭਰੋਸਾ ਰੱਖਣਾ ਅਤੇ ਹਰ ਵੇਲੇ ਪ੍ਰੇਮ ਵਿੱਚ ਲੱਗੇ ਰਹਿਣਾ। ਇਹ ਭਾਉ ਦੀ ਸਿੱਖੀ ਹੈ, ਜਿਵੇਂ ਭਾਈ ਨੰਦ ਲਾਲ ਜੀ ਅਤੇ ਭਾਈ ਘਨੱਈਆ ਜੀ ਨੇ ਸਭ ਥਾਈਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਹੀ ਦੇਖਣਾ ਕੀਤਾ ਸੀ।

ਸੰਪ੍ਰਦਾਈ ਮੰਨੇ ਹੋਏ ਪਦਾਰਥ

੧. **ਜਨਮ ਪਦਾਰਥ** = ਮਨੁੱਖਾ ਸਰੀਰ ਚੌਰਾਸੀ ਲੱਖ ਜੂਨਾਂ ਵਿੱਚੋਂ ਦੁਰਲੱਭ ਪਦਾਰਥ ਹੈ।

੨. **ਨਾਮ ਪਦਾਰਥ** = ਜਨਮ ਪਦਾਰਥ ਤਾਂ ਸਫਲਾ ਹੈ ਜੇਕਰ ਜੀਵ ਨੂੰ ਦੂਸਰਾ ਨਾਮ ਪਦਾਰਥ ਮਿਲ ਜਾਵੇ। ਪਹਿਲਾਂ ਤਾਂ ਚੌਰਾਸੀ ਲੱਖ ਜੀਵਾਂ ਵਿੱਚੋਂ ਜਨਮ ਪਦਾਰਥ ਵਾਲਿਆਂ ਦੀ ਗਿਣਤੀ ਕਰੀਏ ਤਾਂ ਬਹੁਤ ਘੱਟ ਹੈ, ਜੇ ਜਨਮ ਪਦਾਰਥ ਭਾਵ ਮਨੁੱਖਾ ਸਰੀਰ, ਜਿਨ੍ਹਾਂ ਨੂੰ ਇਹ ਮਨੁੱਖਾ ਸਰੀਰ ਪ੍ਰਾਪਤ ਹੈ, ਉਨ੍ਹਾਂ ਵਿਚੋਂ ਜਨਮ ਪਦਾਰਥ ਨੂੰ ਸਫਲ ਕਰਨ ਵਾਲਾ ਨਾਮ ਪਦਾਰਥ ਹੈ, ਇਸ ਨਾਮ ਪਦਾਰਥ ਵਾਲਿਆਂ ਦੀ ਗਿਣਤੀ ਤਾਂ ਬਹੁਤ ਘੱਟ ਹੈ।

੩. **ਪ੍ਰੇਮ ਪਦਾਰਥ** = ਜੋ ਨਾਮ ਪਦਾਰਥ ਨੂੰ ਸਫਲਾ ਕਰਨ ਦੀ ਸ਼ਕਤੀ ਰੱਖਦਾ ਹੈ, ਜੇ ਨਾਮ ਪ੍ਰੇਮ ਪਦਾਰਥਾਂ ਵਾਲਿਆਂ ਦੀ ਗਿਣਤੀ ਕਰੀਏ ਕਿ ਪ੍ਰੇਮ ਨਾਲ ਨਾਮ ਕਿਤਨੇ ਜਪਦੇ ਹਨ, ਤਾਂ ਗਿਣਤੀ ਬਹੁਤ ਘੱਟ ਜਾਂਦੀ ਹੈ।

੪. **ਗਿਆਨ ਪਦਾਰਥ** = ਜਿਨ੍ਹਾਂ ਕੋਲ ਪ੍ਰੇਮ ਪਦਾਰਥ ਨੂੰ ਸਫਲਾ ਕਰਨ ਵਾਲਾ ਗਿਆਨ ਪਦਾਰਥ ਹੈ, ਜੇ ਪ੍ਰੇਮ ਪਦਾਰਥ ਵਾਲਿਆਂ ਵਿੱਚੋਂ ਗਿਆਨ ਪਦਾਰਥ ਵਾਲਿਆਂ ਦੀ ਗਿਣਤੀ ਕਰੀਏ ਭਾਵ ਜਿਨ੍ਹਾਂ ਨੂੰ ਪ੍ਰੋਖ ਅਪ੍ਰੋਖ ਸਾਖਸ਼ਾਤ ਬ੍ਰਹਮ ਦਾ ਗਿਆਨ ਹੋ ਗਿਆ ਹੈ ਤਾਂ ਗਿਣਤੀ ਬਹੁਤ ਘੱਟ ਜਾਂਦੀ ਹੈ। ਥੋੜ੍ਹੇ ਕੁ ਹੀ ਵਿਅਕਤੀ ਰਹਿ ਜਾਂਦੇ ਹਨ, ਜੋ ਕ੍ਰੋੜਾਂ ਵਿੱਚੋਂ ਵਿਰਲਾ ਹੀ ਹੁੰਦਾ ਹੈ।

੫. **ਮੁਕਤ ਪਦਾਰਥ** = ਗਿਆਨ ਪਦਾਰਥ ਦੇ ਪ੍ਰਾਪਤ ਹੁੰਦਿਆਂ ਹੀ ਜੰਮਣ-ਮਰਨ ਤੋਂ ਰਹਿਤ ਪਦਵੀ ਇਸ ਮੁਕਤ ਪਦਾਰਥ ਦੀ ਪ੍ਰਾਪਤੀ ਹੋ ਜਾਂਦੀ ਹੈ, ਜਿਸ ਤੇ ''ਤੂੰ ਤੂੰ ਕਰਤਾ ਤੂ ਹੂਆ'' ਦੀ ਅਵਸਥਾ ਪ੍ਰਾਪਤ ਹੋ ਜਾਂਦੀ ਹੈ।

ਕਿਲ੍ਹੇ

੧. ਕੇਸਗੜ੍ਹ **੨.** ਅਨੰਦਗੜ੍ਹ **੩.** ਲੋਹਗੜ੍ਹ **੪.** ਫ਼ਤਹਿਗੜ੍ਹ **੫.** ਹੋਲਗੜ੍ਹ

ਨਮਾਜ਼ਾਂ

੧. **ਸਲਾਤੁੱਲਫ਼ਜਰ (ਨਮਾਜ਼ੇ ਸੁਬਹ)** = ਪਹੁ ਫੁਟਣ ਤੋਂ ਲੈ ਕੇ ਸੂਰਜ ਚੜ੍ਹਨ ਤੀਕ ਦੀ ਨਮਾਜ਼।

੨. **ਸਲਾਤੁੱਲਜ਼ੁਹਰ (ਨਮਾਜ਼ੇ ਪੇਸ਼ੀਨ)** = ਜਦ ਸੂਰਜ ਢਲਣ ਲੱਗੇ, ਉਸ ਵੇਲੇ ਦੀ ਨਮਾਜ਼।

੩. **ਸਲਾਤੁੱਲਅਸਰ (ਨਮਾਜ਼ੇ ਦੀਗਰ)** = ਤੀਸਰੇ ਪਹਿਰ ਦੀ ਨਮਾਜ਼।

੪. **ਸਲਾਤੁੱਲਮਗਰਿਬ (ਨਮਾਜ਼ੇ ਸ਼ਾਮ)** = ਸੂਰਜ ਛਿਪਣ ਤੋਂ ਲੈ ਕੇ ਅਸਮਾਨੀ ਲਾਲੀ ਮਿਟਣ ਤੀਕ।

੫. **ਸਲਾਤੁੱਲਇਸ਼ਾ (ਨਮਾਜ਼ੇ ਖ਼ੁਫ਼ਤਨ)** = ਸੌਣ ਵੇਲੇ ਦੀ ਨਮਾਜ਼।

ਪੰਜ ਦੋਸ਼ ਬਾਂਸ ਦੇ

੧. ਉੱਚਾ ਹੁੰਦਾ ਹੈ। **੨.** ਛਿੱਲਤਾਂ ਵਾਲਾ ਹੁੰਦਾ ਹੈ। **੩.** ਇਸ ਵਿੱਚ ਗੰਢਾਂ ਹੁੰਦੀਆਂ ਹਨ।
੪. ਅੰਦਰੋਂ ਪੋਲਾ ਹੁੰਦਾ ਹੈ। **੫.** ਕੁਲ ਘਾਤੀ ਹੁੰਦਾ ਹੈ।

ਪੰਜ ਔਗੁਣ-ਸਾਕਤ ਪੁਰਖ ਵਿੱਚ ਬਾਂਸ ਦੀ ਨਿਆਈਂ ਹੁੰਦੇ ਹਨ

੧. ਹੰਕਾਰ ਵਾਲੀ ਬੁੱਧ ਹੋਣ ਕਰਕੇ ਆਪਣੇ ਆਪ ਨੂੰ ਸਭ ਤੋਂ ਉੱਚਾ ਭਾਵ ਵੱਡਾ ਸਮਝਦਾ ਹੈ, ਭਾਵ ਹੰਕਾਰੀ ਪੁਰਖ ਨੂੰ ਆਪਣੇ ਧਨ, ਜੋਬਨ, ਕੁਲ ਆਦਿ ਦਾ ਹੰਕਾਰ ਹੁੰਦਾ ਹੈ।

੨. ਈਰਖਾ, ਦ੍ਵੈਸ਼ ਰੂਪੀ ਛਿੱਲਤਾਂ ਦੇ ਸਹਿਤ ਹੁੰਦਾ ਹੈ।

੩. ਵਰਣਾਂ, ਆਸ਼੍ਰਮਾਂ ਦੀਆਂ ਗੰਢਾਂ ਦੇ ਵਿੱਚ ਗ੍ਰਸਿਆ ਹੁੰਦਾ ਹੈ।

੪. ਧਾਰਨ ਸ਼ਕਤੀ ਤੋਂ ਹੀਣਾ ਹੋਣ ਕਾਰਨ ਅੰਦਰੋਂ ਪੋਲਾ ਹੈ ਭਾਵ ਇਕ ਕੰਨ ਨਾਲ ਕਥਾ ਵਾਰਤਾ, ਗਿਆਨ ਦੇ ਬਚਨ ਸੁਣਦਾ ਹੈ ਅਤੇ ਦੂਜੇ ਕੰਨ ਥਾਣੀਂ ਬਾਹਰ ਕੱਢ ਦਿੰਦਾ ਹੈ।

੫. ਵਿਕਾਰਾਂ ਦੇ ਅਧੀਨ ਹੋਣ ਕਾਰਨ ਆਪਣੀ ਕੁਲ ਦਾ ਆਪ ਹੀ ਘਾਤ ਕਰਨ ਵਾਲਾ ਹੁੰਦਾ ਹੈ ਭਾਵ ਆਪਣੇ ਪਰਿਵਾਰ ਵਾਲਿਆਂ ਨਾਲ ਵੈਰ ਕਰ ਕੇ ਉਨ੍ਹਾਂ ਨੂੰ ਮਾਰਨ ਤਕ ਤੁਲ ਜਾਂਦਾ ਹੈ। ਵਾ: ਆਸੁਰੀ ਸੰਪਦਾ ਦਾ ਪ੍ਰਭਾਵ ਹੋਣ ਕਾਰਨ ਆਪਣੀ ਦੈਵੀ ਕੁਲ ਨਾਸ਼ ਕਰ ਲੈਂਦਾ ਹੈ।

ਪੰਜ ਪ੍ਰਕਾਰ ਦੇ ਨਾਮ

੧. **ਵਿਅਕਤੀ ਵਾਚਕ ਨਾਮ=**ਜਿਵੇਂ ੫੨ ਉਂਗਲਾਂ ਦਾ ਬੌਣਾ ਹੋਣ ਕਰਕੇ ਬਾਵਨ ਅਵਤਾਰ ਨਾਮ ਸੀ।

੨. **ਜਾਤੀ ਵਾਚਕ ਨਾਮ =** ਜਾਤੀ ਦੇ ਆਧਾਰ ਉੱਪਰ ਨਾਮ ਪੈਣਾ, ਜਿਵੇਂ ਯਾਦਵਾਂ ਦੀ ਕੁਲ ਵਿੱਚ ਜਨਮ ਲੈਣ ਨਾਲ ਕ੍ਰਿਸ਼ਨ ਜੀ ਦਾ ਨਾਮ ਯਾਦਵ ਸੀ ਅਤੇ ਰਘੂ ਰਾਜੇ ਦੀ ਵੰਸ਼ ਹੋਣੇ ਕਰਕੇ ਰਾਮ ਜੀ ਰਘੂਵੀਰ ਨਾਮ ਪੈ ਗਿਆ ਸੀ।

੩. **ਗੁਣ ਵਾਚਕ ਨਾਮ =** ਗੁਣਾਂ ਦੇ ਆਧਾਰ 'ਤੇ ਨਾਮ ਪੈਣਾ, ਜਿਵੇਂ ਸੀਤਾਸ਼ੁ ਚੰਦਰਮਾ ਦਾ ਅਤੇ ਤਪਤਾਸ਼ ਸੂਰਜ ਦਾ ਨਾਮ ਹੈ ਵਾ: ਕ੍ਰਿਸ਼ਨ ਜੀ ਦਾ ਕਾਲਾ ਰੰਗ ਹੋਣ ਕਰਕੇ ਸ਼ਿਆਮ ਨਾਮ ਸੀ।

੪. **ਕਿਰਿਆ ਵਾਚਕ ਨਾਮ =** ਕਿਸੇ ਕਿਰਿਆ ਕਰਕੇ ਨਾਮ ਪੈਣਾ, ਜਿਵੇਂ ਕ੍ਰਿਸ਼ਨ ਜੀ ਦੇ ਪੇਟ ਨੂੰ ਰੱਸੀ ਬੰਨ੍ਹਣ ਕਰਕੇ ਦਾਮੋਦਰ ਨਾਮ ਪੈ ਗਿਆ ਸੀ।

੫. **ਸੰਬੰਧ ਵਾਚਕ ਨਾਮ =** ਕਿਸੇ ਸੰਬੰਧ ਕਰਕੇ ਨਾਮ ਪੈਣਾ, ਜਿਵੇਂ ਨੰਦ ਦੇ ਘਰ ਬਾਰ੍ਹਾਂ ਸਾਲ ਰਹਿਣ ਕਰਕੇ ਕ੍ਰਿਸ਼ਨ ਜੀ ਦਾ ਨਾਮ 'ਨੰਦ ਕੇ ਨੰਦਨ' ਨਾਮ ਪੈ ਗਿਆ ਸੀ।

ਪੰਜ ਪ੍ਰਕਾਰ ਦੀ ਪਰਲੋਂ

ਨੋਟ : ਕਈ ਵਿਦਵਾਨਾਂ ਨੇ ਚਾਰ ਪ੍ਰਕਾਰ ਦੀ ਪਰਲੋਂ ਮੰਨੀ ਹੈ, ਪਰ ਸੰਤ ਗਿਆਨੀ ਗੁਰਬਚਨ ਸਿੰਘ ਜੀ ਭਿੰਡਰਾਂਵਾਲਿਆਂ ਨੇ ਕਥਾ ਵਿੱਚ ਬਚਨ ਕੀਤੇ ਹਨ ਕਿ ਪਰਲੋਂ ਪੰਜ ਪ੍ਰਕਾਰ ਦੀ ਹੁੰਦੀ ਹੈ।

੧. ਨਿੱਤ ਪਰਲੋਂ **੨.** ਨਮਿੱਤ ਪਰਲੋਂ **੩.** ਅਵਾਂਤਰ (ਪ੍ਰਕਿਰਤ) ਪਰਲੋਂ

੪. ਮਹਾਂ ਪਰਲੋਂ **੫.** ਗਿਆਨ ਪਰਲੋਂ

੧. **ਨਿੱਤ ਪਰਲੋਂ =** ਜਦੋਂ ਅਸੀਂ ਸੌਂ ਜਾਂਦੇ ਹਾਂ, ਉਸ ਵੇਲੇ ਸਾਨੂੰ ਕੋਈ ਵੀ ਸੁਰਤ ਨਹੀਂ ਹੁੰਦੀ, ਭਾਵੇਂ ਸਾਡੀ ਕੋਈ ਵਸਤੂ ਚੁੱਕ ਕੇ ਲੈ ਜਾਵੇ, ਉਸ ਨੂੰ ਨਿੱਤ ਪਰਲੋਂ ਭਾਵ ਨਿੱਤ ਦੀ ਪਰਲੋਂ ਕਹਿੰਦੇ ਹਨ।

੨. **ਨਮਿੱਤ ਪਰਲੋਂ =** ਜੋ ਉਮਰ ਜੀਵ ਨੂੰ ਕਰਤੇ ਨੇ ਦਿੱਤੀ ਹੈ, ਜਦੋਂ ਪ੍ਰਾਲਬਧ ਪੂਰੀ ਹੋ ਜਾਵੇ, ਉਸ

ਪ੍ਰਾਰਬਧ ਨੂੰ ਭੋਗ ਕੇ ਜੀਵ ਸਰੀਰ ਛੱਡਦਾ ਭਾਵ ਮੌਤ ਆ ਜਾਂਦੀ ਹੈ, ਉਸ ਨੂੰ ਨਮਿੱਤ ਪਰਲੋਂ ਕਹਿੰਦੇ ਹਨ।

੩. ਅਵਾਂਤਰ (ਪ੍ਰਾਕਿਰਤ) ਪਰਲੋਂ = ਜਦੋਂ ਬ੍ਰਹਮਾ ਜੀ ਦਾ ਦਿਨ ਗੁਜ਼ਰ ਜਾਂਦਾ ਹੈ ਤੇ ਬ੍ਰਹਮਾ ਰਾਤ ਨੂੰ ਸੌਂ ਜਾਂਦਾ ਹੈ, ਉਸ ਵੇਲੇ ਕਦੇ ਪਾਣੀ ਦੀ ਪਰਲੋਂ, ਕਦੇ ਅਗਨੀ ਦੀ ਪਰਲੋਂ ਆਦਿ ਇਨ੍ਹਾਂ ਤੱਤਾਂ ਦੀ ਪਰਲੋਂ ਹੁੰਦੀ ਹੈ। ਦਿਨ ਚੜ੍ਹੇ ਤੋਂ ਬ੍ਰਹਮਾ ਜਗਤ ਦੀ ਰਚਨਾ ਕਰਨ ਲੱਗ ਜਾਂਦਾ ਹੈ ਅਤੇ ਸੌਣ ਤੋਂ ਬਾਅਦ ਪਰਲੋਂ ਆ ਜਾਂਦੀ ਹੈ, ਇਹ ਪ੍ਰਾਕਿਰਤ (ਅਵਾਂਤਰ) ਪਰਲੋਂ ਕਹਾਉਂਦੀ ਹੈ।

ਅਥਵਾ ਜਿਸ ਸਮੇਂ ਮਾਤ ਲੋਕ ਦੇ ਸਭ ਜੀਵ-ਜੰਤ ਖ਼ਤਮ ਹੋ ਜਾਣ ਅਤੇ ਬ੍ਰਹਮਪੁਰੀ, ਸ਼ਿਵਪੁਰੀ ਅਤੇ ਇੰਦ੍ਰਪੁਰੀ ਆਦਿ ਲੋਕ ਕਾਇਮ ਰਹਿਣ, ਧਰਤੀ ਉਤੇ ਜਲ ਹੀ ਜਲ ਹੋ ਜਾਂਦਾ ਹੈ, ਉਸ ਨੂੰ ਅਵਾਂਤਰ ਪਰਲੋਂ ਕਹਿੰਦੇ ਹਨ। ਜਿਸ ਸਮੇਂ ਪ੍ਰਾਕਿਰਤ ਪਰਲੋਂ ਹੋਈ ਤਾਂ ਸਾਰੇ ਜਲ ਹੀ ਜਲ ਹੋ ਗਿਆ। ਇਕ ਮਾਰਕੰਡਾ ਰਿਖੀ ਜਲ ਉਤੇ ਤਰਦਾ ਜਾ ਰਿਹਾ ਸੀ, ਜਦੋਂ ਇਹ ਤੈਰਦਾ ਤੈਰਦਾ ਪ੍ਰਯਾਗਰਾਜ ਪਹੁੰਚਿਆ, ਉਥੇ ਇਕ ਬਟ ਹੈ, ਉਸ ਉਤੇ ਬਾਲਾ ਪ੍ਰੀਤਮ ਬੈਠਾ, ਇਸ ਕੌਤਕ ਨੂੰ ਦੇਖ ਰਿਹਾ ਸੀ। ਉਸੇ ਬਟ ਨਾਲ ਮਾਰਕੰਡਾ ਰਿਖੀ ਵੀ ਜਾ ਲੱਗਾ ਅਤੇ ਨਿੱਕੇ ਬਾਲਕ ਨੂੰ ਬ੍ਰਿਛ ਉਤੇ ਬੈਠਾ ਦੇਖ ਕੇ ਮਾਰਕੰਡੇ ਰਿਖੀ ਨੇ ਪੁੱਛਿਆ ਕਿ ਤੂੰ ਕੌਣ ਹੈਂ, ਇੱਥੇ ਬੈਠਾ ਕੀ ਵੇਖਦਾ ਹੈਂ? ਤਾਂ ਉਸ ਬਾਲਕ ਨੇ ਕਿਹਾ ਕਿ ਮੈਂ ਈਸ਼ਵਰ ਹਾਂ, ਹੁਣ ਬਾਲਾ ਪ੍ਰੀਤਮ ਦਾ ਰੂਪ ਧਾਰ ਕੇ ਇਸ ਪ੍ਰਾਕਿਰਤ ਪਰਲੋਂ ਨੂੰ ਵੇਖ ਰਿਹਾ ਹਾਂ, ਜਦੋਂ ਇਹ ਜਲ ਮੁੱਕੇਗਾ, ਫਿਰ ਮੈਂ ਸ੍ਰਿਸ਼ਟੀ ਨੂੰ ਰਚਾਂਗਾ। ਸੋ ਇਸ ਤਰ੍ਹਾਂ ਪ੍ਰਾਕਿਰਤ ਪਰਲੋਂ ਕਥਨ ਕੀਤੀ ਹੈ।

੪. ਮਹਾਂ ਪਰਲੋਂ = ਜਦੋਂ ਬ੍ਰਹਮਾ, ਵਿਸ਼ਨੂੰ ਤੇ ਸ਼ਿਵਜੀ ਤਿੰਨਾਂ ਦੀਆਂ ਉਮਰਾਂ ਪੂਰੀਆਂ ਹੋ ਜਾਂਦੀਆਂ ਹਨ। ਸਾਰੇ ਜੀਵਾਂ ਦੇ ਕੀਤੇ ਹੋਏ ਕਰਮ ਫਲ ਦੇਣ ਨੂੰ ਸ਼ਾਂਤ ਹੋ ਜਾਂਦੇ ਹਨ ਅਤੇ ਸਾਰੇ ਜੀਵ ਉਥੇ ਨਾਸ਼ ਹੋ ਜਾਂਦੇ ਹਨ। ਧਰਤੀ ਪਾਣੀ ਵਿੱਚ ਮਿਲ ਜਾਂਦੀ ਹੈ, ਪਾਣੀ ਅਗਨੀ ਵਿੱਚ, ਅਗਨੀ ਹਵਾ ਵਿੱਚ, ਹਵਾ ਅਕਾਸ਼ ਵਿੱਚ, ਅਕਾਸ਼ ਮਾਇਆ ਵਿੱਚ, ਮਾਇਆ ਸੂਖਮ ਰੂਪ ਹੋ ਕੇ ਅੰਤ ਨੂੰ ਈਸ਼ਵਰ ਵਿੱਚ ਲੀਨ ਹੋ ਜਾਂਦੀ ਹੈ। ਜਿਵੇਂ ਕੋਈ ਮਦਾਰੀ ਸਾਰੀਆਂ ਚੀਜ਼ਾਂ ਨੂੰ ਆਪਣੀ ਝੋਲੀ ਵਿੱਚ ਪਾ ਲਵੇ। ਇਸ ਪ੍ਰਕਾਰ ਅੰਤਰਜਾਮੀ ਸਾਰੀ ਸ੍ਰਿਸ਼ਟੀ ਦੀ ਰਚਨਾ ਰੂਪੀ ਚੀਜ਼ਾਂ ਨੂੰ ਆਪਣੀ ਇੱਛਾ ਰੂਪੀ ਝੋਲੀ ਵਿੱਚ ਪਾ ਲਵੇ ਅਤੇ ਕੇਵਲ ਪਰਮਾਤਮਾ ਹੀ ਰਹਿ ਜਾਵੇ, ਉਸ ਤੋਂ ਬਗੈਰ ਹੋਰ ਕੋਈ ਦੂਜਾ ਨਹੀਂ ਹੁੰਦਾ ਹੈ। ਇਸ ਨੂੰ ਮਹਾਂ ਪਰਲੋਂ ਕਹਿੰਦੇ ਹਨ। ਇਸ ਪ੍ਰਕਾਰ ਕਰਤੇ ਪੁਰਖ ਨੇ ਮਨੁੱਖਾਂ ਦੀਆ ਉਮਰਾਂ ਲਿਖੀਆਂ ਹਨ। ਉਸੇ ਤਰ੍ਹਾਂ ਬ੍ਰਹਮਾ ਆਦਿ ਸਭ ਦੇਵਤਿਆਂ ਦੀਆਂ ਉਮਰਾਂ ਵੀ ਲਿਖੀਆਂ ਹਨ। ਜੈਸਾ ਕਿ :

ਬ੍ਰਹਮਾ ਜੂ ਕੇ ਜਨਮ ਤੇ, ਪ੍ਰਗਟ ਹੋਤ ਸੰਸਾਰ।
ਮਹਾਂ ਪਰਲੈ ਹ੍ਵੈ ਮਰਨ ਤੇ, ਇਹੈ ਬਾਤ ਨਿਰਧਾਰ॥੪੪॥ (ਅਧਜਾਤਮ ਪ੍ਰਕਾਸ਼)

ਬ੍ਰਹਮਾ ਦੇ ਇਕ ਦਿਨ ਨੂੰ ਕਲਪ ਕਹਿੰਦੇ ਹਨ। ਬ੍ਰਹਮਾ ਦੇ ਇਕ ਦਿਨ ਵਿੱਚ ਚੌਦਾਂ ਇੰਦ੍ਰ ਰਾਜ ਕਰਕੇ ਖ਼ਤਮ ਹੋ ਜਾਂਦੇ ਹਨ।

ਚਉਦਹ ਇੰਦ੍ਰ ਵਿਣਾਸੁ ਕਾਲਿ ਬ੍ਰਹਮੇ ਦਾ ਇਕੁ ਦਿਵਸੁ ਵਿਹਾਵੈ।
ਧੰਧੇ ਹੀ ਬ੍ਰਹਮਾ ਮਰੈ, ਲੋਮਸ ਦਾ ਇਕੁ ਰੋਮ ਛਿਜਾਵੈ।
(ਵਾਰ ੧੨, ਪਉੜੀ ੧੦)

ਬ੍ਰਹਮਾ ਹੀ ਕੇ ਦਿਵਸ ਕੋ, ਕਲਪ ਕਹੁੰ ਸਭ ਤਾਹ।
ਜਾਂ ਮਹਿ ਚੌਦਹ ਇੰਦ੍ਰ ਹਵੈ, ਰਾਜ ਕਰਤ ਮਿਟ ਜਾਤ।

(ਅਧਜਾਤਮ ਪ੍ਰਕਾਸ਼)

ਜਿਸ ਸਮੇਂ ਨਾ ਪੰਜ ਤੱਤ, ਨਾ ਹੀ ਸੂਖਮ ਤੱਤ, ਨਾ ਹੀ ਕੋਈ ਬ੍ਰਹਮਾ, ਵਿਸ਼ਨੂੰ, ਸ਼ਿਵਜੀ ਆਦਿਕ ਹੁੰਦੇ ਹਨ, ਉਸ ਨੂੰ ਮਹਾਂ ਪਰਲੋਂ ਕਹਿੰਦੇ ਹਨ।

ਬ੍ਰਹਮਾ ਬਿਸਨੁ ਮਹੇਸੁ ਨ ਕੋਈ॥ ਅਵਰੁ ਨ ਦੀਸੈ ਏਕੋ ਸੋਈ॥

(ਅੰਗ ੧੦੩੫)

ਓਪਤਿ ਪਰਲਉ ਪ੍ਰਭ ਤੇ ਹੋਵੈ ਇਹ ਬੀਚਾਰੀ ਹਰਿ ਜਨੀ॥

(ਅੰਗ ੧੧੮੬)

੫. **ਗਿਆਨ ਪਰਲੋਂ** = ਜਿਸ ਅਵਿੱਦਿਆ ਕਰਕੇ ਸਾਰਾ ਸੰਸਾਰ ਬਣਿਆ ਹੋਇਆ, ਸਾਰੇ ਦੀ ਬ੍ਰਹਮ ਗਿਆਨ ਕਰਕੇ ਪਰਲੋਂ ਹੋ ਜਾਣੀ, ਕੇਵਲ ਇਕ ਅਦ੍ਵੈਤ ਸਰੂਪ ਨੂੰ ਵੇਖ ਲੈਣਾ, ਉਸ ਨੂੰ ਗਿਆਨ ਪਰਲੋਂ ਕਹਿੰਦੇ ਹਨ।

ਪਰਮੇਸ਼ਰ ਸੰਤ ਜਨਾਂ ਦੇ ਪੰਜ ਥਾਂ ਵੱਸਦਾ ਹੈ

੧. ਪਰਮੇਸ਼ਰ ਸੰਤ ਜਨਾਂ ਦੇ ਨੇਤਰਾਂ ਵਿੱਚ ਵੱਸਦਾ ਹੈ, ਕਿਉਂਕਿ ਉਹ ਨੇਤਰਾਂ ਨਾਲ ਸਾਰਿਆਂ ਵਿੱਚ ਇਕ ਬ੍ਰਹਮ ਨੂੰ ਹੀ ਵੇਖਦੇ ਹਨ ਅਤੇ ਜਗਿਆਸੂ ਜਨ ਤੇ ਦ੍ਰਿਸ਼ਟੀ ਪੈਣ ਕਰਕੇ ਜਗਿਆਸੂ ਜਨ ਨਿਹਾਲ ਹੁੰਦੇ ਹਨ।

੨. ਪਰਮੇਸ਼ਰ ਸੰਤਾਂ ਦੀ ਰਸਨਾ 'ਤੇ ਵੱਸਦਾ ਹੈ, ਕਿਉਂਕਿ ਰਸਨਾ ਨਾਲ, ਸੰਤ ਜਨ ਪਰਮੇਸ਼ਰ ਦੇ ਜੱਸ ਨੂੰ ਗਾਉਂਦੇ ਹਨ ਅਤੇ ਉਨ੍ਹਾਂ ਦੀ ਰਸਨਾ ਤੋਂ ਪਰਮੇਸ਼ਰ ਦੇ ਜੱਸ ਨੂੰ ਸੁਣ ਕੇ ਜਗਿਆਸੂ ਜਨ ਹਿਰਦੇ ਵਿੱਚ ਵਸਾਉਂਦੇ ਹਨ।

੩. ਪਰਮੇਸ਼ਰ ਸੰਤਾਂ ਦੇ ਹਿਰਦਿਆਂ ਵਿੱਚ ਵੱਸਦਾ ਹੈ, ਕਿਉਂਕਿ ਉਹ ਹਰ ਵਕਤ ਪਰਮੇਸ਼ਰ ਦੇ ਨਾਮ ਵਿੱਚ ਲਿਵ ਲਾਈ ਰੱਖਦੇ ਹਨ।

੪. ਪਰਮੇਸ਼ਰ ਸੰਤਾਂ ਦੇ ਹੱਥਾਂ ਵਿੱਚ ਨਿਵਾਸ ਕਰਦਾ ਹੈ, ਕਿਉਂਕਿ ਸੰਤ ਜਨ ਆਪਣੇ ਹੱਥਾਂ ਨਾਲ ਪਰਉਪਕਾਰ ਕਰਦੇ ਹਨ।

੫. ਪਰਮੇਸ਼ਰ ਸੰਤਾਂ ਦੇ ਚਰਨਾਂ ਵਿੱਚ ਵੱਸਦਾ ਹੈ, ਜਿਸ ਚਰਨ ਧੂੜੀ ਨੂੰ ਲੈ ਕੇ ਜਗਿਆਸੂ ਜਨ ਨਿਹਾਲ ਹੁੰਦੇ ਹਨ।

ਨੋਟ : ਇਉਂ ਰਾਮਾਨੰਦ ਜੀ ਨੇ ਪੀਪਾ ਭਗਤ ਜੀ ਨੂੰ ਉਪਦੇਸ਼ ਦਿੱਤਾ ਸੀ ਕਿ ਪਰਮੇਸ਼ਰ ਪੰਜ ਥਾਂ 'ਤੇ ਸੰਤ ਜਨਾਂ ਦੇ ਨਿਵਾਸ ਕਰਦਾ ਹੈ।

ਪੰਜ ਕਲੇਸ਼

੧. **ਅਵਿੱਦਿਆ** = ਆਤਮ ਸਰੂਪ ਦੇ ਪ੍ਰਕਾਸ਼ ਤੋਂ ਰਹਿਤ ਹੋਣਾ।

੨. **ਅਸੰਮਤਾ** = ਬਿਰਤੀ ਦੀ ਅਸਮਾਨਤਾ।

੩. **ਅਭਿਨਿਵੇਸ** = ਬੇਦ ਸ਼ਾਸਤਰਾਂ ਅਤੇ ਗੁਰਾਂ ਦੀ ਕਹੀ ਗੱਲ ਤੋਂ ਵਿਪਰੀਤ ਹੱਠ ਕਰਨਾ।

੪. ਰਾਗ = ਮੋਹ।

੫. ਦਵੈਸ਼ = ਵੈਰ-ਭਾਵ।

ਪੰਜਾਂ ਤੱਤਾਂ ਦਾ ਧਿਆਨ

੧. ਧਰਤੀ ਦਾ ਧਿਆਨ ਗੋਡਿਆਂ ਤਕ ਕਰਦੇ ਹਨ, ਜਿਸ ਨੂੰ ਸਿੱਧ ਹੋ ਜਾਵੇ ਉਹ ਧਰਤੀ ਵਿੱਚ ਦੱਬੇ ਨਹੀਂ ਰਹਿੰਦੇ।

੨. ਲੱਕ ਤਕ ਪਾਣੀ ਦਾ ਧਿਆਨ ਧਰਦੇ ਹਨ, ਜਿਸ ਕਰਕੇ ਪਾਣੀ ਵਿੱਚ ਡੁੱਬਦੇ ਨਹੀਂ।

੩. ਨਾਭੀ ਤਕ ਅਗਨੀ ਦਾ ਧਿਆਨ ਧਰਦੇ ਹਨ, ਜਿਸ ਕਰਕੇ ਅਗਨੀ ਵਿੱਚ ਸੜਦੇ ਨਹੀਂ।

੪. ਨਾਭੀ ਤੋਂ ਲੈ ਕੇ ਕੰਠ ਤਕ ਪਉਣ (ਹਵਾ) ਦਾ ਧਿਆਨ ਧਰਦੇ ਹਨ, ਜਿਸ ਕਰਕੇ ਪਉਣ ਵਿੱਚ ਉੱਡਦੇ ਫਿਰਦੇ ਹਨ।

੫. ਕੰਠ ਤੋਂ ਦਸਵੇਂ ਦੁਆਰ ਤਕ ਅਕਾਸ਼ ਦਾ ਧਿਆਨ ਧਰਦੇ ਹਨ, ਜਿਸ ਕਾਰਨ ਇਕ ਹੀ ਥਾਂ ਬੈਠਿਆਂ ਨੂੰ ਸਾਰੀਆਂ ਗੱਲਾਂ ਜਿੱਥੇ ਚਾਹੁਣ, ਸੁਣਨ ਲੱਗ ਜਾਂਦੀਆਂ ਹਨ। ਇਸ ਤਰੀਕੇ ਨਾਲ ਪੁਰਾਣੇ ਜੋਗੀ ਕਠਿਨ ਘਾਲਣਾ ਘਾਲਦੇ ਸਨ। ਜਿਸ ਕਰਕੇ ਯੋਗ ਸਾਧਨਾ ਦੁਆਰਾ ਇਹੋ ਜਿਹੀਆਂ ਸ਼ਕਤੀਆਂ ਦੇ ਮਾਲਕ ਹੋ ਜਾਂਦੇ ਸਨ। ਵਿਗਿਆਨੀ ਲੋਕ ਅੱਜ ਕੱਲ ਵਿਗਿਆਨ ਦੁਆਰਾ ਤਰੱਕੀਆਂ ਕਰਦੇ ਹਨ, ਪਰ ਯੋਗੀ ਲੋਕ ਸਾਧਨਾਂ ਦੁਆਰਾ ਤਰੱਕੀਆਂ ਕਰਦੇ ਹਨ।

ਪੰਜ ਤੱਤ

ਦੋਹਰਾ: ਜਲ ਵਾਯੂ ਮਾਟੀ ਅਗਨਿ, ਪੰਚਮ ਤੱਤ ਆਕਾਸ਼॥
ਪਾਂਚ ਤਤ੍ਵ ਕਾ ਖੇਲ ਜਗ, ਸ੍ਰੀ ਪ੍ਰਭ ਕੀਆ ਪ੍ਰਕਾਸ਼॥ ੬॥

(ਛੱਤੀਸ ਗਿਆਨ)

੧. ਜਲ **੨.** ਹਵਾ **੩.** ਧਰਤੀ **੪.** ਅੱਗ **੫.** ਅਕਾਸ਼

ਪੰਜ ਤੱਤ

ਆਪੋ-ਆਪਣੇ ਇੰਦਰਿਆਂ ਦੁਆਰਾ ਵਸਤੂ ਦਾ ਗਿਆਨ ਪਾਉਂਦੇ ਹਨ :

੧. ਅਕਾਸ਼ ਤੱਤ = ਜੋ ਆਪਣੇ ਕੰਨ ਇੰਦਰੇ ਦੁਆਰਾ ਸ਼ਬਦ ਗੁਣ ਨੂੰ ਸੁਣਦਾ ਹੈ।

੨. ਵਾਯੂ ਤੱਤ = ਜੋ ਆਪਣੇ ਤ੍ਵਚਾ ਇੰਦਰੇ ਦੁਆਰਾ ਸਪਰਸ਼ ਗੁਣ ਨੂੰ ਜਾਣਦਾ ਹੈ।

੩. ਅਗਨੀ ਤੱਤ = ਜੋ ਆਪਣੇ ਨੇਤ੍ਰ ਇੰਦਰੇ ਦੁਆਰਾ ਰੂਪ ਗੁਣ ਨੂੰ ਜਾਣਦਾ ਹੈ।

੪. ਜਲ ਤੱਤ = ਜੋ ਆਪਣੇ ਰਸਨਾ ਇੰਦਰੇ ਦੁਆਰਾ ਰਸ ਗੁਣ ਨੂੰ ਜਾਣਦਾ ਹੈ।

੫. ਪ੍ਰਿਥਵੀ ਤੱਤ = ਜੋ ਆਪਣੇ ਘਰਾਣ (ਨੱਕ) ਇੰਦਰੇ ਦੁਆਰਾ ਗੰਧ ਗੁਣ ਨੂੰ ਜਾਣਦਾ ਹੈ।

ਪੰਜ ਤੱਤਾਂ ਦੀ ਰਹਿਣੀ

੧. ਅਕਾਸ਼ = ਅਕਾਸ਼ ਦੀ ਤਰ੍ਹਾਂ ਨਿਰਖੋਭ ਹੋਣਾ, ਭਾਵ ਅਸੰਗ ਰਹਿਣਾ। ਜੈਸਾ ਕਿ :

ਸਰੁ ਸੰਧੇ ਆਗਾਸ ਕਉ ਕਿਉ ਪਹੁਚੈ ਬਾਣੁ॥ **(ਅੰਗ ੧੪੮)**

੨. **ਧਰਤੀ** = ਧਰਤੀ ਦੀ ਤਰ੍ਹਾਂ ਖਿਮਾ ਧਾਰਨ ਕਰਨੀ। ਜੈਸਾ ਕਿ :

ਬ੍ਰਹਮ ਗਿਆਨੀ ਕੈ ਧੀਰਜੁ ਏਕ॥ ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ॥

(ਅੰਗ ੨੭੨)

੩. **ਪਾਣੀ** = ਪਾਣੀ ਦੀ ਤਰ੍ਹਾਂ ਨਿਰਮਲ ਰਹਿਣਾ ਅਤੇ ਹੋਰਨਾਂ ਨੂੰ ਵੀ ਨਿਰਮਲ ਕਰਨਾ। ਜੈਸਾ ਕਿ :

ਬ੍ਰਹਮ ਗਿਆਨੀ ਨਿਰਮਲ ਤੇ ਨਿਰਮਲਾ ॥ ਜੈਸੇ ਮੈਲੁ ਨ ਲਾਗੈ ਜਲਾ ॥

(ਅੰਗ ੨੭੨)

੪. **ਅਗਨੀ** = ਅਗਨੀ ਦੀ ਨਿਆਈਂ ਪ੍ਰਕਾਸ਼ ਸਹਿਤ ਰਹਿਣਾ ਅਤੇ ਹੋਰਨਾਂ ਦੀ ਅਗਿਆਨਤਾ ਰੂਪੀ ਜੜ੍ਹਤਾ ਦੂਰ ਕਰਨੀ। ਜੈਸਾ ਕਿ :

ਸੁਭਾਇ ਅਭਾਇ ਜੁ ਨਿਕਟਿ ਆਵੈ ਸੀਤੁ ਤਾ ਕਾ ਜਾਇ ॥ (ਅੰਗ ੧੦੧੮)

੫. **ਵਾਯੂ** = ਪਉਣ ਦੀ ਤਰ੍ਹਾਂ ਨਿਰਲੇਪਤਾ ਅਤੇ ਸਮਾਨਤਾ ਧਾਰਨ ਕਰਨੀ। ਜੈਸਾ ਕਿ :

ਸੀਤ ਮੰਦ ਸੁਗੰਧ ਚਲਿਓ ਸਰਬ ਥਾਨ ਸਮਾਨ ॥
ਜਹਾ ਸਾ ਕਿਛੁ ਤਹਾ ਲਾਗਿਓ ਤਿਲੁ ਨ ਸੰਕਾ ਮਾਨ ॥ ੬ ॥ (ਅੰਗ ੧੦੧੮)

ਮਨ ਦੀਆਂ ਬਿਰਤੀਆਂ

੧. **ਪ੍ਰਮਾਣ** = ਦਿੱਸਣ ਵਾਲੀਆਂ ਵਸਤਾਂ ਵਿੱਚ ਪਰਚੇ ਰਹਿਣਾ।

ਨਵਿਰਤੀ : **ਦ੍ਰਿਸਟਉ ਕਛੁ ਸੰਗਿ ਨ ਜਾਇ ਮਾਨੁ ਤਿਆਗਿ ਮੋਹਾ ॥** (ਅੰਗ ੧੨੩੦)

੨. **ਵਿਪਰਜੈ** = ਵੇਦ ਸ਼ਾਸਤ੍ਰ ਅਤੇ ਗੁਰੂ ਦੀ ਆਗਿਆ ਤੋਂ ਉਲਟ ਬ੍ਰਹਮ ਨੂੰ ਅਸੱਤਿ ਅਤੇ ਜਗਤ ਨੂੰ ਸਤਿ ਜਾਨਣਾ।

ਨਵਿਰਤੀ : **ਇਹੁ ਜਗੁ ਧੂਏ ਕਾ ਪਹਾਰ॥ ਤੈ ਸਾਚਾ ਮਾਨਿਆ ਕਿਹ ਬਿਚਾਰਿ॥ ੧॥**

(ਅੰਗ ੧੧੮੬)

੩. **ਨਿੰਦ੍ਰਾ** = ਜਾਗ੍ਰਤ ਸੁਪਨ ਦਾ ਅਭਾਵ : ਮਨ ਅਤੇ ਬੁੱਧੀ ਦਾ ਅਵਿੱਦਿਆ ਵਿੱਚ ਲੀਨ ਹੋਣਾ ਵਾ: ਪ੍ਰਤੱਖ ਨੀਂਦ ਸੁਖੋਪਤੀ ਦੀ ਅਵਸਥਾ।

ਨਵਿਰਤੀ : **ਰਾਮ ਪਿਆਰੇ ਸਦਾ ਜਾਗਹਿ ਨਾਮੁ ਸਿਮਰਹਿ ਅਨਦਿਨੋ ॥**

(ਅੰਗ ੪੫੯)

੪. **ਵਿਕਲਪ** = ਬ੍ਰਿਤੀ ਦਾ ਇਕਾਗਰ ਨਾ ਹੋਣਾ, ਪਰੰਤੂ ਫਲ ਦੀ ਇੱਛਾ ਬਹੁਤੀ ਕਰਨੀ।

ਨਵਿਰਤੀ : **ਸੇਵਾ ਕਰਤ ਹੋਇ ਨਿਹਕਾਮੀ॥** (ਅੰਗ ੨੮੬)

੫. **ਸ੍ਰਿਮ੍ਰਿਤੀ** = ਭਜਨ ਸਿਮਰਨ ਵੇਲੇ ਪਿਛਲੇ ਕੰਮਾਂ ਨੂੰ ਯਾਦ ਕਰਨਾ।

ਨਵਿਰਤੀ : **ਮਨ ਕੀ ਮਤਿ ਤਿਆਗਹੁ ਹਰਿ ਜਨ ਏਹਾ ਬਾਤ ਕਠੈਨੀ ॥** (ਅੰਗ ੮੦੦)

ਨਾਨਕ ਪਦ ਦੇ ਪੰਜ ਅਰਥ

੧. **ਨ+ਅਨਿਕ** = ਨਾਨਕ ਭਾਵ ਜੋ ਅਨੇਕਤਾ ਤੋਂ ਰਹਿਤ ਹੈ ਅਰਥਾਤ ਦ੍ਵੈਤ ਤੋਂ ਰਹਿਤ ਹੈ, ਉਸੇ ਪਰਮੇਸ਼ਰ ਨੇ ਨਾਨਕ ਨਾਮ ਕਹਾਇਆ ਹੈ। ਜੈਸਾ ਕਿ :

ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥ (ਅੰਗ ੧੪੦੮)

ਅਨਿਕ ਰਹਿਤ ਪਰਮਾਤਮ ਜੋਈ। ਨਾਨਕ ਨਾਮ ਕਹਾਵੈ ਸੋਈ।
ਅਨਿਕੰ ਨ ਬਿਦਤੇ ਜਸ ਮਨਸਾ ਸਾ ਨਾਨਕਾ।

੨. **ਨ+ਅਨਕ** = ਅਨਕ ਨਾਮ ਢੋਲ ਦਾ ਹੈ, ਦੁਨੀਆਂ ਢੋਲ ਦੀ ਨਿਆਈਂ ਹੈ। ਜੈਸਾ ਕਿ :

ਫਰੀਦਾ ਦੁਨੀ ਵਜਾਈ ਵਜਦੀ ਤੂੰ ਭੀ ਵਜਹਿ ਨਾਲਿ॥
ਸੋਈ ਜੀਉ ਨ ਵਜਦਾ ਜਿਸੁ ਅਲਹੁ ਕਰਦਾ ਸਾਰ॥ (ਅੰਗ ੧੩੮੩)

ਅਰਥਾਤ ਜੋ ਢੋਲ ਦੀ ਨਿਆਈਂ ਦਮੂਹੀ ਦ੍ਵੈਤ ਵਿੱਚ ਵੱਜਣ ਵਾਲੀ ਦੁਨੀਆਂ ਹੈ। ਉਸ ਦ੍ਵੈਤ ਤੋਂ ਰਹਿਤ ਇਕ-ਰਸ ਰਹਿਣ ਵਾਲਾ, ਜੋ ਅਦ੍ਵੈਤ ਸਰੂਪ ਪਰਮੇਸ਼ਰ ਹੈ, ਉਹੋ ਨਾਨਕ ਹੈ।

੩. **ਨ (ਨੂਨ)** = ਜੋ ਸਾਰਿਆਂ ਅੰਦਰ ਨਿਯੰਤਾ=ਪ੍ਰੇਰਕ ਹੈ।

ਅ (ਅਲਫ਼) = ਜੋ ਇਕ-ਰਸ ਹੈ, **ਨ (ਨੂਨ)**=ਜੋ ਸਭ ਨੂੰ ਨਿਹਾਲ ਕਰਨ ਵਾਲਾ ਹੈ। **ਕ**=ਕਾਫ਼='ਕਾਇਨਾਤ' ਸੰਤੋਖ ਦੇਣ ਵਾਲਾ ਹੈ ਤੇ ਕਲਿਆਣ ਕਰਨ ਵਾਲਾ ਹੈ। ਇਹ ਅਰਥ ਫ਼ਾਰਸੀ ਕੋਸ਼ਾਂ ਅਨੁਸਾਰ ਭਾਈ ਨੰਦ ਲਾਲ ਜੀ ਨੇ 'ਤੋਸੀਫੇ ਸਨਾਹ' ਵਿੱਚ ਕੀਤੇ ਹਨ।

੪. **'ਨਾਨਕ' (ਨ+ਅ+ਨ+ਕ) ਨ** = ਨੂਨ ਭਾਵ ਨੇਕੀ ਦੇਣ ਵਾਲਾ ਹੈ।

ਅ=ਅਲਫ਼ ਭਾਵ ਅੱਲਾਹ ਰੂਪ ਹੈ। **ਨ**=ਨੂਨ ਭਾਵ ਨਿਆਮਤਾਂ ਦੇਣ ਵਾਲਾ ਹੈ। **ਕ**=ਕਾਫ਼ ਭਾਵ ਕਲਿਆਣ ਕਰਨ ਵਾਲਾ ਜਾਂ ਕਾਇਨਾਤ=ਸੰਤੋਖ ਦੇਣ ਵਾਲਾ ਹੀ ਨਾਨਕ ਹੈ।

੫. **ਨ+ਅਨ+ਅਕ=ਨਾਨਕ। ਨ**=ਪੁਰਖ ਦਾ ਵਾਚਕ ਹੈ। ਪੁਰਖ ਪੂਰਨ ਭਾਵ ਪਰਮੇਸ਼ਰ ਦਾ ਨਾਮ ਹੈ। ਅਨ ਨਾਮ ਰਹਿਤ ਦਾ ਹੈ। **ਅਕ**=ਜੋ ਦੁੱਖਾਂ ਤੋਂ ਰਹਿਤ ਪਰਮੇਸ਼ਰ ਹੈ, ਉਹੋ ਨਾਨਕ ਸਰੂਪ ਹੈ।

ਭਾਈ ਸੰਤੋਖ ਸਿੰਘ ਜੀ ਨੇ ਇਸ ਪ੍ਰਕਾਰ ਲਿਖਿਆ ਹੈ :

ਕਬਿੱਤ

ਪ੍ਰਾਕ ਜੋ ਨਕਾਰ 'ਨ' ਅਬਿਧਾਨ ਜਾਨਿ, ਤਾਹੂੰ ਤੇ 'ਅਕਾਰ' 'ਲੇ' 'ਅਨਕ' ਪੁਨ ਤੀਨ ਹੈ।
ਦੂਸਰੇ 'ਨਕਾਰ' ਤੇ ਨਿਕਾਰ ਕੈ 'ਅਕਾਰ' ਕਰਿ, ਭਯੋ 'ਅਨ' 'ਅਕ' ਚਾਰ ਬਰਨ ਸੁ ਕੀਨਿ ਹੈ।
'ਅਕ' ਨਾਮ ਦੁਖ ਕੋ ਬਿਦਤ ਹੈ ਜਗੱਤ ਮੱਧ, ਜਾ ਨਰ ਕੋ ਨਹੀ ਦੁੱਖ, ਸਦਾ ਸੁਖ ਲੀਨ ਹੈ।
ਐਸੋ ਇਹ ਨਾਨਕ ਕੇ ਨਾਮ ਕੌ ਅਰਥ ਚੀਨ, ਸੱਤਿਚਿਦਾਨੰਦ ਨਿਤ ਭਗਤਿ ਅਧੀਨ ਹੈ।

(ਸ੍ਰੀ ਗੁਰ ਨਾਨਕ ਪ੍ਰਕਾਸ਼, ਪੂਰਬਾਰਧ ਅਧਿ: ੪)

ਪੰਜ ਖੰਡ

੧. ਧਰਮ ਖੰਡ=ਜੋ ਸਤਸੰਗੀ ਦੀ ਅਵਸਥਾ ਹੈ। **੨. ਗਿਆਨ ਖੰਡ**=ਜੋ ਸੇਵਕ ਦੀ ਅਵਸਥਾ ਹੈ।
੩. ਸਰਮ ਖੰਡ=ਜੋ ਸਿੱਖ ਦੀ ਅਵਸਥਾ ਹੈ। **੪. ਕਰਮ ਖੰਡ**=ਜੋ ਸਨਮੁਖ ਦੀ ਅਵਸਥਾ ਹੈ।
੫. ਸਚਖੰਡ=ਜੋ ਗੁਰਮੁਖ ਦੀ ਅਵਸਥਾ ਹੈ।

ਪੰਜ ਅਭਾਵ

੧. ਪ੍ਰਧੁੰਸਾਭਾਵ = ਨਿਆਇ ਮੱਤ ਅਨੁਸਾਰ ਪ੍ਰਧੁੰਸਾਭਾਵ ਤੇ ਪ੍ਰਾਗਾਭਾਵ ਨੂੰ 'ਅਕਾਲ' ਮੰਨਦੇ ਹਨ।

ਘੜੇ ਟੁੱਟ ਜਾਣ ਤੇ ਠੀਕਰੀਆਂ ਹੋ ਜਾਣ ਨੂੰ ਪ੍ਰਧੁੰਸਾਭਾਵ ਕਹਿੰਦੇ ਹਨ। ਉਨ੍ਹਾਂ ਅਨੁਸਾਰ ਘੜਾ ਟੁੱਟਣ 'ਤੇ ਵੀ ਠੀਕਰੀਆਂ ਪਈਆਂ ਰਹਿੰਦੀਆਂ ਹਨ। ਇਸੇ ਕਰਕੇ ਉਹ ਘੜੇ ਦਾ ਨਾਸ਼ ਨਹੀਂ ਮੰਨਦੇ, ਸਗੋਂ ਪ੍ਰਧੁੰਸਾਭਾਵ ਕਹਿੰਦੇ ਹਨ। ਇਵੇਂ ਉਹ ਸਰੀਰ ਦੇ ਨਾਸ਼ ਹੋਣ ਦਾ ਵੀ ਪ੍ਰਧੁੰਸਾਭਾਵ ਮੰਨਦੇ ਹਨ।

੨. **ਪ੍ਰਾਗਾਭਾਵ** = ਜਦੋਂ ਘੜੇ ਦੀਆਂ ਦੋਵੇਂ ਕਪਾਲਾਂ ਬਣਾਈਆਂ ਹੋਣ, ਪਰ ਜੋੜ ਕੇ ਇਕੱਠੀਆਂ ਨਾ ਕੀਤੀਆਂ ਹੋਣ, ਉਸ ਨੂੰ ਪ੍ਰਾਗਾਭਾਵ ਕਹਿੰਦੇ ਹਨ। ਇਸ ਤਰ੍ਹਾਂ ਲੋਕਾਂ ਨੇ ਉਸ ਸਮੇਂ ਨੂੰ ਅਕਾਲ ਮੰਨ ਲੈਣਾ, ਜਦੋਂ ਸੂਖਮ ਤੱਤ ਹੀ ਬਣੇ ਸਨ, ਪਰ ਸਥੂਲ ਤੱਤ ਨਹੀਂ ਬਣੇ ਸਨ।

੩. **ਅਨਜੋਨਜਾਭਾਵ (ਪਰਸਪਰ ਅਭਾਵ)** = ਘਟ ਕਾ ਪਟ ਮੇਂ ਅਭਾਵ ਹੈ, ਪਟ ਕਾ ਘਟ ਮੇਂ ਅਭਾਵ ਹੈ, ਇਸ ਦਾ ਨਾਮ ਅਨਜੋਨਜਾਭਾਵ (ਪਰਸਪਰ ਅਭਾਵ) ਹੈ। ਘਟ (ਘੜਾ) ਵਿੱਚ ਪਟ (ਬਸਤਰ) ਨਹੀਂ ਰਹਿੰਦਾ ਹੈ, ਪਟ ਵਿੱਚ ਘਟ ਨਹੀਂ ਰਹਿੰਦਾ, ਏਹੀ ਉਹਨਾਂ ਦਾ ਪਰਸਪਰ ਅਭਾਵ ਹੈ।

੪. **ਅਤੀਅੰਤਾਭਾਵ** = ਜੈਸੇ ਬੰਝਿਆ ਦੇ ਪੁੱਤਰ ਦਾ ਅਤੀਅੰਤ ਅਭਾਵ ਹੈ। ਸਾਰਿਆਂ ਸਮਿਆਂ ਵਿੱਚ ਕਿਸੇ ਵਸਤੂ ਦਾ ਨਾ ਹੋਣਾ, ਜਿਵੇਂ ਸਹੇ ਦੇ ਸਿੰਗ, ਆਕਾਸ਼ ਦਾ ਫੁੱਲ ਆਦਿ।

੫. **ਸਾਮਯਿਕਾਭਾਵ** = ਕਿਸੇ ਸਮੇਂ ਕਿਸੇ ਪਦਾਰਥ ਦੇ ਹੋਣ ਪਰ ਵੀ ਨਾ-ਮੌਜੂਦਗੀ ਹੋਣ ਕਰਕੇ ਅਭਾਵ ਹੋਣਾ, ਜਿਵੇਂ ਘੜੇ ਦੇ ਹੋਣ ਪਰ ਵੀ ਕਿਸੇ ਥਾਂ ਤੋਂ ਘੜਾ ਲੈ ਜਾਣ ਕਰਕੇ ਉਸ ਥਾਂ ਘੜੇ ਦਾ ਅਭਾਵ ਹੈ।

ਪੰਜ ਵਿਕਾਰ

੧. ਕਾਮ = ਮੰਦ ਵਾਸ਼ਨਾ
੨. ਕ੍ਰੋਧ = ਚਿੱਤ ਦੀ ਤੀਖਸ਼ਣ ਬਿਰਤੀ
੩. ਲੋਭ = ਲਾਲਚ
੪. ਮੋਹ = ਸਰੀਰ ਦਾ ਸਨੇਹ
੫. ਹੰਕਾਰ = ਵੱਡਾਪਣ, 'ਮੈਂ ਮੇਰੀ' ਦਾ ਭਾਵ

ਪੰਜ ਵਿਸ਼ੇ

੧. ਸ਼ਬਦ = ਕੰਨਾਂ ਦਾ ਵਿਸ਼ਾ
੨. ਸਪਰਸ = ਤ੍ਵਚਾ ਦਾ ਵਿਸ਼ਾ
੩. ਰੂਪ = ਨੇਤ੍ਰਾਂ ਦਾ ਵਿਸ਼ਾ
੪. ਰਸ = ਜੀਭ ਦਾ ਵਿਸ਼ਾ
੫. ਗੰਧ = ਨਾਸਕਾ ਦਾ ਵਿਸ਼ਾ

ਪੰਜ ਪ੍ਰਾਣ

੧. ਪ੍ਰਾਨ = ਹਿਰਦੇ ਵਿੱਚ
੨. ਅਪਾਨ = ਗੁਦਾ ਵਿੱਚ
੩. ਸਮਾਨ = ਨਾਭੀ ਵਿੱਚ
੪. ਉਦਿਆਨ = ਕੰਠ ਵਿੱਚ
੫. ਵਯਾਨ = ਸਾਰੇ ਸਰੀਰ ਵਿੱਚ

ਪੰਜ ਉਪ-ਪ੍ਰਾਣ

੧. ਕ੍ਰਿਕਲ=ਜੋ ਛਿੱਕ ਲਿਆਉਂਦੀ ਹੈ। **੨. ਕੂਰਮ**=ਜੋ ਨੇਤਰਾਂ ਦੀਆਂ ਪਲਕਾਂ ਖੋਲ੍ਹਦੀ ਹੈ।

੩. ਨਾਦ=ਜੋ ਡਕਾਰ ਲਿਆਉਂਦੀ ਹੈ। **੪. ਦੇਵਦੱਤ** = ਜੋ ਉਭਾਸੀ ਲਿਆਉਂਦੀ ਹੈ।

੫. ਧਨੰਜੈ=ਜੋ ਮੌਤ ਤੋਂ ਬਾਅਦ ਪੇਟ ਫੁਲਾਉਂਦੀ ਹੈ।

ਪੰਜ ਚੋਰ

੧. ਧਨ ਦੇ ਚੋਰ = ਜੋ ਪਰਾਇਆ ਧਨ ਚੁਰਾਉਂਦੇ ਹਨ, ਉਹ ਧਨ ਦੇ ਚੋਰ ਹਨ। ਜੈਸਾ ਕਿ :

ਹਟ ਪਟਣ ਬਿਜ ਮੰਦਰ ਭੰਨੈ ਕਰਿ ਚੋਰੀ ਘਰਿ ਆਵੈ ॥ (ਅੰਗ ੧੫੬)

ਕਈ ਕੋਟਿ ਪਰ ਦਰਬ ਕਉ ਹਿਰਹਿ ॥ (ਅੰਗ ੨੭੫)

ਦੇਸਿ ਪਰਦੇਸਿ ਧਨੁ ਚੋਰਾਇ ਆਣਿ ਮੁਹਿ ਪਾਇਆ ॥ (ਅੰਗ ੧੨੪੬)

ਬਹੁ ਪਰਪੰਚ ਕਰਿ ਪਰ ਧਨੁ ਲਿਆਵੈ ॥

ਸੁਤ ਦਾਰਾ ਪਹਿ ਆਨਿ ਲੁਟਾਵੈ ॥ ੧ ॥ (ਅੰਗ ੬੫੬)

੨. ਤਨ ਦੇ ਚੋਰ = ਜੋ ਪਰਾਏ ਤਨ (ਪਰ-ਇਸਤ੍ਰੀ ਜਾਂ ਪਰ-ਪੁਰਸ਼) ਭੋਗਣ ਦੀ ਚੋਰੀ ਕਰਦੇ ਹਨ, ਐਸੇ ਵਿਭਚਾਰੀ ਤਨ ਦੇ ਚੋਰ ਹਨ। ਜੈਸਾ ਕਿ :

ਲੂਕ ਕਰਤ ਬਿਕਾਰ ਬਿਖੜੇ ਪ੍ਰਭ ਨੇਰਹੂ ਤੇ ਨੇਰਿਆ ॥ (ਅੰਗ ੭੦੪)

ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ ॥ (ਅੰਗ ੩੧੫)

੩. ਮਨ ਦੇ ਚੋਰ = ਜੋ ਆਪਣੇ ਗੁਨਾਹਾਂ ਜਾਂ ਕੀਤੇ ਹੋਏ ਪਾਪਾਂ ਨੂੰ ਅਤੇ ਦੂਸਰਿਆਂ ਦੀਆਂ ਚੰਗਿਆਈਆਂ ਨੂੰ ਨਾ ਦੱਸਦੇ ਹੋਏ ਮਨ ਵਿੱਚ ਛੁਪਾ ਲੈਂਦੇ ਸਨ। ਜੈਸਾ ਕਿ :

ਕਬੀਰ ਜੇਤੇ ਪਾਪ ਕੀਏ ਰਾਖੇ ਤਲੈ ਦੁਰਾਇ ॥

ਪਰਗਟ ਭਏ ਨਿਦਾਨ ਸਭ ਜਬ ਪੂਛੇ ਧਰਮ ਰਾਇ ॥ ੧੦੫ ॥ (ਅੰਗ ੧੩੭੦)

੪. ਨਾਮ-ਸਿਮਰਨ ਦੇ ਚੋਰ = ਜਿਹੜੇ ਵਿਅਕਤੀ ਮਨੁੱਖਾ ਸਰੀਰ ਪਾ ਕੇ ਵੀ ਨਾਮ ਸਿਮਰਨ ਨਹੀਂ ਕਰਦੇ, ਉਹ ਵੀ ਚੋਰ ਹਨ। ਜੈਸਾ ਕਿ :

ਤੇ ਤਸਕਰ ਜੋ ਨਾਮੁ ਨ ਲੇਵਹਿ ਵਾਸਹਿ ਕੋਟ ਪੰਚਾਸਾ ॥ (ਅੰਗ ੧੩੨੮)

ਸਰਬ ਜੋਤਿ ਨਾਮੈ ਕੀ ਚੇਰਿ ॥ ੨ ॥ (ਅੰਗ ੧੧੮੭)

੫. ਕਵਿਤਾ ਦੇ ਚੋਰ = ਜਿਹੜੇ ਘਟੀਆ ਕਵੀ ਲੋਕ ਕਿਸੇ ਦੂਸਰੇ ਦੀ ਕਵਿਤਾ ਲੈ ਕੇ ਉਸ ਵਿੱਚ ਆਪਣਾ ਨਾਮ ਲਿਖ ਦਿੰਦੇ ਹਨ, ਜਾਂ ਦੂਸਰੇ ਦੀ ਕਵਿਤਾ ਤਰੋੜ-ਮਰੋੜ ਕੇ ਬੇ-ਪਛਾਣ ਕਰ ਕੇ ਆਪਣੀ ਦੱਸਦੇ ਹਨ ਉਹ ਕਾਵਿ ਚੋਰ ਹਨ। ਜਿਵੇਂ ਕਿ ਕਈਆਂ ਨੇ ਆਪਣੀ ਮਨ-ਮਰਜ਼ੀ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ, ਭਗਤ ਕਬੀਰ ਜੀ ਆਦਿ ਮਹਾਨ ਬਾਣੀਕਾਰਾਂ ਦੀ ਰਚਨਾਵਾਂ ਤਰੋੜ-ਮਰੋੜ ਰੱਖੀਆਂ ਹਨ ਜਾਂ ਆਪਣੀਆਂ ਕੱਚੀਆਂ ਬਾਣੀਆਂ ਉਨ੍ਹਾਂ ਮਹਾਨ ਹਸਤੀਆਂ ਦੇ ਨਾਵਾਂ 'ਤੇ ਲੋਕਾਂ ਨੂੰ ਸੁਣਾਉਂਦੇ ਜਾਂ ਲਿਖਦੇ ਹਨ। ਇਹ ਚੋਰ ਕਵੀ ਵੀ ਤਿੰਨ ਪ੍ਰਕਾਰ ਦੇ ਹਨ। ਜੋ ਸੁਤੇ ਰਚਦਾ ਹੈ, ਉਹ ਅਵਧੂਤ ਭਾਵ ਸ਼ੁੱਧ ਕਵੀ ਹੈ। ਕੁਲ ਚਾਰ ਕਵੀ ਹਨ, ਇਸ ਦਾ ਵੇਰਵਾ ੪ ਅੰਕ ਦੀ ਗਿਣਤੀ ਵਿੱਚ ਦੇਖੋ।

ਪੰਜ ਪ੍ਰਕਾਰ ਦੀ ਕਿਰਪਾ

੧. **ਪਰਮੇਸ਼ਰ ਦੀ ਕਿਰਪਾ** = ਜਿਸ ਨਾਲ ਮਨੁੱਖਾ ਸਰੀਰ ਮਿਲਦਾ ਹੈ।

੨. **ਕਰਮਾਂ ਦੀ ਕਿਰਪਾ** = ਜਿਸ ਨਾਲ ਨਿਰਮਲ ਬੁੱਧੀ ਦੀ ਪ੍ਰਾਪਤੀ ਹੁੰਦੀ ਹੈ।

੩. **ਸਤਿਸੰਗਤ ਦੀ ਕਿਰਪਾ** = ਜਿਸ ਨਾਲ ਵਿਕਾਰਾਂ ਤੋਂ ਬਚ ਕੇ ਸ੍ਰੇਸ਼ਟ ਗੁਣ ਪ੍ਰਾਪਤ ਹੁੰਦੇ ਹਨ।

੪. **ਸਤਿਗੁਰਾਂ ਦੀ ਕਿਰਪਾ** = ਜਿਸ ਨਾਲ ਨਾਮ ਦੀ ਪ੍ਰਾਪਤੀ ਹੁੰਦੀ ਹੈ।

੫. **ਆਪਣੀ ਕਿਰਪਾ** = ਆਪਣੇ ਆਪ ਉੱਪਰ ਤਰਸ ਕਰਕੇ ਗੁਰ ਉਪਦੇਸ਼ ਕਮਾਉਣ ਲੱਗ ਜਾਣਾ। ਇਹ ਆਪਣੇ ਆਪ ਉੱਪਰ ਆਪਣੀ ਕਿਰਪਾ ਹੈ।

ਪੰਜ ਕੋਸ਼

੧. **ਅੰਨਮਯ ਕੋਸ਼** = ਅੰਨ ਤੋਂ ਉਤਪੰਨ ਤੇ ਅੰਨ ਦੇ ਆਸਰੇ ਰਹਿਣ ਵਾਲਾ ਸਥੂਲ ਸਰੀਰ, ਜੋ ਪੰਜਾਂ ਤੱਤਾਂ (ਅਕਾਸ਼, ਵਾਯੂ, ਅਗਨੀ, ਜਲ, ਪ੍ਰਿਥਵੀ) ਦਾ ਰਚਿਤ ਹੈ। ਇਹ ਅੰਨਮਯ ਕੋਸ਼ ਹੈ।

੨. **ਪ੍ਰਾਣਮਯ ਕੋਸ਼** = ਪੰਜ ਕਰਮ ਇੰਦ੍ਰੀਆਂ, ਪੰਜ ਪ੍ਰਾਣ ਨੂੰ ਮਿਲਾ ਕੇ ਪ੍ਰਾਣਮਯ ਕੋਸ਼ ਹੈ।

੩. **ਮਨੋਮਯ ਕੋਸ਼** = ਪੰਜ ਕਰਮ ਇੰਦ੍ਰੀਆਂ ਅਤੇ ਮਨ, ਇਹ ਮਨੋਮਯ ਕੋਸ਼ ਹੈ।

੪. **ਵਿਗਿਆਨਮਯ ਕੋਸ਼** = ਪੰਜ ਗਿਆਨ ਇੰਦ੍ਰੀਆਂ ਅਤੇ ਬੁਧਿ, ਇਹ ਵਿਗਿਆਨਮਯ ਕੋਸ਼ ਹੈ।

੫. **ਅਨੰਦਮਯ ਕੋਸ਼** = ਸਤੋਗੁਣ ਵਿਸ਼ਿਸ਼ਟ ਜੀਵਾਤਮਾ ਦਾ ਅਵਰਣ ਅਨੰਦਮਯ ਕੋਸ਼ ਹੈ। ਅਰਥਾਤ ਅਸਥੂਲ ਸਰੀਰ ਵਿੱਚ ਅੰਨਮਯ ਕੋਸ਼, ਸੂਖਮ ਸਰੀਰ ਦੇ ਅੰਦਰ ਪ੍ਰਾਣਮਯ ਕੋਸ਼, ਮਨੋਮਯ ਕੋਸ਼, ਵਿਗਿਆਨਮਯ ਕੋਸ਼ ਹਨ ਅਤੇ ਕਾਰਨ ਦੇਹ ਦੇ ਅੰਦਰ ਅਨੰਦਮਯ ਕੋਸ਼ ਹੈ।

ਪੰਜ ਇੱਛਾਵਾਂ

੧. ਧਨ ਦੀ ਪ੍ਰਾਪਤੀ ਰੂਪ ਇੱਛਾ।

੨. ਸੁੱਖ ਦੀ ਪ੍ਰਾਪਤੀ ਰੂਪ ਇੱਛਾ।

੩. ਸੰਸਾਰ ਅੰਦਰ ਵਡਿਆਈ ਕਰਾਉਣ ਦੀ ਇੱਛਾ।

੪. ਰੋਗ ਦੀ ਨਵਿਰਤੀ ਦੀ ਇੱਛਾ।

੫. ਨਾਮ ਰੂਪ ਖ਼ਜ਼ਾਨੇ ਨੂੰ ਪਾ ਕਰਕੇ ਪਰਮੇਸ਼ਰ ਦੀ ਦਰਗਾਹ ਅੰਦਰ ਪ੍ਰਵਾਨਣੀਕ ਹੋਣ ਦੀ ਇੱਛਾ।

ਸਤਿਗੁਰਾਂ ਨੇ ਗੁਰਬਾਣੀ ਅੰਦਰ ਇਨ੍ਹਾਂ ਉਪਰੋਕਤ ਪੰਜ ਇੱਛਾਵਾਂ ਦੀ ਪੂਰਤੀ ਲਈ ਉਪਦੇਸ਼ ਵੀ ਬਖ਼ਸ਼ਿਸ਼ ਕੀਤਾ ਹੈ। ਜੈਸਾ ਕਿ :

ਜਿਸੁ ਧਨ ਕਉ ਚਾਰਿ ਕੁੰਟ ਉਠਿ ਧਾਵਹਿ॥ ਸੋ ਧਨੁ ਹਰਿ ਸੇਵਾ ਤੇ ਪਾਵਹਿ॥
ਜਿਸੁ ਸੁਖ ਕਉ ਨਿਤ ਬਾਛਹਿ ਮੀਤ॥ ਸੋ ਸੁਖੁ ਸਾਧੂ ਸੰਗਿ ਪਰੀਤਿ॥
ਜਿਸੁ ਸੋਭਾ ਕਉ ਕਰਹਿ ਭਲੀ ਕਰਨੀ॥ ਸਾ ਸੋਭਾ ਭਜੁ ਹਰਿ ਕੀ ਸਰਨੀ॥
ਅਨਿਕ ਉਪਾਵੀ ਰੋਗੁ ਨ ਜਾਇ॥ ਰੋਗੁ ਮਿਟੈ ਹਰਿ ਅਵਖਧੁ ਲਾਇ॥
ਸਰਬ ਨਿਧਾਨ ਮਹਿ ਹਰਿ ਨਾਮੁ ਨਿਧਾਨੁ॥ ਜਪਿ ਨਾਨਕ ਦਰਗਹਿ ਪਰਵਾਨੁ ॥ ੨ ॥

(ਅੰਗ ੨੮੮)

ਪੰਜ ਗੁਣ

੧. ਬਹੁਤ ਸੋਹਣਾ ਹੋਣਾ **੨.** ਚੰਗੀ ਕੁਲ ਹੋਣੀ

੩. ਵਿਹਾਰਾਂ 'ਚ ਚਤੁਰ ਹੋਣਾ **੪.** ਮੁੱਖੋਂ ਗਿਆਨ ਦੀਆਂ ਗੱਲਾਂ ਕਰਨੀਆਂ

੫. ਧਨੀ ਹੋਣਾ, ਜੈਸਾ ਕਿ :

ਅਤਿ ਸੁੰਦਰ ਕੁਲੀਨ ਚਤੁਰ ਮੁਖਿ ਗਿਆਨੀ ਧਨਵੰਤ ॥ **(ਅੰਗ ੨੫੩)**

ਇਹ ਪੰਜ ਗੁਣ ਉਨ੍ਹਾਂ ਨੂੰ ਪ੍ਰਾਪਤ ਹੁੰਦੇ ਹਨ :

੧. ਜਿਸ ਨੇ ਮੋਤੀ ਦਾਨ ਕੀਤੇ ਹੋਣ - ਉਨ੍ਹਾਂ ਨੂੰ ਵਿੱਦਿਆ ਮਿਲਦੀ ਹੈ।

੨. ਜਿਸ ਨੇ ਚੰਦਨ ਦੇ ਬਾਗ਼ ਦਾਨ ਕੀਤੇ ਹੋਣ - ਉਨ੍ਹਾਂ ਨੂੰ ਚੰਗੀ ਕੁਲ ਵਿੱਚ ਜਨਮ ਮਿਲਦਾ ਹੈ।

੩. ਸੁੰਦਰ ਗੁਣਾਂ ਦਾ ਦਾਨ ਕੀਤਾ ਹੋਵੇ - ਸੁੰਦਰਤਾ ਮਿਲਦੀ ਹੈ।

੪. ਵਿੱਦਿਆ ਖੋਲ੍ਹ ਕੇ ਦਾਨ ਕੀਤੀ ਹੋਵੇ - ਸ੍ਰੇਸ਼ਟ ਗਿਆਨ ਮਿਲਦਾ ਹੈ।

੫. ਜਿੰਨੇ ਪਿੱਛੇ ਪੁੰਨ ਕੀਤੇ ਹੁੰਦੇ ਹਨ - ਉਤਨਾ ਧਨ ਮਿਲਦਾ ਹੈ।

ਮਨ ਦੀਆਂ ਬਿਰਤੀਆਂ

ਇਨ੍ਹਾਂ ਪੰਜਾਂ ਨੂੰ ਗੁਰਮੁਖ ਜਨਾਂ ਨੇ ਇਸ ਪ੍ਰਕਾਰ ਘੜਿਆ ਹੈ :

੧. ਪ੍ਰਮਾਣ = ਜਿਹੜਾ ਦਿੱਸਣ ਵਾਲੀਆਂ ਵਿੱਚ ਪਰਚਣਾ ਸੀ ਉਸ ਨੂੰ ਗੁਰੂ ਸਰੂਪ ਦੇ ਧਿਆਨ ਵਿੱਚ ਲਾ ਲਿਆ।

੨. ਵਿਪਰਜੈ = ਜਿਹੜੇ ਸੰਸਾਰ ਨੂੰ ਸਤ ਮੰਨਿਆ ਹੋਇਆ, ਹੁਣ ਬਿਰਤੀ ਨੂੰ ਉਲਟਾ ਕੇ ਬ੍ਰਹਮ ਰੂਪਤਾ ਦਾ ਨਿਸ਼ਚਾ ਕਰ ਲਿਆ ਹੈ।

੩. ਨਿੰਦ੍ਰਾ = ਨਿੰਦ੍ਰਾ ਅਤੇ ਆਲਸ ਨੂੰ ਉੱਦਮ ਤੇ ਸੁਚੇਤਤਾ ਰੂਪ ਵਿੱਚ ਘੜ ਲਿਆ ਹੈ।

੪. ਵਿਕਲਪ = ਜਿਹੜੀ ਬਿਰਤੀ ਵਿਸ਼ੇਸ਼ ਕਰਕੇ ਸੰਸਾਰ ਦੇ ਪਦਾਰਥਾਂ ਦੀ ਕਲਪਣਾ ਕਰਦੀ ਸੀ, ਉਸ ਨੂੰ ਹੁਣ ਨਿਰੋਲ ਨਾਮ ਦਾ ਚਿੰਤਨ ਕਰਨ ਰੂਪ ਘੜ ਲਿਆ ਹੈ।

੫. ਸਿੰਮ੍ਰਿਤੀ = ਜੋ ਬਿਰਤੀ ਵਿੱਚ ਸੰਸਾਰ ਦੇ ਪਦਾਰਥਾਂ ਤੋਂ ਬੀਤੇ ਸਮੇਂ ਦੀਆਂ ਸਿੰਮ੍ਰਿਤੀਆਂ ਯਾਦਾਸ਼ਤਾਂ ਸਨ, ਉਨ੍ਹਾਂ ਨੂੰ ਛੱਡ ਕੇ ਕੇਵਲ ਪਰਮਾਤਮਾ ਦੀ ਹੀ ਯਾਦ ਰਹਿ ਗਈ।

ਇਸ ਪ੍ਰਕਾਰ ਬਿਰਤੀਆਂ ਨੂੰ ਘੜਿਆ ਹੈ।

ਨੋਟ : ਇਨ੍ਹਾਂ ਮਨ ਦੀਆਂ ਬਿਰਤੀਆਂ ਨੂੰ ਬਾਹਜ ਭਾਵ ਵਿੱਚ ਇਸੇ ਅੰਕ ੫ ਪੰਜ ਦੀ ਗਿਣਤੀ ਵਿੱਚ ਪਿੱਛੇ ਦੇਖੋ।

ਪੰਜ ਪ੍ਰਕਾਰ ਦੀ ਕਸਵੱਟੀ

੧. ਸ਼ਕਤੀ (ਤਾਕਤ) :

ਸ਼ਕਤੀ ਤੋਂ ਭਾਵ ਤਾਕਤ, ਇਹ ਅੱਗੋਂ ਤਿੰਨ ਪ੍ਰਕਾਰ ਦੀ ਹੈ :-

(ੳ) ਜਿਸਮਾਨੀ (ਸਰੀਰਕ) = ਤਾਕਤ : ਸਰੀਰਕ ਤਾਕਤ ਜਾਂ ਸ਼ਕਤੀ ਦੇ ਵਾਧੇ ਵਾਸਤੇ ਚੰਗੀ ਖ਼ੁਰਾਕ ਅਤੇ ਕਸਰਤ ਦੀ ਜ਼ਰੂਰਤ ਹੈ, ਜਿਸ ਦਾ ਪ੍ਰਤੱਖ ਪ੍ਰਮਾਣ ਪਹਿਲਵਾਨ ਵਿਅਕਤੀ ਹਨ।

(ਅ) **ਦਿਮਾਗੀ ਤਾਕਤ** = ਇਹ ਤਾਕਤ ਵਿੱਦਿਆ ਪੜ੍ਹਨ ਜਾਂ ਗਿਆਨ ਹਾਸਲ ਕਰਨ ਨਾਲ ਵੱਧਦੀ ਹੈ। ਇਸ ਤਾਕਤ ਦਾ ਸਦਕਾ ਹੀ ਅੱਜ ਦਾ ਮਨੁੱਖ ਚੰਦਰਮਾ ਅਤੇ ਤਾਰਿਆਂ ਤਕ ਪਹੁੰਚ ਚੁੱਕਾ ਹੈ। ਇਸ ਤਾਕਤ ਦਾ ਮਾਲਕ ਪ੍ਰਤੱਖ ਰੂਪ ਵਿੱਚ ਸਾਇੰਸਦਾਨ ਹੈ।

(ਏ) **ਰੂਹਾਨੀ ਤਾਕਤ** = ਪਹਿਲੀਆਂ ਦੋ ਤਾਕਤਾਂ ਦਾ ਸਾਡੇ ਪ੍ਰਕਰਣ ਨਾਲ ਕੋਈ ਸੰਬੰਧ ਨਹੀਂ ਹੈ। ਅਵਤਾਰੀ ਪੁਰਸ਼ਾਂ ਦਾ ਜ਼ਿਆਦਾ ਸੰਬੰਧ ਰੂਹਾਨੀ ਤਾਕਤ ਨਾਲ ਹੀ ਹੁੰਦਾ ਹੈ, ਜਿਵੇਂ ਤ੍ਰੇਤੇ ਯੁੱਗ ਵਿੱਚ ਸ੍ਰੀ ਰਾਮ ਚੰਦਰ ਜੀ ਨੇ ਬਚਪਨ ਵਿੱਚ ਹੀ ਆਪਣੀ ਮਾਤਾ ਕੌਸ਼ਲਿਆ ਨੂੰ ਦੇਵੀ ਮੰਦਰ ਵਿੱਚ ਦੇਵੀ ਦੀ ਥਾਂ ਆਪਣਾ ਰੂਪ ਦਿਖਾ ਕੇ ਚਮਤਕਾਰ ਦਿਖਾਇਆ ਸੀ। ਦੁਆਪੁਰ ਯੁੱਗ ਵਿੱਚ ਭਗਵਾਨ ਸ੍ਰੀ ਕ੍ਰਿਸ਼ਨ ਜੀ ਨੇ ਮਾਤਾ ਯਸ਼ੋਦਾ ਨੂੰ ਮਿੱਟੀ ਖਾਣ ਦੇ ਬਹਾਨੇ ਆਪਣਾ ਮੂੰਹ ਖੋਲ੍ਹ ਕੇ ਉਸ ਵਿੱਚ ਸਾਰੀ ਸ੍ਰਿਸ਼ਟੀ (ਵੈਰਾਟ) ਰੂਪ ਦਿਖਾ ਦਿੱਤਾ ਸੀ। ਇਸੇ ਤਰ੍ਹਾਂ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ੧੪੬੯ ਈ. ਕੱਤਕ ਦੀ ਪੂਰਨਮਾਸ਼ੀ ਨੂੰ ਰਾਇ ਭੋਇ ਦੀ ਤਲਵੰਡੀ (ਸ੍ਰੀ ਨਨਕਾਣਾ ਸਾਹਿਬ) ਵਿਖੇ ਅਵਤਾਰ ਧਾਰਿਆ ਤਾਂ ਮਾਤਾ ਤ੍ਰਿਪਤਾ ਜੀ ਨੂੰ ਆਪਣੀ ਸ਼ਕਤੀ ਦਾ ਚਮਤਕਾਰ ਵਿਖਾਇਆ ਸੀ। ਅੰਮ੍ਰਿਤ ਵੇਲੇ ਦਾ ਸਮਾਂ ਸੀ। ਸਤਿਗੁਰੂ ਜੀ ਪਲੰਘ ਉੱਪਰ ਬਿਰਾਜਮਾਨ ਸਨ ਤਾਂ ਦੇਵਤੇ ਗੁਰੂ ਜੀ ਦੀ ਪੂਜਾ ਕਰਨ ਲਈ ਆਏ। ਦੇਵਤਿਆਂ ਨੇ ਗੁਰੂ ਜੀ ਉਤੇ ਚੰਦਨ ਛਿੜਕਿਆ, ਫੁੱਲਾਂ ਦੀ ਵਰਖਾ ਕੀਤੀ, ਮਾਲਾ ਪਹਿਨਾਈ ਅਤੇ ਗੁਰੂ ਜੀ ਦਾ ਗੁਣ ਗਾਇਨ ਕਰਦਿਆਂ ਬੇਨਤੀਆਂ ਕੀਤੀਆਂ ਕਿ ਹੇ ਸਤਿਗੁਰੂ ਜੀ ! ਆਪ ਨਿਰੰਕਾਰ ਹੀ ਨਿਰਾਕਾਰ ਤੋਂ ਸਰਗੁਣ ਸਰੂਪ ਵਿੱਚ ਦੁਨੀਆਂ ਦੇ ਉੱਧਾਰ ਲਈ ਆਏ ਹੋ। ਸਾਡੀ ਵੀ ਉੱਧਾਰ ਕਰਨਾ। ਜਦੋਂ ਇਹ ਸਭ ਕੁਝ ਵਾਪਰ ਰਿਹਾ ਸੀ ਤਾਂ ਮਾਤਾ ਤ੍ਰਿਪਤਾ ਜੀ ਨੂੰ ਜਾਗ ਆ ਗਈ। ਉਸੇ ਹੀ ਸਮੇਂ ਦੇਵਤੇ ਤਾਂ ਅਲੋਪ ਹੋ ਗਏ, ਪਰੰਤੂ ਮਾਤਾ ਜੀ ਨੇ ਪੁੱਤਰ ਨੂੰ ਵੇਖਿਆ ਕਿ ਸਤਿਗੁਰੂ ਜੀ ਦੇ ਸਰੀਰ ਉੱਪਰ ਕੇਸਰ ਅਤੇ ਚੰਦਨ ਛਿੜਕਿਆ ਹੋਇਆ ਹੈ। ਸਾਰੇ ਕਮਰੇ ਵਿੱਚ ਸੁਗੰਧੀਆਂ ਆ ਰਹੀਆਂ ਹਨ। ਇਹ ਵੇਖ ਕੇ ਮਾਤਾ ਜੀ ਨੂੰ ਆਪ ਜੀ ਉੱਪਰ ਬੜੀ ਸ਼ਰਧਾ ਹੋ ਆਈ। ਪਰੰਤੂ ਕੌਤਕ ਕਰਨ ਲਈ ਆਪ ਜੀ ਨੇ ਸਾਧਾਰਨ ਬਾਲ ਵਾਂਗ ਮਾਤਾ ਜੀ ਤੋਂ ਦੁੱਧ ਮੰਗਿਆ। ਮਾਤਾ ਜੀ ਦੇ ਮਨ ਉੱਪਰ ਮੋਹ ਦਾ ਪਰਦਾ ਪਾ ਦਿੱਤਾ। ਮਾਤਾ ਜੀ ਨੂੰ ਇਸ ਸਭ ਕੁਝ ਦਾ ਗਿਆਨ ਭੁੱਲ ਗਿਆ। ਇਹ ਸਤਿਗੁਰੂ ਜੀ ਦੀ ਰੂਹਾਨੀ ਤਾਕਤ ਸੀ। ਨਿਰਣੇ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਿਸ਼ੇਸ਼ਤਾਈ ਇਸ ਪ੍ਰਕਾਰ ਹੈ :

ਸੱਪ ਨੇ ਛਾਂ ਕਰਨੀ, ਬ੍ਰਿਛ ਦੀ ਛਾਂ ਟਿਕੀ ਰਹਿਣੀ, ਖੇਤੀ ਡੰਗਰ ਦੀ ਖਾਧੀ ਹੋਈ .ਫਸਲ ਹਰੀ ਕਰਨੀ, ਮੱਕਾ ਫੇਰਨਾ, ਮਦੀਨੇ ਵਿੱਚ ਮੁਹੰਮਦ ਸਾਹਿਬ ਜੀ ਦੀ ਕਬਰ ਨੇ ਝੁੱਕ ਕੇ ਸਲਾਮ ਕਰਨੀ, ਰੀਠਾ ਮਿੱਠਾ ਕਰਨਾ, ਪੱਥਰ ਨੂੰ ਪੰਜਾ ਲਾਉਣਾ, ਨਦੀਆਂ ਪਹਾੜਾਂ ਨੇ ਰਸਤੇ ਦੇਣੇ, ਸਮੁੰਦਰ ਉੱਪਰ ਧਰਤੀ ਵਾਂਗ ਤੁਰਨਾ, ਬਗ਼ਦਾਦ ਵਿੱਚ ਲੱਖਾਂ ਪਾਤਾਲ ਤੇ ਲੱਖਾਂ ਆਕਾਸ਼ ਦਿਖਾਉਣੇ, ਤਪਦੇ ਕੜਾਹੇ ਠਾਰਨੇ ਆਦਿ, ਸਾਰਾ ਗੁਰ-ਇਤਿਹਾਸ ਗੁਰੂ ਜੀ ਦੇ ਕੌਤਕਾਂ ਨਾਲ ਭਰਿਆ ਪਿਆ ਹੈ। ਇਸ ਵਿੱਚ ਵਿਸ਼ੇਸ਼ ਗੱਲ ਇਹ ਹੈ ਕਿ ਸਤਿਗੁਰੂ ਜੀ ਨੇ ਆਪਣੀ ਰੂਹਾਨੀ ਤਾਕਤ, ਲੋਕਾਈ ਦੇ ਪਰਉਪਕਾਰ ਲਈ ਦਿਖਾਈ, ਨਾ ਕਿ ਦੂਜੇ ਅਵਤਾਰਾਂ ਵਾਂਗੂੰ ਆਪਣੇ ਮਾਣ ਦੀ ਪ੍ਰਾਪਤੀ ਲਈ। ਸਤਿਗੁਰੂ ਨਾਨਕ ਦੇਵ ਜੀ ਦੀ ਸ਼ਕਤੀ ਹੋਰ ਅਵਤਾਰਾਂ ਨਾਲੋਂ ਅਧਿਕ ਨਜ਼ਰ ਆਉਂਦੀ ਹੈ। ਆਪ ਬੇਅੰਤ ਸ਼ਕਤੀਆਂ (ਕਲਾਂ) ਦੇ ਮਾਲਕ ਸਨ। ਜੈਸਾ ਕਿ :

ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥
ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ ॥ (ਅੰਗ ੧੩੯੫)
ਸੋਲਹ ਕਲਾ ਸੰਪੂਰਨ ਫਲਿਆ ॥ ਅਨਤ ਕਲਾ ਹੋਇ ਠਾਕੁਰੁ ਚੜਿਆ ॥
(ਅੰਗ ੧੦੮੧)

੨. ਵਿਅਕਤੀ :

ਵਿਅਕਤੀ ਨਾਮ ਸਰੂਪ ਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ (ਸਰੀਰ ਸਰੂਪ) ਕਰਕੇ ਬਾਕੀ ਅਵਤਾਰਾਂ ਨਾਲੋਂ ਵਿਸ਼ੇਸ਼ ਹਨ। ਸ੍ਰੀ ਰਾਮ ਚੰਦਰ ਜੀ ਅਤੇ ਸ੍ਰੀ ਕ੍ਰਿਸ਼ਨ ਜੀ ਦੇ ਸਾਰੀ ਉਮਰ ਦਾੜ੍ਹਾ ਨਹੀਂ ਆਇਆ। ਸਤਿਗੁਰੂ ਨਾਨਕ ਦੇਵ ਜੀ ਦੇ ਭਗਤਾਂ ਦੇ ਧਿਆਨ ਵਾਸਤੇ ਬੜਾ ਸੁੰਦਰ ਦਾੜ੍ਹਾ ਆਉਣਾ, ਇਹ ਇਕ ਵਿਅਕਤੀਗਤ ਅਧਿਕਤਾਈ ਹੈ। ਜਦੋਂ ਸ੍ਰੀ ਰਾਮ ਚੰਦਰ ਜੀ ਆਪਣੇ ਵਿਆਹ ਸਮੇਂ ਜਨਕਪੁਰੀ ਗਏ ਤਾਂ ਉਥੋਂ ਦੀਆਂ ਸਾਰੀਆਂ ਰਾਜ ਕੰਨਿਆਵਾਂ ਉਨ੍ਹਾਂ ਦੇ ਸਰੂਪ ਨੂੰ ਵੇਖ ਕੇ ਮੋਹਿਤ ਹੋ ਗਈਆਂ ਅਤੇ ਉਨ੍ਹਾਂ ਸਾਰੀਆਂ ਨੇ ਹੀ ਸ੍ਰੀ ਰਾਮ ਚੰਦਰ ਜੀ ਨਾਲ ਵਿਆਹ ਕਰਾਉਣ ਦੀ ਇੱਛਾ ਜ਼ਾਹਰ ਕੀਤੀ ਤਾਂ ਸ੍ਰੀ ਰਾਮ ਚੰਦਰ ਜੀ ਨੇ ਕਿਹਾ ਕਿ ਮੈਂ ਤੁਹਾਨੂੰ ਦੁਆਪੁਰ ਯੁੱਗ ਵਿੱਚ ਵਿਆਹ ਕੇ ਲੈ ਜਾਵਾਂਗਾ। ਦੁਆਪੁਰ ਯੁੱਗ ਵਿੱਚ ਸ੍ਰੀ ਰਾਮ ਚੰਦਰ ਜੀ ਸ੍ਰੀ ਕ੍ਰਿਸ਼ਨ ਬਣੇ ਅਤੇ ਉਹ ਰਾਜਕੁਮਾਰੀਆਂ ਗੋਪੀਆਂ ਬਣੀਆਂ। ਭਗਵਾਨ ਨੇ ਉਨ੍ਹਾਂ ਨਾਲ ਵਿਆਹ ਕਰਵਾਇਆ ਭਾਵ ਸ੍ਰੀ ਰਾਮ ਚੰਦਰ ਜੀ ਦੇ ਸੁੰਦਰ ਸਰੂਪ ਨੂੰ ਦੇਖ ਕੇ ਰਾਜ-ਕੰਨਿਆਵਾਂ ਦੇ ਮਨਾਂ ਵਿੱਚ ਕਾਮ ਵਾਸ਼ਨਾ ਪੈਦਾ ਹੋਈ ਤਾਂ ਸ੍ਰੀ ਰਾਮ ਚੰਦਰ ਜੀ ਉਨ੍ਹਾਂ ਦੀ ਕਾਮ ਵਾਸ਼ਨਾ ਨੂੰ ਮਾਰ ਨਾ ਸਕੇ, ਸਗੋਂ ਦੁਆਪੁਰ ਯੁੱਗ ਵਿੱਚ ਸ੍ਰੀ ਕ੍ਰਿਸ਼ਨ ਰੂਪ ਹੋ ਕੇ ਵਿਆਹ ਕਰਾ ਕੇ ਵਾਸ਼ਨਾ ਪੂਰੀ ਕੀਤੀ। ਦੂਜੇ ਪਾਸੇ ਸ੍ਰੀ ਗੁਰੂ ਨਾਨਕ ਦੇਵ ਜੀ ਜਦੋਂ ਸੰਗਲਾਦੀਪ ਗਏ ਤਾਂ ਉਥੋਂ ਦੀਆਂ ਪਦਮਣੀਆਂ ਨੇ ਰਾਜੇ ਸ਼ਿਵਨਾਭ ਦੇ ਹੁਕਮ ਅਨੁਸਾਰ ਸਤਿਗੁਰਾਂ ਨੂੰ ਮੋਹਣਾ ਚਾਹਿਆ, ਤਦ ਗੁਰੂ ਜੀ ਨੇ ਇਹ ਸਲੋਕ ਉਚਾਰਿਆ, ਜੈਸਾ ਕਿ :

ਗਾਛਹੁ ਪੁਤ੍ਰੀ ਰਾਜ ਕੁਆਰਿ॥ ਨਾਮੁ ਭਣਹੁ ਸਚੁ ਦੋਤੁ ਸਵਾਰਿ॥
ਪ੍ਰਿਉ ਸੇਵਹੁ ਪ੍ਰਭ ਪ੍ਰੇਮ ਅਧਾਰਿ॥ ਗੁਰ ਸਬਦੀ ਬਿਖੁ ਤਿਆਸ ਨਿਵਾਰਿ॥
(ਅੰਗ ੧੧੮੭)

ਭਾਵ : ਬਾਣੀ ਦੇ ਇਸ ਸਲੋਕ ਦੁਆਰਾ ਗੁਰੂ ਜੀ ਨੇ ਉਨ੍ਹਾਂ ਦੇ ਮਨਾਂ ਅੰਦਰੋਂ ਕਾਮ ਵਾਸ਼ਨਾ ਹੀ ਮਾਰ ਦਿੱਤੀ ਅਤੇ ਸ਼ਾਂਤੀ ਬਖ਼ਸ਼ ਦਿੱਤੀ। ਇਹ ਗੁਰੂ ਜੀ ਦੀ ਅਧਿਕਤਾ ਅਤੇ ਵਿਸ਼ੇਸ਼ਤਾ ਹੈ।

੨. ਪ੍ਰਗਯਾ :

ਪ੍ਰਗਯਾ ਨਾਮ ਬੁੱਧੀ ਦਾ ਹੈ। ਬੁੱਧੀ ਦੀ ਪਰਖ ਵਿੱਦਿਆ ਦੁਆਰਾ ਹੁੰਦੀ ਹੈ। ਪਹਿਲੇ ਅਵਤਾਰੀ ਪੁਰਸ਼ਾਂ ਨੇ ਗੁਰੂਆਂ ਪਾਸੋਂ ਵਿੱਦਿਆ ਪੜ੍ਹੀ। ਸ੍ਰੀ ਰਾਮ ਚੰਦਰ ਜੀ ਨੇ ਚੌਂਹਠ ਦਿਨ ਸ੍ਰੀ ਵਸ਼ਿਸ਼ਟ ਜੀ ਤੋਂ ਬ੍ਰਹਮ ਵਿੱਦਿਆ ਪੜ੍ਹੀ। ਵਿਸ਼ਵਾਮਿੱਤ੍ਰ ਜੀ ਤੋਂ ਅੱਠ ਦਿਨ ਸ਼ਸਤਰ ਵਿੱਦਿਆ ਸਿੱਖੀ ਅਤੇ ਵਰ ਪ੍ਰਾਪਤ ਕੀਤੇ। ਭਗਵਾਨ ਕ੍ਰਿਸ਼ਨ ਜੀ ਨੇ ਦੁਰਬਾਸ਼ਾ ਰਿਸ਼ੀ ਕੋਲੋਂ ਅੱਠ ਦਿਨ ਬ੍ਰਹਮ ਵਿੱਦਿਆ ਅਤੇ ਗੁਰੂ (ਸੰਦੀਪਨਿ) ਕੋਲੋਂ ਚੌਂਹਠ ਦਿਨ ਵਿੱਚ ਸ਼ਸਤਰ ਵਿੱਦਿਆ ਸਿੱਖੀ। ਪਰੰਤੂ ਸ੍ਰੀ ਗੁਰੂ ਨਾਨਕ ਦੇਵ ਜੀ ਜਦੋਂ ਪਾਂਧੇ ਕੋਲ ਪੜ੍ਹਨੇ ਪਾਏ ਗਏ ਤਾਂ ਪਹਿਲੇ ਦਿਨ ਜੋ ਪਾਂਧੇ ਨੇ ਪਹਾੜੇ ਪੜ੍ਹਾਏ, ਉਹ ਪੜ੍ਹੇ ਤੇ ਦੂਸਰੇ ਦਿਨ ਚੁੱਪ ਬੈਠੇ ਰਹੇ ਅਤੇ ਪਾਂਧੇ ਦੇ ਪੜ੍ਹਨ ਲਈ ਕਹਿਣ 'ਤੇ ਸ਼ਬਦ ਉਚਾਰ ਕੇ ਉਪਦੇਸ਼ ਦਿੰਦੇ ਹੋਏ ਪਾਂਧੇ ਨੂੰ ਸਮਝਾਇਆ, ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਦੋਂ ਇਹ ਸ਼ਬਦ ਉਚਾਰਿਆ ਸੀ, ਜੈਸਾ ਕਿ :

ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ॥
ਭਾਉ ਕਲਮ ਕਰਿ ਚਿਤੁ ਲੇਖਾਰੀ ਗੁਰ ਪੁਛਿ ਲਿਖੁ ਬੀਚਾਰੁ॥
ਲਿਖੁ ਨਾਮੁ ਸਾਲਾਹ ਲਿਖੁ ਲਿਖੁ ਅੰਤੁ ਨ ਪਾਰਾਵਾਰੁ॥ ੧ ॥

(ਅੰਗ ੧੬)

ਜਦੋਂ ਤੀਜੇ ਦਿਨ ਬਾਬਾ ਕਲਿਆਣ ਦਾਸ ਜੀ ਆਪ ਜੀ ਨੂੰ ਲੈ ਕੇ ਪਾਂਧੇ ਕੋਲ ਗਏ ਤਾਂ ਪਾਂਧੇ ਗੋਪਾਲ ਦਾਸ ਨੇ ਮਹਿਤਾ ਜੀ ਨੂੰ ਸਮਝਾਉਂਦਿਆਂ ਹੋਇਆਂ ਕਿਹਾ ਸੀ, ਜੈਸਾ ਕਿ :

ਦੋਹਰਾ : ਸੁਤ ਕੋ ਸੁਤ ਨਹਿ ਜਾਨਿਯੋ, ਹੈ ਕਿਹਕੋ ਅਵਤਾਰ॥
ਬਿਨਾ ਪਢੇ ਹੀ ਪਢਿ ਰਹਿਯੋ, ਸਭਿਨਿ ਪਢਾਵਨ ਹਾਰ॥

ਚੌਪਈ :

ਇਸ ਪਢਨੇ ਕੇ ਪਰਹੁ ਨ ਖਿਆਲੇ॥ ਸਭਿ ਕਰਤਾ ਜੇ ਬਿਦਿਯਾ ਜਾਲੇ॥
ਦੀਪ ਦਿਖਾਇ ਬਿਤਾਸ ਸਮ੍ਹਾਈ॥ ਤਮ ਹਰਿਬੇ ਕੋ ਨਰ ਉਦਤਾਈ॥
ਦੀਪਕ ਤੇ ਕਿਯਾ ਹੁਇ ਪ੍ਰਕਾਸ਼ਾ॥ ਫੀਕੀ ਪ੍ਰਭਾ ਪਰੈ ਆਗੇ ਤਾਸਾ॥

(ਸ੍ਰੀ ਗੁਰ ਨਾਨਕ ਪ੍ਰਕਾਸ਼, ਪੂਰਬਾਰਧ, ਅਧਿਆਇ ੭)

ਇਸੇ ਤਰ੍ਹਾਂ ਪਿਤਾ ਕਲਿਆਣ ਦਾਸ ਫਿਰ ਆਪ ਨੂੰ ਮੌਲਵੀ ਨੂਰਦੀਨ ਪਾਸ.ਫਾਰਸੀ ਪੜ੍ਹਨ ਵਾਸਤੇ ਲੈ ਕੇ ਗਏ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਹਿਲੇ ਦਿਨ ਇਹ ਸ਼ਬਦ ਉਚਾਰ ਕੇ ਮੌਲਵੀ ਨਿਹਾਲ ਕੀਤਾ, ਜੈਸਾ ਕਿ :

ਯਕ ਅਰਜ ਗੁਫਤਮ ਪੇਸਿ ਤੋ ਦਰ ਗੋਸ ਕੁਨ ਕਰਤਾਰ॥
ਹਕਾ ਕਬੀਰ ਕਰੀਮ ਤੂ ਬੇਐਬ ਪਰਵਦਗਾਰ ॥੧ ॥ (ਅੰਗ ੭੨੧)

ਇਸ ਪ੍ਰਕਾਰ ਅਸੀਂ ਵੇਖਦੇ ਹਾਂ ਕਿ ਗੁਰੂ ਜੀ ਦੂਜੇ ਅਵਤਾਰਾਂ ਵਾਂਗੂੰ ਕਿਸੇ ਉਸਤਾਦ ਕੋਲ ਨਹੀਂ ਪੜ੍ਹੇ, ਸਗੋਂ ਉਸਤਾਦਾਂ ਨੂੰ ਗਿਆਨ ਕਰਵਾਇਆ। ਇਹ ਆਪ ਜੀ ਦੀ ਅਧਿਕਤਾ ਅਤੇ ਵਿਸ਼ੇਸ਼ਤਾ ਹੈ।

੪. ਕਰਤੱਬ :

ਤ੍ਰੇਤੇ ਯੁੱਗ ਦੇ ਅਵਤਾਰ ਸ੍ਰੀ ਰਾਮ ਚੰਦਰ ਜੀ ਦੀ ਉਮਰ ਦਸ ਹਜ਼ਾਰ ਸਾਲ ਸੀ। ਉਨ੍ਹਾਂ ਦੇ ਮੁੱਖ ਕਰਤੱਬ ਨਜ਼ਰ ਆਉਂਦੇ ਹਨ ਕਿ ਪਿਤਾ ਜੀ ਦੀ ਆਗਿਆ ਮੰਨ ਕੇ ਚੌਦਾਂ ਸਾਲ ਬਨਵਾਸ ਵਿੱਚ ਬਤੀਤ ਕਰਨੇ। ਰਾਵਣ ਨੇ ਉਨ੍ਹਾਂ ਦੀ ਪਤਨੀ ਸੀਤਾ ਜੀ ਦਾ ਹਰਣ ਕੀਤਾ। ਰਾਮ ਜੀ ਨੇ ਰਾਵਣ ਨੂੰ ਜੁੱਧ ਵਿੱਚ ਮਾਰ ਕੇ ਆਪਣੀ ਪਤਨੀ ਮੁੜ ਪ੍ਰਾਪਤ ਕੀਤੀ। ਲੰਕਾ ਦਾ ਰਾਜ ਬਿਭੀਖਣ ਨੂੰ ਦਿੱਤਾ ਅਤੇ ਆਪ ਅਯੁੱਧਿਆ ਆ ਕੇ ਰਾਜ ਕੀਤਾ। ਆਪਣਾ ਪ੍ਰਣ ਨਿਭਾਉਣ ਸੰਬੰਧੀ 'ਸੰਬੂਕ' ਨਾਮੇ ਦੈਂਤ ਦਾ ਸਿਰ ਕੱਟ ਕੇ ਬ੍ਰਾਹਮਣ ਦਾ ਮਰਿਆ ਹੋਇਆ ਪੁੱਤਰ ਜੀਵਤ ਕੀਤਾ। ਧੋਬੀ ਦੇ ਕਹਿਣ ਉਤੇ ਆਪਣੀ ਪਤਨੀ ਨੂੰ ਘਰੋਂ ਬਾਹਰ ਕੱਢ ਦਿੱਤਾ। ਆਪਣੇ ਹੀ ਪੁੱਤਰਾਂ (ਲਵ ਅਤੇ ਕੁਸ਼) ਨਾਲ ਯੁੱਧ ਕੀਤਾ ਸੀ। ਅਖ਼ੀਰ ਆਪਣੇ ਪੁੱਤਰਾਂ ਨੂੰ ਰਾਜ ਭਾਗ ਸੌਂਪ ਕੇ ਸਰਯੂ ਨਦੀ ਵਿੱਚ ਸਮਾ ਗਏ। ਇਹ ਸ੍ਰੀ ਰਾਮ ਜੀ ਦੇ ਕਰਤੱਬ ਹਨ।

ਭਗਵਾਨ ਸ੍ਰੀ ਕ੍ਰਿਸ਼ਨ ਜੀ ਦੀ ਉਮਰ ਇੱਕ ਹਜ਼ਾਰ ਸਾਲ ਦੀ ਸੀ। ਬਚਪਨ ਵਿੱਚ ਮੱਖਣ ਚੋਰ, ਮਾਮਾ ਕੰਸ ਨੂੰ ਮਾਰ ਕੇ ਨਾਨਾ ਉਗ੍ਰਸੈਣ ਨੂੰ ਰਾਜ ਦਿੱਤਾ। ਕਈ ਵਾਰੀ ਜੰਗਾਂ 'ਚ ਭੱਜੇ। ਭੁੰਮਾਸੁਰ ਦੈਂਤ ਨੂੰ ਮਾਰ ਕੇ ਰਾਜਿਆਂ ਦੀਆਂ ਸੋਲ੍ਹਾਂ ਹਜ਼ਾਰ ਲੜਕੀਆਂ ਛੁਡਾਈਆਂ ਅਤੇ ਫਿਰ ਆਪ ਉਨ੍ਹਾਂ ਨਾਲ ਵਿਆਹ

ਕਰਵਾਏ। ਹੋਰ ਵੀ ਰਾਸ ਲੀਲ੍ਹਾ ਦੇ ਅਨੇਕਾਂ ਪ੍ਰਸੰਗ ਹਨ ਜਿਨ੍ਹਾਂ ਨੂੰ ਦੱਸਣ ਤੋਂ ਮਨ ਸੰਕੋਚ ਕਰਦਾ ਹੈ।

ਦੂਜੇ ਪਾਸੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੱਤਰ ਕੁ ਸਾਲਾਂ ਦੀ ਉਮਰ ਵਿੱਚ ਅਨੇਕਾਂ ਕੌਤਕ ਪਰਉਪਕਾਰਾਂ ਹਿਤ ਹੀ ਕੀਤੇ। ਪਹਿਲੇ ਉਮਰੇ ਬਚਪਨ ਤਲਵੰਡੀ ਵਿੱਚ ਗੁਜ਼ਾਰਿਆ। ਸੱਪ ਨੇ ਛਾਂ ਕਰਨੀ, ਪਾਂਧੇ ਨੂੰ ਉਪਦੇਸ਼ ਦੇਣਾ ਅਤੇ ਖੇਤ ਹਰੇ ਕਰਨੇ, ਆਦਿ ਅਨੇਕਾਂ ਕੌਤਕ ਹਨ। ਫਿਰ ਕਈ ਸਾਲ ਸੁਲਤਾਨਪੁਰ ਲੋਧੀ ਆ ਕੇ ਰਹੇ। ਸ੍ਰੀ ਅਕਾਲ ਪੁਰਖ ਨੂੰ ਗੁਰੂ ਧਾਰ ਕੇ ਮਾਨਵਤਾ ਦੇ ਭਲੇ ਹਿਤ 'ਮੂਲ ਮੰਤਰ' ਪ੍ਰਗਟ ਕੀਤਾ। ਫਿਰ ਚਾਰ ਵੱਡੀਆਂ ਉਦਾਸੀਆਂ (ਯਾਤਰਾਵਾਂ) ਕਰ ਕੇ ਦੀਨ ਦੁਨੀਆਂ ਨੂੰ ਤਾਰਿਆ। ਜਿਵੇਂ ਭਾਈ ਗੁਰਦਾਸ ਜੀ ਲਿਖਦੇ ਹਨ :

ਬਾਬੇ ਤਾਰੇ ਚਾਰਿ ਚਕਿ ਨਉਖੰਡਿ ਪ੍ਰਿਥਮੀ ਸਚਾ ਢੋਆ॥

(ਭਾਈ ਗੁਰਦਾਸ ਜੀ, ਵਾਰ ੧, ਪਉੜੀ ੨੭)

ਥਾਂ-ਥਾਂ ਜਾ ਕੇ ਸੱਚ ਦਾ ਗਿਆਨ ਵੰਡਿਆ, ਪੁੱਤਰਾਂ ਦਾ ਮੋਹ ਨਹੀਂ ਕੀਤਾ। ਸਗੋਂ ਅੰਤਮ ਸਮੇਂ ਗੁਰਤਾ-ਗੱਦੀ ਆਪਣੇ ਸੇਵਕ ਭਾਈ ਲਹਿਣਾ ਜੀ ਨੂੰ ਬਖ਼ਸ਼ਿਸ਼ ਕੀਤੀ। ਕੌਡੇ ਰਾਖਸ਼ ਨੂੰ ਤਾਰਿਆ, ਸੱਜਣ ਠੱਗ ਨੂੰ ਭਗਤ ਬਣਾਇਆ, ਕਾਰੂੰ ਅਤੇ ਬਾਬਰ ਵਰਗੇ ਜ਼ਾਲਮਾਂ ਰਾਜਿਆਂ ਦੇ ਅੰਦਰੋਂ ਜ਼ਾਲਮ ਸੁਭਾਅ ਮਾਰਿਆ ਅਤੇ ਉਨ੍ਹਾਂ ਨੂੰ ਗ਼ਰੀਬਾਂ ਦੇ ਹਾਮੀ ਬਣਾਇਆ। ਚਾਰੇ ਵਰਣਾਂ, ਚਾਰੇ ਮਜ਼ੂਬਾਂ ਅਤੇ ਹਰ ਵਰਗ ਦੇ ਲੋਕਾਂ ਨੂੰ ਸੱਚ ਦਾ ਮਾਰਗ ਦੱਸਿਆ, ਸਾਂਝਾ ਉਪਦੇਸ਼ ਦਿੱਤਾ। ਇਸ ਪ੍ਰਕਾਰ ਹੋਰ ਅਨੇਕਾਂ ਕਰਤੱਬ ਕਰ ਕੇ ਗੁਰੂ ਜੀ ਦੀ ਦੂਜੇ ਅਵਤਾਰਾਂ ਨਾਲੋਂ ਅਧਿਕਤਾ ਅਤੇ ਵਿਸ਼ੇਸ਼ਤਾ ਹੈ। ਜੈਸਾ ਕਿ :

ਕਰਤਬ ਕੀਨਾ ਸਿੱਖੀ ਤੇਰੀ॥ ਜਨਮ ਜਨਮ ਬਿਛਰੀ ਜੋਰੀ॥
ਨਰਕ ਪੜੰਤੇ ਜੀਵ ਉਬਾਰੇ॥ ਮੁਕਤ ਕਰੇ ਦੇ ਨਾਮ ਦਾਤਾਰੇ॥ ੨੨॥
ਸਤਿਸੰਗ ਗੁਰਮੁਖ ਸੁਭ ਪੰਥਾ॥ ਰਿਦੇ ਗਿਆਨ ਮੁਖ ਭਗਤੀ ਸੰਥਾ॥
ਵਰਤਨ ਵੈਰਾਗ ਕੀਆ ਹਿਤ ਲੋਗਾ॥ ਨਾਮ ਸੇਤ ਬੰਧਿਓ ਨਿਰਜੋਗਾ॥ ੨੩॥

(ਗੁਰਮੁਖ ਪ੍ਰਕਾਸ਼, ਅਧਿ: ੪੨, ਪੰਨਾ ੪੫੪)

੫. ਆਯੂ :

ਸ੍ਰੀ ਰਾਮ ਚੰਦਰ ਜੀ ਦੀ ਉਮਰ ਦਸ ਹਜ਼ਾਰ ਸਾਲ ਦੀ ਸੀ। ਸ੍ਰੀ ਕ੍ਰਿਸ਼ਨ ਜੀ ਦੀ ਉਮਰ ਇਕ ਹਜ਼ਾਰ ਸਾਲ ਦੀ ਸੀ। ਇਤਨੀਆਂ ਲੰਮੀਆਂ ਉਮਰਾਂ ਵਿੱਚ ਇਨ੍ਹਾਂ ਦੇ ਕਰਤੱਬ ਪਿੱਛੇ ਦੱਸ ਚੁੱਕੇ ਹਾਂ। ਸ੍ਰੀ ਗੁਰੂ ਨਾਨਕ ਦੇਵ ਦੇਵ ਜੀ ਨੇ ੭੦ ਕੁ ਸਾਲ ਦੀ ਉਮਰ ਵਿੱਚ ਬਹੁਤ ਅਧਿਕ ਸਫ਼ਰ ਕਰ ਕੇ ਦੁਨੀਆਂ ਨੂੰ ਗਿਆਨ ਦਾ ਮਾਰਗ ਦੱਸਿਆ। ਪਹਿਲੇ ਅਵਤਾਰ ਆਪਣੇ ਦੇਸ਼ ਦੀ ਸੀਮਾ ਤੋਂ ਬਾਹਰ ਨਹੀਂ ਗਏ। ਇਕ ਸ੍ਰੀ ਰਾਮ ਚੰਦਰ ਜੀ ਲੰਕਾ ਤਕ ਗਏ ਸਨ। ਜਦੋਂ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਬਰਮਾ, ਚੀਨ, ਨੇਪਾਲ, ਤਿੱਬਤ, ਭੂਟਾਨ, ਜਾਪਾਨ, ਮਿਸਰ, ਅਰਬ, ਈਰਾਨ, ਅਫ਼ਗ਼ਾਨਿਸਤਾਨ, ਤੁਰਕਿਸਤਾਨ ਆਦਿ ਦੇਸ਼ਾਂ ਵਿੱਚ ਭ੍ਰਮਣ ਕਰ ਕੇ ਦੀਨ ਦੁਨੀਆਂ ਨੂੰ ਗਿਆਨ ਦੀ ਦਾਤ ਵੰਡੀ ਅਤੇ ਭਲੇ ਲੋਕਾਂ ਨੂੰ ਸਿੱਧੇ ਰਾਹ ਪਾਇਆ ਹੈ। ਕਿਸੇ ਵਿਦਵਾਨ ਨੇ ਕਿਹਾ ਹੈ :

ਤਾਰੇ ਗਿਨੇ ਜਾਤ ਤੇਰੇ ਤਾਰੇ ਨਾ ਗਿਨਾਤ ਹੈ।

ਥੋੜ੍ਹੀ ਜਿਹੀ ਉਮਰ ਵਿੱਚ ਗੁਰੂ ਜੀ ਨੇ ਵੱਡੇ-ਵੱਡੇ ਪਰਉਪਕਾਰ ਅਤੇ ਚਾਰ ਵੱਡੀਆਂ ਉਦਾਸੀਆਂ (ਯਾਤਰਾਵਾਂ) ਕੀਤੀਆਂ। ਇਨ੍ਹਾਂ ਕਾਰਨਾਂ ਕਰਕੇ ਹੀ ਸਤਿਗੁਰੂ ਜੀ ਦੀ ਈਸਾ ਮਸੀਹ, ਹਜ਼ਰਤ ਮੁਹੰਮਦ

ਸਾਹਿਬ, ਮਹਾਤਮਾ ਬੁੱਧ, ਭਗਵਾਨ ਮਹਾਂਵੀਰ ਜੀ ਵਰਗੇ ਅਵਤਾਰੀ ਪੁਰਖਾਂ ਨਾਲੋਂ ਵੀ ਅਧਿਕ ਵਿਸ਼ੇਸ਼ਤਾ ਨਜ਼ਰ ਆਉਂਦੀ ਹੈ। ਇਸ ਕਰਕੇ ਸਤਿਗੁਰੂ ਜੀ ਨੂੰ ਸਭ ਤੋਂ ਵੱਡਾ ਕਿਹਾ ਹੈ। ਜੈਸਾ ਕਿ :

ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ॥ **(ਅੰਗ ੭੫੦)**

ਕਲਿਜੁਗੁ ਬਾਬੇ ਤਾਰਿਆ ਸਤਿਨਾਮੁ ਪੜ੍ਹ ਮੰਤ੍ਰ ਸੁਣਾਇਆ।

ਕਲਿ ਤਾਰਣਿ ਗੁਰੂ ਨਾਨਕ ਆਇਆ॥ ੨੩॥ **(ਭਾਈ ਗੁਰਦਾਸ ਜੀ, ਵਾਰ ੧, ਪਉੜੀ ੨੩)**

ਜੋਗ ਮੱਤ ਅਨੁਸਾਰ ਪੰਜ ਅਵਸਥਾਵਾਂ

੧. ਖੇਚਰੀ = ਤਾਲੂਏ ਨਾਲ ਜ਼ਬਾਨ ਲਾਉਣੀ ਵਾ: ਸਿੱਧੀ ਦੇ ਬਲ ਨਾਲ ਆਕਾਸ਼ ਵਿੱਚ ਵਿਚਰਨਾ।

੨. ਭੂਚਰੀ = ਭਰਵੱਟਿਆਂ ਵਿੱਚ ਦ੍ਰਿਸ਼ਟੀ ਟਿਕਾਉਣੀ ਵਾ: ਧਰਤੀ ਵਿੱਚ ਵਿਚਰਨ ਦੀ ਸ਼ਕਤੀ ਆ ਜਾਣੀ।

੩. ਚਰਚਰੀ = ਤ੍ਰਿਕੁਟੀ ਵਿੱਚ ਟਿਕਣਾ ਵਾ: ਹਵਾ ਰੂਪ ਹੋ ਜਾਣ ਦੀ ਸ਼ਕਤੀ ਆ ਜਾਣੀ।

੪. ਅਗੋਚਰੀ = ਦਸਮ ਦੁਆਰ ਵਿਖੇ ਸਹੰਸ੍ਰ ਦਲ ਕਵਲ ਵਾ: ਪਾਣੀ ਵਿੱਚ ਅਲੋਪ ਹੋ ਜਾਣ ਦੀ ਸ਼ਕਤੀ ਆ ਜਾਣੀ।

੫. ਉਨਮਨੀ = ਬ੍ਰਹਮਰੰਧ੍ਰ ਨਾੜੀ ਵਿੱਚ ਜੋਗੀ ਦਾ ਇਸਥਿਤ ਹੋ ਕੇ ਤਾਲੂ ਦੁਆਰਾ ਪ੍ਰਾਣ ਨਿਕਾਸਣ ਦੇ ਸ਼ਕਤੀਵਾਨ ਹੋਣਾ ਵਾ: ਪੰਜਾਂ ਤੱਤਾਂ ਵਿੱਚ ਸਿੱਧੀ ਬਲ ਦੇ ਨਾਲ ਤੱਤ ਰੂਪ ਹੋ ਜਾਣਾ, ਪਰ ਸੂਖਮ ਸਰੀਰ ਸਹਿਤ ਅਵਿੱਦਿਆ ਵਾਲੀ ਕਾਰਨ-ਦੇਹ ਬਣੀ ਰਹਿੰਦੀ ਹੈ।

ਗੁਰਮਤਿ ਅਨੁਸਾਰ ਪੰਜ ਅਵਸਥਾਵਾਂ

੧. ਖੇਚਰੀ = ਖੇ=ਚਿਦਾਕਾਸ ਵਿੱਚ ਚਰੀ=ਵਿਚਰਨ ਵਾਲੇ ਹੋਣ।

੨. ਭੂਚਰੀ = ਭੂ=ਭੂਮਾ ਰੂਪ ਬ੍ਰਹਮ ਵਿੱਚ ਬਿਰਤੀ ਦਾ ਚਰੀ=ਵਿਚਰਨਾ।

੩. ਚਰਚਰੀ = ਪਰਮਾਤਮਾ ਦੇ ਚ=ਉਤਸ਼ਾਹ ਵਿੱਚ ਬਿਰਤੀ ਰਚਰੀ=ਰਚੀ, ਚੜ੍ਹੀ ਰਹਿਣੀ।

੪. ਅਗੋਚਰੀ = ਇੰਦ੍ਰੀਆਂ ਦੇ ਅਵਿਸ਼ੇ ਪਦ ਦੀ ਪ੍ਰਾਪਤੀ।

੫. ਉਨਮਨੀ = ਤੁਰੀਆ ਅਵਸਥਾ।

ਅਥਵਾ : **੧. ਖੇਚਰੀ**=ਸਤਸੰਗੀ, ਧਰਮ ਖੰਡ **੨. ਭੂਚਰੀ**=ਸੇਵਕ, ਗਿਆਨ ਖੰਡ

੩. ਚਰਚਰੀ=ਸਿੱਖ, ਸਰਮ ਖੰਡ **੪. ਅਗੋਚਰੀ**=ਸਨਮੁਖ, ਕਰਮ ਖੰਡ

੫. ਉਨਮਨੀ=ਗੁਰਮੁਖ, ਸਚਖੰਡ

ਗੁਰਮਤਿ ਅਨੁਸਾਰ ਪੰਜ ਪ੍ਰਾਣ

੧. ਪ੍ਰਾਣ = ਪਰਮੇਸ਼ਰ ਦੀ ਪਛਾਣ ਵਾਲੇ ਹੋਣਾ।

੨. ਬਿਆਨ = ਦ੍ਵੈਤ ਤੋਂ ਬਿਨਾਂ ਹੋਣਾ।

੩. ਸਮਾਨ = ਪਰਮਾਤਮਾ ਨੂੰ ਸਭ ਥਾਈਂ ਸਮਾਇਆ ਹੋਇਆ ਸਮਝਣਾ।

੪. ਅਪਾਨ = ਦੁਨੀਆਂ ਦੀ ਪਛਾਣ ਤੋਂ ਰਹਿਤ ਹੋਣਾ।

੫. ਉਦਿਆਨ = ਸੰਸਾਰ ਨੂੰ ਉਜਾੜ ਰੂਪ ਸਮਝਣਾ।

ਜੋਗੀਆਂ ਦੇ ਪੰਜ ਪ੍ਰਕਾਰ ਦੇ ਵਾਜੇ

੧. ਤਤ ਤੰਤੀ ਬਿਤ ਚਰਮਕਾ, ਘਣ ਕਾਂਸੀ ਕਾ ਜਾਨ।
ਨਾਦ ਸਬਦ ਘਟ ਕੋ ਕਹਿਤ, ਸੁਆਤ ਸੁਖਰ ਪਹਿਚਾਨ।

(ਓ) ਤਤ = ਤਾਰ ਅਤੇ ਤੰਦ ਦੇ ਵਾਜੇ ਸਿਤਾਰ, ਰਬਾਬ ਆਦਿ।

(ਅ) ਬਿਤ = ਚਮ ਨਾਲ ਮੜ੍ਹੇ ਹੋਏ ਵਾਜੇ ਮ੍ਰਿਦੰਗ, ਢੋਲਕ ਆਦਿ।

(ਏ) ਘਨ = ਧਾਤ ਦੇ ਕੰਸੀ, ਘੜਿਆਲ, ਛੈਣੇ ਆਦਿ।

(ਸ) ਨਾਦ = ਘੜਾ ਆਦਿ, ਜਿਨ੍ਹਾਂ ਦੇ ਪੁਲਾੜ (ਪੋਲ) ਵਿੱਚੋਂ ਹੱਥ ਦੇ ਪ੍ਰਹਾਰ ਨਾਲ ਅਵਾਜ਼ ਨਿਕਲਦੀ ਹੈ।

(ਹ) ਸੁਖਰ = ਸੁਆਸਾਂ ਨਾਲ ਵਜਾਉਣ ਵਾਲੇ ਵੀਣਾਂ ਬੰਸਰੀ, ਨਫ਼ੀਰੀ ਆਦਿ। ਜੈਸਾ ਕਿ :

ਤਤ ਬਿਤ ਘਨ ਸੁਖ ਰਸ ਸਭ ਬਾਜੈਂ॥ ਸੁਨ ਮਨ ਰਾਗਨ ਗੁਨਿਗਨ ਲਾਜੈ॥

(ਸ੍ਰੀ ਦਸਮ ਗ੍ਰੰਥ)

੨. ਯੋਗੀਆਂ ਦੇ ਕਲਪੇ ਹੋਏ ਦਸਮ ਦੁਆਰ ਦੇ ਪੰਜ ਸ਼ਬਦ—ਸੰਖ, ਮ੍ਰਿਦੰਗ, ਕਿੰਗੁਰੀ, ਮੁਰਲੀ ਅਤੇ ਵੀਣਾ ਦੀ ਧੁਨਿ।

੩. 'ਹਠ ਜੋਗ ਪ੍ਰਦੀਪਿਕਾ' ਅਨੁਸਾਰ : ਭ੍ਰਮਰ ਗੁੰਜਾਰ, ਹਵਾ ਭਰੀ ਨਲਕੀ ਦੀ ਧੁਨਿ ਜਿਹਾ ਸ਼ਬਦ, ਘੰਟਾ ਧੁਨਿ, ਸਮੁੰਦ੍ਰ ਗਰਜਨ ਅਤੇ ਮੇਘ ਦੀ ਗਰਜ। ਜੈਸਾ ਕਿ :

ਪੰਚ ਸਬਦ ਤਹ ਪੂਰਨ ਨਾਦ॥ **(ਅੰਗ ੮੮੮)**

੪. ਪੁਰਾਣਾਂ ਅਨੁਸਾਰ ਪੰਜ ਸ਼ਬਦ—ਵੇਦਧ੍ਵਨਿ, ਸੰਖਧ੍ਵਨਿ, ਬੰਦੀਜਨਧ੍ਵਨਿ, ਜਯਧ੍ਵਨਿ, ਨਿਸ਼ਾਨਧ੍ਵਨਿ।

੫. ਪੁਰਾਣਾਂ ਅਨੁਸਾਰ ਪੰਜ ਵਾਜਿਆਂ ਦਾ ਸ਼ਬਦ, ਜੋ ਰਾਜੇ ਦੇ ਅੱਗੇ ਵਜਾਉਣੇ ਵਿਧਾਨ ਹਨ—ਸਿੰਗ, ਡਫ, ਸੰਖ, ਭੇਰੀ ਅਤੇ ਜਯਘੰਟਾ।

ਭਰਮ

ਭੇਦ ਭਰਮ ਕਰਤਤ ਭਰਮ ਪੁਨ ਸੰਗ ਭਰਮ ਵਿਕਾਰ॥
ਬ੍ਰਹਮ ਇਤਰ ਜਗ ਸਤ ਹੈ, ਪਾਂਚੋ ਭਰਮ ਸੰਸਾਰ॥

੧. ਭੇਦ ਭਰਮ = ਆਤਮਾ, ਜੋ ਚੇਤਨ ਬ੍ਰਹਮ ਦੀ ਸ਼ੁੱਧ ਅੰਸ਼ ਹੈ ਅਤੇ ਸਦਾ ਹੀ ਭੇਦ ਰਹਿਤ ਹੈ। ਉਸ ਵਿੱਚ ਅਗਿਆਨ ਕਰਕੇ ਜੀਵ ਨੂੰ ਬ੍ਰਹਮ ਨਾਲੋਂ ਭੇਦ=ਭਿੰਨਤਾ ਪ੍ਰਤੀਤ ਹੋਣੀ, ਇਹ ਭੇਦ ਭਰਮ ਹੈ, ਭੇਦ ਭਰਮ ਵੀ ਅੱਗੋਂ ਪੰਜ ਪ੍ਰਕਾਰ ਦਾ ਹੁੰਦਾ ਹੈ : (ਓ) ਜੀਵ ਈਸ਼ਰ ਦਾ ਭੇਦ (ਅ) ਜੀਵ ਜੀਵ ਦਾ ਭੇਦ (ਏ) ਜੀਵ ਜੜ੍ਹ ਦਾ ਭੇਦ (ਸ) ਜੜ੍ਹ ਜੜ੍ਹ ਦਾ ਭੇਦ (ਹ) ਜੜ੍ਹ ਈਸ਼ਰ ਦਾ ਭੇਦ।

(ਓ) ਜੀਵ ਈਸ਼ਰ ਦਾ ਭੇਦ : ਜੀਵ, ਈਸ਼ਰ ਨੂੰ ਸਰਬੱਗ ਮੰਨਦਾ ਹੈ ਤੇ ਜੀਵ ਨੇ ਆਪਣੇ ਆਪ

ਨੂੰ ਅਲਪੱਗ ਮੰਨਿਆ ਹੈ। ਈਸ਼ਰ ਨੂੰ ਸਰਬ-ਕਲਾ ਸਮਰੱਥ ਮੰਨਿਆ ਹੋਇਆ ਹੈ ਤੇ ਜੀਵ ਨੇ ਆਪਣੇ ਆਪ ਨੂੰ ਅਸਮਰੱਥ ਮੰਨਿਆ ਹੋਇਆ ਹੈ। ਜੀਵ ਨੇ ਈਸ਼ਰ ਨੂੰ ਸੁਤੰਤਰ ਤੇ ਆਪਣੇ ਆਪ ਨੂੰ ਪਤੰਤਰ ਮੰਨਿਆ ਹੋਇਆ ਹੈ। ਜੀਵ ਨੇ ਈਸ਼ਰ ਨੂੰ ਕਰਮ ਫਲ ਦੇਣ ਵਾਲਾ ਤੇ ਆਪਣੇ ਆਪ ਨੂੰ ਕਰਮਾਂ ਦਾ ਭੋਗਣ ਵਾਲਾ ਮੰਨਿਆ ਹੋਇਆ ਹੈ। ਈਸ਼ਰ ਵਿੱਚ ਛੇ ਗੁਣ ਹਨ :

ਧਰਮ ਸੁਜਸ ਵੈਰਾਗ ਪੁਨ, ਐਸ੍ਵਰਜ ਸ੍ਵੇਯ ਬਿਗਿਆਨ।
ਇਹ ਖਟ ਭਗਾ ਸੰਪੰਨ ਜੋ, ਤਾਹਿ ਕਹਤ ਭਗਵਾਨ।

(ਧਰਮ ਸ਼ਾਸਤਰ)

ਧਰਮ ਦਾ ਮਾਲਕ, ਸੁਜਸ=ਸ਼ੋਭਾ, ਵੈਰਾਗ=ਨਿਰਲੇਪਤਾ, ਐਸ੍ਵਰਯ=ਧਨ ਪਦਾਰਥਾਂ ਦੇ ਮਾਲਕ ਹੋਣ ਦਾ ਭਾਵ, ਸ੍ਵੇਯ=ਮੁਕਤ, ਬਿਗਿਆਨ=ਵਿਸ਼ੇਸ਼ ਕਰਕੇ ਗਿਆਨ, ਅੰਤਰਜਾਮਤਾ ਇਹ ਖਟ=ਛੇ ਭਗਾ=ਚਿੰਨ੍ਹਾਂ ਵਿੱਚ ਜੋ ਸੰਪੰਨ=ਸੰਪੂਰਨ ਹੈ। ਤਾਹਿ=ਉਸਨੂੰ ਭਗਵਾਨ=ਈਸ਼ਰ ਕਹਤ=ਕਹਿੰਦੇ ਹਨ। ਈਸ਼ਵਰ ਦੇ ਵਿੱਚ ਮਾਇਆ ਸਬਲ ਦੇ ਕਾਰਨ ਇਹ ਖਟ ਗੁਣ ਹਨ। ਜੈਸਾ ਕਿ :

ਉਤਪਤਿ ਲੈਤਾ ਪਾਲਨਾ, ਅੰਤਰਜਾਮੀ ਜਾਨ।
ਜੀਵ ਗਤਾਗਤ ਕਰਮ ਫਲ, ਖਟ ਗੁਣ ਈਸ ਬਖਾਨ।

ਇਸੇ ਪ੍ਰਕਾਰ ਜੀਵ ਵਿੱਚ ਅਗਿਆਨ ਦੀ ਉਪਾਧੀ ਕਰਕੇ ਛੇ ਵਿਕਾਰ ਹਨ :

ਛੁਧਾ ਪਿਆਸਾ ਸੋਕ ਪੁਨ, ਹਰਖ ਜਨਮ ਅਰੁ ਅੰਤ।
ਏ ਖਟ ਉਰਮੀ ਧਰਮ ਤਨ, ਆਤਮ ਰਹਿਤ ਅਨੰਤ॥ ੬॥

(ਵਿਚਾਰ ਮਾਲਾ, ਅਧਿ: ੫)

ਸਰੀਰ ਦਾ ਜੰਮਣਾ ਤੇ ਮਰਨਾ, ਭੁੱਖ ਪਿਆਸ ਪ੍ਰਾਣਾਂ ਦਾ, ਹਰਖ ਸੋਗ ਮਨ ਦਾ, ਇਹ ਛੇ ਵਿਕਾਰ ਜੀਵ ਦੀਆਂ ਤਿੰਨ ਦੇਹਾਂ ਦੇ ਵਿੱਚ ਹਨ, ਪਰ ਅਗਿਆਨ ਆਤਮਾ ਵਿੱਚ ਮੰਨਦਾ ਹੈ। ਜੀਵ ਈਸ਼ਰ ਦਾ ਭੇਦ ਅਵਿੱਦਿਆ ਭਾਵ ਮਾਇਆ ਉਪਾਧੀ ਦੀ ਦ੍ਰਿਸ਼ਟੀ ਕਰਕੇ ਪ੍ਰਤੀਤ ਹੋ ਰਿਹਾ ਹੈ।

(ਅ) ਜੀਵ ਜੀਵ ਦਾ ਭੇਦ : ਇਹ ਜੀਵ ਜੰਤ ਤੇ ਮੈਂ ਮਨੁੱਖ ਹਾਂ।

(ਏ) ਜੀਵ ਜੜ੍ਹ ਦਾ ਭੇਦ : ਜੀਵ ਨੇ ਆਪਣੇ ਆਪ ਨੂੰ ਪ੍ਰਾਣਾਧਾਰੀ ਤੇ ਜੜ੍ਹ ਵਸਤੂਆਂ ਨੂੰ ਨਿਰਜਿੰਦ ਮੰਨਣਾ, ਇਹ ਜੀਵ ਜੜ੍ਹ ਦਾ ਭੇਦ ਹੈ।

(ਸ) ਜੜ੍ਹ ਜੜ੍ਹ ਦਾ ਭੇਦ : ਜੜ੍ਹ ਪਦਾਰਥ ਜਿਵੇਂ ਧਰਤੀ 'ਤੇ ਬ੍ਰਿਛ ਜਾਂ ਧਰਤੀ, ਪਾਣੀ, ਅਗਨੀ, ਅਕਾਸ਼ ਆਦਿ ਸਾਰੇ ਹੀ ਜੜ੍ਹ ਹਨ, ਪਰ ਕਿਸੇ ਤਮੋਗੁਣੀ ਦੀ ਤੇ ਕਿਸੇ ਵਿੱਚ ਸਤੋਗੁਣੀ ਦੀ ਬਹੁਲਤਾ ਹੈ।

(ਹ) ਈਸ਼ਰ ਤੇ ਜੜ੍ਹ ਦਾ ਭੇਦ : ਈਸ਼ਰ ਨੇ ਮਾਇਆ ਨੂੰ ਆਪਣੇ ਅਧੀਨ ਕੀਤਾ ਹੋਇਆ ਹੈ ਤੇ ਮਾਇਆ ਦੇ ਗੁਣਾਂ ਕਰਕੇ ਈਸ਼ਰ ਨਾਲੋਂ ਜੜ੍ਹ ਪਦਾਰਥ ਵੱਖਰਾ ਪ੍ਰਤੀਤ ਹੋ ਰਿਹਾ ਹੈ।

੨. ਕਰਤੱਤ ਭਰਮ = ਆਤਮਾ, ਜੋ ਕਿ ਸਦਾ ਕਰਤਾ ਭੋਗਤਾ ਆਦਿਕ ਧਰਮਾਂ ਤੋਂ ਰਹਿਤ ਹੈ ਪਰ ਅਗਿਆਨ ਕਰਕੇ ਆਤਮਾ ਵਿੱਚ ਕਰਤਾ ਭੋਗਤਾ ਦੀ ਪ੍ਰਤੀਤੀ ਹੋਣੀ ਵਾ: ਪਰਮੇਸ਼ਰ 'ਤੇ ਦੋਸ਼ ਲਾਉਣਾ ਕਿ ਸਾਥੋਂ ਪਾਪ-ਪੁੰਨ ਉਸੇ ਨੇ ਹੀ ਕਰਵਾਏ ਹਨ, ਇਸ ਨੂੰ ਕਰਤੱਤ ਭਰਮ ਕਹਿੰਦੇ ਹਨ।

੩. ਸੰਗ ਭਰਮ = ਆਤਮਾ, ਜੋ ਕਿ ਤਿੰਨਾਂ ਦੇਹਾਂ ਤੇ ਪੰਜੇ ਕੋਸ਼ਾਂ ਤੋਂ ਸਦਾ ਹੀ ਅਸੰਗ ਹੈ। ਇਸ ਵਿੱਚ ਦੇਹ ਆਦਿਕ ਦੇ ਸੰਗ ਦੀ ਪ੍ਰਤੀਤੀ ਹੋਣੀ, ਦੇਹ ਦੇ ਧਰਮਾਂ ਨੂੰ ਆਪਣੇ ਆਤਮਾ ਦੇ ਧਰਮ ਮੰਨ ਲੈਣਾ, ਜੈਸਾ ਕਿ ਮੈਂ ਬ੍ਰਾਹਮਣ ਹਾਂ, ਖੱਤਰੀ ਹਾਂ, ਕਾਲਾ ਚਿੱਟਾ ਹਾਂ, ਸੰਨਿਆਸੀ ਹਾਂ, ਗ੍ਰਿਹਸਤੀ ਹਾਂ। ਮੈਂ ਜੰਮਦਾ-ਮਰਦਾ ਹਾਂ, ਇਹ ਸੰਗ ਭਰਮ ਹੈ।

੪. ਵਿਕਾਰ ਭਰਮ = ਜੀਵ, ਜੋ ਬ੍ਰਹਮ ਦੀ ਸ਼ੁੱਧ ਅੰਸ ਹੈ, ਉਸ ਵਿੱਚ ਅਗਿਆਨ ਕਰਕੇ ਵਿਕਾਰ ਭਾਵ ਬਦਲਣਾ, ਹੋਰ ਦੀ ਹੋਰ ਸ਼ਕਲ ਹੋ ਜਾਣਾ, ਇਹ ਦੇਹ ਆਦਿਕ ਦਾ ਧਰਮ ਹੈ। ਅਗਿਆਨ ਕਰਕੇ ਆਤਮ ਨੂੰ ਵਿਕਾਰੀ ਭਾਵ ਬਦਲਣ ਵਾਲਾ ਮੰਨ ਲੈਣਾ ਅਥਵਾ ਜਗਤ ਬ੍ਰਹਮ ਦਾ ਵਿਕਾਰ ਹੈ, ਇਸ ਨੂੰ ਵਿਕਾਰ ਭਰਮ ਕਹਿੰਦੇ ਹਨ।

੫. ਬ੍ਰਹਮ ਇਤਰ ਜਗ ਸਤ ਹੈ = ਅਗਿਆਨ ਕਰਕੇ ਜੀਵ ਦੀ ਜਗਤ ਵਿੱਚ ਬ੍ਰਹਮ ਤੋਂ ਇਤਰ=ਭਿੰਨ ਮੰਨ ਕੇ ਜੋ ਸਤਿਆਬੁੱਧੀ ਹੋ ਰਹੀ ਹੈ ਭਾਵ ਸੰਸਾਰ ਸੱਚਾ ਪ੍ਰਤੀਤ ਹੋ ਰਿਹਾ ਹੈ, ਇਹ ਪੰਜਵਾਂ ਭਰਮ ਹੈ।

ਨਵਿਰਤੀ

ਇਨ੍ਹਾਂ ਪੰਜ ਪ੍ਰਕਾਰ ਦੇ ਭਰਮਾਂ ਦੀ ਨਵਿਰਤੀ ਵਾਸਤੇ ਧਰਮ ਸ਼ਾਸਤ੍ਰਾਂ ਨੇ ਐਸੀਆਂ ਜੁਗਤੀਆਂ ਦੱਸੀਆਂ ਹਨ :

ਬਿੰਬ ਪ੍ਰਤਿਬਿੰਬ ਲੋਹਤ ਸਫਟਕ ਘਟਾਕਾਸ਼ ਗੁਣ ਮਾਰ।
ਕਨਕ ਕੁੰਡਲ ਦ੍ਰਿਸ਼ਟਾਂਤ ਦੇ, ਪਾਂਚੋ ਭਰਮ ਨਿਵਾਰ।

ਭੇਦ ਭਰਮ ਦੀ ਨਵਿਰਤੀ

੧. ਬਿੰਬ ਪ੍ਰਤਿਬਿੰਬ = ਜਿਵੇਂ ਇਕ ਬਿੰਬ ਰੂਪੀ ਸੂਰਜ ਦਾ ਹਜ਼ਾਰਾਂ ਪਾਣੀ ਦੇ ਭਰੇ ਘੜਿਆਂ ਵਿੱਚ ਪ੍ਰਤਿਬਿੰਬ ਵੱਖਰਾ-ਵੱਖਰਾ ਭਾਸਦਾ ਹੈ, ਪਰੰਤੂ ਸੂਰਜ ਅਸੰਗ ਹੈ, ਪ੍ਰਤਿਬਿੰਬ ਘੜੇ ਅਤੇ ਪਾਣੀ ਦੀ ਉਪਾਧੀ ਕਰਕੇ ਭਿੰਨ ਪ੍ਰਤੀਤ ਹੁੰਦਾ ਹੈ। ਜੇ ਘੜੇ ਨੂੰ ਡੰਡਾ ਮਾਰ ਕੇ ਭੰਨ ਦੇਈਏ ਤੇ ਪ੍ਰਤਿਬਿੰਬ, ਬਿੰਬ ਰੂਪ ਸੂਰਜ ਵਿੱਚ ਹੀ ਅਭੇਦ ਰੂਪ ਹੈ। ਇਸੇ ਪ੍ਰਕਾਰ ਮਾਇਆ ਉਪਾਧੀ ਕਰਕੇ ਬ੍ਰਹਮ ਬਿੰਬ ਦਾ ਮਾਇਆ ਦੀ ਸਤੋਮਈ ਅੰਸ਼ ਵਿੱਚ ਈਸ਼ਵਰ ਰੂਪ ਪ੍ਰਤਿਬਿੰਬ ਦਿਸਦਾ ਹੈ ਅਤੇ ਮਲਨ ਸਤੋਮਈ ਅੰਸ਼ ਵਿੱਚ ਪ੍ਰਤਿਬਿੰਬ ਜੀਵ ਰੂਪ ਕਰਕੇ ਭਾਸ ਰਿਹਾ ਹੈ। ਸ਼ੁੱਧ ਅਤੇ ਮਲਨ ਮਾਇਆ ਦੀ ਅੰਸ਼ ਵਾ: ਅੰਤਹਕਰਣ ਰੂਪੀ ਘੜਿਆਂ ਨੂੰ ਗਿਆਨ ਰੂਪ ਡੰਡੇ ਨਾਲ ਭੰਨ ਦੇਈਏ ਤਾਂ ਬ੍ਰਹਮ ਰੂਪੀ ਬਿੰਬ ਦਾ ਜੀਵ ਰੂਪੀ ਪ੍ਰਤਿਬਿੰਬ ਬ੍ਰਹਮ ਰੂਪ ਸੂਰਜ ਵਿੱਚ ਮਿਲ ਜਾਂਦਾ ਹੈ। ਜੈਸਾ ਕਿ :

ਜਿਉ ਪ੍ਰਤਿਬਿੰਬੁ ਬਿੰਬ ਕਉ ਮਿਲੀ ਹੈ ਉਦਕ ਕੁੰਭੁ ਬਿਗਰਾਨਾ॥
ਕਹੁ ਕਬੀਰ ਐਸਾ ਗੁਣ ਭ੍ਰਮੁ ਭਾਗਾ ਤਉ ਮਨੁ ਸੁੰਨਿ ਸਮਾਨਾ॥ ੪ ॥ ੧ ॥

(ਅੰਗ ੪੭੫)

ਅਸਲ ਵਿੱਚ :

ਆਤਮ ਮਹਿ ਰਾਮੁ ਰਾਮ ਮਹਿ ਆਤਮੁ ਚੀਨਸਿ ਗੁਰ ਬੀਚਾਰਾ॥

(ਅੰਗ ੧੧੫੩)

ਇਤਿਆਦਿਕ ਗੁਰਬਾਣੀ ਦੇ ਗਿਆਨ ਰੂਪ ਬਚਨਾਂ ਅਨੁਸਾਰ ਜੀਵ ਅਤੇ ਬ੍ਰਹਮ ਦੇ ਭੇਦ ਨੂੰ ਮਿਥਿਆ ਜਾਣ ਕੇ ਅਭੇਦ ਨਿਸ਼ਚੇ ਕਰੇ। ਇਸ ਤਰੀਕੇ ਨਾਲ ਸਾਰੇ ਭੇਦਾਂ ਨੂੰ ਨਾਸ਼ ਕਰੇ।

ਦੂਸਰਾ ਦ੍ਰਿਸ਼ਟਾਂਤ : ਜਿਵੇਂ ਸ਼ੀਸ਼ੇ ਦੀ ਉਪਾਧੀ ਕਰਕੇ ਬਿੰਬ ਰੂਪ ਚਿਹਰੇ ਦਾ ਪ੍ਰਤਿਬਿੰਬ ਸ਼ੀਸ਼ੇ ਦੇ ਵਿੱਚ ਦਿਖਾਈ ਦੇ ਰਿਹਾ ਹੈ। ਉਹ ਪ੍ਰਤਿਬਿੰਬ ਆਪਣੇ ਚਿਹਰੇ ਨਾਲੋਂ ਵੱਖਰਾ ਨਹੀਂ, ਕਿਉਂਕਿ ਸ਼ੀਸ਼ੇ ਦੇ ਪਾਸੇ ਕਰਨ ਨਾਲ ਉਹ ਪਰਛਾਵਾਂ (ਪ੍ਰਤਿਬਿੰਬ) ਦਿੱਸਦਾ ਨਹੀਂ। ਇਸ ਵਾਸਤੇ ਉਸ ਦਾ ਅਲੱਗ ਦਿਸਣਾ ਸ਼ੀਸ਼ੇ ਕਰਕੇ ਹੈ, ਜੋ ਕਿ ਭਰਮ ਰੂਪ ਸੀ, ਉਸ ਪ੍ਰਤਿਬਿੰਬ ਦਾ ਵੱਖਰਾ ਪ੍ਰਤੀਤ ਹੋਣਾ ਮਿਥਿਆ ਰੂਪ ਸੀ। ਉਸ ਮਿਥਿਆ ਰੂਪ ਦਾ ਨਾਸ਼ ਕਰਕੇ ਬਿੰਬ ਪ੍ਰਤਿਬਿੰਬ ਦਾ ਨਿਸ਼ਚੇ ਹੋ ਜਾਂਦਾ ਹੈ।

ਇਸੇ ਢੰਗ ਨਾਲ ਅਗਿਆਨ ਸਹਿਤ ਅੰਤਸ਼ਕਰਣ ਰੂਪ ਸ਼ੀਸ਼ੇ ਕਰਕੇ, ਬਿੰਬ ਰੂਪ ਬ੍ਰਹਮ ਦਾ ਪ੍ਰਤਿਬਿੰਬ ਰੂਪ ਜੀਵ ਪ੍ਰਤੀਤ ਹੋ ਰਿਹਾ ਹੈ। ਇਸੇ ਕਰਕੇ ਪ੍ਰਤਿਬਿੰਬ ਰੂਪ ਜੀਵ ਬਿੰਬ ਰੂਪ ਬ੍ਰਹਮ ਨਾਲੋਂ ਅਲੱਗ ਨਹੀਂ, ਉਸ ਦਾ ਵੱਖਰਾਪਣ ਭਰਮ ਕਰਕੇ ਪ੍ਰਤੀਤ ਹੁੰਦਾ ਹੈ। ਜੈਸਾ ਕਿ :

ਐਸੋ ਰਾਮ ਰਾਇ ਅੰਤਰਜਾਮੀ ॥ ਜੈਸੇ ਦਰਪਨ ਮਾਹਿ ਬਦਨ ਪਰਵਾਨੀ ॥ ੧ ॥ ਰਹਾਉ ॥

(ਅੰਗ ੧੩੧੮)

ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ॥
ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ॥ ੧ ॥

(ਅੰਗ ੬੯੪)

ਦੂਸਰੇ ਕਰੱਤਤ ਭਰਮ ਦੀ ਨਵਿਰਤੀ

੨. ਲੋਹਤ ਸਫਟਕ = ਲੋਹਤ=ਲਾਲ ਰੰਗ ਦਾ ਫੁੱਲ, ਸਫਟਕ=ਬਿਲੌਰ ਵਾ: ਚਿੱਟੇ ਰੰਗ ਦੀ ਮਣੀ, ਜਿਸ ਪ੍ਰਕਾਰ ਚਿੱਟੇ ਰੰਗ ਦੀ ਮਣੀ (ਬਿਲੌਰ) ਕੋਲ ਲਾਲ ਰੰਗ ਦਾ ਫੁੱਲ ਰੱਖ ਦੇਈਏ, ਉਸ ਦਾ ਰੰਗ ਮਣੀ ਵਿੱਚ ਪ੍ਰਤੀਤ ਹੁੰਦਾ ਹੈ। ਲਾਲ ਰੰਗ ਦਾ ਫੁੱਲ ਪਰੇ ਕਰਨ ਨਾਲ ਮਣੀ ਦੇ ਵਿੱਚ ਰੰਗ ਨਹੀਂ ਭਾਸਦਾ। ਇਸੇ ਕਰਕੇ ਲਾਲ ਰੰਗ ਮਣੀ ਦਾ ਧਰਮ ਨਹੀਂ, ਭਰਮ ਕਰਕੇ ਮਣੀ ਵਿੱਚ ਪ੍ਰਤੀਤ ਹੁੰਦਾ ਹੈ। ਇਸੇ ਪ੍ਰਕਾਰ ਅੰਤਸ਼ਕਰਣ ਦਾ ਧਰਮ ਜੋ ਕਰਤਾ ਭੋਗਤਾਪੁਣਾ ਹੈ, ਸੋ ਸ਼ੁੱਧ ਆਤਮਾ ਵਿਖੇ ਕਲਪਤਦਾਤਮ ਸੰਬੰਧ ਕਰਕੇ ਦਿੱਸ ਰਿਹਾ ਹੈ, ਭਾਵ ਪ੍ਰਤੀਤੀ ਮਾਤਰ ਹੈ। ਪਰ ਉਹ ਅੰਤਸ਼ਕਰਣ ਦਾ ਧਰਮ ਹੈ, ਜਿਵੇਂ ਕਿ ਸੁਖੋਪਤੀ ਅਵਸਥਾ ਵਿੱਚ ਅੰਤਸ਼ਕਰਣ ਅਤੇ ਆਤਮਾ ਦਾ ਵਿਯੋਗ ਹੋਣੇ ਕਰਕੇ ਆਤਮਾ ਵਿੱਚ ਭਾਸਦਾ ਨਹੀਂ। ਇਸ ਕਰਕੇ ਆਤਮਾ ਦਾ ਧਰਮ ਨਹੀਂ ਹੈ, ਪਰੰਤੂ ਆਤਮਾ ਵਿਖੇ ਕਰਤਾ ਭੋਗਤਾਪੁਣਾ ਭਰਮ ਕਰਕੇ ਪ੍ਰਤੀਤ ਹੁੰਦਾ ਹੈ। ਇਸ ਰੀਤ ਨਾਲ ਸਫਟਕ ਮਣੀ ਵਿੱਚ ਲਾਲ ਰੰਗ ਦੀ ਪ੍ਰਤੀਤੀ ਦੇ ਦ੍ਰਿਸ਼ਟਾਂਤ ਦੁਆਰਾ ਕਰਤਾ ਭੋਗਤਾਪੁਣੇ ਦੀ ਨਵਿਰਤੀ ਹੁੰਦੀ ਹੈ।

ਤੀਸਰੇ ਸੰਗ ਭਰਮ ਦੀ ਨਵਿਰਤੀ

੩. ਘਟਾਕਾਸ਼ = ਇਸ ਦ੍ਰਿਸ਼ਟਾਂਤ ਦੇ ਨਾਲ ਤੀਸਰਾ, ਜਿਸ ਦਾ ਨਾਮ ਸੰਗ ਭਰਮ ਹੈ, ਉਸ ਦੀ ਨਵਿਰਤੀ ਕਹੀ ਹੈ। ਜਿਵੇਂ ਘੁਮਿਆਰ ਅਨੇਕਾਂ ਭਾਂਡੇ ਬਣਾਉਂਦਾ ਹੈ। ਘੁਮਿਆਰ ਦੇ ਘੜਾ ਬਣਾਉਣ ਸਮੇਂ ਜੋ ਆਕਾਸ਼ ਹੈ, ਘੜੇ ਨਾਲ ਨਹੀਂ ਬਣਦਾ। ਜੇਕਰ ਘੜਾ ਭੰਨ ਦੇਈਏ ਤਾਂ ਆਕਾਸ਼ ਟੁੱਟਦਾ ਨਹੀਂ, ਪਰੰਤੂ ਘੜਾ ਬਣਨ ਦੇ ਨਾਲ ਘੜੇ ਵਿੱਚ ਪੈਣ ਵਾਲੇ ਆਕਾਸ਼ ਨੂੰ ਘਟਾਕਾਸ਼ ਕਿਹਾ ਜਾਂਦਾ ਹੈ। ਆਕਾਸ਼ ਤਾਂ ਪਹਿਲਾਂ ਹੀ ਹੈ। ਬਣਿਆ ਤਾਂ ਘੜਾ ਹੈ। ਜਦੋਂ ਘੜਾ

ਭੰਨ ਦੇਣਾ ਕਰੀਏ ਤਾਂ ਆਕਾਸ਼ ਦਾ ਕੁੱਛ ਨਹੀਂ ਵਿਗੜਦਾ, ਉਹ ਆਕਾਸ਼ ਹੀ ਰਹਿੰਦਾ ਹੈ। ਇਸੇ ਤਰ੍ਹਾਂ ਆਤਮਾ ਹੈ ਤਾਂ ਬ੍ਰਹਮ ਦਾ ਹੀ ਇਕ ਹਿੱਸਾ ਜਿਵੇਂ ਘੜੇ ਵਾਲਾ ਆਕਾਸ਼, ਮਹਾਂ ਆਕਾਸ਼ ਦਾ ਰੂਪ ਹੈ। ਇਸੇ ਪ੍ਰਕਾਰ ਬ੍ਰਹਮ ਦਾ ਸਰੂਪ ਜੀਵ ਦੇ ਵਿੱਚ ਆਤਮਾ ਰੂਪ ਹੋ ਕਰਕੇ ਹੈ। ਜੀਵ-ਆਤਮਾ ਬਣ ਕੇ ਵੀ ਆਤਮਾ ਬ੍ਰਹਮ ਦਾ ਸਰੂਪ ਹੈ। ਜੋ ਗੁਣ ਬ੍ਰਹਮ ਵਿੱਚ ਸਤਿ, ਚੇਤਨ, ਅਨੰਦ ਵਾਲੇ ਹਨ, ਉਹ ਗੁਣ ਹੀ ਆਤਮਾ ਵਿੱਚ ਹਨ। ਸਮਝਣ ਲਈ ਹੋਰ ਵੀਚਾਰ :

ਪਾਣੀ, ਮਿੱਟੀ ਅਤੇ ਆਕਾਸ਼ ਤਿੰਨਾਂ ਦੁਆਰਾ ਘੁਮਿਆਰ ਘੜੇ ਦੀ ਬਣਤਰ ਬਣਾਉਂਦਾ ਹੈ। ਜਿਤਨਾ ਆਕਾਰ ਘੜੇ ਦਾ ਹੈ ਉਹ ਆਕਾਰ ਆਕਾਸ਼ ਦਾ ਪ੍ਰਤੀਤ ਹੁੰਦਾ ਹੈ। ਚੇਤਨ ਆਕਾਸ਼ ਦੀ ਨਿਆਈਂ ਹੈ ਅਤੇ ਮਿੱਟੀ ਦੀ ਨਿਆਈਂ ਪੰਜ ਤੱਤ ਹਨ ਅਤੇ ਪਾਣੀ ਦੀ ਨਿਆਈਂ ਅਗਿਆਨ ਹੈ ਤੇ ਘੁਮਿਆਰ ਦੀ ਨਿਆਈਂ ਈਸ਼ਵਰ ਹੈ ਜੋ ਸਰੀਰ ਰੂਪ ਘੜਿਆਂ ਦੀ ਘਾੜਤ ਘੜਦਾ ਹੈ। ਜੈਸਾ ਕਿ :

ਘਾੜਤ ਤਿਸ ਕੀ ਅਪਰ ਅਪਾਰ ॥ (ਅੰਗ ੯੫੬)

ਬਹੁ ਬਿਧਿ ਭਾਂਡੇ ਘੜੈ ਕੁਮ੍ਹਾਰਾ ॥ ੩ ॥ (ਅੰਗ ੧੧੨੮)

ਸਥੂਲ, ਸੂਖਮ, ਕਾਰਨ ਦੇਹਾਂ ਨੂੰ ਈਸ਼ਵਰ ਘੜਦਾ ਹੈ, ਪਰੰਤੂ ਇਨ੍ਹਾਂ ਦੇਹਾਂ ਵਿੱਚ ਆਕਾਸ਼ ਦੀ ਨਿਆਈਂ ਚੇਤਨ ਨਿਰਲੇਪ ਰਹਿੰਦਾ ਹੈ। ਇਸੇ ਕਰਕੇ ਜੀਵਾਂ ਦੇ ਸੰਗ ਰਹਿੰਦਾ ਹੋਇਆ ਵੀ ਅਸੰਗ ਹੈ। ਉਸ ਨੂੰ ਸੰਗ ਦੋਸ਼ ਨਹੀਂ ਹੈ। ਘਟਾਕਾਸ਼ ਦੇ ਦ੍ਰਿਸ਼ਟਾਂਤ ਨਾਲ ਸੰਗ ਦੋਸ਼ ਦੀ ਨਵਿਰਤੀ ਹੁੰਦੀ ਹੈ, ਜੋ ਸਾਰਿਆਂ ਅਗਿਆਨੀਆਂ ਨੂੰ ਪਰਮਾਤਮਾ ਦਾ ਸੰਗ ਭਰਮ ਹੋ ਰਿਹਾ ਹੈ। ਉਸ ਦੀ ਨਵਿਰਤੀ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਵੀ ਐਸਾ ਫੁਰਮਾਨ ਕੀਤਾ ਹੈ :

ਸਹਸ ਘਟਾ ਮਹਿ ਏਕੁ ਆਕਾਸੁ ॥ ਘਟ ਫੂਟੇ ਤੇ ਓਹੀ ਪ੍ਰਗਾਸੁ ॥ (ਅੰਗ ੭੩੬)

ਹਜ਼ਾਰਾਂ ਘੜਿਆਂ ਵਿੱਚ ਇੱਕੋ ਹੀ ਆਕਾਸ਼ ਪ੍ਰਤੀਤ ਹੁੰਦਾ ਹੈ, ਜਿਵੇਂ ਕੋਈ ਘੜਾ ਚੁੱਕੀ ਜਾਵੇ ਤਾਂ ਆਕਾਸ਼ ਵੀ ਨਾਲ ਤੁਰਦਾ ਪ੍ਰਤੀਤ ਹੁੰਦਾ ਹੈ। ਵਾਸਤਵ ਵਿੱਚ ਆਕਾਸ਼ ਅਚੱਲ ਹੈ ਪਰੰਤੂ ਘੜੇ ਕਰਕੇ ਚਲਾਏਮਾਨ ਦਿਸਦਾ ਹੈ। ਇਸ ਤਰ੍ਹਾਂ ਸਰੀਰ ਦੇ ਤੁਰਨ ਫਿਰਨ ਨਾਲ, ਸਰੀਰ ਦੇ ਜੰਮਣ-ਮਰਨ ਨਾਲ ਨਾ ਬ੍ਰਹਮ ਤੁਰਦਾ-ਫਿਰਦਾ ਹੈ ਅਤੇ ਨਾ ਜੰਮਦਾ-ਮਰਦਾ ਹੈ। ਇਸ ਨੂੰ ਸੱਤਾ ਦੇਣ ਵਾਸਤੇ ਰਹਿੰਦਾ ਨਾਲ ਹੀ ਹੈ। ਪਰੰਤੂ ਸੰਗ ਭਰਮ ਤੋਂ ਦੂਰ ਹੈ। ਇਸ ਪ੍ਰਕਾਰ ਸੰਗ ਭਰਮ ਦੀ ਨਵਿਰਤੀ ਕਹੀ ਹੈ।

ਚੌਥੇ ਵਿਕਾਰ ਭਰਮ ਦੀ ਨਵਿਰਤੀ

੪. ਗੁਣਮਾਰ = ਗੁਣ=ਰੱਸੀ, ਮਾਰ=ਸੱਪ। ਰੱਸੀ ਅਤੇ ਸੱਪ ਦਾ ਦ੍ਰਿਸ਼ਟਾਂਤ ਦੇ ਕੇ ਵਿਕਾਰ ਭਰਮ ਦੀ ਨਵਿਰਤੀ ਕੀਤੀ ਹੈ। ਬਦਲੇ ਹੋਏ ਰੂਪ ਨੂੰ ਵਿਕਾਰ ਕਹਿੰਦੇ ਹਨ। ਜਿਵੇਂ ਬਾਲਕ ਦੀ ਦੇਹ ਬਦਲ ਕੇ ਜਵਾਨ ਹੋ ਜਾਂਦੀ ਹੈ। ਜਵਾਨੀ ਬਦਲ ਕੇ ਬੁਢਾਪਾ ਆ ਜਾਂਦਾ ਹੈ। ਪਰਮਾਤਮਾ ਵਿੱਚ ਐਸਾ ਨਹੀਂ ਹੈ, ਉਸ ਦੇ ਵਿੱਚ ਖਟ ਵਿਕਾਰਾਂ ਵਿੱਚੋਂ ਕੋਈ ਵੀ ਵਿਕਾਰ ਨਹੀਂ ਹੈ। ਇਹ ਵਿਕਾਰ ਤਾਂ ਦੇਹ ਨੂੰ ਵਿਆਪਦੇ ਹਨ। ਬਾਲਕ ਅਵਸਥਾ, ਕਿਸ਼ੋਰ ਅਵਸਥਾ, ਜਵਾਨ ਅਵਸਥਾ, ਢਲਦੀ ਜਵਾਨੀ, ਬੁਢਾਪਾ ਅਤੇ ਕਾਲ ਇਹ ਦੇਹ ਦੇ ਵਿਕਾਰ ਜੋ ਆਤਮਾ ਵਿੱਚ ਪ੍ਰਤੀਤ ਹੋ ਰਹੇ ਹਨ, ਇਹ ਵਿਕਾਰ ਭਰਮ ਹੈ। ਜੈਸਾ ਕਿ :

ਨਾ ਇਹੁ ਬੂਢਾ ਨਾ ਇਹੁ ਬਾਲਾ ॥ ਨਾ ਇਸੁ ਦੂਖੁ ਨਹੀ ਜਮ ਜਾਲਾ ॥

(ਅੰਗ ੮੬੮)

ਕਾਮ, ਕ੍ਰੋਧ ਆਦਿ ਵਿਕਾਰ ਵੀ ਅੰਤਸ਼ਕਰਣ ਵਿੱਚ ਹਨ, ਬ੍ਰਹਮ ਵਿੱਚ ਨਹੀਂ। ਉਸ ਦਾ ਸਰੂਪ ਸ਼ੁੱਧ ਹੈ। ਵਿਕਾਰ ਭਰਮ ਜੋ ਬ੍ਰਹਮ ਨੂੰ ਵਿਕਾਰੀ ਮੰਨਣਾ, ਇਸ ਦੀ ਨਵਿਰਤੀ ਗੁਣਮਾਰ (ਸੱਪ, ਰੱਸੀ) ਦੇ ਦ੍ਰਿਸ਼ਟਾਂਤ ਨਾਲ ਕੀਤੀ ਹੈ ਕਿ ਜਿਵੇਂ ਸਮਾਨ ਅੰਧਕਾਰ ਵਿੱਚ ਪਈ ਹੋਈ ਰੱਸੀ ਸੱਪ ਪ੍ਰਤੀਤ ਹੁੰਦੀ ਹੈ, ਪਰੰਤੂ ਉਹ ਸੱਪ ਨਹੀਂ ਹੁੰਦਾ, ਉਸ ਦਾ ਵਾਸਤਵ ਰੂਪ ਰੱਸੀ ਹੈ, ਇਸੇ ਪ੍ਰਕਾਰ ਅਸਤੀ, ਭਾਂਤੀ, ਪ੍ਰੇਯ ਰੂਪ ਚੇਤਨ ਬ੍ਰਹਮ ਨੂੰ ਜੀਵ ਅਗਿਆਨ ਕਰਕੇ ਜੰਮਣ-ਮਰਨ ਵਾਲਾ ਸੰਸਾਰ ਰੂਪ ਸੱਪ ਮੰਨੀ ਬੈਠਾ ਹੈ ਅਤੇ ਦੁਖੀ ਹੁੰਦਾ ਹੈ। ਜਦੋਂ ਦੀਵਾ ਲਿਆ ਕੇ ਵੇਖਿਆ ਗਿਆ ਤਾਂ ਰੱਸੀ ਦਾ ਵਾਸਤਵਿਕ ਰੂਪ ਦਿਖਾ ਦਿੱਤਾ। ਚਾਨਣੇ ਨੇ ਸੱਪ ਅਤੇ ਸੱਪ ਦੇ ਭੈਅ ਦੀ ਨਵਿਰਤੀ ਕਰ ਦਿੱਤੀ। ਇਸੇ ਪ੍ਰਕਾਰ ਜੰਮਣ-ਮਰਨ ਦਾ ਭੈਅ ਆਤਮਾ ਵਿੱਚ ਭਰਮ ਕਰਕੇ ਪ੍ਰਤੀਤ ਹੁੰਦਾ ਹੈ। ਜਦੋਂ ਗਿਆਨ ਦਾ ਦੀਵਾ ਅੰਤਸ਼ਕਰਣ ਵਿੱਚ ਪ੍ਰਕਾਸ਼ ਹੋ ਜਾਵੇ ਤਾਂ ਅੰਧਕਾਰ ਵਿੱਚ ਜੋ ਸੱਪ ਦੀ ਨਿਆਈਂ ਸੰਸਾਰ ਪ੍ਰਤੀਤ ਹੁੰਦਾ ਹੈ ਉਸ ਦੀ ਨਵਿਰਤੀ ਹੋ ਕੇ ਬ੍ਰਹਮ ਦਿੱਸਣ ਲੱਗ ਪੈਂਦਾ ਹੈ। ਜਿਵੇਂ ਰੱਸੀ ਦੇ ਅਗਿਆਨ ਕਰਕੇ ਸੱਪ ਪ੍ਰਤੀਤ ਹੋਣ ਲੱਗ ਪੈਂਦਾ ਹੈ, ਉਸ ਨੂੰ ਡੰਡੇ/ਸੋਟੇ ਨਾਲ ਨਹੀਂ ਮਾਰਿਆ ਜਾ ਸਕਦਾ। ਉਸ ਦੀ ਨਵਿਰਤੀ ਰੱਸੀ ਦੇ ਵਾਸਤਵ ਰੂਪ ਦਾ ਗਿਆਨ ਹੈ। ਇਸ ਤਰ੍ਹਾਂ ਉਸ ਬ੍ਰਹਮ ਦਾ ਵਾਸਤਵ ਰੂਪ ਸਤਿ, ਚੇਤਨ, ਅਨੰਦ ਜੋ ਬ੍ਰਹਮ ਦੇ ਅਗਿਆਨ ਦੁਆਰਾ ਜੰਮਣ-ਮਰਨ, ਦੁੱਖ-ਸੁੱਖ ਵਾਲਾ ਸੰਸਾਰ ਪ੍ਰਤੀਤ ਹੁੰਦਾ ਹੈ। ਜਦੋਂ ਗਿਆਨ ਦੁਆਰਾ ਸਤਿ, ਚੇਤਨ, ਅਨੰਦ ਦਿਸ ਜਾਵੇ ਤਾਂ ਸੰਸਾਰ ਦੀ ਨਵਿਰਤੀ ਹੋ ਜਾਂਦੀ ਹੈ। ਰੱਸੀ ਸੱਪ ਦੇ ਦ੍ਰਿਸ਼ਟਾਂਤ ਦੁਆਰਾ ਵਿਕਾਰ ਭਰਮ ਨਵਿਰਤੀ ਕਹੀ ਹੈ।

ਬ੍ਰਹਮ ਇਤਰ ਜਗ ਸਤਿ ਹੈ ਭਰਮ ਦੀ ਨਵਿਰਤੀ

੫. **ਕਨਕ ਕੁੰਡਲ =** ਕਨਕ=ਸੋਨਾ, ਕੁੰਡਲ=ਗੋਲਾਕਾਰ ਗਹਿਣਾ। ਜਿਵੇਂ ਸੋਨੇ ਦੇ ਕੜੇ, ਨੱਥ, ਮੁੰਦਰੀ ਆਦਿ ਬਣੇ ਹੁੰਦੇ ਹਨ। ਇੱਕੋ ਸੋਨੇ ਦੇ ਅਨੇਕਾਂ ਗਹਿਣੇ ਬਣ ਕੇ ਵੱਖਰੇ-ਵੱਖਰੇ ਨਾਮ ਪੈ ਜਾਂਦੇ ਹਨ। ਗਹਿਣੇ ਬਣ ਕੇ ਵੀ ਸੋਨਾ ਕੋਈ ਪਿੱਤਲ, ਤਾਂਬਾ ਨਹੀਂ ਬਣ ਜਾਂਦਾ, ਪਰੰਤੂ ਲੋਕ ਉਸ ਨੂੰ ਸੋਨਾ ਕਹਿਣ ਦੀ ਬਜਾਏ ਗਹਿਣੇ ਕਹਿ ਦਿੰਦੇ ਹਨ। ਸੋਨੇ ਦੇ ਅਨੇਕਾਂ ਨਾਮ ਕਲਪੇ ਹੋਏ ਹਨ ਜੋ ਵੱਖਰੇ-ਵੱਖਰੇ ਪ੍ਰਤੀਤ ਹੁੰਦੇ ਹਨ। ਜਦੋਂ ਕੁਠਾਲੀ ਵਿੱਚ ਸਾਰੇ ਗਹਿਣੇ ਪਾ ਕੇ ਸੁਨਿਆਰਾ ਉਨ੍ਹਾਂ ਨੂੰ ਢਾਲ ਦਿੰਦਾ ਹੈ ਤਾਂ ਕੜਾ, ਮੁੰਦਰੀ, ਨੱਥ ਆਦਿ ਦਾ ਨਾਮ ਵੀ ਮਿਟ ਜਾਂਦਾ ਹੈ ਤੇ ਉਸ ਦਾ ਰੂਪ ਵੀ ਮਿਟ ਜਾਂਦਾ ਹੈ, ਕੇਵਲ ਸੋਨਾ ਰਹਿ ਜਾਂਦਾ ਹੈ। ਇਸ ਦਾ ਰੂਪ ਗੁਰਬਾਣੀ ਵਿੱਚ ਸਤਿਗੁਰੂ ਜੀ ਨੇ ਐਸਾ ਕਥਨ ਕੀਤਾ ਹੈ :

ਅਲੰਕਾਰ ਮਿਲਿ ਥੈਲੀ ਹੋਈ ਹੈ ਤਾ ਤੇ ਕਨਿਕ ਵਖਾਨੀ॥ **(ਅੰਗ ੬੭੨)**

ਜਿਵੇਂ ਸਾਰਿਆਂ ਗਹਿਣਿਆਂ ਨੂੰ ਢਾਲ ਕੇ ਇਕ ਡਲੀ ਬਣਾ ਲਈਦੀ ਹੈ, ਫਿਰ ਗਹਿਣੇ ਦਾ ਨਾਸ਼ ਅਤੇ ਸ਼ਕਲ ਨਹੀਂ ਰਹਿੰਦੀ, ਕੇਵਲ ਸੋਨਾ ਹੀ ਰਹਿ ਜਾਂਦਾ ਹੈ। ਇਸੇ ਪ੍ਰਕਾਰ ਪ੍ਰੇਮ ਦੀ ਕੁਠਾਲੀ ਤਪ ਕਰਨ ਰੂਪ ਅੱਗ ਦੇ ਕਰਕੇ ਨਾਮ ਦਾ ਸੁਹਾਗਾ, ਰਾਗ ਦਵੈਸ਼ ਦੀ ਮੈਲ ਕੱਟ ਕੇ ਮਨ ਨੂੰ ਸ਼ੁੱਧ ਬਣਾ ਲਈਦਾ ਹੈ। ਮਨ ਦੀ ਮੈਲ ਕਰਕੇ ਸੰਸਾਰ ਅਨੇਕ ਰੂਪਾਂ ਵਿੱਚ ਦਿਸਦਾ ਸੀ। ਜਦੋਂ ਮਨ ਜੋਤ ਸਰੂਪ ਹੋ ਗਿਆ, ਆਪਣੇ ਮੂਲ ਦੀ ਪਛਾਣ ਹੋ ਗਈ ਕਿ ਮੈਂ ਤਾਂ ਬ੍ਰਹਮ ਹਾਂ, ਇਉਂ ਇਹ ਭਰਮ ਨਵਿਰਤ ਹੋ ਜਾਵੇਗਾ। ਇਸ ਪ੍ਰਕਾਰ ਇਨ੍ਹਾਂ ਪੰਜ ਪ੍ਰਕਾਰ ਦੇ ਦ੍ਰਿਸ਼ਟਾਂਤਾਂ ਦੁਆਰਾ ਪੰਜ ਪ੍ਰਕਾਰ ਦੇ

ਭਰਮ ਸਾਧ ਕਰਕੇ ਪੰਜ ਪ੍ਰਕਾਰ ਦੀ ਭਰਮ ਦੀ ਨਵਿਰਤੀ ਕਰ ਲਈਦੀ ਹੈ। ਭਰਮ ਦੀ ਨਵਿਰਤੀ ਸਾਧ ਸੰਗਤ ਦੁਆਰਾ ਹੀ ਹੋ ਸਕਦੀ ਹੈ। ਸੰਤਾਂ ਦੀ ਸੰਗਤ ਕਰਕੇ, ਜਿਨ੍ਹਾਂ ਦੇ ਹਿਰਦੇ ਵਿੱਚ ਵਾਹਿਗੁਰੂ ਵੱਸ ਜਾਂਦਾ ਹੈ, ਭਗਤੀ ਅਤੇ ਗਿਆਨ ਦੁਆਰਾ ਹੀ ਭਰਮ ਦੀ ਨਵਿਰਤੀ ਹੁੰਦੀ ਹੈ। ਬਾਕੀ ਭਰਮ ਦੇ ਦੋਹਰੇ ਕੰਠ ਕਰਨ ਨਾਲ, ਨਵਿਰਤੀ ਦੇ ਦ੍ਰਿਸ਼ਟਾਂਤ ਕੰਠ ਕਰਨ ਨਾਲ, ਭਰਮ ਦੀਆਂ ਗੱਲਾਂ ਕਰਨ ਨਾਲ ਦੂਰ ਨਹੀਂ ਹੁੰਦਾ।

ਭਰਮ ਦੀ ਨਵਿਰਤੀ ਪਰਮੇਸ਼ਰ ਦੀ ਕਿਰਪਾ ਦੁਆਰਾ ਹੁੰਦੀ ਹੈ। ਇਸ ਪ੍ਰਕਾਰ ਸਾਧਸੰਗਤ ਕਰਨ ਕਰਕੇ ਇਹ ਗਿਆਨ ਅਗਨੀ ਦੁਆਰਾ ਭਰਮ ਦੇ ਤਾਈਂ ਸਾੜਨਾ ਕਰੇ।

ਪੰਜ ਪਿਤਾ

੧. **ਜਨਤਾ** = ਇਕ ਪਿਤਾ ਦੁਆਰਾ ਸਾਡਾ ਜਨਮ ਹੁੰਦਾ ਹੈ।

੨. **ਉਪਨੀਤਾ** = ਦੂਸਰਾ ਉਪਦੇਸ਼ ਦੇਣ ਵਾਲਾ, ਧਰਮ ਗੁਰੂ ਸਾਡਾ ਸਭ ਤੋਂ ਵੱਡਾ ਪਿਤਾ ਹੈ, ਜੋ ਧਰਮ ਦਾ ਉਪਦੇਸ਼ ਦੇ ਕੇ ਜਨਮ-ਮਰਨ ਕੱਟ ਦਿੰਦਾ ਹੈ। ਜੈਸਾ ਕਿ :

ਸਤਿਗੁਰ ਕੈ ਜਨਮੇ ਗਵਨੁ ਮਿਟਾਇਆ॥ (ਅੰਗ ੯੪੦)

੩. **ਨ੍ਰਿਪਤ** = ਤੀਸਰਾ ਰਾਜਾ ਵੀ ਪਿਤਾ ਦੇ ਸਮਾਨ ਹੈ, ਜੋ ਸਰਬ ਪ੍ਰਕਾਰ ਕਰਕੇ ਰੱਖਿਆ ਕਰਦਾ ਹੈ।

੪. **ਵਿੱਦਿਆ ਗੁਰੂ** = ਚੌਥਾ ਵਿੱਦਿਆ ਗੁਰੂ ਵਿੱਦਿਆ ਦੇ ਕੇ ਵਿੱਦਿਆ ਰੂਪੀ ਨੇਤਰਾਂ ਨਾਲ ਵਿਹਾਰ ਦੇ ਕਾਰਜ ਸੰਵਾਰ ਦਿੰਦਾ ਹੈ।

੫. **ਦੇ ਅੰਨ** = ਪੰਜਵਾਂ ਅੰਨ ਦੇਣ ਵਾਲਾ, ਇਸ ਕਰਕੇ ਪਿਤਾ ਦੇ ਤੁਲ ਹੈ ਜੋ ਅੰਨ ਦੇ ਕੇ ਪ੍ਰਾਣਾਂ ਦੀ ਰੱਖਿਆ ਕਰਕੇ ਪਾਲਣਾ ਕਰਦਾ ਹੈ। ਇਸ ਕਰਕੇ ਇਨ੍ਹਾਂ ਨੂੰ ਪਿਤਾ ਸਮਾਨ ਸਮਝ ਕੇ ਪਿਤਾ ਦੇ ਸਮਾਨ ਹੀ ਆਦਰ ਮਾਣ ਦੇਣਾ ਚਾਹੀਦਾ ਹੈ। ਜੈਸਾ ਕਿ :

ਜਨਤਾ ਉਪਨੀਤਾ ਨ੍ਰਿਪਤ, ਵਿਦਿਯਾ ਗੁਰ ਦੇ ਅੰਨ॥
ਪਾਂਚ ਪਿਤਾ ਇਹ ਜਗਤ ਮੈਂ, ਜੋ ਮਾਨੈ ਤਿਹ ਧੰਨ॥ ੧੦॥

(ਚਾਣਕਯ ਨੀਤੀ, ਅਧਿਆਇ ੪)

ਪੰਜ ਮਾਤਾਵਾਂ

੧. **ਜਨਨੀ** = ਪੈਦਾ ਕਰਨ ਵਾਲੀ ਮਾਂ।

੨. **ਸਾਸ** = ਸੱਸ ਵੀ ਮਾਂ ਦੇ ਤੁੱਲ ਹੈ ਜੋ ਆਪਣੀ ਜਾਨ ਤੋਂ ਵੀ ਪਿਆਰੀ ਪੁੱਤਰੀ ਮਨੁੱਖ ਦੇ ਹਵਾਲੇ ਕਰ ਦਿੰਦੀ ਹੈ। ਫਿਰ ਉਹ ਸਾਰੇ ਕੁਟੰਬ ਤੇ ਪੁੱਤਰਾਂ ਨਾਲੋਂ ਵੀ ਜਵਾਈ ਨੂੰ ਪਿਆਰਾ ਸਮਝਦੀ ਹੈ।

੩. **ਨ੍ਰਿਪ ਤ੍ਰਿਯਾ** = ਰਾਜੇ ਦੀ ਰਾਣੀ ਇਸ ਵਾਸਤੇ ਮਾਤਾ ਦੇ ਤੁੱਲ ਹੈ, ਕਿਉਂਕਿ ਉਹ ਸਾਰੀ ਪ੍ਰਜਾ ਨੂੰ ਸੰਤਾਨ ਵਾਂਗ ਸਮਝਦੀ ਹੈ।

੪. **ਮਿਤ੍ਰ ਤ੍ਰਿਯਾ** = ਮਿੱਤ੍ਰ ਦੀ ਇਸਤ੍ਰੀ ਨੂੰ ਵੀ ਮਾਂ ਵਤ ਸਮਝਣਾ, ਕਿਉਂਕਿ ਇਸ ਭਾਵਨਾ ਨਾਲ ਮਿੱਤ੍ਰ ਦੀ ਇਸਤ੍ਰੀ ਵੱਲ ਮੈਲੀ ਦ੍ਰਿਸ਼ਟੀ ਨਹੀਂ ਜਾਏਗੀ।

੫. **ਗੁਰ ਤੀਯਾ** = ਗੁਰੂ ਦੀ ਇਸਤ੍ਰੀ ਤਾਂ ਸਦਾ ਮਾਂ ਦੇ ਸਮਾਨ ਹੈ। ਇਸ ਲਈ ਮਾਂ ਸਮਾਨ ਸਮਝ ਕੇ ਆਦਰ ਕਰਨਾ ਚਾਹੀਦਾ ਹੈ।

ਜਨਨੀ ਸਾਸ ਨ੍ਰਿਪ ਤ੍ਰਿਯਾ, ਮਿਤ੍ਰ ਤ੍ਰੀਯਾ ਗੁਰ ਤੀਯ॥
ਏਹ ਪਾਂਚੋ ਮਾਤਾ ਜਗਤ, ਸਮਝ ਰਾਖਿਓ ਜੀਯ॥

(ਚਾਣਕਯ ਨੀਤੀ, ਅਧਿਆਇ ੪)

ਪੰਜ ਉਂਗਲਾਂ

ਹੱਥ ਦੀਆਂ ਉਂਗਲਾਂ ਦੇ ਅੰਗੂਠੇ ਤੋਂ ਲੈ ਕੇ ਚੀਚੀ ਉਂਗਲੀ ਤਕ ਇਹ ਨਾਮ ਹਨ :

੧. ਅੰਗੁਸਠ **੨.** ਤਰਜਨੀ **੩.** ਮੱਧਿਅਮਾ **੪.** ਅਨਾਮਿਕਾ **੫.** ਕਾਨਿਸ਼ਠਕਾ

ਪੰਜ ਇਸ਼ਨਾਨਾ

ਕੁਹਣੀਆਂ ਤਕ ਦੋਵੇਂ ਬਾਂਹਵਾਂ, ਗੋਡਿਆਂ ਤਕ ਲੱਤਾਂ ਅਤੇ ਮੂੰਹ ਧੋਣਾ, ਸਿੱਖਾਂ ਵਿੱਚ ਇਹ ਪੰਜ ਇਸ਼ਨਾਨਾ ਪ੍ਰਸਿੱਧ ਹੈ।

ਪੰਜ ਸੁਰਤਰ

੧. ਸੰਦਾਰ = ਇਸ ਦੇ ਫੁੱਲ ਸੁਗੰਧੀਦਾਰ ਮੰਨੇ ਹਨ। ਜੈਸਾ ਕਿ :

ਸੰਦਾਰਨ ਕੁਸਮਾਜਲ ਅਰਪੈ।। (ਸ੍ਰੀ. ਗੁ. ਪ੍ਰ. ਸੂ. ਗ੍ਰੰਥ)

੨. ਪਾਰਜਾਤ = ਪਾਰ=ਸਮੁੰਦਰ ਤੋਂ ਪੈਦਾ ਹੋਇਆ ਬ੍ਰਿਛ। ਪੌਰਾਣਕ ਕਥਾ ਹੈ ਕਿ ਸਮੁੰਦਰ ਰਿੜਕਣ ਸਮੇਂ ਇਹ ਦਰੱਖ਼ਤ ਨਿਕਲਿਆ ਅਤੇ ਸਵਰਗ ਵਿੱਚ ਇੰਦਰ ਨੂੰ ਦਿੱਤਾ ਗਿਆ।

੩. ਸੰਤਾਨ। ੪. ਕਲਪਤਰ। ੫. ਹਰਿਚੰਦਨ।

ਪੰਜ ਕਰਮ ਇੰਦਰੇ

੧. ਹੱਥ **੨.** ਪੈਰ **੩.** ਜੀਭ (ਮੂੰਹ) **੪.** ਗੁਦਾ **੫.** ਲਿੰਗ

ਪੰਜ ਗਿਆਨ ਇੰਦਰੇ

੧. ਨੇਤਰ **੨.** ਕੰਨ **੩.** ਨਾਸਕਾ **੪.** ਰਸਨਾ **੫.** ਤ੍ਵਚਾ

ਪੰਜ ਦਰਿਆ

੧. ਸਤਲੁਜ = ਇਸ ਦਾ ਨਾਮ ਸਤੱਦ੍ਰਵ ਵੀ ਹੈ। ਸਤ=ਸੌ, ਲੁਜ=ਧਾਰਾ ਕਰਕੇ ਵਗਣ ਵਾਲਾ। ਪੌਰਾਣਕ ਕਥਾ ਹੈ ਕਿ ਵਸ਼ਿਸ਼ਟ ਮੁਨੀ ਪੁੱਤ੍ਰਾਂ ਦੇ ਸੋਗ ਨਾਲ ਇਸ ਵਿੱਚ ਡੁੱਬ ਕੇ ਮਰਨ ਲੱਗਾ ਸੀ, ਪਰ ਪਰਮਾਤਮਾ ਨੇ ਇਸ ਨੂੰ ਸੌ ਲਹਿਰਾਂ ਕਰਕੇ ਡੁੱਬਣੋਂ ਬਚਾਅ ਲਿਆ।

ਇਹ ਦਰਿਆ ਤਿੱਬਤ ਦੇ ਪ੍ਰਸਿੱਧ ਤਾਲ ਮਾਨਸਰੋਵਰ ਦੇ ਪਾਸ ਦੇ ਤਾਲ ਰਾਵਣਹ੍ਰਦ ਵਿੱਚੋਂ ਨਿਕਲ ਕੇ ਕੁੱਲੂ, ਮੰਡੀ, ਬਿਲਾਸਪੁਰ, ਅਨੰਦਪੁਰ, ਰੋਪੜ, ਫ਼ਿਰੋਜ਼ਪੁਰ ਆਦਿਕ ਥਾਈਂ ੯੦੦ ਮੀਲ ਵਹਿੰਦਾ ਹੋਇਆ ਮੁਜੱਫ਼ਰਗੜ੍ਹ ਜ਼ਿਲ੍ਹੇ ਵਿੱਚ ਸਿੰਧ ਦਰਿਆ ਨਾਲ ਜਾ ਮਿਲਦਾ ਹੈ।

੨. ਬਿਆਸ = ਪੰਜਾਬ ਦੇ ਪੰਜ ਦਰਿਆਵਾਂ ਵਿੱਚ ਇਕ ਦਰਿਆ ਰੋਹਤੰਗ ਪਾਸੋਂ (ਇਲਾਕਾ ਕੁੱਲੂ ਤੋਂ) ਨਿਕਲ ਕੇ ਜ਼ਿਲ੍ਹਾ ਕਾਂਗੜਾ ਅਤੇ ਹੁਸ਼ਿਆਰਪੁਰ ਵਿੱਚ ੨੮੦ ਮੀਲ ਵਹਿੰਦਾ ਹੋਇਆ, ਕਪੂਰਥਲੇ ਦੀ ਸਰਹੱਦ ਪੁਰ ਦਰਿਆ ਸਤੱਦ੍ਰਵ ਵਿਚ ਜਾ ਮਿਲਦਾ ਹੈ। ਜਿੱਥੇ ਇਹ ਸੰਗਮ ਹੋਇਆ

ਉਸ ਨੂੰ ਹਰੀਕਾ ਪੱਤਣ ਕਹਿੰਦੇ ਹਨ। ਇਸ ਦਾ ਪੁਰਾਣਾ ਨਾਮ ਬਿਪਾਸ ਹੈ।
ਪੌਰਾਣਿਕ ਕਥਾ ਹੈ ਕਿ ਵਸ਼ਿਸ਼ਟ ਮੁਨੀ ਆਪਣੇ ਪੁੱਤਰਾਂ ਦੇ ਸੋਗ ਨਾਲ ਦੁਖੀ ਹੋ ਕੇ ਦਰਿਆ ਵਿੱਚ ਫਾਹੀ ਲੈ ਕੇ ਮਰਣ ਲੱਗਿਆ, ਪਾਣੀ ਦੇ ਤੇਜ਼ ਪ੍ਰਵਾਹ ਕਰਕੇ ਫਾਹੀ ਟੁੱਟ ਗਈ, ਜਿਸ ਤੋਂ ਦਰਿਆ ਦਾ ਨਾਮ ਬਿਪਾਸ ਪ੍ਰਚੱਲਤ ਹੋਇਆ ਭਾਵ ਬਿ+ਪਾਸ=ਫਾਹੀ ਤੋਂ ਬਿ=ਰਹਿਤ ਕਰਨ ਵਾਲਾ।

੩. ਰਾਵੀ (ਐਰਾਵਤੀ) = ਰਿਗਵੇਦ ਵਿੱਚ ਇਸ ਦਾ ਨਾਮ ਪਰੁਸ਼ਨੀ ਆਇਆ ਹੈ। ਰਾਵੀ ਕੁੱਲੂ ਦੇ ਇਲਾਕੇ ਤੋਂ ਨਿਕਲ ਕੇ ਚੰਬਾ, ਮਾਧੋਪੁਰ, ਦੇਹਰਾ ਬਾਬਾ ਨਾਨਕ, ਲਾਹੌਰ, ਮਿੰਟਗੁੰਮਰੀ, ਮੁਲਤਾਨ ਆਦਿ ਵਿੱਚ ੪੫੦ ਮੀਲ ਵਹਿੰਦੀ ਹੋਈ ਚਨਾਬ (ਚੰਦ੍ਰਭਾਗਾ) ਨੂੰ ਜਾ ਮਿਲਦੀ ਹੈ।

੪. ਚਨਾਬ = ਹਿਮਾਲਯ ਦੇ ਚੰਦ੍ਰਭਾਗ ਨਾਮਕ ਅਸਥਾਨ ਤੋਂ ਨਿਕਲੀ ਹੋਈ ਇਕ ਨਦੀ, ਜਿਸ ਨੂੰ ਝਨਾਂ ਵੀ ਕਹਿੰਦੇ ਹਨ। ਰਿਗਵੇਦ ਵਿੱਚ ਇਸ ਦਾ ਨਾਂ ਅਸਿਕਨੀ ਹੈ। ਲਾਹੁਲ ਪਾਸੋਂ ਚਨਾਬ ਦੇ ਦੋ ਪ੍ਰਵਾਹ ਨਿਕਲਦੇ ਹਨ। ਮੁੱਢ ਦੇ ਸੋਮੇ ਤੋਂ ੧੧੫ ਮੀਲ ਪੁਰ ਤੰਦੀ ਪਾਸ ਦੋਵੇਂ ਇਕੱਠੇ ਹੋ ਜਾਂਦੇ ਹਨ। ਇਹ ਨਦੀ ਕਸ਼ਮੀਰ ਦੇ ਇਲਾਕੇ ਅਖਨੂਰ, ਕਿਸ਼ਟਵਾਰ ਅਤੇ ਚੰਬਾ ਰਾਜ ਵਿੱਚ ਵਹਿੰਦੀ ਹੋਈ ਅਤੇ ਸਿਆਲਕੋਟ, ਵਜ਼ੀਰਾਬਾਦ ਦੀ ਜ਼ਮੀਨ ਨੂੰ ਸੈਰਾਵ ਕਰਦੀ ਝੰਗ ਦੇ ਜ਼ਿਲ੍ਹੇ ਜਿਹਲਮ ਨਾਲ ਮਿਲ ਕੇ ਅਰ ਸਿੰਧ ਪਾਸ ਰਾਵੀ ਨਾਲ ਇਕੱਠੀ ਹੋ ਕੇ ਮਿੱਠਨਕੋਟ ਦੇ ਮੁਕਾਮ ਸਿੰਧ ਦਰਿਆ ਨਾਲ ਜਾ ਮਿਲਦੀ ਹੈ।

੫. ਜਿਹਲਮ = ਇਸ ਨੂੰ ਵਤਿਸਤਾ ਨਦੀ ਵੀ ਕਹਿੰਦੇ ਹਨ ਜੋ ਕਸ਼ਮੀਰ ਵਿੱਚੋਂ ਵਾਰਿਨਾਗ ਆਦਿ ਚਸ਼ਮਿਆਂ ਤੋਂ ਉਪਜ ਕੇ ਬਾਰਾਮੂਲਾ, ਮੁਜੱਫ਼ਰਾਬਾਦ, ਕੁਹਾਲਾ, ਜਿਹਲਮ, ਗੁਜਰਾਤ, ਸ਼ਾਹਪੁਰ, ਝੰਗ ਆਦਿ ਇਲਾਕਿਆਂ ਵਿੱਚੋਂ ੪੫੦ ਮੀਲ ਵਹਿੰਦੀ ਹੋਈ, ਮਘਿਆਣੇ ਪਾਸ ਚਨਾਬ ਦਰਿਆ ਵਿੱਚ ਜਾ ਮਿਲਦੀ ਹੈ।

ਕਾਮ ਦੇ ਪੰਜ ਬਾਣ

੧. ਮੋਹਨ ਬਾਣ = ਪੁਰਸ਼ ਦੇ ਚਿੱਤ ਨੂੰ ਮੋਹ ਲੈਣਾ, ਇਹ ਮੋਹਨ ਤੀਰ ਹੈ।

੨. ਤਾਪਨ ਬਾਣ = ਇਸਤਰੀ ਦੇ ਵਿਛੋੜੇ ਵਿੱਚ ਜੋ ਪੁਰਸ਼ ਦਾ ਚਿੱਤ ਤਪਦਾ ਰਹਿਣਾ ਹੈ, ਇਹ ਤਾਪਨ ਤੀਰ ਹੈ।

੩. ਵਸੀਕਰਣ ਬਾਣ = ਜੋ ਸੁੰਦਰ ਇਸਤਰੀ ਦੇ ਰੂਪ ਨੂੰ ਵੇਖ ਕੇ ਉਸ ਦੇ ਵੱਸ ਹੋ ਜਾਣਾ, ਇਹ ਵਸੀਕਰਣ ਤੀਰ ਹੈ।

੪. ਉਤਪਾਦਨ = ਜੋ ਆਪਣੀ ਇਸਤਰੀ ਤੋਂ ਵਿਛੜ ਕੇ, ਪਾਗਲ ਜਿਹਾ ਹੋ ਜਾਣਾ ਹੈ, ਇਹ ਉਤਪਾਦਨ ਤੀਰ ਹੈ।

੫. ਉਚਾਟਨ = ਜੋ ਪੁਰਸ਼ ਦਾ ਇਸਤਰੀ ਤੋਂ ਵਿਛੜ ਕੇ ਉਦਾਸ ਰਹਿਣਾ, ਇਹ ਉਚਾਟਨ ਤੀਰ ਹੈ।

ਖ਼ਾਲਸਾ ਪੰਥ ਦੇ ਪੰਜ ਤਖ਼ਤ

੧. ਤਖ਼ਤ ਸ੍ਰੀ ਅਕਾਲ ਤਖ਼ਤ ਸਾਹਿਬ
੨. ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ
੩. ਤਖ਼ਤ ਸ੍ਰੀ ਕੇਸਗੜ੍ਹ ਸਾਹਿਬ
੪. ਤਖ਼ਤ ਸ੍ਰੀ ਦਮਦਮਾ ਸਾਹਿਬ
੫. ਤਖ਼ਤ ਸ੍ਰੀ ਹਜ਼ੂਰ ਸਾਹਿਬ

ਪੰਜ ਕਕਾਰ

੧. ਕੇਸ ੨. ਕੰਘਾ ੩. ਕੜਾ ੪. ਕਿਰਪਾਨ ੫. ਕਛਹਿਰਾ

ਪੰਜ ਗੁਰਮੁਖਾਂ ਦੀ ਪ੍ਰਮਾਣਕਤਾ

ਗੁਰੂ ਘਰ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਤੇਗ ਬਹਾਦਰ ਸਾਹਿਬ ਜੀ ਤਕ ਪੰਜ ਗੁਰਮੁਖਾਂ ਦੀ ਪ੍ਰਮਾਣਕਤਾ ਚੱਲੀ ਆ ਰਹੀ ਹੈ। ਜੈਸਾ ਕਿ :

ਪੰਚ ਪਰਵਾਣ ਪੰਚ ਪਰਧਾਨੁ ॥ **(ਜਪੁ ਜੀ ਸਾਹਿਬ)**

ਵਾ: **ਪੰਜ ਮਿਲੇ ਪਰਪੰਚ ਤਜਿ ਅਨਹਦ ਸਬਦ ਸਬਦਿ ਲਿਵ ਲਾਈ।**

(ਭਾਈ ਗੁਰਦਾਸ ਜੀ, ਵਾਰ ੨੯, ਪਉੜੀ ੬)

ਗੁਰੂ ਘਰ ਕੀ ਮਰਯਾਦਾ ਪੰਚਹੁ ॥ **(ਸ਼੍ਰੀ. ਗੁ. ਪ੍ਰ: ਸੂ. ਗ੍ਰੰਥ)**

ਗੁਰੂ ਨਾਨਕ ਸਾਹਿਬ ਦੇ ਪੰਜ ਪ੍ਰਮਾਣਕਤਾ ਵਾਲੇ ਸਿੱਖ ਜੋ ਹਮੇਸ਼ਾਂ ਮਹਾਰਾਜ ਜੀ ਦੀ ਹਜ਼ੂਰੀ ਵਿੱਚ ਰਹੇ।

੧. ਬਾਬਾ ਬੁੱਢਾ ਜੀ **੨.** ਭਾਈ ਲਹਿਣਾ ਜੀ **੩.** ਭਾਈ ਭਗੀਰਥ ਜੀ

੪. ਭਾਈ ਸਾਧਾਰਨ ਜੀ **੫.** ਭਾਈ ਪੈੜਾ ਮੋਖਾ ਜੀ

ਗੁਰੂ ਅਰਜਨ ਦੇਵ ਜੀ ਦੇ ਪੰਜ ਪ੍ਰਮਾਣਕਤਾ ਵਾਲੇ ਸਿੱਖ :

੧. ਬਾਬਾ ਬਿਧੀ ਚੰਦ ਜੀ **੨.** ਭਾਈ ਜੇਠਾ ਜੀ **੩.** ਭਾਈ ਲੰਗਾਹ ਜੀ

੪. ਭਾਈ ਪਿਰਾਣਾ ਜੀ **੫.** ਭਾਈ ਪੈੜਾ ਜੀ

ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪੰਜ ਪ੍ਰਮਾਣਕਤਾ ਸਿੱਖ :

੧. ਦੀਵਾਨ ਮਤੀਦਾਸ ਜੀ **੨.** ਭਾਈ ਗੁਰਦਿੱਤਾ ਜੀ **੩.** ਭਾਈ ਦਿਆਲਾ ਜੀ

੪. ਭਾਈ ਊਦਾ ਜੀ **੫.** ਭਾਈ ਜੈਤਾ ਜੀ

ਪਰ ਇਤਿਹਾਸ ਵਿੱਚ ਬਾਕੀ ਗੁਰੂ ਸਾਹਿਬਾਨ ਦੇ ਪੰਜ ਸਿੱਖਾਂ ਦਾ ਵੇਰਵਾ ਨਹੀਂ ਮਿਲਦਾ, ਪਰ ਆਦਿ ਗੁਰੂ ਨਾਨਕ ਦੇਵ ਜੀ ਤੋਂ ਰੀਤ ਇਹੋ ਹੀ ਚੱਲ ਰਹੀ ਹੈ।

ਪੰਜ ਪਿਆਰੇ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਾਹਿਬ ਜੀ ਨੇ ਪੰਜ ਗੁਰਮੁਖਾਂ ਨੂੰ ਪੰਜ ਪਿਆਰਿਆਂ ਦਾ ਰੁਤਬਾ ਦੇ ਕੇ ਨਿਵਾਜਿਆ।

ਬਾਬਾ ਬੁੱਢਾ ਜੀ ਦੇ ਜੀਵਨ ਚਰਿਤ੍ਰ ਵਿੱਚ ਭਾਈ ਮੰਗਲ ਸਿੰਘ ਜੀ ਲਿਖਦੇ ਹਨ :

੧. ਪਿਆਰੇ ਭਾਈ ਦਇਆ ਸਿੰਘ ਜੀ = ਲਾਹੌਰ ਨਿਵਾਸੀ ਸੁੱਧੇ ਖੱਤਰੀ ਦੇ ਘਰ ਮਾਤਾ ਦਿਆਲੀ ਦੀ ਕੁੱਖ ਤੋਂ ਸੰਮਤ ੧੭੧੮ ਭਾਦੋਂ ਪ੍ਰਵਿਛਟਾ ੧੧ ਵਿੱਚ ਦਇਆ ਰਾਮ ਦਾ ਜਨਮ ਹੋਇਆ। ਸੰਮਤ ੧੭੫੬ ਵਿੱਚ ਕਲਗ਼ੀਧਰ ਜੀ ਤੋਂ ਅੰਮ੍ਰਿਤ ਛਕ ਕੇ ਭਾਈ ਦਇਆ ਰਾਮ ਤੋਂ ਭਾਈ ਦਇਆ ਸਿੰਘ ਜੀ ਹੋਏ। ੧੧ ਅੱਸੂ ਸੰਮਤ ੧੭੬੫ ਵਿੱਚ ਗੋਦਾਵਰੀ ਦੇ ਕਿਨਾਰੇ ਅਬਿਚਲ ਨਗਰ ਭਾਈ ਦਇਆ ਸਿੰਘ ਜੀ ਸੱਚਖੰਡ ਗਮਨ ਕੀਤੇ।

੨. ਪਿਆਰੇ ਭਾਈ ਧਰਮ ਸਿੰਘ ਜੀ = ਹਸਤਨਾਪੁਰ ਨਿਵਾਸੀ ਸੰਤ ਰਾਮ ਜੱਟ ਦੇ ਘਰ ਮਾਤਾ ਸਾਭੋ ਦੇ ਉਦਰ ਤੋਂ ਸੰਮਤ ੧੭੨੪ ਕੱਤਕ ੭ ਨੂੰ ਧਰਮ ਦਾਸ ਜੀ ਦਾ ਜਨਮ ਹੋਇਆ। ਸੰਮਤ ੧੭੫੬ ਵੈਸਾਖ ੧ ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਤੋਂ ਅੰਮ੍ਰਿਤ ਛਕ ਕੇ ਭਾਈ ਧਰਮ ਸਿੰਘ ਹੋਏ। ਸੰਮਤ ੧੭੬੫ ਵਿੱਚ ਭਾਈ ਧਰਮ ਸਿੰਘ ਨੇ ਹਜ਼ੂਰ ਸਾਹਿਬ ਸਰੀਰ ਛੱਡਿਆ।

੩. ਪਿਆਰੇ ਭਾਈ ਹਿੰਮਤ ਸਿੰਘ ਜੀ = ਪੁਰੀ (ਜਗੰਨਾਥ) ਨਿਵਾਸੀ, ਗੁਲਜਾਰੀ ਝੀਵਰ ਦੇ ਮਾਤਾ ਧੰਨੋ ਦੇ ਉਦਰ ਤੋਂ ੫ ਮਾਘ ਸੰਮਤ ੧੭੧੮ ਨੂੰ ਭਾਈ ਹਿੰਮਤ ਜੀ ਦਾ ਜਨਮ ਹੋਇਆ। ਸੰਮਤ ੧੭੫੬ ਵਿੱਚ ਕਲਗ਼ੀਧਰ ਪਾਤਸ਼ਾਹ ਤੋਂ ਅੰਮ੍ਰਿਤ ਛਕ ਕੇ ਭਾਈ ਹਿੰਮਤ ਸਿੰਘ ਬਣੇ। ੮ ਪੋਹ ਸੰਮਤ ੧੭੬੧ ਨੂੰ ਚਮਕੌਰ ਦੀ ਗੜ੍ਹੀ ਵਿੱਚ ਜੰਗ ਕਰਦਿਆਂ ਸ਼ਹੀਦ ਹੋਏ।

੪. ਭਾਈ ਮੋਹਕਮ ਸਿੰਘ ਜੀ = ਦੁਆਰਕਾ ਨਿਵਾਸੀ ਤੀਰਥ ਚੰਦ ਛੀਂਬੇ ਦੇ ਘਰ, ਮਾਤਾ ਦੇਵਾਂ ਬਾਈ ਦੇ ਉਦਰ ਤੋਂ ੨੨ ਜੇਠ ਸੰਮਤ ੧੭੩੩ ਨੂੰ ਭਾਈ ਮੋਹਕਮ ਚੰਦ ਦਾ ਜਨਮ ਹੋਇਆ। ਸੰਮਤ ੧੭੫੬ ਨੂੰ ਕਲਗ਼ੀਧਰ ਪਾਤਸ਼ਾਹ ਜੀ ਤੋਂ ਅੰਮ੍ਰਿਤ ਛਕ ਕੇ ਭਾਈ ਮੋਹਕਮ ਸਿੰਘ ਹੋਏ। ੮ ਪੋਹ ਸੰਮਤ ੧੭੬੧ ਨੂੰ ਚਮਕੌਰ ਦੇ ਯੁੱਧ ਵਿੱਚ ਸ਼ਹੀਦੀ ਪ੍ਰਾਪਤ ਕੀਤੀ।

੫. ਭਾਈ ਸਾਹਿਬ ਸਿੰਘ ਜੀ = ਬਿਦਰ ਨਿਵਾਸੀ ਚਮਨੇ ਨਾਈ ਦੇ ਘਰ, ਸੋਨਾ ਬਾਈ ਦੇ ਉਦਰ ਤੋਂ ਸੰਮਤ ੧੭੨੨, ੪ ਹਾੜ ਨੂੰ ਸਾਹਿਬ ਚੰਦ ਜੀ ਦਾ ਜਨਮ ਹੋਇਆ। ਸੰਮਤ ੧੭੫੬ ਵਿੱਚ ਕਲਗ਼ੀਧਰ ਪਾਤਸ਼ਾਹ ਜੀ ਪਾਸੋਂ ਅੰਮ੍ਰਿਤ ਛਕ ਕੇ ਭਾਈ ਸਾਹਿਬ ਸਿੰਘ ਹੋਏ। ਸੰਮਤ ੧੭੬੧, ੮ ਪੋਹ ਨੂੰ ਚਮਕੌਰ ਦੀ ਗੜ੍ਹੀ ਵਿੱਚ ਸ਼ਹੀਦੀ ਪ੍ਰਾਪਤ ਕੀਤੀ।

ਪੰਜ ਸੰਸਕਾਰ

੧. ਜਨਮ ਸੰਸਕਾਰ **੨.** ਵਿੱਦਿਆ ਸੰਸਕਾਰ **੩.** ਅੰਮ੍ਰਿਤ ਸੰਸਕਾਰ
੪. ਅਨੰਦ ਸੰਸਕਾਰ **੫.** ਅੰਤਿਮ ਸੰਸਕਾਰ

ਪੰਜ ਬਿਰਤੀਆਂ

੧. ਮੂੜ੍ਹ ਬਿਰਤੀ = ਇਹ ਬਿਰਤੀ ਪਾਮਰ ਪੁਰਸ਼ਾਂ ਦੀ ਹੁੰਦੀ ਹੈ। ਇਸ ਬਿਰਤੀ ਵਾਲਿਆਂ ਨੂੰ ਸਮਝਾਇਆਂ ਵੀ ਸਮਝ ਨਹੀਂ ਪੈਂਦੀ ਹੈ। ਇਨ੍ਹਾਂ ਦਾ ਸੁਭਾਅ ਪੱਥਰ ਦੀ ਨਿਆਈਂ ਕਠੋਰ ਹੁੰਦਾ ਹੈ। ਜੈਸਾ ਕਿ :

ਪੰਡਿਤ ਸੰਗਿ ਵਸਹਿ ਜਨ ਮੂਰਖ ਆਗਮ ਸਾਸ ਸੁਨੇ॥
ਅਪਨਾ ਆਪੁ ਤੂ ਕਬਹੁ ਨ ਛੋਡਸਿ ਸੁਆਨ ਪੂਛਿ ਜਿਉ ਰੇ ॥ ੪ ॥

(ਅੰਗ ੯੯੦)

ਵਾ: ਇਕਨਾ ਮੱਤ ਖੁਦਾਇ ਦੀ, ਇਕਨਾ ਸਿੱਖ ਲਈ।
ਮੂਰਖਾਂ ਆਪੋ ਆਪਣੀ, ਪੱਥਰ ਬੂੰਦ ਪਈ, ਨਾ ਪਈ।

੨. ਸ਼ਿਪਤ ਬਿਰਤੀ = ਵਿਸ਼ਈ ਪੁਰਸ਼ਾਂ ਦੀ ਹੁੰਦੀ ਹੈ, ਜਿਵੇਂ ਮੱਸਿਆ ਦੀ ਰਾਤ ਨੂੰ ਚੰਦਰਮਾ ਹੁੰਦਾ ਤਾਂ ਆਕਾਸ਼ ਵਿੱਚ ਹੀ ਹੈ, ਪਰ ਗੁਪਤ ਹੋਣ ਕਰਕੇ ਦਿਸਦਾ ਨਹੀਂ, ਇਸੇ ਤਰ੍ਹਾਂ ਅਗਿਆਨੀ ਵਿਸ਼ਈ ਪੁਰਸ਼ ਦੇ ਆਕਾਸ਼ ਵਿੱਚ ਬ੍ਰਹਮ ਰੂਪ ਚੰਦਰਮਾ ਹੈ ਤਾਂ ਸਹੀ, ਪਰ ਅਵਿੱਦਿਆ ਰੂਪੀ ਵਾ: ਸੰਸਿਆਂ ਰੂਪੀ ਰਾਤ ਹੋਣ ਕਰਕੇ ਦਿਸਦਾ ਨਹੀਂ, ਗੁਪਤ ਹੈ ਪਰ ਪ੍ਰਗਟ ਨਹੀਂ ਹੁੰਦਾ।

੩. ਬਕ ਸ਼ਿਪਤ ਬਿਰਤੀ = ਇਹ ਜਗਿਆਸੂ ਜਨਾਂ ਦੀ ਹੁੰਦੀ ਹੈ, ਜਿਵੇਂ ਬਕ=ਬਗਲਾ ਨਦੀ ਦੇ ਕਿਨਾਰੇ ਅੱਖਾਂ ਬੰਦ ਕਰ ਕੇ ਦਿਖਾਵਾ ਕਰਦਾ ਹੈ ਅਤੇ ਸ਼ਿਕਾਰ ਅੜਿੱਕੇ ਆਏ ਤੋਂ ਝਟ-ਪਟ ਅੱਖਾਂ ਖੋਲ੍ਹ ਲੈਂਦਾ ਹੈ। ਇਵੇਂ ਬਗਲੇ ਦੇ ਅੱਖਾਂ ਖੋਲ੍ਹਣ ਤੇ ਬੰਦ ਕਰਨ ਦੀ ਨਿਆਈਂ ਜਗਿਆਸੂ ਦੀ ਬਿਰਤੀ ਹੈ ਵਾ: ਜਿਵੇਂ ਕੱਛੂ ਆਪਣੀ ਸਿਰੀ ਨੂੰ ਕਦੇ ਅੰਦਰ ਕਦੇ ਬਾਹਰ ਕਰਦਾ ਰਹਿੰਦਾ ਹੈ, ਇਸੇ ਤਰ੍ਹਾਂ ਜਗਿਆਸੂ ਰੂਪ ਕੱਛੂ ਦੀ ਬਿਰਤੀ ਰੂਪ ਸਿਰੀ ਕਦੇ ਅੰਤਰਮੁਖ ਭਾਵ ਟਿਕਾਅ ਵਿੱਚ ਆ ਜਾਂਦੀ ਹੈ, ਕਦੇ ਬਾਹਰਮੁਖ ਹੋ ਕੇ ਖਿੰਡਾਅ ਵਿੱਚ ਚਲੀ ਜਾਂਦੀ ਹੈ।

੪. ਅਨਰੁੱਧ ਬਿਰਤੀ = ਇਹ ਬਿਰਤੀ ਜੋਗੀ ਜਨਾਂ ਦੀ ਹੁੰਦੀ ਹੈ ਜੋ ਦਸਮ ਦੁਆਰ ਵਿੱਚ ਪ੍ਰਾਣ ਚੜ੍ਹਾਅ ਕੇ ਅਨਰੁੱਧ=ਇਕ-ਰਸ ਰੁਕੀ ਰਹਿੰਦੀ ਹੈ। ਪਰ ਮਨ ਵਿੱਚ ਸੰਕਲਪ ਸੁੰਨ ਅਵਸਥਾ ਵਿੱਚ ਰਹਿੰਦੇ ਹਨ।

੫. ਇਕਾਗਰਤਾ ਰੂਪ ਬਿਰਤੀ = ਇਹ ਬਿਰਤੀ ਬ੍ਰਹਮ ਗਿਆਨੀ ਤੱਤ ਬੇਤੇ ਮਹਾਂਪੁਰਸ਼ਾਂ ਦੀ ਹੁੰਦੀ ਹੈ ਜੋ ਖਿੰਡਾਅ ਤੋਂ ਰਹਿਤ ਹੋ ਕੇ ਇਕ-ਰਸ ਨਾਮ ਵਿੱਚ ਜੁੜੀ ਰਹਿੰਦੀ ਹੈ। ਜੈਸਾ ਕਿ :

ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ ॥ ਸਾਵਧਾਨ ਏਕਾਗਰ ਚੀਤ ॥ **(ਅੰਗ ੨੮੫)**

ਪੰਜ ਖਯਾਤੀਆਂ

ਸ਼ਾਸਤ੍ਰਕਾਰਾਂ ਨੇ ਪੰਜ ਪ੍ਰਕਾਰ ਦੀਆਂ ਖਯਾਤੀਆਂ ਮੰਨੀਆਂ ਹਨ :

੧. ਅਸਤਿ ਖਯਾਤਿ = ਸ਼ੂਨਯਵਾਦੀ ਅਸੱਤ ਖਯਾਤਿ ਮੰਨਦੇ ਹਨ। ਉਨ੍ਹਾਂ ਦਾ ਕਥਨ ਹੈ ਕਿ ਰੱਸੀ ਵਿੱਚ ਸੱਪ ਅਤਿਅੰਤ ਅਸੱਤ ਹੈ, ਇਸੇ ਪ੍ਰਕਾਰ ਹੋਰ ਥਾਵਾਂ 'ਤੇ ਵੀ ਅਤਿਅੰਤ ਅਸੱਤ ਹੈ। ਅਤਿਅੰਤ ਪਦਾਰਥ ਦੀ ਰੱਸੀ ਵਿੱਚ ਪ੍ਰਤੀਤੀ ਅਸੱਤ ਖਯਾਤਿ ਹੈ।

੨. ਆਤਮ ਖਯਾਤਿ = ਕਸ਼ਣਿਕ ਵਿਗਿਆਨਵਾਦੀ ਆਤਮ ਖਯਾਤਿ ਮੰਨਦੇ ਹਨ। ਉਨ੍ਹਾਂ ਦਾ ਕਥਨ ਹੈ ਕਿ ਰੱਸੀ ਵਿੱਚ ਜਾਂ ਕਿਸੇ ਹੋਰ ਥਾਂ ਸੱਚਾ ਸੱਪ ਹੈ ਹੀ ਨਹੀਂ, ਸਾਰੇ ਪਦਾਰਥ ਬੁੱਧੀ ਵਿੱਚ ਹਨ। ਬੁੱਧੀ ਹੀ ਸਾਰੇ ਪਦਾਰਥਾਂ ਦੀ ਸ਼ਕਲ ਧਾਰ ਲੈਂਦੀ ਹੈ ਅਤੇ ਬੁੱਧ ਕਸ਼ਣਿਕ ਵਿਗਿਆਨ ਰੂਪ ਹੈ। ਆਤਮ (ਕਸ਼ਣਿਕ ਵਿਗਿਆਨ ਰੂਪ ਬੁੱਧ) ਸੱਪ ਰੂਪ ਹੋ ਕੇ ਪ੍ਰਤੀਤ ਹੋਣਾ ਆਤਮ ਖਯਾਤਿ ਹੈ।

੩. ਅਨਯਥਾ ਖਯਾਤਿ = ਨਿਆਇਕ ਅਤੇ ਵਿਸ਼ੇਖਕ ਅਨਯਥਾ ਖਯਾਤਿ ਮੰਨਦੇ ਹਨ। ਉਹ ਕਹਿੰਦੇ ਹਨ ਕਿ ਵਰਮੀ ਆਦਿਕ ਥਾਵਾਂ ਵਿੱਚ ਜੋ ਸੱਚਾ ਸੱਪ ਹੈ, ਭਰਮੀ ਪੁਰਖ ਉਸੇ ਨੂੰ ਨੇਤਰਾਂ ਨਾਲ ਦੇਖਦਾ ਹੈ। ਨੇਤਰਾਂ ਦੇ ਦੋਸ਼ ਕਰਕੇ ਉਹੀ ਰੱਸੀ ਵਿੱਚ ਸਾਹਮਣੇ ਪ੍ਰਤੀਤ ਹੁੰਦਾ ਹੈ। ਇਕ ਪਦਾਰਥ ਦਾ ਅਨਯਥਾ ਭਾਨ (ਪ੍ਰਤੀਤ) ਹੋਣਾ ਅਨਯਥਾ ਖਯਾਤਿ ਹੈ।

੪. ਅਖਯਾਤਿ = ਸਾਂਖਯ ਅਤੇ ਪ੍ਰਭਾਕਰ ਜੋ ਇਕ ਮੀਮਾਂਸਕ ਹਨ, ਅਖਯਾਤਿ ਬਾਬਤ ਨਿਸ਼ਚੇ ਕਰਦੇ ਹਨ ਕਿ ਰੱਸੀ ਨਾਲ ਆਪਣੀ ਬਿਰਤੀ ਦੁਆਰਾ ਨੇਤਰ ਦਾ ਸੰਬੰਧ ਹੋਣ ਤੋਂ ਜਦ ਰੱਸੀ ਦਾ ਇਦੰ (ਇਹ) ਰੂਪ ਕਰਕੇ ਸਮਾਨਯ ਗਿਆਨ ਹੁੰਦਾ ਹੈ ਅਤੇ ਨਾਲ ਹੀ ਸੱਪ ਦੀ ਸਿੰਮ੍ਰਿਤੀ (ਯਾਦ) ਹੁੰਦੀ ਹੈ ਤਦ ਇਹ ਸੱਪ ਹੈ, ਇਹ ਪ੍ਰਤੀਤ ਹੁੰਦਾ ਹੈ। ਇਸ ਗਿਆਨ ਵਿੱਚ ਦੋ ਅੰਸ਼ ਹਨ ਇਹ ਸਿੰਮ੍ਰਿਤ ਗਿਆਨ ਹੈ। ਇਨ੍ਹਾਂ ਦੋਹਾਂ ਗਿਆਨਾਂ ਦੇ ਹੁੰਦਿਆਂ ਹੋਇਆਂ ਵੀ ਦੇਖਣ ਵਾਲੇ ਦੇ ਭੈ ਦੋਸ਼ ਨਾਲ ਅਤੇ ਨੇਤਰਾਂ ਦੇ ਤਿਮਰ ਆਦਿ ਦੋਸ਼ ਕਰਕੇ ਇਹ ਪ੍ਰਤੀਤ ਹੁੰਦਾ ਹੈ ਕਿ ਮੈਨੂੰ ਦੋ ਗਿਆਨ ਹੋਏ ਹਨ। ਇਨ੍ਹਾਂ ਦੇ ਗਿਆਨਾਂ ਦੇ ਅਵਿਵੇਕ ਨੂੰ ਅਖਯਾਤਿ ਕਹਿੰਦੇ ਹਨ।

੫. ਅਨਿਰਵਚਨੀਯ ਖਯਾਤਿ = ਇਹ ਖਯਾਤਿ ਵੇਦਾਂਤ ਮੱਤ ਵਾਲੇ ਮੰਨਦੇ ਹਨ। ਉਨ੍ਹਾਂ ਦਾ ਕਥਨ ਹੈ ਕਿ ਅੰਤਸ਼ਕਰਣ ਦੀ ਬਿਰਤੀ ਨੇਤਰਾਂ ਦੁਆਰਾ ਨਿਕਲ ਕੇ ਵਿਸ਼ਯ ਦੇ ਆਕਾਰ ਦੀ ਹੋ ਜਾਂਦੀ ਹੈ। ਉਸ ਤੋਂ ਵਿਸ਼ਯ ਅਤੇ ਜੋ ਪੜਦਾ ਹੁੰਦਾ ਹੈ ਉਹ ਦੂਰ ਹੋ ਕੇ ਵਿਸ਼ਯ ਦਾ ਪ੍ਰਤੱਖ ਗਿਆਨ ਹੁੰਦਾ ਹੈ। ਇਸ ਪ੍ਰਤੱਖ ਲਈ ਪ੍ਰਕਾਸ਼ ਦੀ ਸਹਾਇਤਾ ਦੀ ਵੀ ਲੋੜ ਪੈਂਦੀ ਹੈ। ਨੇਤਰਾਂ ਦੀ ਤਾਕਤ ਨਹੀਂ ਕਿ ਬਿਨਾਂ ਪ੍ਰਕਾਸ਼ ਤੋਂ ਕਿਸੇ ਪਦਾਰਥ ਨੂੰ ਪ੍ਰਤੱਖ ਕਰ ਸਕਣ। ਜਿੱਥੇ ਕੁਝ ਹਨੇਰਾ ਹੋਵੇ ਜਾਂ ਨੇਤਰਾਂ ਵਿੱਚ ਕੋਈ ਧੁੰਧ ਆਦਿ ਦੋਸ਼ ਹੋਵੇ ਤਦ ਨੇਤਰਾਂ ਦੁਆਰਾ ਬਿਰਤੀ ਬਾਹਰ ਨਿਕਲ ਕੇ ਵੀ ਰੱਸੀ ਦੀ ਅਸਲ ਸ਼ਕਲ ਨੂੰ ਧਾਰਨ ਨਹੀਂ ਕਰ ਸਕਦੀ ਅਤੇ ਇਸੇ ਕਾਰਨ ਰੱਸੀ ਦੇ ਆਵਰਨ ਨੂੰ ਮਿਟਾ ਨਹੀਂ ਸਕਦੀ। ਇਸ ਤੋਂ ਰੱਸੀ ਉਪਹਿਤ ਚੇਤਨ ਆਸ੍ਰਿਤ ਅਵਿੱਦਿਆ ਵਿੱਚ ਖੋਭ ਹੋ ਕੇ ਅਵਿੱਦਿਆ ਹੀ ਸੱਪ ਦੇ ਆਕਾਰ ਨੂੰ ਪ੍ਰਾਪਤ ਹੋ ਜਾਂਦੀ ਹੈ। ਸੋ ਅਵਿਦਿਆ ਦਾ ਕਾਰਜ ਸੱਪ ਜੇ ਸੱਚਾ ਹੋਵੇ ਤਾਂ ਰੱਸੀ ਦੇ ਯਥਾਰਥ ਗਿਆਨ ਪਿੱਛੋਂ ਮਿਟ ਜਾਣਾ ਨਾ ਹੋਵੇ, ਪਰ ਰੱਸੀ ਦੀ ਅਸਲੀਅਤ ਸਮਝਣ ਤੋਂ ਸੱਪ ਦਾ ਭਾਨ ਨਹੀਂ ਹੁੰਦਾ। ਇਸ ਲਈ ਸੱਪ ਸੱਚ ਨਹੀਂ ਅਤੇ ਜੇ ਸੱਪ ਅਸੱਤ ਹੋਵੇ ਤਾਂ ਬੰਧਿਆ ਦੇ ਪੁੱਤਰ ਦੀ ਤਰ੍ਹਾਂ ਕਦੇ ਪ੍ਰਤੀਤ ਹੀ ਨਾ ਹੋਵੇ। ਪਰ ਪ੍ਰਤੀਤ ਜ਼ਰੂਰ ਹੁੰਦਾ ਹੈ। ਇਸ ਲਈ ਅਸੱਤ ਭੀ ਨਹੀਂ। ਇਸ ਤੋਂ ਨਿਸ਼ਚੇ ਹੁੰਦਾ ਹੈ ਕਿ ਸੱਤ ਅਸੱਤ ਤੋਂ ਭਿੰਨ ਅਨਿਰਵਚਨੀਯ ਦੀ ਖਯਾਤਿ (ਪ੍ਰਤੀਤ) ਅਨਿਰਵਚਨੀਯ ਖਯਾਤਿ ਹੈ।

✧✧✧

੬.

ਖਟ ਸੰਪਤੀ

ਸਮ ਦਮ ਸਰਧਾ ਤੀਸਰੀ, ਸਮਾਧਾਨ ਉਪਰਾਮ॥
ਛਠੀ ਤਤਿੱਛਾ ਜਾਨੀਏ, ਭਿੰਨ ਭਿੰਨ ਯਹ ਨਾਮ॥

(ਵਿਚਾਰ ਸਾਗਰ, ਤਰੰਗ ਪਹਿਲਾ)

੧. **ਸਮ** = ਮਨ ਦੀਆਂ ਵਾਸ਼ਨਾਵਾਂ ਰੋਕਣੀਆਂ।

੨. **ਦਮ** = ਇੰਦ੍ਰੀਆਂ ਦਾ ਦਮਨ ਕਰਨਾ ਭਾਵ ਵਿਸ਼ੇ-ਵਿਕਾਰ ਤੋਂ ਰੋਕਣਾ।

੩. **ਸ਼ਰਧਾ** = ਗੁਰ-ਉਪਦੇਸ਼ 'ਤੇ ਪੂਰਾ ਨਿਸ਼ਚਾ ਹੋਣਾ, ਜੈਸਾ ਕਿ :

ਜੋ ਗੁਰ ਦੀਆ ਸੁ ਮਨ ਕੈ ਕਾਮਿ॥ **(ਅੰਗ ੧੭੭)**

੪. **ਸਮਾਧਾਨ** = ਸ਼ੰਕਾ ਤੋਂ ਰਹਿਤ ਹੋਣਾ।

੫. **ਉਪਰਾਮ** = ਵਿਸ਼ਿਆਂ ਵੱਲੋਂ ਉਪਰਾਮਤਾ।

੬. **ਤਤਿੱਛਾ** = ਸੁਖ ਦੁੱਖ ਨੂੰ ਸਮ ਕਰਕੇ ਜਾਨਣਾ, ਜੈਸਾ ਕਿ :

ਆਗਿਆ ਮਹਿ ਭੂਖ ਸੋਈ ਕਰਿ ਸੂਖਾ ਸੋਗ ਹਰਖ ਨਹੀ ਜਾਨਿਓ॥

(ਅੰਗ ੧੦੦੦)

ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖ ਭੀ ਤੁਝੈ ਧਿਆਈ॥ **(ਅੰਗ ੭੫੭)**

ਦੁਖਿ ਸੁਖਿ ਪਿਆਰੇ ਤੁਧੁ ਧਿਆਈ ॥ ਏਹ ਸੁਮਤਿ ਗੁਰੂ ਤੇ ਪਾਈ ॥

(ਅੰਗ ੯੯)

ਖਟ ਸੰਪਤੀ ਬਾਰੇ ਇਸ ਪ੍ਰਕਾਰ ਵੀ ਗ੍ਰੰਥਾਂ ਵਿੱਚ ਕਥਨ ਕੀਤਾ ਗਿਆ ਹੈ :

ਸ੍ਵੈਯਾ: ਬਾਸਨ ਤਿਆਗ ਸਦਾ ਸਮ ਹੈ, ਦਮ ਬਾਹਰ ਬ੍ਰਿਤ ਕੋ ਨਿੱਗ੍ਰਹ ਠਾਨੋ।
ਦੇਖਨ ਦੋਖ ਬਿਧੈ ਉਪਰਾਮ, ਤਿਤਿਛਾ ਯਹ ਸੁਖੁ ਜੋ ਦੁਖ ਮਾਨੋ।
ਸਾਸਨਾ ਬੇਦ ਅਚਾਰਯ ਕੀ, ਯੋ ਪ੍ਰਮਾਨ ਹਿਯੇ ਸਰਧਾ ਸੋ ਬਖਾਨੋ।
ਏਕ ਹ੍ਵੈ ਚਿਤ ਸਮਾਧ ਵਸੈ, ਇਹ ਭਾਂਤ ਸਮਾਧਾਨ ਸਾਧਨ ਜਾਨੋ॥ ੧੬॥

(ਅਧਿਆਤਮ ਪ੍ਰਕਾਸ਼)

ਖਟ ਕਰਮ

੧. ਵਿੱਦਿਆ ਪੜ੍ਹਨੀ ੨. ਵਿੱਦਿਆ ਪੜ੍ਹਾਉਣੀ ੩. ਦਾਨ ਦੇਣਾ
੪. ਦਾਨ ਲੈਣਾ ੫. ਯੱਗ ਕਰਨਾ ੬. ਯੱਗ ਕਰਾਉਣਾ

ਖਟ ਕਰਮ 'ਮੰਨੂੰ' ਅਨੁਸਾਰ

੧. ਵੇਦ ਅਭਿਆਸ **੨.** ਤੱਪ **੩.** ਗਿਆਨ
੪. ਇੰਦਰੇ ਜਿੱਤ **੫.** ਅਹਿੰਸਾ **੬.** ਗੁਰ ਸੇਵਾ ਆਦਿ

ਖਟ ਕਰਮ 'ਅਤ੍ਰੈ' ਅਨੁਸਾਰ

੧. ਜਪ **੨.** ਤਪ **੩.** ਪੂਜਾ
੪. ਤੀਰਥ **੫.** ਮੰਤ੍ਰ ਸਾਧਨ **੬.** ਸੰਨਿਆਸ ਆਦਿਕ

ਖਟ ਕਰਮ 'ਪ੍ਰਾਸ਼ਰ' ਅਨੁਸਾਰ

੧. ਸੰਧਿਆ **੨.** ਇਸ਼ਨਾਨ **੩.** ਜਪ
੪. ਹਵਨ **੫.** ਵੇਦ ਪਾਠ **੬.** ਦੇਵ ਪੂਜਨ ਆਦਿ

ਰੁੱਤਾਂ

੧. ਬਸੰਤ ਰੁੱਤ **੨.** ਗ੍ਰੀਖਮ ਰੁੱਤ **੩.** ਪਾਵਸ ਰੁੱਤ
੪. ਸਰਦ ਰੁੱਤ **੫.** ਹਿਮਕਰ ਰੁੱਤ **੬.** ਸਿਸੀਅਰ ਰੁੱਤ

ਕ੍ਰਿਤਕ ਨਾਮ ਨੂੰ ਛੇ ਨਾਵਾਂ ਵਿੱਚ ਵੰਡਿਆ ਗਿਆ ਹੈ

੧. ਰਿਛਸ = ਰਿਛਸ ਨਾਮ ਉਸ ਨੂੰ ਕਹਿੰਦੇ ਹਨ, ਜਿਵੇਂ ਕੋਈ ਵੀ ਜਨਮ ਲੈਣ ਤੋਂ ਪਹਿਲਾਂ ਆਪਣੀ ਮਾਂ ਦੇ ਪੇਟ ਵਿੱਚ ਲੜਕਾ ਜਾਂ ਲੜਕੀ ਦੇ ਰੂਪ ਵਿੱਚ ਬੱਚਾ ਬੱਚੀ ਹੈ, ਉਸ ਵੇਲੇ ਉਸ ਦਾ ਸਰੀਰ ਵੀ ਮਾਂ ਦੇ ਪੇਟ ਵਿੱਚ ਬਣ ਚੁੱਕਾ ਹੁੰਦਾ ਹੈ ਅਤੇ ਜੀਵਨ ਵੀ ਹੁੰਦਾ ਹੈ ਪਰ ਉਸ ਦਾ ਨਾਮ ਕੋਈ ਵੀ ਨਹੀਂ ਹੈ। ਜਨਮ ਲੈਣ ਤੋਂ ਬਾਅਦ ਪਰਿਵਾਰ ਵੱਲੋਂ ਸੰਸਾਰ ਨੂੰ ਮੁੱਖ ਰੱਖਦਿਆਂ ਜੋ ਨਾਮ ਦੀ ਕਲਪਨਾ ਕੀਤੀ ਜਾਂਦੀ ਹੈ, ਉਸ ਨੂੰ ਰਿਛਸ ਨਾਮ ਕਹਿੰਦੇ ਹਨ।

੨. ਯਦ ਰਿਛਸ = ਕਿਸੇ ਵੀ ਵੰਸ਼ ਵਿੱਚ ਪੈਦਾ ਹੋਣ ਕਰਕੇ ਉਸ ਵੰਸ਼ ਅਨੁਸਾਰ ਨਾਮ ਪੈ ਜਾਣਾ, ਜਿਵੇਂ ਰਘੂ ਵੰਸ਼ ਵਿੱਚ ਪੈਦਾ ਹੋਣ ਵਾਲੇ ਸ੍ਰੀ ਰਾਮ ਜੀ ਨੂੰ ਰਘੂਬੀਰ ਕਿਹਾ ਜਾਂਦਾ ਹੈ ਅਤੇ ਯਾਦਵਾਂ ਦੀ ਵੰਸ਼ ਵਿੱਚ ਪੈਦਾ ਹੋਣ ਵਾਲੇ ਸ੍ਰੀ ਕ੍ਰਿਸ਼ਨ ਜੀ ਨੂੰ ਯਦੂਬੀਰ ਕਿਹਾ ਜਾਂਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਬੇਦੀ ਅਤੇ ਸ੍ਰੀ ਗੁਰੂ ਰਾਮਦਾਸ ਜੀ ਨੂੰ ਸੋਢੀ ਸੁਲਤਾਨ ਕਿਹਾ ਜਾਂਦਾ ਹੈ।

੩. ਗੁਣ ਪ੍ਰਯੁਕਤ = ਕਿਸੇ ਗੁਣ ਕਰਕੇ ਨਾਮ ਪੈਣਾ, ਜਿਵੇਂ ਰਾਗ ਦੇ ਗੁਣ ਵਾਲੇ ਨੂੰ ਰਾਗੀ, ਕਥਾ ਦੇ ਗੁਣ ਵਾਲੇ ਨੂੰ ਕਥਾਵਾਚਕ ਕਿਹਾ ਜਾਂਦਾ ਹੈ। ਇਹ ਗੁਣ ਪ੍ਰਯੁਕਤ ਨਾਮ ਹਨ।

੪. ਕਿਰਿਆ ਪ੍ਰਯੁਕਤ = ਕਿਸੇ ਵਿਸ਼ੇਸ਼ ਕਿਰਿਆ ਦੇ ਕਾਰਨ ਨਾਮ ਪਿਆ ਹੋਵੇ, ਉਸ ਨੂੰ ਕਿਰਿਆ ਪ੍ਰਯੁਕਤ ਨਾਮ ਆਖਦੇ ਹਨ, ਜਿਵੇਂ ਦੁਆਪਰ ਯੁੱਗ ਵਿੱਚ ਭਗਵਾਨ ਕ੍ਰਿਸ਼ਨ ਜੀ ਨੇ ਬੰਸਰੀ ਵਜਾਉਣੀ ਦੀ ਕਿਰਿਆ ਕੀਤੀ ਤਾਂ ਹਿੰਦੂ ਵੀਰ ਉਸ ਨੂੰ ਬੰਸਰੀ ਵਾਲਾ ਕਹਿ ਕੇ ਯਾਦ ਕਰਦੇ ਹਨ ਅਤੇ ਗੋਵਰਧਨ ਨੂੰ ਅਠਾਈ ਦਿਨ ਆਪਣੀ ਚੀਚੀ ਉਂਗਲੀ ਉੱਪਰ ਚੁੱਕਣ ਕਰਕੇ ਗੋਵਰਧਨਧਾਰੀ ਨਾਮ ਹੋ ਗਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨੀਲੇ ਘੋੜੇ ਉੱਪਰ ਅਸਵਾਰ ਹੋਣ ਦੀ ਕਿਰਿਆ

ਕੀਤੀ ਤਾਂ ਨੀਲੇ ਦਾ ਸਵਾਰ ਕਹਿ ਕੇ ਸੰਬੋਧਨ ਕੀਤਾ ਜਾਂਦਾ ਹੈ ਅਤੇ ਕਲਗ਼ੀ ਸਜਾਉਣ ਕਰਕੇ ਕਲਗ਼ੀਧਰ ਪਾਤਸ਼ਾਹ ਕਹਿ ਕੇ ਸੰਬੋਧਨ ਕੀਤਾ ਜਾਂਦਾ ਹੈ। ਇਹ ਕਿਰਿਆ ਪ੍ਰਯੁਕਤ ਨਾਮ ਹਨ।

੫. **ਸੰਬੰਧਿਤ** = ਜੋ ਕਿਸੇ ਦੂਸਰੇ ਵਿਅਕਤੀ ਦੇ ਸੰਬੰਧ ਕਰਕੇ ਨਾਮ ਪਵੇ, ਉਸ ਨੂੰ ਸੰਬੰਧਿਤ ਨਾਮ ਕਹਿੰਦੇ ਹਨ। ਜਿਵੇਂ ਸੀਤਾ ਦਾ ਸੰਬੰਧ ਹੋਣ ਕਰਕੇ 'ਸੀਆ ਰਾਮ', ਰਾਧਾ ਦੇ ਸੰਬੰਧ ਕਰਕੇ 'ਰਾਧੇ ਸ਼ਿਆਮ' ਅਤੇ ਲੱਛਮੀ ਦੇ ਸੰਬੰਧ ਕਰਕੇ 'ਲੱਛਮੀ ਨਾਰਾਇਣ' ਨਾਮ ਹੈ। ਇਹ ਸਭ ਸੰਬੰਧਿਤ ਨਾਮ ਹਨ।

੬. **ਵਿਅਕਤੀਗਤ ਨਾਮ** = ਜੋ ਸ੍ਰੈ ਵਿਅਕਤੀ ਕਰਕੇ ਨਾਮ ਪਿਆ ਹੋਵੇ, ਉਸ ਨੂੰ ਵਿਅਕਤੀਗਤ ਨਾਮ ਕਹਿੰਦੇ ਹਨ। ਜਿਵੇਂ ਅਠਾਰਾਂ ਭਾਰ ਬਨਸਪਤੀ ਵਿੱਚ ਇਕ ਬਾਵਨ ਚੰਦਨ ਹੈ। ਚੰਦਨ ਤਾਂ ਚੰਦਨ ਹੀ ਹੁੰਦਾ ਹੈ, ਪਰ ਇਸ ਨੂੰ ਬਾਵਨ ਚੰਦਨ ਇਸ ਲਈ ਕਿਹਾ ਜਾਂਦਾ ਹੈ, ਕਿਉਂਕਿ ਇਸ ਦੀ ਵਿਅਕਤੀ ਬਵੰਜਾ ਉਂਗਲ ਮਾਪਦੀ ਹੈ, ਜਿਸ ਕਰਕੇ ਇਸ ਦਾ ਨਾਮ ਬਾਵਨ ਚੰਦਨ ਹੈ। ਅਵਤਾਰੀ ਪੁਰਖਾਂ ਵਿੱਚ ਇਕ ਬਾਵਨ ਅਵਤਾਰ ਕਿਹਾ ਜਾਂਦਾ ਹੈ, ਉਸ ਦੀ ਵਿਅਕਤੀ ਭਾਵ ਸਰੀਰ ਦਾ ਆਕਾਰ ਬਵੰਜਾ ਉਂਗਲਾਂ ਦਾ ਸੀ, ਇਸ ਕਰਕੇ ਉਸ ਨੂੰ ਬਾਵਨ ਅਵਤਾਰ ਕਿਹਾ ਜਾਂਦਾ ਹੈ।

ਇਸ ਪ੍ਰਕਾਰ ਇਨ੍ਹਾਂ ਕਿਰਤਮ ਨਾਮਾਂ ਨੂੰ ਛੇ ਥਾਵਾਂ ਵਿੱਚ ਵੰਡਿਆ ਗਿਆ ਹੈ। ਪਰ ਜੋ ਪਰਾ ਪੂਰਬਲਾ ਨਾਮ ਹੈ, ਉਹ 'ਸਤਿਨਾਮ' ਹੈ। ਜੇਕਰ ਇਸ ਦੀ ਪਰਿਭਾਸ਼ਾ ਸਮਝਣੀ ਕਰੀਏ ਤਾਂ ਅੰਨਵੇ ਅੱਖਰ ਕਰਕੇ ਇਸ ਪ੍ਰਕਾਰ ਸਪੱਸ਼ਟ ਹੋਵੇਗੀ, ਨਾਮ ਸ਼ਬਦ ਨੂੰ ਪ੍ਰਸ਼ਨ ਰੂਪ ਵਿੱਚ ਲੈ ਕਰਕੇ ਕਿ ਨਾਮ ਕੀ ਹੈ? ਤਾਂ ਉਸ ਦਾ ਉੱਤਰ ਆਵੇਗਾ ਕਿ 'ਸਤਿ'। ਅਰਥਾਤ 'ਸਤਿ' ਸ਼ਬਦ ਹੀ ਪਰਾ ਪੂਰਬਲਾ ਹੈ ਵਾ: ਆਦਿ ਜੁਗਾਦੀ ਹੈ। ਜੈਸਾ ਕਿ :

ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥

(ਜਪੁ ਜੀ ਸਾਹਿਬ)

ਇਸੇ 'ਸਤਿ' ਨੂੰ ਕਿਸੇ ਨੇ ਰਾਮ ਭਾਵ ਰਮਿਆ ਹੋਇਆ ਕਿਹਾ ਹੈ। ਇਸੇ 'ਸਤਿ' ਨੂੰ ਕਿਸੇ ਨੇ ਅੱਲ੍ਹਾ, ਅਲੱਖ ਰੂਪ ਕਥਨ ਕੀਤਾ ਹੈ। ਇਸੇ 'ਸਤਿ' ਨੂੰ ਗੁਰਮਤ ਵਿੱਚ 'ਵਾਹਿਗੁਰੂ' ਭਾਵ ਅਗਿਆਨ ਦੇ ਹਨੇਰੇ ਨੂੰ ਦੂਰ ਕਰ ਕੇ ਗਿਆਨ ਦਾ ਪ੍ਰਕਾਸ਼ ਕਰਨ ਵਾਲਾ ਅਸਚਰਜ ਸਰੂਪ ਕਿਹਾ ਹੈ।

ਅੱਗੋਂ ਨਾਮ ਜਪਣ ਵਾਲਿਆਂ ਦੀਆਂ ਦਸ ਅਵਸਥਾਵਾਂ ਹਨ।

ਨੋਟ : ਜਿਨ੍ਹਾਂ ਦਾ ਵੇਰਵਾ ਅੰਕ ਦਸ (੧੦) ਦੀ ਗਿਣਤੀ ਵਿੱਚ ਦੇਖੋ।

ਖਟ ਕਰਮ ਹੋਰ ਵੀ ਹਨ

੧. **ਸੰਧਿਆ** = ਸੂਰਜ ਚੜ੍ਹਦੇ ਨਾਲ ਕੋਈ ਜਾਪ ਕਰਨਾ, ਦੁਪਹਿਰੇ ਅਸਤੋਤ੍ਰ ਆਦਿ ਪੜ੍ਹਨੇ ਅਤੇ ਸ਼ਾਮ ਨੂੰ ਸੂਰਜ ਛਿਪਦੇ ਨਾਲ ਆਰਤੀ ਆਦਿਕ ਕਰਨੀ, ਇਹ ਸੰਧਿਆ ਹੈ।

੨. **ਤਰਪਣ** = ਬੁੱਕ ਭਰ-ਭਰ ਕੇ ਸੂਰਜ ਨੂੰ ਪਾਣੀ ਦੇਣਾ ਜਾਂ ਚੰਦਨ ਆਦਿਕ ਨੂੰ ਠਾਕੁਰਾਂ ਦੀ ਮੂਰਤੀ 'ਤੇ ਛਿੜਕਣਾ, ਇਸ ਨੂੰ ਤਰਪਣ ਕਹਿੰਦੇ ਹਨ।

੩. **ਗਾਇਤ੍ਰੀ** = ਗਾਇਤ੍ਰੀ ਦਾ ਪਾਠ ਗੋਮੁਖੀ ਲੈ ਕੇ ਗੁਪਤ ਜਾਪ ਕਰਨਾ। ਚੌਵੀ ਅੱਖਰੀ ਗਾਇਤ੍ਰੀ ਨੂੰ ਵੇਦ ਦਾ ਆਦਿ ਮੰਤ੍ਰ ਮੰਨਿਆ ਹੈ ਉਸ ਦਾ ਜਾਪ ਕਰਨਾ।

੪. **ਅਥਿਤੀ ਪੂਜਨ** = ਜਿਹੜਾ ਅਭਿਆਗਤ ਸੱਦੇ ਤੋਂ ਬਿਨਾਂ ਹੀ ਮਿਲ ਪਵੇ, ਉਸ ਦੀ ਪੂਜਾ ਕਰਨੀ, ਲੰਗਰ ਪਾਣੀ ਛਕਾਉਣਾ, ਆਸਣ ਦੇਣਾ, ਮੁੱਠੀ ਚਾਪੀ ਕਰਨੀ ਆਦਿ ਸਤਿਕਾਰ ਕਰਨਾ।

੫. ਠਾਕੁਰਾਂ ਆਦਿ ਦਾ ਇਸ਼ਨਾਨ ਕਰਾਉਣਾ।

੬. **ਦੇਵ ਅਰਚਨ** = ਆਪਣੇ ਦੇਵਤੇ ਨੂੰ ਅਰਚਨ=ਭੋਗ ਆਦਿਕ ਲਗਾਉਣਾ।

ਛੇ ਜਤੀ

੧. ਗੋਰਖ ਨਾਥ	੨. ਹਨੂੰਮਾਨ	੩. ਭੈਰਓ
੪. ਭੀਸ਼ਮ ਪਿਤਾਮਾ	੫. ਦੱਤਾ ਤ੍ਰੈ।	੬. ਲੱਛਮਣ

ਛੇ ਪ੍ਰਕਾਰ ਦੀਆਂ ਸਤੀਆਂ

੧. ਜੋ ਆਪਣੇ ਪਤੀ ਤੋਂ ਬਿਨਾਂ ਬਾਕੀ ਸਭਨਾਂ ਨੂੰ ਇਸਤ੍ਰੀਆਂ ਹੀ ਸਮਝਦੀਆਂ ਹਨ। ਜੈਸਾ ਕਿ :

ਬਿਨ ਪਿਰ ਪੁਰਖੁ ਨ ਜਾਣਈ ਸਾਚੈ ਗੁਰ ਕੈ ਹੇਤਿ ਪਿਆਰਿ॥ (ਅੰਗ ੫੪)

ਠਾਕੁਰੁ ਏਕੁ ਸਬਾਈ ਨਾਰਿ॥ (ਅੰਗ ੯੩੩)

੨. ਜੋ ਪਤੀਬ੍ਰਤਾ ਧਰਮ ਨਿਭਾਉਂਦਿਆਂ ਵੱਡਿਆਂ ਨੂੰ ਪਿਤਾ, ਬਰਾਬਰ ਦਿਆਂ ਨੂੰ ਭਰਾ ਅਤੇ ਛੋਟਿਆਂ ਨੂੰ ਪੁੱਤਰ ਸਮਾਨ ਸਮਝਦੀਆਂ ਹਨ।

੩. ਜੋ ਪਤੀ ਨੂੰ ਪਰਮੇਸ਼ਰ ਰੂਪ ਸਮਝਦੀਆਂ ਹਨ।

੪. ਜੋ ਤਨ ਕਰਕੇ ਕੁਕਰਮ ਤੋਂ ਬਚੀਆਂ ਰਹਿੰਦੀਆਂ ਹਨ ਪਰੰਤੂ ਮਨਾਂ ਕਰਕੇ ਕਦੇ-ਕਦੇ ਡੋਲ ਜਾਂਦੀਆਂ ਹਨ।

੫. ਜੋ ਪਰਾਏ ਪੁਰਸ਼ਾਂ ਨਾਲ ਸੰਬੰਧ ਬਣਾਉਣਾ ਚਾਹੁੰਦੀਆਂ ਹਨ ਪਰੰਤੂ ਉਨ੍ਹਾਂ ਨੂੰ ਇਕਾਂਤ ਸਮਾਂ ਪ੍ਰਾਪਤ ਨਾ ਹੋਣ ਕਰਕੇ ਉਹ ਬਚੀਆਂ ਰਹਿੰਦੀਆਂ ਹਨ।

੬. ਇਕ ਉਹ ਪਰਮ ਗਿਣੀਆਂ ਗਈਆਂ ਹਨ ਜੋ ਆਪਣੇ ਪਤੀ ਦਾ ਮਰਨਾ ਸੁਣ ਕੇ ਹੀ ਪ੍ਰਾਣ ਤਿਆਗ ਦਿੰਦੀਆਂ ਹਨ, ਜਿਨ੍ਹਾਂ ਦੇ ਬਾਬਤ ਗੁਰੂ ਅਮਰਦਾਸ ਜੀ ਇਸ ਪ੍ਰਕਾਰ ਲਿਖਦੇ ਹਨ, ਜੈਸਾ ਕਿ :

ਨਾਨਕ ਸਤੀਆ ਜਾਣੀਅਨਿ ਜਿ ਬਿਰਹੇ ਚੋਟ ਮਰੰਨਿ ॥੧॥ (ਅੰਗ ੭੮੭)

ਛੇ ਸ਼ਾਸਤ੍ਰ

ਦੋਹਰਾ: ਵੈਸ਼ੇਸ਼ਿਕ ਨਯਾਯ ਸਾਂਖ ਹੈ ਪਾਤੰਜਲ ਪਹਿਚਾਨ॥
ਮੀਮਾਂਸਾ ਵੈਦਾਂਤਯੇ ਖਟ ਸਾਸਤ੍ਰ ਮਨ ਮਾਨ॥

(ਛੱਤੀਸ ਗਿਆਨ)

੧. **ਸਾਂਖ ਸ਼ਾਸਤ੍ਰ** (ਕਪਿਲ ਮੁਨੀ ਜੀ ਦਾ)।

੨. **ਨਯਾਯ ਸ਼ਾਸਤ੍ਰ** (ਗੌਤਮ ਰਿਖੀ ਜੀ ਦਾ)।

੩. **ਵਿਸ਼ੇਸ਼ਿਕ ਸ਼ਾਸਤ੍ਰ** (ਕਨਾਦਿ ਰਿਖੀ ਜੀ ਦਾ)।

੪. **ਮੀਮਾਂਸਾ ਸ਼ਾਸਤ੍ਰ** (ਜੈਮਿਨੀ ਰਿਖੀ ਜੀ ਦਾ)।

੫. **ਯੋਗ ਸ਼ਾਸਤ੍ਰ** (ਪਤੰਜਲ ਰਿਖੀ ਜੀ ਦਾ)।

੬. **ਵੇਦਾਂਤ ਸ਼ਾਸਤ੍ਰ** (ਵਿਆਸ ਰਿਖੀ ਜੀ ਦਾ)।

ਛੇ ਪ੍ਰਕਾਰ ਦੇ ਅਵਤਾਰ ਅਤੇ ਪ੍ਰੀਭਾਸ਼ਾ

ਪ੍ਰੀਭਾਸ਼ਾ =ਪੁਰਾਣਕ ਮੱਤ ਅਨੁਸਾਰ ਅਵਤਾਰ ਦੇ ਅਰਥ ਇਸ ਪ੍ਰਕਾਰ ਹਨ :

ਅਵਤਾ ਰਖਯਤੀ ਅਵਤਾਰਾ।

ਅਵਤਾ ਤੋਂ ਭਾਵ ਹੈ ਘੁੰਮਣ-ਘੇਰੀ ਜਾਂ ਬਿਪਤਾ। ਘੁੰਮਣ-ਘੇਰੀ ਜਾਂ ਬਿਪਤਾ 'ਚ ਫਸਿਆਂ ਦੀ ਰੱਖਿਆ ਕਰਨ ਲਈ ਜਦੋਂ ਕੋਈ ਦੇਵੀ-ਦੇਵਤਾ ਜਾਂ ਸ਼ਕਤੀ ਕਿਸੇ ਸਰੂਪ ਜਾਂ ਸਰੀਰ ਵਿੱਚ ਪ੍ਰਗਟ ਹੁੰਦੀ ਹੈ, ਉਸ ਨੂੰ ਅਵਤਾਰ ਆਖਦੇ ਹਨ।

ਅਵਤੀ ਸ੍ਮੈ ਭਗਤਾਨ ਦੁਸ਼ਟੇ ਭਇਯੋ ਰਖਸ਼ਤੀ।
ਸੰਸਾਰ ਸਾਗਰਾਤ ਤਾਰਿਅਤੀ ਇਤੀ ਸਾ ਅਵਤਾਰ।

ਅਰਥਾਤ : ਆਪਣੇ ਭਗਤਾਂ ਦੀ ਦੁਸ਼ਟਾਂ ਅਤੇ ਬਿਪਤਾ ਤੋਂ ਰੱਖਿਆ ਕਰ ਕੇ ਜੋ ਸੰਸਾਰ ਸਾਗਰ ਤੋਂ ਤਾਰ ਦਿੰਦਾ ਹੈ, ਉਸ ਨੂੰ ਅਵਤਾਰ ਕਹਿੰਦੇ ਹਨ। ਗੁਰਬਾਣੀ ਵਿੱਚ 'ਅਵਤਾਰ' ਸ਼ਬਦ ਕਈ ਥਾਵਾਂ ਉੱਪਰ ਆਇਆ ਹੈ। ਜਿੱਥੇ ਇਸ ਦੇ ਅਰਥ ਬਣਦੇ ਹਨ : ੧. ਆਉਣਾ, ੨. ਜਨਮ ਧਾਰਨਾ, ੩. ਉਤਰਨਾ ਭਾਵ ਹੇਠਾਂ ਉਤਰਨ ਦੀ ਕਿਰਿਆ ਆਦਿ। ਭੱਟਾਂ ਨੇ ਸ੍ਰੀ ਗੁਰੂ ਅਮਰਦਾਸ ਜੀ ਦੀ ਉਪਮਾ ਕਰਦਿਆਂ ਅਵਤਾਰ ਸ਼ਬਦ ਵਰਤਿਆ ਹੈ :

ਨਾਨਕ ਕੁਲਿ ਨਿੰਮਲੁ ਅਵਤਰ੍ਿਉ ਗੁਣ ਕਰਤਾਰੈ ਉਚਰੈ॥ (ਅੰਗ ੧੩੯੫)

ਛੇ ਪ੍ਰਕਾਰ ਦੇ ਅਵਤਾਰ

੧. **ਅੰਸ਼ਾ ਅਵਤਾਰ** = ਅੰਸ਼ਾ ਅਵਤਾਰ ਉਸ ਨੂੰ ਕਹਿੰਦੇ ਹਨ ਜਿਸ ਵਿੱਚ ਈਸ਼ਵਰ ਦੀ ਹਕੂਮਤ ਵਾਲੀ ਅੰਸ਼ ਹੋਵੇ : ਜੈਸਾ ਕਿ :

ਅੰਸਾ ਅਉਤਾਰੁ ਉਪਾਇਓਨੁ ਭਾਉ ਦੂਜਾ ਕੀਆ॥
ਜਿਉ ਰਾਜੇ ਰਾਜੁ ਕਮਾਵਦੇ ਦੁਖ ਸੁਖ ਭਿੜੀਆ॥ (ਅੰਗ ੫੧੬)

ਰਾਜਾ ਮੰਨੂ ਅਤੇ ਰਾਜਾ ਪ੍ਰਿਥੂ ਆਦਿ ਅੰਸ਼ਾ ਅਵਤਾਰ ਮੰਨੇ ਗਏ ਹਨ। ਭਗਵਾਨ ਕ੍ਰਿਸ਼ਨ ਜੀ ਨੇ ਗੀਤਾ ਵਿੱਚ ਇਹ ਗੱਲ ਆਖੀ ਹੈ ਕਿ ਹੇ ਅਰਜਨ ! ਮਨੁੱਖਾਂ ਵਿੱਚ ਮੈਂ ਰਾਜਾ ਰੂਪ ਹੋ ਕੇ ਰਹਿੰਦਾ ਹਾਂ।

੨. **ਅਵੇਸ਼ਾ ਅਵਤਾਰ** = ਜਿਸ ਵਿੱਚ ਪਹਿਲਾਂ ਕੋਈ ਸ਼ਕਤੀ ਨਾ ਹੋਵੇ, ਜਪ ਤਪ ਆਦਿ ਕਮਾਈ ਕਰਨ ਨਾਲ ਸ਼ਕਤੀ ਆਵੇਸ਼=ਪ੍ਰਵੇਸ਼ ਹੋ ਜਾਵੇ, ਉਸ ਨੂੰ ਆਵੇਸ਼ਾ ਅਵਤਾਰ ਕਹਿੰਦੇ ਹਨ, ਜਿਵੇਂ ਵਿਸ਼ਨੂੰ ਜੀ ਦੇ ਅਵਤਾਰ ਪਰਸਰਾਮ ਜੀ ਹੋਏ ਹਨ। ਇਨ੍ਹਾਂ ਵਿੱਚ ਪਹਿਲਾਂ ਕੋਈ ਸ਼ਕਤੀ ਨਹੀਂ ਸੀ, ਪਰੰਤੂ ਜਪ ਤਪ ਕਰਨ ਕਰਕੇ ਸ਼ਕਤੀ ਪ੍ਰਵੇਸ਼ ਹੋਵੇ।

੩. **ਕਲਾ ਅਵਤਾਰ** = ਕਲਾ ਅਵਤਾਰ ਉਸ ਨੂੰ ਕਹਿੰਦੇ ਹਨ ਜਿਸ ਵਿੱਚ ਸ੍ਰਿਸ਼ਟੀ ਦਾ ਭਲਾ ਕਰਨ ਲਈ ਕੁਝ ਕਲਾ (ਸ਼ਕਤੀਆਂ) ਹੋਵਣ। ਜਿਸ ਤਰ੍ਹਾਂ ਮੱਛ ਤੇ ਕੱਛ, ਵਿਸ਼ਨੂੰ ਜੀ ਦੇ ਅਵਤਾਰ ਹੋਏ ਹਨ। ਇਨ੍ਹਾਂ ਦੋਵਾਂ ਵਿੱਚ ਦੋ ਦੋ ਕਲਾਂ (ਸ਼ਕਤੀਆਂ) ਸਨ। ਭਗਵਾਨ ਵਿਸ਼ਨੂੰ ਜੀ ਨੇ ਮੱਛ ਅਵਤਾਰ ਧਾਰ ਕੇ ਸੰਖਾਸੁਰ ਦੈਂਤ ਨੂੰ ਮਾਰਿਆ ਅਤੇ ਵੇਦਾਂ ਦਾ ਉੱਧਾਰ ਕੀਤਾ। ਜੈਸਾ ਕਿ :

ਸੰਖਾਸੁਰ ਮਾਰੇ ਬੇਦ ਉਧਾਰੇ ॥ **(ਸ੍ਰੀ ਦਸਮ ਗ੍ਰੰਥ ਜੀ, ਅੰਗ ੧੫੬)**

ਜਿੱਥੇ ਵਿਸ਼ਨੂੰ ਜੀ ਨੇ ਮੱਛ ਅਵਤਾਰ ਧਾਰਿਆ ਸੀ, ਉਥੇ ਅਰਬ ਸਾਗਰ ਵਿੱਚ ਛੋਟੇ ਜਿਹੇ ਟਾਪੂ (ਬੇਟ ਦੁਆਰਕਾ) ਵਿੱਚ ਅੱਜ ਵੀ ਸੰਖ ਸਰੋਵਰ ਨਾਂ ਦਾ ਤੀਰਥ ਮੌਜੂਦ ਹੈ। ਸਮੁੰਦਰ ਮੰਥਨ ਸਮੇਂ ਵਿੰਧਿਆਚਲ ਪਰਬਤ ਨੂੰ ਟਿਕਾਉਣ ਲਈ ਵਿਸ਼ਨੂੰ ਜੀ ਨੇ ਕੱਛ ਅਵਤਾਰ ਧਾਰਨ ਕੀਤਾ ਸੀ। ਆਮ ਲੋਕਾਂ ਨਾਲੋਂ ਅਵਤਾਰਾਂ ਵਿੱਚ ਜੋ ਵਿਸ਼ੇਸ਼ਤਾਵਾਂ ਮੰਨੀਆਂ ਜਾਂਦੀਆਂ ਹਨ, ਉਨ੍ਹਾਂ ਨੂੰ 'ਕਲਾ' ਕਹਿੰਦੇ ਹਨ।

੪. ਨਿੱਤ ਅਵਤਾਰ = ਕਰਤਾਰ ਦੀ ਚਲਾਈ ਹੋਈ ਮਰਿਆਦਾ ਨੂੰ ਬਰਕਰਾਰ ਰੱਖਣ ਲਈ ਜੋ ਸਮੇਂ ਸਮੇਂ ਸਿਰ ਸੰਤ ਜਨ ਆਉਂਦੇ ਹਨ, ਉਹ ਪ੍ਰਭੂ ਦੇ ਨਿਤ ਅਵਤਾਰ ਹੁੰਦੇ ਹਨ :

ਸਾਧ ਰੂਪ ਅਪਨਾ ਤਨ ਧਾਰਿਆ ॥ **(ਅੰਗ ੧੦੦੫)**

੫. ਨਮਿੱਤ ਅਵਤਾਰ = ਜਦੋਂ ਪ੍ਰਭੂ ਕਿਸੇ ਖ਼ਾਸ ਕਾਰਜ ਹਿਤ ਸਰੀਰ ਧਾਰਨ ਕਰਦੇ ਹਨ ਅਤੇ ਉਸ ਕਾਰਜ ਨੂੰ ਸਮਾਪਤ ਕਰ ਕੇ ਫਿਰ ਅਲੋਪ ਹੋ ਜਾਣ, ਉਹ ਨਮਿੱਤ ਅਵਤਾਰ ਹੁੰਦਾ ਹੈ। ਜਿਵੇਂ ਭਗਤ ਪ੍ਰਹਿਲਾਦ ਜੀ ਦੀ ਰੱਖਿਆ ਕਰਨ ਲਈ ਨਰਸਿੰਘ ਅਤੇ ਬਲ ਰਾਜੇ ਨੂੰ ਛਲਣ ਲਈ ਬਾਵਨ ਅਵਤਾਰ ਧਾਰਨ ਕੀਤਾ ਸੀ।

੬. ਪੂਰਨ ਅਵਤਾਰ = ਵਿਸ਼ਨੂੰ ਜੀ ਦੇ ੨੪ ਅਵਤਾਰਾਂ ਵਿੱਚੋਂ ਭਗਵਾਨ ਰਾਮ ਜੀ ਅਤੇ ਸ੍ਰੀ ਕ੍ਰਿਸ਼ਨ ਜੀ ਦੋਵੇਂ ਪੂਰਨ ਅਵਤਾਰ ਮੰਨੇ ਗਏ ਹਨ : ਸ੍ਰੀ ਰਾਮ ਚੰਦਰ ਜੀ ਵਿੱਚ ੧੪ ਕਲਾਂ ਅਤੇ ਸ੍ਰੀ ਕ੍ਰਿਸ਼ਨ ਜੀ ਵਿੱਚ ੧੬ ਕਲਾਂ (ਸ਼ਕਤੀਆਂ) ਸਨ। ਜੈਸਾ ਕਿ :

ਸੋਲਹ ਕਲਾ ਸੰਪੂਰਨ ਫਲਿਆ ॥ **(ਅੰਗ ੧੦੮੧)**

ਈਸ਼ਵਰ ਦੇ ਛੇ ਗੁਣ

ਉਤਪਤਿ ਲੈਤਾ ਪਾਲਨਾ, ਅੰਤਰਜਾਮੀ ਜਾਨ।
ਜੀਵ ਗਤਾਗਤ, ਕਰਮ ਫਲ, ਖਟ ਗੁਣ ਈਸ ਬਖਾਨ।

੧. ਜੀਵਾਂ ਦੀ ਉਤਪਤੀ ਕਰਨੀ **੨.** ਪਾਲਣਾ ਕਰਨੀ **੩.** ਲੈਤਾ ਕਰਨੀ

੪. ਅੰਤਰਜਾਮਤਾ **੫.** ਕਰਮਾਂ ਅਨੁਸਾਰ ਫਲ ਦੇਣਾ **੬.** ਜੂਨਾਂ ਦੀ ਤਬਦੀਲੀ ਕਰਨੀ

ਮਾਇਆ ਸਬਲ ਈਸ਼ਵਰ ਵਿੱਚ ਮਾਇਆ ਦੀ ਉਪਾਧੀ ਕਰ ਕੇ ਇਹ ਛੇ ਗੁਣ ਹਨ।

ਜੀਵਾਂ ਦੇ ਛੇ ਵਿਕਾਰ

ਛੁਧਾ ਪਿਆਸਾ ਸੋਕ ਪੁਨ, ਹਰਖ ਜਨਮ ਅਰੁ ਅੰਤ।
ਏ ਖਟ ਉਰਮੀ ਧਰਮ ਤਨ, ਆਤਮ ਰਹਿਤ ਅਨੰਤ।

(ਵਿਚਾਰ ਮਾਲਾ, ਅਧਿ: ੫)

੧. ਜੰਮਣਾ, **੨.** ਮਰਣਾ, ਇਹ ਅਸਥੂਲ ਸਰੀਰ ਦਾ ਸੁਭਾਅ ਹੈ। **੩.** ਹਰਖ, **੪.** ਸੋਗ, ਇਹ ਮਨ ਦਾ ਸੁਭਾਅ ਹੈ। **੫.** ਭੁੱਖ। **੬.** ਪਿਆਸ, ਇਹ ਪ੍ਰਾਣਾਂ ਦਾ ਸੁਭਾਅ ਹੈ।

ਇਸ ਪ੍ਰਕਾਰ ਜੀਵ ਦੇ ਛੇ ਵਿਕਾਰ ਅਤੇ ਈਸ਼ਵਰ ਦੇ ਖਟ ਗੁਣ ਤਿਆਗ ਕਰ ਕੇ ਜੋ ਸਤਿ, ਚਿਤ, ਅਨੰਦ ਬ੍ਰਹਮ ਵਾਲੇ ਵਿਸ਼ੇਸ਼ਣ ਦੋਨਾਂ ਵਿੱਚ ਹਨ, ਉਨ੍ਹਾਂ ਦੀ ਵੀਚਾਰ ਕਰਨੀ।

ਤਨ ਦੇ ਛੇ ਚੱਕਰ

ਚੱਕਰ ਦਾ ਨਾਮ	ਸਥਾਨ	ਪਤਰੇ	ਰੰਗ	ਵਾਸਾ
੧. ਮੂਲਾਧਾਰ ਚੱਕਰ	ਗੁਦਾ ਵਿੱਚ	ਚਾਰ ਪਤਰੇ	ਪੀਲਾ	ਗਣੇਸ਼ ਦਾ
੨. ਸ੍ਵਾਧਿਸ਼ਠਾਨ ਚੱਕਰ	ਲਿੰਗ ਵਿੱਚ	ਛੇ ਪਤਰੇ	ਲਾਲ	ਬ੍ਰਹਮਾ ਦਾ
੩. ਮਣੀਪੂਰਕ ਚੱਕਰ	ਨਾਭੀ ਵਿੱਚ	ਦਸ ਪਤਰੇ	ਨੀਲਾ	ਵਿਸ਼ਨੂੰ ਜੀ ਦਾ
੪. ਅਨਾਹਦ ਚੱਕਰ	ਹਿਰਦੇ ਵਿੱਚ	ਬਾਰ੍ਹਾਂ ਪਤਰੇ	ਸੋਨੇ ਰੰਗਾ	ਸ਼ਿਵ ਜੀ ਦਾ
੫. ਵਿਸੁੱਧ ਚੱਕਰ	ਕੰਠ ਵਿੱਚ	ਸੋਲ੍ਹਾਂ ਪਤਰੇ	ਲਾਲ	ਜੀਵ ਦਾ
੬. ਆਗਿਆ ਚੱਕਰ	ਭ੍ਰਵੱਟਿਆਂ ਵਿੱਚ	ਦੋ ਪਤਰੇ	ਚਿੱਟਾ	ਬ੍ਰਹਸਪਤਿ ਦਾ

ਅਰਥਾਤ :

(ੳ) ਮੂਲਾਧਾਰ ਗੁਦਾ ਮੰਡਲ ਦਾ ਚੱਕ੍ਰ ਹੈ, ਜਿਸ ਵਿੱਚ ਮੂਧੇ ਮੁੱਖ ਦਾ ਚਾਰ ਪਾਂਖੁੜੀ ਵਾਲਾ ਪੀਲਾ ਕਮਲ ਹੈ।

(ਅ) ਸ੍ਵਾਧਿਸ਼ਠਾਨ ਚੱਕ੍ਰ ਲਿੰਗ ਦੇ ਮੂਲ ਵਿੱਚ ਹੈ, ਜਿਸ ਵਿੱਚ ਲਾਲ ਰੰਗ ਦਾ ਊਰਧ ਮੁੱਖ ਛੇ ਪਤੀਆਂ ਦਾ ਛੀਦਲ ਕਮਲ ਹੈ।

(ੲ) ਮਣੀਪੂਰਕ ਚੱਕ੍ਰ ਨਾਭੀ ਦੇ ਮੂਲ ਵਿੱਚ ਹੈ, ਜੋ ਨੀਲੇ ਰੰਗ ਦਾ ਊਰਧ ਮੁੱਖ ਦਸ ਪਤੀਆਂ ਦਾ ਕਮਲ ਹੈ।

(ਸ) ਅਨਾਹਦ ਚੱਕ੍ਰ ਬਾਰ੍ਹਾਂ ਦਲਾਂ ਦਾ ਸੁਵਰਣਰੰਗਾ ਕਮਲ ਹਿਰਦੇ ਵਿੱਚ ਹੈ।

(ਹ) ਵਿਸੁੱਧ ਚੱਕ੍ਰ ਲਾਲ ਰੰਗ ਦਾ ਊਰਧ ਮੁੱਖ ਸੋਲ੍ਹਾਂ ਦਲ ਦਾ ਕਮਲ ਕੰਠ ਵਿੱਚ ਹੈ।

(ਕ) ਆਗਿਆ ਚੱਕ੍ਰ ਭਰਵੱਟਿਆਂ ਦੇ ਮੱਧ ਦੋ ਪਾਂਖੁੜੀਆਂ ਦਾ ਊਰਧ ਮੁੱਖ ਚਿੱਟਾ ਕਮਲ ਹੈ, ਜੈਸਾ ਕਿ :

ਉਲਟਤ ਪਵਨ ਚਕ੍ਰ ਖਟੁ ਭੇਦੇ ਸੁਰਤਿ ਸੁੰਨ ਅਨਰਾਗੀ॥ **(ਅੰਗ ੩੩੩)**

ਸ੍ਰਵਣ ਦੇ ਖਟ ਚਿੰਨ੍ਹ

੧. **ਉਪਕਰਮ ਉਪ-ਸੰਹਾਰ** = ਕੋਈ ਵੀ ਸ਼ਬਦ ਜਿਸ ਪ੍ਰਕਰਣ ਤੋਂ ਸ਼ੁਰੂ ਕਰਨਾ, ਉਥੇ ਪ੍ਰਕਰਣ 'ਤੇ ਸਮਾਪਤ ਕਰਨਾ, ਜਿਵੇਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਦਿ ਵਿੱਚ 'ਸਤਿਨਾਮ' ਪਦ ਹੈ ਕਿਉਂਕਿ '੧ਓ' ਮੰਗਲ ਰੂਪ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ 'ਸੱਸੇ' ਅੱਖਰ ਤੋਂ ਸ਼ੁਰੂ ਕਰਕੇ ਅਖ਼ੀਰ ਵਿੱਚ 'ਅਠਾਰਹ ਦਸ ਬੀਸ' ਲਿਖ ਕੇ 'ਸੱਸੇ' ਅੱਖਰ 'ਤੇ ਸਮਾਪਤੀ ਕੀਤੀ ਹੈ। ਇਸ ਨੂੰ ਉਪਕਰਮ ਤੇ ਉਪ-ਸੰਹਾਰ ਕਹਿੰਦੇ ਹਨ।

੨. **ਅਭਿਆਸ** = ਵਾਰ-ਵਾਰ ਅਦ੍ਵੈਤ ਸਰੂਪ ਬ੍ਰਹਮ ਦਾ ਚਿੰਤਨ ਕਰਨਾ। ਜੈਸਾ ਕਿ :

ਹਰਿ ਏਕ ਸਿਮਰਿ ਏਕੁ ਸਿਮਰਿ ਏਕੁ ਸਿਮਰਿ ਪਿਆਰੇ॥

(ਅੰਗ ੬੭੯)

੩. **ਅਪੂਰਬਤਾ** = ਪੂਰਨ ਗੁਰਾਂ ਤੋਂ ਬਿਨਾਂ ਗਿਆਨ ਨਹੀਂ ਹੋ ਸਕਦਾ, ਕਿਉਂਕਿ ਉਸ ਵਿੱਚ ਅਪੂਰਬਤਾ=ਅਨੋਖਾਪਨ ਹੈ। ਜੈਸਾ ਕਿ :

ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ॥ (ਅੰਗ ੫੯)

੪. **ਫਲ** = ਬ੍ਰਹਮ ਗਿਆਨ ਪ੍ਰਾਪਤੀ ਰੂਪੀ ਫਲ ਹੈ।

੫. **ਅਰਥਵਾਦ** = ਅਦ੍ਵੈਤ ਬ੍ਰਹਮ ਦੇ ਸ੍ਰਵਣ ਕਰਨ ਦੇ ਮਹਾਤਮ ਕਰਕੇ ਉਸ ਦੇ ਅਰਥ ਵਿੱਚ ਚਿੱਤ ਦੀ ਬਿਰਤੀ ਨੂੰ ਲਾਉਣਾ।

੬. **ਉਤਪਤੀ** = ਜੁਗਤੀ ਦਲੀਲ, ਅਦ੍ਵੈਤਵਾਦ ਦੇ ਕਰਨ ਵਿੱਚ ਜੋ ਜੁਗਤੀ, ਦਲੀਲ ਦੇਣੀ ਹੈ, ਉਸ ਨੂੰ ਉਤਪਤੀ ਕਹਿੰਦੇ ਹਨ। ਜੈਸਾ ਕਿ :

ਹਭ ਸਮਾਣੀ ਜੋਤਿ ਜਿਉ ਜਲ ਘਟਾਊ ਚੰਦ੍ਰਮਾ॥ (ਅੰਗ ੧੦੯੯)

ਭਗਉਤੀ ਦੇ ਛੇ ਅਰਥ

੧. ਕਰਤੇ ਦਾ ਉਪਾਸ਼ਕ ੨. ਭਗਵੰਤ ੩. ਭਗਵਤੀ ਦੁਰਗਾ
੪. ਖੜਗ, ਤਲਵਾਰ, ੫. ਮਹਾਂਕਾਲ ੬. ਭਗਵਤੀ ਛੰਦ

ਛੇ ਪ੍ਰਕਾਰ ਦੇ ਦੋਸ਼

੧. **ਆਤਮਾਸ੍ਰਯ ਦੋਸ਼** = ਜਿਸ ਦਾ ਰੂਪ ਹੈ ਕਿ ਕਿਸੇ ਕਿਰਿਆ ਦੇ ਕਰਤਾ ਨੂੰ ਕਿਰਿਆ ਦਾ ਕਰਮ ਮੰਨੀਏ, ਜੋ ਪ੍ਰਸੰਗ ਆਪਣੇ ਆਪ ਦੀ ਅਪੇਖਿਆ ਰੱਖਦਾ ਹੈ ਵਾ: ਜਿੱਥੇ ਕੋਈ ਆਪ ਹੀ ਕਿਰਿਆ ਦਾ ਕਰਤਾ ਹੋਵੇ ਅਤੇ ਆਪ ਹੀ ਕਰਮ ਹੋਵੇ, ਉਥੇ 'ਆਤਮਾਸ੍ਰਯ ਦੋਸ਼' ਕਥਨ ਕੀਤਾ ਜਾਂਦਾ ਹੈ, ਜਿਵੇਂ ਘੁਮਿਆਰ ਘੜੇ ਦੀ ਕਿਰਿਆ ਦਾ ਕਰਤਾ ਹੈ ਅਤੇ ਘੜਾ ਕਰਮ ਹੈ, ਕਿਰਿਆ ਦਾ ਕਰਤਾ ਤੇ ਕਰਮ ਪਰਸਪਰ ਭਿੰਨ ਹੁੰਦੇ ਹਨ ਪਰ ਦੋਨਾਂ ਨੂੰ ਇਕ ਮੰਨਣ 'ਤੇ ਆਤਮਾਸ੍ਰਯ ਦੋਸ਼ ਹੁੰਦਾ ਹੈ।

੨. **ਅੰਨਜੋਨਯ ਆਸਰੇ ਦੋਸ਼** = ਪਰਸਪਰ ਦੀ ਸਿੱਧੀ ਵਾਸਤੇ ਇਕ-ਦੂਜੇ ਦੀ ਲੋੜ ਭਾਵ ਕਿਸੇ ਦੀ ਦੂਸਰੇ ਵਿੱਚ ਕਿਸੇ ਹੋਰ ਦੂਸਰੇ ਦੀ ਕਲਪਣਾ ਅਰਥਾਤ ਜਿੱਥੇ ਇਕ ਨੂੰ ਦੂਜੇ ਦੇ ਆਸਰੇ ਵਾ: ਪ੍ਰਿਥਮ ਨੂੰ ਦੂਸਰੇ ਕਰਤਾ ਅੰਗੀਕਾਰ ਕੀਤਾ ਜਾਵੇ, ਤਾਂ 'ਅੰਨਜੋਨਯ ਆਸਰੇ ਦੋਸ਼' ਕਥਨ ਕੀਤਾ ਜਾਂਦਾ ਹੈ।

੩. **ਚਕ੍ਰਕਾ ਦੋਸ਼** = ਮੁੜ ਘਿੜ ਦਲੀਲ ਦਾ ਉਸੇ ਥਾਂ ਆ ਜਾਣਾ ਅਤੇ ਯੁਕਤੀ ਦਾ ਅੱਗੇ ਨਾ ਵਧਣਾ, ਭਾਵ ਜੋ ਪਹਿਲਾ ਦੂਜੇ ਦਾ ਜਣਿਆ ਹੋਵੇ, ਦੂਜਾ ਤੀਜੇ ਦਾ ਤੇ ਤੀਜਾ ਪਹਿਲੇ ਦਾ ਅਤੇ ਪਹਿਲੇ ਨੂੰ ਫਿਰ ਦੂਜੇ ਦਾ ਕਰਤਾ ਅੰਗੀਕਾਰ ਕੀਤਾ ਜਾਵੇ, ਉਹ ਚਕ੍ਰਕਾ ਦੋਸ਼ ਕਥਨ ਕਰੀਦਾ ਹੈ।

੪. **ਅਨਵਸਥਾ ਦੋਸ਼** = ਜਿਸ ਵਿੱਚ ਯੁਕਤੀ ਦੀ ਸਮਾਪਤੀ ਨਹੀਂ ਹੁੰਦੀ, ਵਾ: ਅਨਵਸਥਾ ਨਾਮ ਧਾਰਾ ਹੈ, ਜਿੱਥੇ ਪਹਿਲੇ ਨੂੰ ਦੂਜੇ, ਦੂਜੇ ਨੂੰ ਤੀਜੇ, ਤੀਜੇ ਨੂੰ ਚੌਥੇ, ਚੌਥੇ ਨੂੰ ਪੰਜਵਾਂ ਅੰਗੀਕਾਰ ਕੀਤਾ ਜਾਵੇ ਅਤੇ ਕਰਤਿਆਂ ਦੀ ਧਾਰਾ ਰਵਾਨ ਕੀਤੀ ਜਾਵੇ, ਉਥੇ ਅਨਵਸਥਾ ਦੋਸ਼ ਕਥਨ ਕੀਤਾ ਜਾਂਦਾ ਹੈ।

੫. **ਬਿਨ-ਗਮਨ-ਵਿਰਹ ਦੋਸ਼** = ਜਿੱਥੇ ਬਹੁਤੇ ਕਰਤਿਆਂ ਵਿੱਚ ਕਿਸੇ ਇਕ ਨੂੰ ਕਰਤਾ ਮੰਨਣ ਦੀ ਯੁਕਤੀ ਸਿੱਧ ਨਾ ਹੁੰਦੀ ਹੋਵੇ, ਤਿਸ ਯੁਕਤੀ ਦੇ ਅਭਾਵ ਦਾ ਨਾਮ ਬਿਨ-ਗਮਨ-ਵਿਰਹ ਦੋਸ਼ ਹੈ।

੬. **ਪ੍ਰਾਗਲੋਪ ਦੋਸ਼** = ਜਿੱਥੇ ਕਰਤਿਆਂ ਦੀ ਧਾਰਾ ਦਾ ਪ੍ਰਵਾਹ ਹੋ ਕੇ ਜਿਸ ਕਰਤੇ ਵਿੱਚ ਧਾਰਾ ਦਾ ਅਤਿ ਅੰਗੀਕਾਰ ਕੀਤਾ ਜਾਵੇ ਅਤੇ ਉਸ ਤੋਂ ਪੂਰਬ (ਪਹਿਲਾਂ) ਦੇ ਸਾਰੇ ਕਰਤਿਆਂ ਦਾ ਅਭਾਵ ਮੰਨ ਲੈਣਾ, ਉਸ ਨੂੰ ਪ੍ਰਾਗਲੋਪ ਦੋਸ਼ ਕਹਿੰਦੇ ਹਨ।

ਛੇ ਭਾਵ ਬਾਰਹਮਾਹਾ ਬਾਣੀ ਦੇ

੧. ਉਪਦੇਸਾਤਮਿਕ ਭਾਵ : ਚੇਤਿ, ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ ॥
੨. ਪ੍ਰੇਮਾਤਮਿਕ ਭਾਵ : ਅਸੁਨਿ, ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ ॥
੩. ਵਿਜੋਗਾਤਮਿਕ ਭਾਵ : ਵੇਮੁਖ ਹੋਏ ਰਾਮ ਤੇ, ਲਗਨਿ ਜਨਮ ਵਿਜੋਗ ॥
੪. ਸੰਜੋਗਾਤਮਿਕ ਭਾਵ : ਇਛ ਪੁਨੀ ਵਡਭਾਗਣੀ, ਵਰੁ ਪਾਇਆ ਹਰਿ ਰਾਇ ॥
੫. ਹਲੀਮੀਭਾਵਤਮਿਕ : ਮਾਘਿ, ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ॥
੬. ਅਨੰਦਾਤਮਿਕ ਭਾਵ : ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਮਾਇ ॥

ਖਟ ਪ੍ਰਮਾਣ

੧. ਪ੍ਰਤੱਖ ਪ੍ਰਮਾਣ :

ਖਟ ਪ੍ਰਮਾਣਾਂ ਵਾਲੇ ਪ੍ਰਤੱਖ ਪ੍ਰਮਾਣ ਨੂੰ ਹੀ ਸਤ ਮੰਨਦੇ ਹਨ। ਜੋ ਕੁਝ ਇਨ੍ਹਾਂ ਅਸਥੂਲ ਅੱਖਾਂ ਨਾਲ ਦਿਖਾਈ ਦਿੰਦਾ ਹੈ, ਉਹੋ ਹੀ ਸਤਿ ਸਰੂਪ ਹੈ। ਜਿਸ ਕਰਕੇ ਸਾਰਿਆਂ ਦਾ ਗਿਆਨ ਪ੍ਰਾਪਤ ਹੁੰਦਾ ਹੈ। ਇਸ ਤਰ੍ਹਾਂ ਪ੍ਰਤੱਖ ਪ੍ਰਮਾਣ ਵਿਧੀ ਪੱਖ ਦੁਆਰਾ ਸਮਝਣਾ।

੨. ਅਨੁਮਾਨ ਪ੍ਰਮਾਣ :

ਅਨੁਮਾਨ ਲਗਾ ਕੇ ਦੇਖੀਦਾ ਹੈ, 'ਜਤ੍ਰ ਧੂੰਆਂ ਤਤ੍ਰ ਅਗਨੀ' ਧੂੰਏਂ ਤੋਂ ਅਗਨੀ ਦਾ ਅਨੁਮਾਨ ਲਗਾਇਆ ਜਾਂਦਾ ਹੈ। ਜਿਵੇਂ ਰਸੋਈ ਅਸਥਾਨ ਹੈ। ਧੂੰਆਂ ਦੇਖ ਕੇ ਰਸੋਈ ਵਿੱਚ ਅਗਨੀ ਦਾ ਅਨੁਮਾਨ ਲਾ ਲਈਦਾ ਹੈ। ਇਸੇ ਤਰ੍ਹਾਂ ਆਕਾਸ਼, ਤਾਰਾ ਮੰਡਲ ਵੇਖ ਕੇ ਸ੍ਰਿਸ਼ਟੀ ਦੇ ਕਰਤਾ ਵਾਹਿਗੁਰੂ ਦਾ ਅਨੁਮਾਨ ਗਿਆਨ ਪ੍ਰਾਪਤ ਕਰੀਦਾ ਹੈ ਕਿ ਜਿਸ ਨੇ ਸਾਰੇ ਸੰਸਾਰ ਨੂੰ ਪੈਦਾ ਕੀਤਾ ਹੈ ਸੋ ਸਭਨਾਂ ਦੇ ਇੰਦ੍ਰੇ ਅਤੇ ਅੰਤਸ਼ਕਰਣ ਨੂੰ ਪ੍ਰਕਾਸ਼ ਰਿਹਾ ਹੈ। ਜਿਸ ਦਾ ਸੰਸਾਰ ਕਾਰਜ ਹੈ, ਉਹ ਕੋਈ ਪਰਮੇਸ਼ਰ ਹੈ। ਜਿਵੇਂ ਛੋਟੇ ਤੋਂ ਛੋਟਾ ਮਕਾਨ ਵੀ ਕਾਰੀਗਰ ਤੋਂ ਬਿਨਾਂ ਨਹੀਂ ਬਣ ਸਕਦਾ। ਇਸ ਤਰ੍ਹਾਂ ਚੌਰਾਸੀ ਲੱਖ ਜੂਨਾਂ ਵਾਲੇ ਸੰਸਾਰ ਨੂੰ ਬਣਾਉਣ ਵਾਲਾ ਵੀ ਕੋਈ ਹੈ। ਇਸ ਪ੍ਰਕਾਰ ਅਨੁਮਾਨ ਦੁਆਰਾ, ਬਿਧੀ ਪੱਖ ਦੁਆਰਾ ਸਮਝਣਾ।

੩. ਉਪਮਾਨ ਪ੍ਰਮਾਣ :

ਕਿਸੇ ਹੋਰ ਚੀਜ਼ ਦੀ ਉਪਮਾ ਦੇ ਕੇ ਸਮਝਾਉਣਾ, ਜਿਵੇਂ ਉਹ ਮਨੁੱਖ ਸ਼ੇਰ ਵਾਂਗ ਤਾਕਤਵਰ ਹੈ। ਜਿਵੇਂ ਕਿਸੇ ਨੇ ਗਵਯ (ਰੋਝ) ਨਹੀਂ ਵੇਖਿਆ, ਕਿਸੇ ਦੇ ਦੱਸਣ 'ਤੇ ਪਤਾ ਲੱਗਿਆ ਕਿ ਗਾਂ ਵਰਗਾ ਰੂਪ ਹੁੰਦਾ ਹੈ। ਗਾਂ ਦੇ ਗਲ ਵਿੱਚ ਝੁਲ ਹੁੰਦਾ ਹੈ ਪਰ ਗਵਯ ਦੇ ਨਹੀਂ ਹੁੰਦਾ। ਇਸ ਪ੍ਰਕਾਰ ਸਮਝਾਉਣ ਦੇ ਤਰੀਕੇ ਨੂੰ ਉਪਮਾਨ ਪ੍ਰਮਾਣ ਕਹਿੰਦੇ ਹਨ। ਇਸ ਪ੍ਰਕਾਰ ਅਕਾਸ਼ ਤਾਂ ਜੜ੍ਹ ਹੈ ਪਰ ਵਿਆਪਕ ਤੋਂ ਬ੍ਰਹਮ ਨੂੰ ਉਪਮਾ ਦੇਣ ਵਾਸਤੇ ਅਕਾਸ਼ ਦੀ ਵਿਆਪਕਤਾ ਦਾ ਗੁਣ ਲੈਣਾ ਕਿ ਉਹ ਅਕਾਸ਼ ਵਾਂਗ ਵਿਆਪਕ ਹੈ ਪਰ ਬ੍ਰਹਮ ਚੇਤਨ ਹੈ। ਇਸ ਪ੍ਰਕਾਰ ਉਪਮਾਨ ਪ੍ਰਮਾਣ ਦੁਆਰਾ ਬਿਧੀ ਪੱਖ ਸਮਝਣਾ।

੪. ਸ਼ਬਦ ਪ੍ਰਮਾਣ :

ਯਥਾਰਥ ਬਕਤੇ ਦੇ ਕਥਨ ਕਰਨ ਦੁਆਰਾ ਸਮਝ ਲੈਣਾ। ਜਿਵੇਂ ਪ੍ਰਦੇਸ਼ ਵਿੱਚ ਯਥਾਰਥ ਬਕਤੇ ਨੇ

ਕਿਹਾ ਕਿ ਤੇਰੇ ਪਿਤਾ ਦੀ ਪ੍ਰਦੇਸ਼ ਵਿੱਚ ਮੌਤ ਹੋ ਚੁੱਕੀ ਹੈ। ਉਸ ਤੋਂ ਸੁਣ ਕੇ ਨਿਸ਼ਚਾ ਹੋ ਗਿਆ ਕਿ ਮੇਰੇ ਪਿਤਾ ਜੀ ਦੀ ਮੌਤ ਹੋ ਗਈ ਹੈ। ਇਵੇਂ ਯਥਾਰਥ ਬਕਤੇ ਤੋਂ ਸੁਣ ਕੇ ਨਿਸ਼ਚਾ ਹੋ ਜਾਣਾ ਇਹ ਸ਼ਬਦ ਪ੍ਰਮਾਣ ਹੈ। ਇਸੇ ਪ੍ਰਕਾਰ ਗੁਰੂ ਸਾਹਿਬ ਜੀ ਦੇ ਸ਼ਬਦ (ਬਚਨ) ਤੇ ਮਹਾਂਵਾਕਾਂ ਦੁਆਰਾ ਆਪਣੇ ਸ਼ੁੱਧ ਸਰੂਪ ਦਾ ਨਿਸ਼ਚਾ ਹੋ ਜਾਣਾ। ਇਹ ਸ਼ਬਦ ਪ੍ਰਮਾਣ ਦੁਆਰਾ ਵਿਧੀ ਪੱਖ ਦੁਆਰਾ ਸਮਝਣਾ।

੫. ਅਰਥਾਪਤੀ ਪ੍ਰਮਾਣ :

ਅਰਥਾਂ ਦੁਆਰਾ ਸਮਝ ਲੈਣਾ। ਜਿਵੇਂ ਕੋਈ ਪੁਰਸ਼ ਦਿਨੇ ਤਾਂ ਖਾਂਦਾ ਨਹੀਂ, ਪਰੰਤੂ ਉਸ ਦਾ ਸਰੀਰ ਬਹੁਤ ਸਥੂਲ (ਮੋਟਾ) ਹੈ। ਉਹ ਸਥੂਲ ਸਰੀਰ ਤੋਂ ਅਰਥ ਕਰ ਕੇ ਸਮਝ ਲੈਂਦੇ ਹਨ ਕਿ ਇਹ ਰਾਤ ਨੂੰ ਜ਼ਰੂਰ ਭੋਜਨ ਖਾਂਦਾ ਹੋਵੇਗਾ। ਉਂਞ ਤਾਂ ਭੋਜਨ ਖਾਣ ਤੋਂ ਬਿਨਾਂ ਇਤਨਾ ਮੋਟਾ ਸਰੀਰ ਨਹੀਂ ਹੋ ਸਕਦਾ। ਇਸੇ ਤਰ੍ਹਾਂ ਅਰਥ ਕਰ ਕੇ ਸਮਝਣਾ ਕਿ ਇਹ ਲੁਕਦੀ ਖ਼ੁਰਾਕ ਜ਼ਰੂਰ ਖਾਂਦਾ ਹੋਵੇਗਾ। ਇਸ ਨੂੰ ਅਰਥਾਪਤੀ ਪ੍ਰਮਾਣ ਕਹਿੰਦੇ ਹਨ। ਇਸ ਤਰ੍ਹਾਂ ਜਿਸ ਪਰਮੇਸ਼ਰ ਦੀ ਚੇਤਨ ਸੱਤਾ ਕਰਕੇ ਸਾਰਾ ਸੰਸਾਰ ਕਿਰਿਆ ਕਰ ਰਿਹਾ ਹੈ, ਜੀਵ ਦੇਖਦਾ ਹੈ, ਸੁਣਦਾ ਹੈ, ਇੰਦਰਿਆਂ ਦੀ ਸਾਰੀ ਕਿਰਿਆ ਹੁੰਦੀ ਹੈ। ਮਨ ਵਿੱਚ ਅਨੇਕਾਂ ਪ੍ਰਕਾਰ ਦੇ ਸੰਕਲਪ ਉੱਠਦੇ ਰਹਿੰਦੇ ਹਨ, ਜੋ ਇਹ ਸਾਰੀ ਹਰਕਤ ਹੋ ਰਹੀ ਹੈ, ਇਸ ਪਿੱਛੇ ਜ਼ਰੂਰ ਚੇਤਨ ਸਰੂਪ ਪਰਮੇਸ਼ਰ ਹੈ। ਇਹ ਨਿਸ਼ਚਾ ਅਰਥਾਪਤੀ ਪ੍ਰਮਾਣ ਦੁਆਰਾ ਵਿਧੀ ਪੱਖ ਦੁਆਰਾ ਹੁੰਦਾ ਹੈ।

੬. ਅਨਉਪਲਬਧੀ ਪ੍ਰਮਾਣ ਜਾਂ ਅਈਤੇਜਕ ਪ੍ਰਮਾਣ :

ਜਿਸ ਪ੍ਰਕਾਰ ਕਿਸੇ ਵੇਦ ਜਾਂ ਸ਼ਾਸਤਰ ਵਿੱਚ ਇਹ ਗੱਲ ਨਹੀਂ ਲਿਖੀ ਹੁੰਦੀ ਕਿ ਇਸ ਥਾਂ ਪ੍ਰੇਤ ਰਹਿੰਦਾ ਹੈ। ਇਹ ਦੂਜੇ ਤੋਂ ਸੁਣ ਕੇ ਹੀ ਸਾਰੇ ਕਹੀ ਜਾਂਦੇ ਹਨ। ਇਹ ਪਰੰਪਰਾ ਚੱਲੀ ਆਉਂਦੀ ਹੈ ਕਿ ਇਹ ਬ੍ਰਿਛ ਪੱਕਾ ਹੈ, ਇੱਥੇ ਪ੍ਰੇਤ ਰਹਿੰਦਾ ਹੈ। ਸਾਰੇ ਵੇਦ ਸ਼ਾਸਤਰ ਕਹਿੰਦੇ ਹਨ ਕਿ, ਜੈਸਾ ਕਿ :

ਚਾਰਿ ਪੁਕਾਰਹਿ ਨਾ ਤੂ ਮਾਨਹਿ ॥ ਖਟੁ ਭੀ ਏਕਾ ਬਾਤ ਵਖਾਨਹਿ ॥
ਦਸ ਅਸਟੀ ਮਿਲਿ ਏਕੋ ਕਹਿਆ ॥ ਤਾ ਭੀ ਜੋਗੀ ਭੇਦੁ ਨ ਲਹਿਆ ॥ ੧ ॥

(ਅੰਗ ੮੮੬)

ਵੇਖਿਆ ਭਾਵੇਂ ਕਿਸੇ ਨੇ ਨਹੀਂ ਹੈ, ਪਰੰਤੂ ਕਥਨ ਸਾਰੇ ਕਰੀ ਜਾਂਦੇ ਹਨ ਕਿ ਰੱਬ ਹੈ। ਇਸੇ ਤਰ੍ਹਾਂ ਅਈਤੇਜਕ ਪ੍ਰਮਾਣ ਦੁਆਰਾ, ਬਿਧੀ ਪੱਖ ਦੁਆਰਾ ਨਿਸ਼ਚਾ ਹੁੰਦਾ ਹੈ।

ਖਟ ਪ੍ਰਮਾਣ ਨਿਖੇਧ ਪੱਖ ਦੁਆਰਾ ਕਥਨ

੧. ਪ੍ਰਤੱਖ ਪ੍ਰਮਾਣ = ਪ੍ਰਤੱਖ ਪ੍ਰਮਾਣ ਦੁਆਰਾ ਬ੍ਰਹਮ ਨੂੰ ਨਹੀਂ ਜਾਣਿਆ ਜਾ ਸਕਦਾ, ਕਿਉਂਕਿ ਇੰਦਰੇ, ਨੇਤਰ ਆਦਿ ਇੰਦ੍ਰੀਆਂ ਦੁਆਰਾ ਆਕਾਰ ਵਾਲੀਆਂ ਚੀਜ਼ਾਂ ਨੂੰ ਵੇਖਿਆ ਜਾ ਸਕਦਾ ਹੈ। ਜਿਸ ਪ੍ਰਕਾਰ ਧੂੰਏਂ ਨੂੰ ਵੇਖ ਕੇ ਅਗਨੀ ਦਾ ਗਿਆਨ ਹੁੰਦਾ ਹੈ, ਇਸ ਪ੍ਰਕਾਰ ਬ੍ਰਹਮ ਨਿਰਾਕਾਰ ਹੋਣ ਕਰਕੇ ਪ੍ਰਤੱਖ ਨਹੀਂ ਹੈ। ਇਵੇਂ ਪ੍ਰਤੱਖ ਕਰਕੇ ਬ੍ਰਹਮ ਅਵਿਸ਼ੇ ਹੈ।

੨. ਅਨੁਮਾਨ ਪ੍ਰਮਾਣ = ਕੋਈ ਭੀ ਵਸਤੂ ਐਸੀ ਨਹੀਂ ਹੈ ਜਿਸ ਨੂੰ ਵੇਖ ਕੇ ਬ੍ਰਹਮ ਦਾ ਗਿਆਨ ਹੋਵੇ। ਇਸ ਕਰਕੇ ਅਨੁਮਾਨ ਪ੍ਰਮਾਣ ਦੁਆਰਾ ਭੀ ਨਹੀਂ ਜਾਣਿਆ ਜਾ ਸਕਦਾ ਭਾਵ ਕਾਰਨ ਕਾਰਜ ਦੋਵਾਂ ਕਰਕੇ ਅਵਿਸ਼ੇ ਹੈ। ਅਦ੍ਵੈਤ ਰੂਪ ਆਤਮਾ ਇਕ ਹੀ ਹੈ। ਇਸ ਕਰਕੇ ਅਨੁਮਾਨ ਪ੍ਰਮਾਣ ਭੀ ਅਵਿਸ਼ੇ ਹੈ।

੩. ਉਪਮਾਨ ਪ੍ਰਮਾਣ = ਉਪਮਾਨ ਪ੍ਰਮਾਣ ਕਰਕੇ ਇਸ ਲਈ ਅਵਿਸ਼ੇ ਹੈ, ਕਿਉਂਕਿ ਬ੍ਰਹਮ ਵਰਗਾ ਹੋਰ ਦੂਸਰਾ ਕੋਈ ਨਹੀਂ ਹੈ।

੪. ਅਰਥਾਪਤੀ ਪ੍ਰਮਾਣ = ਇਸ ਲਈ ਅਵਿਸ਼ੇ ਹੈ, ਕਿਉਂਕਿ ਜਿਸ ਪ੍ਰਕਾਰ ਸਥੂਲ ਸਰੀਰ ਹੋਣ ਕਾਰਨ ਅੰਨ ਖਾਣ ਦਾ ਬੋਧ (ਗਿਆਨ) ਹੋ ਜਾਂਦਾ ਹੈ, ਪਰੰਤੂ ਆਤਮਾ ਦਾ ਬੋਧ ਕਿਸੇ ਭੇਦ ਕਰਕੇ ਨਹੀਂ ਜਾਣਿਆ ਜਾ ਸਕਦਾ। ਜੋ ਬ੍ਰਹਮ ਹੈ ਉਹ ਤਾਂ ਮਨ ਬਾਣੀ ਦੇ ਅਵਿਸ਼ੇ ਹੈ।

੫. ਅਨਉਪਲਬਧੀ ਪ੍ਰਮਾਣ = ਇਸ ਲਈ ਅਵਿਸ਼ੇ ਹੈ, ਕਿਉਂਕਿ ਬ੍ਰਹਮ ਦਾ ਦੇਸ਼ ਕਾਲ ਵਸਤੂ ਕਰਕੇ ਖੰਡਨ ਨਹੀਂ ਕੀਤਾ ਜਾ ਸਕਦਾ, ਭਾਵ ਉਹ ਸਰਬ-ਵਿਆਪਕ ਹੈ। ਉਹ ਭੂਤ, ਭਵਿੱਖ, ਵਰਤਮਾਨ ਸਮਿਆਂ ਵਿੱਚ ਸਾਰੀਆਂ ਜਗ੍ਹਾ ਵਿੱਚ ਵਿਆਪਕ ਹੈ। ਜੈਸਾ ਕਿ :

ਜਲਿ ਥਲਿ ਮਹੀਅਲਿ ਪੂਰਿਆ ਸੁਆਮੀ ਸਿਰਜਨਹਾਰੁ॥ (ਅੰਗ ੨੯੬)

੬. ਸ਼ਬਦ ਪ੍ਰਮਾਣ = ਸ਼ਬਦ ਪ੍ਰਮਾਣ ਕਰਕੇ ਵੀ ਅਵਿਸ਼ੇ ਹੈ, ਕਿਉਂਕਿ :

ਕਥਨ ਕਹਣ ਕਉ ਸੋਝੀ ਨਾਹੀ ਜੋ ਪੇਖੈ ਤਿਸੁ ਬਣਿ ਆਵੈ॥ (ਅੰਗ ੮੮੩)

ਅਗਮੁ ਅਨੰਤੁ ਅਨਾਦਿ ਆਦਿ ਜਿਸੁ ਕੋਇ ਨ ਜਾਣੈ॥ (ਅੰਗ ੧੪੦੪)

ਇਸ ਪ੍ਰਕਾਰ ਬ੍ਰਹਮ ਖ਼ੁਦ ਪ੍ਰਮਾਣਾਂ ਦੇ ਅਵਿਸ਼ੇ ਹੈ, ਸ੍ਵੈ ਅਨੁਭਵ ਪ੍ਰਮਾਣ ਸਰੂਪ ਇੱਕ ਹੈ।

ਅਨਭਉ ਪ੍ਰਕਾਸ॥ ਨਿਸਦਿਨ ਅਨਾਸ॥...੮੮॥ (ਜਾਪੁ ਸਾਹਿਬ)

ਛੇ ਸ਼ਾਸਤ੍ਰ ਵਿਸਥਾਰ ਸਹਿਤ

੧. ਸਾਂਖ ਸ਼ਾਸਤ੍ਰ (ਕਰਤਾ ਕਪਲ ਮੁਨੀ ਜੀ) :

ਇਹ ਸ਼ਾਸਤ੍ਰ ਈਸ਼ਵਰ ਨੂੰ ਨਹੀਂ ਮੰਨਦਾ। ਇਹ ਅਨੀਸ਼ਰਵਾਦੀ ਹੈ। ੨੪ ਤੱਤਵਾਦੀ ਭਾਵ (ਪੰਜ ਗਿਆਨ ਇੰਦ੍ਰੇ, ਪੰਜ ਕਰਮ ਇੰਦ੍ਰੇ, ਇਕ ਮਨ, ਪੰਜ ਸੂਖਮ ਤੱਤ, ਪੰਜ ਸਥੂਲ ਤੱਤ, ਮਹੀਤੱਤ ਤੇ ਪ੍ਰਕਿਰਤੀ, ਤ੍ਰਿਧਾ ਹੰਕਾਰ) ਇਨ੍ਹਾਂ ੨੪ ਤੱਤਾਂ ਨੂੰ ਮੰਨਦਾ ਹੈ, ਪੰਝੀਵਾਂ ਪੁਰਖ ਨੂੰ ਮੰਨਦਾ ਹੈ। ਪਰ ਉਸ ਅਕਾਲ ਪੁਰਖ ਨੂੰ ਕਿਸੇ ਦਾ ਕਾਰਨ ਕਾਰਜ ਰੂਪ ਨਹੀਂ ਮੰਨਦਾ। ਪ੍ਰਕਿਰਤੀ ਕਰਕੇ ਤਿੰਨਾਂ ਗੁਣਾਂ ਦੀ ਸਾਮਿਅਵਸਥਾ ਨੂੰ ਪ੍ਰਧਾਨ ਮੰਨਦਾ ਹੈ, ਜੈਸਾ ਕਿ :

ਗੁਣ ਕੀ ਸਾਮਯ ਅਵਸਥਾ ਜੋਈ॥ ਨਾਮ ਪ੍ਰਧਾਨ ਕਹਾਵੈ ਸੋਈ॥ ੭੦॥

(ਮੋਖਸ਼ ਪੰਥ, ਪੰਨਾ ੯)

ਇਹ ਆਧੀ, ਬਿਆਧੀ, ਉਪਾਧੀ ਦੀ ਨਵਿਰਤੀ ਨੂੰ ਮੋਖ ਮੰਨਦਾ ਹੈ। ਇਸ ਨੇ ਭੋਗ ਰੂਪੀ ਮਾਇਆ ਨੂੰ ਬੰਧਨ ਤੇ ਵੀਚਾਰ ਰੂਪੀ ਮਾਇਆ ਨੂੰ ਮੋਖ ਮੰਨਿਆ ਹੈ। 'ਅਸੰਗੋਹੀ ਅਯੰ ਪੁਰਖਾ' ਇਸ ਦੀ ਸੁਰਤੀ ਹੈ। ਸਾਂਖ ਸ਼ਾਸਤ੍ਰ ਸਾਖੀ ਚੇਤਨ ਸਰੂਪ ਨੂੰ ਜਾਨਣ ਵਾਸਤੇ ਸਹਾਇਕ ਹੈ।

੨. ਨਿਆਇ ਸ਼ਾਸਤ੍ਰ (ਕਰਤਾ ਗੌਤਮ ਮੁਨੀ ਜੀ) :

ਇਹ ਜੁਗਤੀ ਨੂੰ ਪ੍ਰਧਾਨ ਮੰਨਦਾ ਹੈ। ਇਸ ਅਨੁਸਾਰ ਜੁਗਤੀ ਚਿੰਤਨ ਦੁਆਰਾ ਪੁਰਸ਼ ਦੀ ਬੁੱਧੀ ਤੀਬਰ ਹੁੰਦੀ ਹੈ, ਤਦ ਇਹ ਮੰਨਣ ਕਰਨ ਵਿੱਚ ਸਮਰੱਥ ਹੁੰਦਾ ਹੈ। ਇਹ ਕਰਤਾ ਕਰਤਰੀ ਭਾਵ ਨੂੰ ਸਿੱਧ ਕਰਦਾ ਹੈ। ਨਿਆਇ ਜਾਤੀ ਤੇ ਆਕਾਸ਼ ਨੂੰ ਸੱਤ ਮੰਨਦਾ ਹੈ। ਆਨੰਦਮਯ ਕੋਸ਼ ਨੂੰ ਆਤਮਾ ਮੰਨਦਾ ਹੈ। ਆਤਮਾ ਵਿੱਚ ਗਿਆਨ ਗੁਣ ਮੰਨਦਾ ਹੈ। ਪਰ ਆਤਮਾ ਨੂੰ ਗਿਆਨ ਸਰੂਪ

ਨਹੀਂ ਮੰਨਦਾ, ਜੈਸਾ ਕਿ ਜੁਗਨੂੰ ਦਾ ਅੱਧਾ ਹਿੱਸਾ ਪ੍ਰਕਾਸ਼ ਸਹਿਤ ਤੇ ਅੱਧਾ ਹਿੱਸਾ ਹਨੇਰੇ ਵਾਲਾ ਹੁੰਦਾ ਹੈ, ਇਸੇ ਪ੍ਰਕਾਰ ਹੀ ਆਤਮਾ ਜਾਗ੍ਰਤ ਤੇ ਸੁਪਨ 'ਚ ਗਿਆਨ ਕਰਦਾ ਹੈ, ਉਹ ਸੁਖੋਪਤ ਵਿੱਚ ਗਿਆਨ ਨਹੀਂ ਕਰਦਾ ਭਾਵੇਂ ਕੋਲੋਂ ਕੋਈ ਚੀਜ਼ ਹੀ ਚੁੱਕ ਕੇ ਲੈ ਜਾਵੇ, ਉਸ ਸਮੇਂ ਮਨ, ਬੁੱਧ ਅਵਿੱਦਿਆ ਵਿੱਚ ਲੀਨ ਹੋ ਜਾਂਦੇ ਹਨ, ਜਦੋਂ ਮਨ ਦਾ ਚਮੜੀ ਨਾਲ ਸੰਬੰਧ ਹੁੰਦਾ ਹੈ, ਉਸ ਸਮੇਂ ਗਿਆਨ ਹੁੰਦਾ ਹੈ, ਪਰ ਵੇਦਾਂਤ ਵਿੱਚ ਇਸ ਦਾ ਖੰਡਨ ਹੈ। ਜਦੋਂ ਕੋਈ ਇਹ ਕਹਿੰਦਾ ਹੈ ਕਿ ਮੈਂ ਇਤਨਾ ਸੁਖ ਨਾਲ ਸੁੱਤਾ ਕਿ ਮੈਨੂੰ ਸੁਪਨਾ ਵੀ ਨਹੀਂ ਆਇਆ, ਉਸ ਸੁਖ ਨਾਲ ਸੌਣ 'ਤੇ ਸੁਪਨਾ ਨਾ ਆਉਣ ਨੂੰ ਅਨੁਭਵ ਕਰਨ ਵਾਲਾ ਜੋ ਹੈ, ਉਹ ਚੇਤਨ ਆਤਮਾ ਹੈ, ਜੋ ਜਾਗ੍ਰਤ, ਸੁਪਨ, ਸੁਖੋਪਤ ਤਿੰਨਾਂ ਦਾ ਸਾਖੀ ਹੈ। ਇਸ ਅਨੁਸਾਰ ਜਿਵੇਂ ਛੋਟਾ ਜਿਹਾ ਮਕਾਨ ਵੀ ਕਰਤਾ (ਕਾਰੀਗਰ) ਤੋਂ ਬਿਨਾਂ ਨਹੀਂ ਬਣਦਾ, ਉਵੇਂ ਹੀ ਸੰਸਾਰ ਕਰਤੇ ਤੋਂ ਬਿਨਾਂ ਨਹੀਂ ਬਣਿਆ। ਉਹ ਈਸ਼ਵਰ ਨੂੰ ਕਰਤਾ ਮੰਨਦਾ ਹੈ। ਇਨ੍ਹਾਂ ਨੌਂ ਦਰਬਾਂ : ੧. ਪ੍ਰਿਥਵੀ, ੨. ਜਲ, ੩. ਵਾਯੂ, ੪. ਅਗਨੀ, ੫. ਆਕਾਸ਼, ੬. ਕਾਲ, ੭. ਦਿਸ਼ਾ, ੮. ਆਤਮਾ, ੯. ਮਨ ਨੂੰ ਮੰਨਦਾ ਹੈ ਅਤੇ ਸੱਤ ਪਦਾਰਥਾਂ ਨੂੰ ਮੰਨਦਾ ਹੈ : ੧. ਦਰਬ, ੨. ਗੁਣ, ੩. ਕਰਮ, ੪. ਸਮਾਨ, ੫.ਵਿਸ਼ੇਸ਼, ੬. ਸਮਵਾਯ, ੭. ਅਭਾਵ, ਇਹ ਈਸ਼ਵਰ ਨੂੰ ਇਕ ਦੇਸੀ ਮੰਨਦਾ ਹੈ, ਜਿਵੇਂ ਇਕ ਰਾਜਾ ਇਕ ਥਾਂ ਬੈਠ ਕੇ ਸਾਰਾ ਰਾਜ-ਪ੍ਰਬੰਧ ਚਲਾਉਂਦਾ ਹੈ, ਉਵੇਂ ਈਸ਼ਵਰ ਸ੍ਰਿਸ਼ਟੀ ਚਲਾਉਂਦਾ ਹੈ। ਇਹ ਪ੍ਰਮਾਣੂਆਂ ਦੁਆਰਾ ਸ੍ਰਿਸ਼ਟੀ ਦੀ ਉਤਪਤੀ ਮੰਨਦਾ ਹੈ ਤੇ ਕਹਿੰਦਾ ਹੈ ਕਿ ਦੋ ਜੁੜ ਕੇ ਦੁਣਕਾ, ਤਿੰਨ ਜੁੜ ਕੇ ਤਿਣਕਾ ਹੁੰਦਾ ਹੈ। ਇਹ ਪ੍ਰਮਾਣੂਆਂ ਤੋਂ ਸ੍ਰਿਸ਼ਟੀ ਹੈ। ਇਹ ਇੱਕੀ ਪ੍ਰਕਾਰ ਦੇ ਦੁੱਖਾਂ ਦੀ ਨਵਿਰਤੀ ਨੂੰ ਮੁਕਤੀ ਮੰਨਦਾ ਹੈ। ਇੱਕੀ ਪ੍ਰਕਾਰ ਦੇ ਦੁੱਖਾਂ ਦਾ ਵੇਰਵਾ : ਸ੍ਰੋਤ (ਕੰਨ), ਤ੍ਵਚਾ (ਚਮੜੀ), ਨੇਤ੍ਰ, ਰਸਨਾ, ਘ੍ਰਾਣ (ਨੱਕ) ਅਤੇ ਮਨ, ਇਹ ਛੇ ਇੰਦ੍ਰੇ, ਛੇ ਹੀ ਇਨ੍ਹਾਂ ਦੇ ਵਿਸ਼ੇ ਅਤੇ ਛੇ ਹੀ ਇਨ੍ਹਾਂ ਦੇ ਗਿਆਨ (ਅਠਾਰਾਂ ਇਹ ਹਨ) ਉਨ੍ਹੀਵਾਂ ਸਰੀਰ, ਵੀਹਵਾਂ ਸੁਖ, ਇੱਕੀਵਾਂ ਦੁੱਖ। ਇਹ ਈਸ਼ਵਰਵਾਦੀ ਹੈ, ਪਰੰਤੂ ਜੀਵ ਈਸ਼ ਵਿੱਚ ਭੇਦ ਮੰਨਦਾ ਹੈ ਤੇ ਜੀਵ ਨੂੰ ਜੰਮਣ-ਮਰਨ ਵਾਲਾ ਕਥਨ ਕਰਦਾ ਹੈ। ਇਸ ਤੋਂ ਇਹੀ ਗੁਣ ਲਉ ਕਿ ਈਸ਼ਵਰ ਵਿੱਚ ਕਰਤਰੀ ਭਾਵ ਸਿੱਧ ਹੁੰਦਾ ਹੈ ਕਿ ਕਰਤਾ ਪਰਮੇਸ਼ਰ ਹੈ।

੩. ਵਿਸ਼ੇਸਕ ਸ਼ਾਸਤ੍ਰ (ਕਰਤਾ ਕਣਾਦ (ਕਨਭੁਕ) ਮੁਨੀ ਜੀ) :

ਇਹ ਕਾਲਵਾਦੀ ਹੈ। ਸਮੇਂ ਨੂੰ ਸੱਤ ਮੰਨਦਾ ਹੈ। ਇਹ ਜੁਗਤੀ ਨੂੰ ਹੀ ਪ੍ਰਧਾਨ ਮੰਨਦਾ ਹੈ। ਕਾਫ਼ੀ ਕੁਝ ਇਸ ਦਾ ਨਿਆਇ ਸ਼ਾਸਤ੍ਰ ਨਾਲ ਮਿਲਦਾ ਹੈ। ਇਹ ਛੇ ਪਦਾਰਥ ਮੰਨਦਾ ਹੈ ਤੇ ਸੱਤਵੇਂ ਅਭਾਵ ਪਦਾਰਥ ਨੂੰ ਨਹੀਂ ਮੰਨਦਾ। ਇਹ ਅਨੀਸ਼ਰਵਾਦੀ ਹੈ। ਇਸ ਦਾ ਕਹਿਣਾ ਹੈ ਕਿ ਸਮੇਂ ਦੇ ਨਾਲ ਹੀ ਸਾਰੀ ਸ੍ਰਿਸ਼ਟੀ ਖ਼ਤਮ ਹੋ ਜਾਵੇਗੀ। ਹੋਰ ਕਰਤਾ ਕੋਈ ਨਹੀਂ ਹੈ, ਇਸ ਅਨੁਸਾਰ ਜਿਵੇਂ ਪਿਆਜ, ਬਾਬੂ, ਭੱਖੜਾ, ਇਟਸਿਟ, ਸਵਾਂਕ, ਡੀਲਾ ਆਦਿ ਦੇ ਬੀਜ ਧਰਤੀ 'ਤੇ ਪਏ ਰਹਿੰਦੇ ਹਨ ਤੇ ਸਮਾਂ ਆਉਣ 'ਤੇ ਆਪ ਹੀ ਉੱਗ ਆਉਂਦੇ ਹਨ ਤੇ ਫਿਰ ਪੱਕ ਕੇ ਗਿਰ ਜਾਂਦੇ ਹਨ, ਇਵੇਂ ਸਮੇਂ ਦੇ ਨਾਲ ਹੀ ਸ੍ਰਿਸ਼ਟੀ ਪੈਦਾ ਹੋਈ ਤੇ ਖ਼ਤਮ ਹੋ ਜਾਵੇਗੀ, ਜੈਸਾ ਕਿ :

ਅੰਨਿ ਅੰਨਿ ਤੇ ਹੋਤੁ ਜਯੋ ਘਾਸਿ ਘਾਸਿ ਤੇ ਹੋਇ॥
ਤੈਸੇ ਮਨੁਛ ਮਨੁਛ ਤੇ ਅਵਰ ਨ ਕਰਤਾ ਕੋਇ॥

(ਸ੍ਰੀ ਦਸਮ ਗ੍ਰੰਥ, ਅੰਗ ੧੮੩)

ਇਸ ਤੋਂ ਸਮੇਂ ਦੀ ਕਦਰ ਕਰਨ ਦੀ ਸਿੱਖਿਆ ਮਿਲਦੀ ਹੈ।

੪. ਪੂਰਬ ਮੀਮਾਂਸਾ (ਕਰਤਾ ਜੈਮਿਨੀ ਮੁਨੀ ਜੀ) :

ਇਹ ਕਰਮਵਾਦੀ ਹੈ। ਪੰਜ ਪ੍ਰਕਾਰ ਦੇ ਕਰਮ ਮੰਨਦਾ ਹੈ : ੧. ਨਿੱਤ, ੨. ਨਮਿੱਤ, ੩. ਕਾਮਕ, ੪. ਪ੍ਰਸ਼ਚਿਤ, ੫. ਨਖਿੱਧ ਕਰਮ, ਜਿਵੇਂ ਬ੍ਰਹਮ ਹੱਤਿਆ ਆਦਿ। ਬਿਧੀ ਕਰਮ ਚਾਰ ਪ੍ਰਕਾਰ ਦਾ ਮੰਨਦਾ ਹੈ, ਜਿਸ (ਕਰਮ) ਦੁਆਰਾ ਅੰਤਹਕਰਣ ਦੀ ਸ਼ੁੱਧੀ ਦੁਆਰਾ ਮੋਖਸ਼ ਮੰਨਦਾ ਹੈ ਅਥਵਾ ਸਵਰਗ ਪ੍ਰਾਪਤੀ ਨੂੰ ਹੀ ਮੋਖਸ਼ ਮੰਨਦਾ ਹੈ। ਸ਼ਾਸਤ੍ਰ ਵਿਹਤ ਕਰਮਾਂ ਨੂੰ ਹੀ ਮੋਖਸ਼ ਦੇ ਸਾਧਨ ਮੰਨਦਾ ਹੈ। ਆਤਮਾ ਨੂੰ ਵੱਖਰਾ ਮੰਨਦਾ ਹੈ ਅਤੇ ਜੜ੍ਹ ਚੇਤਨ ਦੋਨੋਂ ਰੂਪ ਮੰਨਦਾ ਹੈ। ਇਸ ਅਨੁਸਾਰ ਬ੍ਰਹਮਾਦਿਕ ਪਦਵੀਆਂ ਕਰਮਾਂ ਕਰਕੇ ਹਨ ਅਤੇ ਸਵਰਗ ਆਦਿ ਦੀ ਪ੍ਰਾਪਤੀ ਵੀ ਕਰਮਾਂ ਕਰਕੇ ਹੀ ਹੈ। ਕਰਮਾਂ ਦੇ ਅਭਾਵ ਹੋਣ ਤੋਂ ਸ੍ਰਿਸ਼ਟੀ ਦੀ ਪਰਲੋ ਮੰਨਦਾ ਹੈ। ਸ੍ਰੇਸ਼ਟ ਕਰਮਾਂ ਕਰਕੇ ਹੀ ਗਿਆਨ ਤੋਂ ਬਿਨਾਂ ਮੁਕਤੀ ਮੰਨਦਾ ਹੈ। ''ਭੋਗੇ ਬਿਨ ਭਾਗੇ ਨਹੀਂ ਕਰਮ ਗਤੀ ਬਲਵੰਤ'', ਦਾ ਸਿਧਾਂਤ ਮੰਨਦਾ ਹੈ, ਇਸ ਦੀ ਸੁਰਤੀ ਇਸ ਪ੍ਰਕਾਰ ਹੈ :

ਅੱਵਸਯ ਮੇਵ ਭੋਕਤਬਯੰ ਕ੍ਰਿਤਮ ਕਰਮ ਸ਼ੁਭਾਸੁਭੰ।
ਨ ਭੁਕਤੰ ਖੀਯਤੇ ਕਰਮ ਕਲਪ ਕੋਟਿ ਸਤਈ ! ਅਪਿ।

ਇਸ ਤੋਂ ਸ੍ਰੇਸ਼ਟ ਕਰਮ ਕਰਨ ਦੀ ਸਿੱਖਿਆ ਮਿਲਦੀ ਹੈ।

੫. ਪਤੰਜਲ (ਯੋਗ ਸ਼ਾਸਤ੍ਰ) (ਕਰਤਾ ਪਤੰਜਲ ਮੁਨੀ ਜੀ) :

ਇਹ ਈਸ਼ਵਰਵਾਦੀ ਹੈ। ਇਸ ਦਾ ਉਪਦੇਸ਼ ਯੋਗਾਸ ਚਿੱਤ ਬ੍ਰਿਤੀ ਨਿਰੋਧਾ ਹੈ। ਪੰਜ ਪ੍ਰਕਾਰ ਦੀਆਂ ਬਿਰਤੀਆਂ : ੧. ਪ੍ਰਮਾਣ, ੨. ਵਿਪਰਜੇ, ੩.ਨਿੰਦ੍ਰਾ, ੪.ਵਿਕਲਪ, ੫.ਸਿੰਮ੍ਰਿਤੀ ਨੂੰ ਰੋਕ ਕੇ ਪੰਜ ਕਲੇਸ਼ : ੧. ਅਵਿੱਦਿਆ, ੨.ਅਸੰਮਤਾ, ੩.ਰਾਗ, ੪.ਦ੍ਵੈਸ਼, ੫. ਅਭੀਨਿਵੇਸ਼ ਦੀ ਨਵਿਰਤੀ ਦੱਸਦਾ ਹੈ। ਦਸਵੇਂ ਦੁਆਰ ਵਿੱਚੋਂ ਪ੍ਰਾਣਾਂ ਨੂੰ ਕੱਢ ਕੇ ਬ੍ਰਹਮ-ਲੋਕ ਦੀ ਪ੍ਰਾਪਤੀ ਨੂੰ ਮੁਕਤੀ ਮੰਨਦਾ ਹੈ। ਪ੍ਰਮਾਣੂਆਂ ਦੁਆਰਾ ਜਗਤ ਦੀ ਰਚਨਾ ਤੇ ਜੀਵ ਈਸ਼ ਦੇ ਭੇਦ ਗਿਆਨ ਨੂੰ ਸਤਿ ਮੰਨਦਾ ਹੈ। ਯੋਗਾ ਅਭਿਆਸ ਨਾਲ ਸਰੀਰ 'ਤੇ ਅੰਤਹਕਰਣ ਦੀ ਸ਼ੁੱਧੀ ਮੰਨਦਾ ਹੈ, ਜਿਵੇਂ ਲੋਹੇ ਨੂੰ ਚੰਗੀ ਤਰ੍ਹਾਂ ਮਾਂਜ-ਮਾਂਜ ਕੇ ਚਮਕਾ ਲਿਆ ਜਾਵੇ ਤਾਂ ਉਸ ਵਿੱਚ ਮੂੰਹ ਦਿੱਸ ਪੈਂਦਾ ਹੈ, ਇਉਂ ਯੋਗ ਨਾਲ ਅੰਤਸ਼ਕਰਣ ਮਾਂਜਿਆ ਜਾਵੇ ਤਾਂ ਆਪਣਾ ਸਰੂਪ ਦਿੱਸ ਪੈਂਦਾ ਹੈ। ਇਸ ਤੋਂ ਇਹ ਗੁਣ ਗ੍ਰਹਿਣ ਕਰਨਾ ਬਣਦਾ ਹੈ ਕਿ ਬਿਰਤੀ ਨੂੰ ਰੋਕ ਕੇ ਨਾਮ ਸਿਮਰਨ ਵਿੱਚ ਲਾਉਣਾ ਚਾਹੀਦਾ ਹੈ।

੬. ਵੇਦਾਂਤ ਸ਼ਾਸਤ੍ਰ (ਕਰਤਾ ਬਿਆਸ ਰਿਖੀ ਜੀ) :

ਦ੍ਰਿਸ਼ਟਾ ਦ੍ਰਿਸ਼ਟ ਦੋਊ ਪਦਾਰਥਾਂ ਨੂੰ ਮੰਨਦਾ ਹੈ। ਅਪ੍ਰੋਖ ਗਿਆਨ ਦੁਆਰਾ ਜੀਵ ਈਸ਼ ਦੀ ਏਕਤਾ ਨੂੰ ਮੰਨਦਾ ਹੈ ਤੇ ਉਸ ਨੂੰ ਵਿਆਪਕ ਮੰਨਦਾ ਹੈ। ਅਗਿਆਨ ਤੋਂ ਸ੍ਰਿਸ਼ਟੀ ਦੀ ਰਚਨਾ ਮੰਨਦਾ ਹੈ ਤੇ ਆਤਮਾ ਨੂੰ ਗਿਆਨ ਸਰੂਪ ਮੰਨਦਾ ਹੈ। ਸੁਖੋਪਤ ਅਵਸਥਾ ਵਿੱਚ ਚੇਤਨ, ਸੱਤਾ ਮਾਤ੍ਰ ਹੋ ਕੇ ਅਵਿੱਦਿਆ ਬ੍ਰਿਤੀ ਨੂੰ ਪ੍ਰਕਾਸ਼ਦਾ ਹੈ, ਜੋ ਜਾਗ ਕਰਕੇ ਕਹਿੰਦਾ ਹੈ ਕਿ ਅੱਜ ਕੋਈ ਸੁਪਨਾ ਨਹੀਂ ਆਇਆ। ਜੇ ਆਤਮਾ ਗਿਆਨ ਸਰੂਪ ਨਾ ਹੋਵੇ ਤਾਂ ਇਸ ਨੂੰ ਸੁਖੋਪਤੀ ਵਾਲਾ ਅਨੁਭਵ ਕੌਣ ਦੱਸੇ? ਕਿਉਂਕਿ ਮਨ ਅਤੇ ਬੁੱਧ ਜੋ ਜਾਗਤ੍ਰ ਤੇ ਸੁਪਨ ਅਵਸਥਾ ਵਿੱਚ ਅਨੁਭਵ ਕਰਨ ਵਾਲੇ ਹਨ, ਇਹ ਸੁਖੋਪਤ ਅਵਸਥਾ ਵਿੱਚ ਅਵਿੱਦਿਆ ਵਿੱਚ ਲੀਨ ਹੋ ਜਾਂਦੇ ਹਨ। ਇਸੇ ਕਰਕੇ ਇਹ ਆਤਮਾ ਨੂੰ ਗਿਆਨ ਨਹੀਂ, ਬਲਕਿ ਗਿਆਨ ਸਰੂਪ ਮੰਨਦਾ ਹੈ। ਇਸ ਵਿੱਚ ਜਾਗਤ੍ਰ, ਸੁਪਨ, ਸੁਖੋਪਤ

ਤਿੰਨ ਅਵਸਥਾਵਾਂ ਵਿਭਚਾਰੀ ਹਨ, ਪਰ ਉਹ ਇਕ-ਰਸ ਵਾਲਾ ਹੈ ਅਤੇ ਸਾਰਿਆਂ ਦਾ ਪ੍ਰਕਾਸ਼ਕ ਹੈ। ਇਸ ਵਿੱਚੋਂ ਦ੍ਰਿਸ਼ਟਾ ਰੂਪ ਬ੍ਰਹਮ ਨੂੰ ਸਾਖਿਆਤ ਕਰਨ ਦਾ ਗੁਣ ਗ੍ਰਹਿਣ ਕਰਨਾ ਹੈ।

ਛੇ ਕਾਰਕ

ਨੋਟ : ਛੇਵੀਂ ਵਿਭਕਤੀ ਸੰਬੰਧ ਵਿੱਚ ਲੱਗਦੀ ਹੈ। ਇਹ ਕਾਰਕ ਨਹੀਂ, ਜਿਵੇਂ ਉਦਾਹਰਣ ਹੈ :

(ਉ) **ਕਰਤਾ** = ਗੁਰਮੁਖ ਸਿੰਘ ਪਾਠ ਕਰਦਾ ਹੈ, ਗੁਰੂ ਦੇ ਸਿੱਖ ਨੇ ਅਰਦਾਸ ਕੀਤੀ।

(ਅ) **ਕਰਮ** = ਸਿੱਖ ਨੂੰ ਪ੍ਰਸ਼ਾਦ ਛਕਾਇਆ।

(ੲ) **ਕਰਣ** = ਕਲਮ ਨਾਲ ਲਿਖੋ।

(ਸ) **ਸੰਪ੍ਰਦਾਨ** = ਮੇਰੇ ਲਈ ਘੋੜਾ ਲਿਆਉ।

(ਹ) **ਅਪਾਦਾਨ** = ਗ੍ਰੰਥੀ ਤੋਂ ਪੋਥੀ ਲੈ ਆਉ।

(ਕ) **ਸੰਬੰਧ** = ਬਾਬਾ ਮਹਿਤਾ ਕਲਿਆਣ ਚੰਦ ਜੀ ਦਾ ਸਪੁੱਤਰ ਜਗਤ ਦੇ ਉੱਧਾਰ ਹਿਤ ਆਇਆ।

(ਖ) **ਅਧਿਕਰਣ** = ਗੁਰਦੁਆਰੇ ਵਿੱਚ ਕੀਰਤਨ ਹੁੰਦਾ ਹੈ।

ਨੋਟ : ਸੱਤ ਵਿਭਕਤੀਆਂ ਬਾਰੇ ਵਿਸਥਾਰ ਸਹਿਤ ੭ ਅੰਕ ਦੀ ਗਿਣਤੀ ਵਿੱਚ ਦੇਖੋ।

ਛੇ ਬਖ਼ਸ਼ਿਸ਼ਾਂ

੧. **ਸੁਥਰੇਸ਼ਾਹੀ** = ਬਖ਼ਸ਼ਿਸ਼ ਸ੍ਰੀ ਗੁਰੂ ਹਰਿ ਰਾਏ ਸਾਹਿਬ ਜੀ।

੨. **ਸੰਗਤ ਸਾਹਿਬੀਏ** = ਬਖ਼ਸ਼ਿਸ਼ ਸ੍ਰੀ ਗੁਰੂ ਹਰਿ ਰਾਏ ਸਾਹਿਬ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ।

੩. **ਜੀਤ ਮੱਲੀਏ** = ਬਖ਼ਸ਼ਿਸ਼ ਸ੍ਰੀ ਗੁਰੂ ਗੋਬਿੰਦ ਸਿੰਘ ਜੀ।

੪. **ਬਖਤ ਮੱਲੀਏ** = ਬਖ਼ਸ਼ਿਸ਼ ਸ੍ਰੀ ਗੁਰੂ ਗੋਬਿੰਦ ਸਿੰਘ ਜੀ।

੫. **ਭਗਤ ਭਗਵਾਨੀਏ** = ਬਖ਼ਸ਼ਿਸ਼ ਸ੍ਰੀ ਗੁਰੂ ਹਰਿ ਰਾਏ ਸਾਹਿਬ ਜੀ।

੬. **ਮੀਹਾਂ ਸ਼ਾਹੀਏ** = ਬਖ਼ਸ਼ਿਸ਼ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ।

ਖਟ ਰਸ

੧. ਖੱਟੇ ੨. ਮਿੱਠੇ ੩. ਕੌੜੇ
੪. ਕਸੈਲੇ ੫. ਸਲੂਣੇ ੬. ਤਿੱਖੇ

ਖਟ ਤੁਰਸੀ ਮੁਖਿ ਬੋਲਣਾ ਮਾਰਣ ਨਾਦਿ ਕੀਏ॥ (ਅੰਗ ੧੭)

ਛੇ ਰਾਗ

੧. ਭੈਰਉ ੨. ਮਾਲਕਉਸਕ ੩. ਹਿੰਡੋਲ
੪. ਦੀਪਕ ੫. ਸਿਰੀਰਾਗ ੬. ਮੇਘ ਰਾਗ

ਵਖਿਆਨ ਦੇ ਖਟ ਅੰਗ

੧. **ਪਦ ਛੇਦ** = ਜਿਵੇਂ ਵਾਹਿਗੁਰੂ ਪਦ ਹੈ, ਇਸ ਨੂੰ ਵੱਖ-ਵੱਖ ਕਰਕੇ ਦਰਸਾਉਣ ਦਾ ਨਾਮ ਪਦ ਛੇਦ ਹੈ। (ਵਾਹਿ+ਗੁ+ਰੂ)।

੨. **ਪਦਾਰਥੋਕਿਤਾ** = ਵੱਖ-ਵੱਖ ਕੀਤੇ ਹੋਏ ਪਦਾਂ ਦੇ ਅਰਥ ਕਰਨੇ ਇਸ ਨੂੰ ਪਦਾਰਥੋਕਿਤਾ ਕਹਿੰਦੇ ਹਨ। ਵਾਹਿ=ਅਸਚਰਜ ਰੂਪ, ਗੁ=ਅੰਧਕਾਰ, ਰੂ=ਪ੍ਰਕਾਸ਼।

੩. **ਵਿਗ੍ਰਹਿ** = ਵਿਆਕਰਣ ਅਨੁਸਾਰ ਸੰਧੀ-ਪ੍ਰਛੇਦ ਕਰ ਕੇ ਪਦ ਦੀ ਵਿਉਂਤਬੰਦੀ ਕਰਨੀ ਹੈ। ਜੈਸਾ ਕਿ : ਜੋ ਵਾਹਿਗੁਰੂ ਮੰਤ੍ਰ ਨੂੰ ਜਪਦਾ ਹੈ, ਉਸ ਦੇ ਹਿਰਦੇ ਅੰਦਰੋਂ ਅਗਿਆਨ ਰੂਪੀ ਹਨੇਰਾ ਦੂਰ ਹੋ ਜਾਂਦਾ ਹੈ ਅਤੇ ਗਿਆਨ ਰੂਪੀ ਪ੍ਰਕਾਸ਼ ਹਿਰਦੇ ਵਿੱਚ ਹੋ ਜਾਂਦਾ ਹੈ।

ਵਾਹਿ ਨਾਮ ਅਚਰਜ ਕੋ ਹੋਈ। ਅਚਰਜ ਤੇ ਪਰਿ ਉਕਤਿ ਨ ਕੋਈ।
'ਗੋ' ਤਮ ਨਾਮ ਅਗਿਯਾਨ ਅਨਿਤੁ। ਰੂ ਪ੍ਰਕਾਸ਼ ਕੀਯੋ ਜਿਨ ਚਿਤੁ।

੪. **ਅੰਨਵੇ ਕਰਨਾ** = ਅੰਨਵੇ ਦੋ ਪ੍ਰਕਾਰ ਦਾ ਹੁੰਦਾ ਹੈ, ਇਸ ਨੂੰ ਅੰਕ '੨' ਦੀ ਗਿਣਤੀ ਵਿੱਚ ਪੜ੍ਹੋ।

੫. **ਅਖੇਪ** = ਸ਼ੰਕਾਵਾਦੀ ਵੱਲੋਂ ਆਪ ਸ਼ੰਕਾ ਕਰਨੀ।

੬. **ਸਮਾਧਾਨ** = ਆਪ ਹੀ ਉੱਤਰ ਦੇਣਾ। ਜੈਸਾ ਕਿ :

ਪਦਯ ਛਦਾ ਪਦਾਰਥ ਕਥ ਵਿਗ੍ਰਹਿ ਵਾਕਯੋਜਨਾ।
ਆਖੇਪਉ ਅਤਿ ਸਮਾਧਾਨੰ ਖਟ ਬਿਨੌ ਵਿਆਖਿਆ ਸਿਮਰਤੰ।

ਖਟ ਲੱਖਣ ਪੂਰਨ ਪੁਰਖਾਂ ਦੇ

੧. **ਮੰਤ੍ਰ ਰਾਮ ਰਾਮ ਨਾਮੰ ਧ੍ਯਾਨੰ ਸਰਬਤ੍ਰ ਪੂਰਨਹ।।**

ਸੰਤ ਜਨ ਰਾਮ=ਰਮੇ ਹੋਏ ਰਾਮ=ਪਰਮਾਤਮਾ ਦੇ ਨਾਮ ਰੂਪੀ ਮੰਤ੍ਰ ਨੂੰ ਜਪਦੇ ਹਨ ਅਤੇ ਵਾਹਿਗੁਰੂ ਨੂੰ ਸਰਬਤ੍ਰ=ਸਾਰਿਆਂ ਥਾਵਾਂ ਅੰਦਰ ਪੂਰਨਹ=ਪੂਰਨ ਜਾਣ ਕੇ ਉਸ ਦਾ ਧਿਆਨ ਧਰਦੇ ਹਨ।

੨. **ਗ੍ਯਾਨੰ ਸਮ ਦੁਖ ਸੁਖੰ ਜੁਗਤਿ ਨਿਰਮਲ ਨਿਰਵੈਰਣਹ।।**

ਦੁੱਖ ਅਤੇ ਸੁੱਖ ਨੂੰ ਸਮ=ਸਮਾਨ ਗ੍ਯਾਨੰ=ਜਾਣਦੇ ਹਨ, ਭਾਵ ਉਹ ਤਤਿਕਸ਼ਾ ਬਿਰਤੀ ਧਾਰਨ ਕਰ ਕੇ ਰੱਖਦੇ ਹਨ, ਉਨ੍ਹਾਂ ਦੀ ਨਿਰਮਲ=ਉੱਜਲ ਅਤੇ ਨਿਰਵੈਰਣਹ=ਵੈਰ ਤੋਂ ਰਹਿਤ ਜੁਗਤੀ ਹੈ। ਵਾ: ਨਿਰਮਲ, ਨਿਰਵੈਰ ਪ੍ਰਭੂ ਵਿੱਚ ਜੁਗਤਿ=ਜੁੜੇ ਰਹਿੰਦੇ ਹਨ।

੩. **ਦਯਾਲੰ ਸਰਬਤ੍ਰ ਜੀਆ ਪੰਚ ਦੋਖ ਬਿਵਰਜਿਤਹ॥**

ਸਰਬਤ੍ਰ=ਸਾਰੇ ਜੀਆ=ਜੀਵਾਂ ਉੱਪਰ ਦਯਾਲੰ=ਕ੍ਰਿਪਾਲਤਾ ਕਰਦੇ, ਪੰਚ=ਪੰਜ ਦੋਖ=ਸ਼ਬਦ, ਸਪਰਸ਼, ਰੂਪ, ਰਸ, ਗੰਧ ਦਾ : ਕਾਮ, ਕ੍ਰੋਧ ਆਦਿ ਵਿਕਾਰਾਂ ਨੂੰ ਬਿਵਰਜਿਤਹ=ਰੋਕ ਕੇ ਰੱਖਦੇ ਹਨ।

੪. **ਭੋਜਨੰ ਗੋਪਾਲ ਕੀਰਤਨੰ ਅਲਪ ਮਾਯਾ ਜਲ ਕਮਲ ਰਹਤਹ॥**

ਗੋਪਾਲ=ਪਰਮਾਤਮਾ ਦਾ ਕੀਰਤਨੰ=ਜਸ ਰੂਪੀ ਭੋਜਨ ਛਕਦੇ ਹਨ, ਮਾਇਆ ਦੇ ਤਾਈਂ ਅਲਪ=ਤੁੱਛ ਜਾਣ ਕੇ ਇਉਂ ਨਿਰਲੇਪ ਰਹਿੰਦੇ ਹਨ, ਜਿਵੇਂ ਜਲ=ਪਾਣੀ ਵਿੱਚ ਕਮਲ ਨਿਰਲੇਪ ਰਹਤਹ=ਰਹਿੰਦਾ ਹੈ।

੫. ਉਪਦੇਸੰ ਸਮ ਮਿਤ੍ਰ ਸਤ੍ਰਹ ਭਗਵੰਤ ਭਗਤਿ ਭਾਵਨੀ॥

ਮਿਤ੍ਰ ਅਤੇ ਸਤ੍ਰਹ=ਦੁਸ਼ਮਣ ਭਾਵ ਮਿੱਤ੍ਰਤਾਈ ਜਾਂ ਦੁਸ਼ਮਣੀ ਕਰੀ ਜਾਵੇ, ਪਰ ਸੰਤ ਜਨ ਦੋਨਾਂ ਨੂੰ ਇਕ ਸਮ=ਸਮਾਨ ਉਪਦੇਸ਼ੰ=ਸਿੱਖਿਆ ਦੇਂਦੇ ਹਨ ਅਤੇ ਭਗਵੰਤ=ਪਰਮਾਤਮਾ ਦੀ ਭਗਤਿ=ਭਗਤੀ ਵਿੱਚ ਭਾਵਨੀ=ਸ਼ਰਧਾ ਧਾਰਨ ਕਰ ਕੇ ਰੱਖਦੇ ਹਨ।

੬. ਪਰ ਨਿੰਦਾ ਨਹ ਸ੍ਰੋਤਿ ਸ੍ਰਵਣੰ ਆਪੁ ਤ੍ਰਿਾਗਿ ਸਗਲ ਰੇਣੁਕਹ॥

ਪਰ=ਪਰਾਈ ਨਿੰਦਾ=ਅਪਕੀਰਤੀ ਨੂੰ ਆਪਣੇ ਸ੍ਰੋਤਿ=ਕੰਨਾਂ ਦੁਆਰਾ ਸ੍ਰਵਣੰ=ਸੁਣਨਾ ਨਹੀਂ ਕਰਦੇ, ਆਪਾ-ਭਾਵ (ਹੰਕਾਰ) ਤਿਆਗ ਕੇ ਸਾਰਿਆਂ ਦੇ ਚਰਨਾਂ ਦੀ ਰੇਣੁਕਹ=ਧੂੜੀ ਬਣ ਕੇ ਰਹਿੰਦੇ ਹਨ ਭਾਵ ਅਤਿਅੰਤ ਨਿਮਰਤਾ ਧਾਰਨ ਕਰਦੇ ਹਨ।

ਖਟ ਲਖ੍ਹਣ ਪੂਰਨੰ ਪੁਰਖਹ ਨਾਨਕ ਨਾਮ ਸਾਧ ਸ੍ਰਜਨਹ॥ ੪੦॥

ਜਿਨ੍ਹਾਂ ਵਿੱਚ ਇਹ ਉਪਰੋਕਤ ਖਟ=ਛੇ ਲੱਖਣ ਹਨ, ਉਹ ਪੂਰਨੰ=ਪੂਰੇ ਪੁਰਖ (ਸੰਤ ਜਨ) ਹਨ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਹਨਾਂ ਦਾ ਨਾਮ ਹੀ ਸ੍ਰਜਨਹ=ਪਿਆਰੇ ਸਾਧ=ਸੰਤ ਜਨ ਹੈ।

ਵੇਦ ਦੇ ਖਟ ਅੰਗ

੧. ਸਿੱਖਿਆ **੨.** ਕਲਪ **੩.** ਵਿਆਕਰਣ
੪. ਜੋਤਿਸ਼ **੫.** ਪਿੰਗਲ **੬.** ਨਿਰੁਕਤ

ਸਿੱਖਿਆ ਕਲਪ ਨਿਰੁਕਤ ਪੁਨ, ਜੋਤਿਸ਼ ਪਿੰਗਲ ਜਾਨ।
ਵਿਆਕਰਨ ਵਖਾਣੀਐ, ਵੇਦ ਅੰਗ ਖਟ ਮਾਨ।

✧✧✧

੭.

ਸੱਤ ਪਾਤਾਲ

੧. ਅਤਲ ੨. ਵਿਤਲ ੩. ਸੁਤਲ ੪. ਰਸਾਤਲ
੫. ਪਾਤਾਲ ੬. ਮਹਾਤਲ ੭. ਤਲਾਤਲ

ਅਤਲ ਵਿਤਲ ਔ ਸੁਤਲ, ਚਉਥ ਰਸਾਤਲ ਜਾਨ।
ਪਾਤਾਲ ਮਹਾਤਲ ਤਲਾਤਲ, ਸਾਤ ਪਾਤਾਲ ਪਛਾਨ॥ ੯॥

ਸੱਤ ਆਕਾਸ਼

੧. ਤੂਰ ੨. ਭਵਰ ੩. ਜਨ ੪. ਮਹਰ ੫. ਤਪ ੬. ਸਤ ੭. ਸ਼ੂਰ

ਸਾਤੋ ਅਕਾਸ ਸਾਤੋ ਪਤਾਰ॥
ਬਿਥਰਿਓ ਅਦ੍ਰਿਸਟ ਜਿਹ ਕਰਮ ਜਾਰ॥ ੬॥ ੨੭੨॥

(ਸ੍ਰੀ ਦਸਮ ਗ੍ਰੰਥ, ਅਕਾਲ ਉਸਤਤ)

ਸੱਤ ਦੀਪ (ਸ਼ਾਸਤ੍ਰਾਂ ਅਨੁਸਾਰ)

ਪ੍ਰਿਥਵੀ ਦੇ ਸੱਤ ਉਹ ਭਾਗ ਜੋ ਭਾਗਵਤ ਆਦਿ ਪੁਰਾਣਾਂ ਨੇ ਸੱਤ ਸਮੁੰਦਰਾਂ ਵਿੱਚ ਘਿਰੇ ਹੋਏ ਮੰਨੇ ਹਨ।

੧. ਜੰਬੂ ੨. ਪਲਖ ੩. ਸਾਲਮਲਿ (ਸ੍ਮੈਤ) ੪. ਕੁਸ
੫. ਪੁਸ਼ਕਰ ੬. ਸਾਕ ੭. ਕ੍ਰੌਚ

ਸੱਤ ਦੀਪ (ਭੂਗੋਲ ਅਨੁਸਾਰ)

੧. ਅਫ਼ਰੀਕਾ ੨. ਯੂਰਪ ੩. ਏਸ਼ੀਆ ੪. ਉੱਤਰੀ ਅਮਰੀਕਾ
੫. ਦੱਖਣੀ ਅਮਰੀਕਾ ੬. ਉੱਤਰੀ ਤੇ ਦੱਖਣੀ ਧ੍ਰੁਵ ੭. ਆਸਟ੍ਰੇਲੀਆ

ਸੱਤ ਸਮੁੰਦਰ

੧. ਖੀਰ ਸਮੁੰਦਰ ੨. ਦਧਿ ਸਮੁੰਦਰ ੩. ਬਿਖ ਸਮੁੰਦਰ ੪. ਜਲ ਸਮੁੰਦਰ
੫. ਘ੍ਰਿਤ ਸਮੁੰਦਰ ੬. ਸ਼ਰਾਬ ਸਮੁੰਦਰ ੭. ਮਧੂ ਸਮੁੰਦਰ। ਜੈਸਾ ਕਿ :

ਦੋਹਰਾ : ਬਿਖ ਮਦੁਰਾ ਘ੍ਰਿਤ ਖੀਰ ਹੈਂ, ਦਧੀ ਮਧੂ ਅਰੁ ਨੀਰ।
ਸਪਤ ਸਮੁੰਦ ਪੁਰਾਨ ਮੇ, ਗੁਨੀਅਨ ਭਨੇ ਗੰਭੀਰ॥ ੩॥ (ਛੱਤੀਸ ਗਿਆਨ)

ਅਥਵਾ ਸੱਤ ਸਮੁੰਦਰ

੧. ਅੰਧ ਮਹਾਂਸਾਗਰ ੨. ਪ੍ਰਸ਼ਾਂਤ ਮਹਾਂਸਾਗਰ ੩. ਹਿੰਦ ਮਹਾਂਸਾਗਰ
੪. ਉੱਤਰੀ ਧ੍ਰੁਵ ਮਹਾਂਸਾਗਰ ੫. ਦੱਖਣੀ ਧ੍ਰੁਵ ਮਹਾਂਸਾਗਰ ੬. ਲਾਲ ਸਾਗਰ
੭. ਰੂਮ ਸਾਗਰ

ਸੱਤ ਪ੍ਰਕਾਰ ਦੀ ਅਗਨੀ

੧. **ਸਮਾਨ ਅਗਨੀ** = ਸਮਾਨ ਅਗਨੀ ਸਾਰੀ ਬਨਸਪਤੀ ਹੈ।
੨. **ਦਾਵਾ ਅਗਨੀ** = ਜੋ ਚੁੱਲ੍ਹਿਆਂ ਵਿੱਚ ਬਲਦੀ ਹੈ।
੩. **ਜਠਰਾ ਅਗਨੀ** = ਜੋ ਖਾਧੇ ਪੀਤੇ ਨੂੰ ਹਜ਼ਮ ਕਰਦੀ ਹੈ।
੪. **ਬੜਵਾਨਲ ਅਗਨੀ** = ਇਹ ਅਗਨੀ ਸਮੁੰਦਰ ਵਿੱਚ ਹੁੰਦੀ ਹੈ ਜੋ ਲੱਖ ਮਣ ਪਾਣੀ ਨੂੰ ਫੂਕਦੀ ਹੈ।
੫. **ਡੋਂ ਅਗਨੀ** = ਜਿਹੜੀ ਬ੍ਰਿਛਾਂ ਆਦਿ ਦੇ ਖਹਿਣ ਨਾਲ ਜਾਂ ਬਾਂਸਾਂ ਦੇ ਆਪਸ ਵਿੱਚ ਖਹਿਣ ਨਾਲ ਜੋ ਅਗਨੀ ਪੈਦਾ ਹੁੰਦੀ ਹੈ ਉਸ ਨੂੰ ਡੋਂ ਅਗਨੀ ਕਹਿੰਦੇ ਹਨ।
੬. ਇਕ ਬੱਦਲਾਂ ਵਿੱਚ ਰਹਿਣ ਵਾਲੀ ਬਿਜਲੀ ਰੂਪ ਹੋ ਕੇ ਵੱਸਦੀ ਹੈ।
੭. ਇਕ ਅਗਨੀ ਸੂਰਜ ਦੀ ਕਿਰਣ ਆਰਸੀ ਭਾਵ ਸ਼ੀਸ਼ੇ 'ਤੇ ਪੈਣ ਤੋਂ ਪੈਦਾ ਹੁੰਦੀ ਹੈ।

ਅਗਿਆਨ ਦੀਆਂ ਸੱਤ ਭੂਮਿਕਾਵਾਂ

੧. ਬੀਰ ਜਾਗ੍ਰਤ ੨. ਸੁਖੋਪਤ ੩. ਸੁਪਨ ਜਾਗ੍ਰਤ ੪. ਜਾਗ੍ਰਤ
੫. ਅਵਰਨ ੬. ਵਿਖੇਪ ੭. ਅਵਿੱਦਿਆ

ਸੱਤ ਪ੍ਰਕਾਰ ਦੀ ਮੌਤ

੧. **ਰੂਹਾਨੀਅਤ ਮੌਤ** = ਜਿਹੜੀ ਆਤਮਾ ਨਾਮ ਦੀ ਖ਼ੁਰਾਕ ਤੋਂ ਬਗੈਰ ਹੈ, ਉਹ ਰੂਹਾਨੀਅਤ ਮੌਤ ਹੈ।
੨. **ਧਾਰਮਿਕ ਮੌਤ** = ਆਪਣਾ ਧਰਮ ਛੱਡ ਕੇ ਹੋਰ ਧਰਮ ਵਿੱਚ ਪਰਵਿਰਤ ਹੋ ਜਾਣਾ, ਇਹ ਧਾਰਮਿਕ ਮੌਤ ਹੈ।
੩. **ਇਖ਼ਲਾਕੀ ਮੌਤ** = ਆਪਣੇ ਇਖ਼ਲਾਕ ਤੋਂ ਡਿੱਗ ਜਾਣਾ ਭਾਵ ਆਪਣਾ ਸ਼ੁੱਭ ਚਰਿਤ੍ਰ ਛੱਡ ਕੇ ਅਸ਼ੁੱਭ (ਭੈੜੇ) ਚਰਿਤ੍ਰ ਵਿੱਚ ਪ੍ਰਵੇਸ਼ ਹੋ ਜਾਣਾ, ਇਹ ਇਖ਼ਲਾਕੀ ਮੌਤ ਹੈ।
੪. **ਸਮਾਜਿਕ ਮੌਤ** = ਕੋਈ ਅਜਿਹੀ ਕੁਰੀਤੀ ਕਰ ਦਿੱਤੀ ਹੋਵੇ ਕਿ ਸੰਸਾਰ ਨਕਾਰ ਦੇਵੇ, ਇਸ ਨੂੰ ਸਮਾਜਿਕ ਮੌਤ ਕਹਿੰਦੇ ਹਨ।
੫. **ਰਾਜਨੀਤਿਕ ਮੌਤ** = ਦੁਸ਼ਮਣਾਂ ਕਰਕੇ, ਵਿਰੋਧੀ ਮੰਤਰੀਆਂ ਕਰਕੇ ਰਾਜਨੀਤੀ ਵਿੱਚੋਂ ਹੱਥ ਧੋ ਬੈਠਣਾ, ਇਹ ਰਾਜਨੀਤਿਕ ਮੌਤ ਹੈ।
੬. **ਅਪਕੀਰਤਿਕ ਮੌਤ** = ਸੰਸਾਰ ਵਿੱਚ ਅਪਜਸ ਹੋ ਜਾਣਾ, ਇਹ ਅਪਕੀਰਤਿਕ ਮੌਤ ਹੈ।
੭. **ਸਰੀਰਕ ਮੌਤ** = ਸਰੀਰ ਦਾ ਨਾਸ਼ ਹੋ ਜਾਣਾ, ਇਹ ਸਰੀਰਕ ਮੌਤ ਹੈ।

ਸੱਤ ਵਿਭਕਤੀਆਂ

ਜੋ ਵਿਆਕਰਣ ਵਿੱਚ ਸੱਤ ਵਿਭਕਤੀਆਂ ਮੰਨੀਆਂ ਹਨ, ਵਿਭਕਤੀ ਦਾ ਭਾਵ ਵਿਭਾਗ ਵੰਡਿਆ ਹੋਇਆ, ਜੈਸਾ ਕਿ :

ਰਾਮਾ, ਰਾਮੰ, ਰਾਮੇਣ, ਰਾਮੇਤ, ਰਾਮਾਇ, ਰਾਮਸਿਆ, ਰਾਮਾਸੁ ॥

ਰਾਮ ਹੈ, ਰਾਮ ਨੂੰ, ਰਾਮ ਕਰਕੇ, ਰਾਮਤਾਈਂ, ਰਾਮ ਸੇ, ਰਾਮ ਕੀ, ਰਾਮ ਵਿਖੇ।

ਯਥਾ : ਹੈ ਪ੍ਰਿਥਮਾ, ਨੂੰ ਦੁਤੀਆ, ਕਰਕੇ ਤ੍ਰਿਤੀਆ ਜਾਣ।
ਤਾਈਂ ਵਾਸਤੇ ਚਤੁਰਥੀ ਤੇ ਮੇ ਪੰਚਮ ਮਾਨ।
ਕਾ ਕੀ ਕੋ ਖਸਟੀ ਅਹੈ, ਵਿਖੇ ਸਪਤਮੀ ਜਾਣ।

ਵਿਆਕਰਣ ਵਿੱਚ ਛੇ ਕਾਰਕ ਮੰਨੇ ਹਨ,

ਕਾਰਕ - ਸੰ. ਵਿ. ਕਰਨ ਵਾਲਾ, ਕਰਤਾ, ਇਸ ਸ਼ਬਦ ਦਾ ਵਿਸ਼ੇਸ਼ ਕਰਕੇ ਪ੍ਰਯੋਗ ਦੂਜੇ ਸ਼ਬਦਾਂ ਨਾਲ ਮਿਲ ਕੇ ਹੋਇਆ ਕਰਦਾ ਹੈ, ਜੈਸਾ ਸੁਖ ਕਾਰਕ, ਦੁਖ ਕਾਰਕ ਆਦਿ - ਸੰਗਜਾ - ਵਿਆਕਰਣ ਅਨੁਸਾਰ ਸੰਗਜਾ ਅਥਵਾ ਸਰਵ ਨਾਮ ਸ਼ਬਦ ਦੀ ਉਹ ਅਵਸਥਾ ਜਿਸ ਨਾਲ ਉਸ ਕ੍ਰਿਯਾ ਨਾਲ ਸੰਬੰਧ ਪ੍ਰਗਟ ਹੋਵੇ, ਕਾਰਕ ਛੇ ਹਨ : ਕਰਤਾ, ਕਰਮ, ਕਰਣ, ਸੰਪ੍ਰਦਾਨ, ਅਪਾਦਾਨ ਅਤੇ ਅਧਿਕਰਣ, ਇਨ੍ਹਾਂ ਵਿੱਚ ਛੇਵੀਂ ਵਿਭਕਤੀ ਬਿਨਾਂ ਹੋਰ ਸਭੇ ਵਿਭਕਤੀਆਂ ਯਥਾ ਕ੍ਰਮ ਲੱਗਦੀਆਂ ਹਨ।

ਨੋਟ : ਛੇ ਕਾਰਕਾਂ ਨੂੰ ਵਿਸਥਾਰ ਸਹਿਤ ੬ ਅੰਕ ਦੀ ਗਿਣਤੀ ਵਿੱਚ ਵੇਖੋ।

ਨਾਮ ਪਦ ਦੇ ਸੱਤ ਅਰਥ

ਨਾਮ ਦਾ ਸੰਸਕ੍ਰਿਤ ਵਿੱਚ ਰੂਪ 'ਜਾਸਨ੍' ਹੈ।

੧. **ਪ੍ਰਸਿੱਧੀ, ਮਸ਼ਹੂਰੀ =** ਜੋ ਵੀ ਪਰਮਾਤਮਾ ਦਾ ਨਾਮ ਜਪਦਾ ਹੈ, ਉਸ ਦੀ ਪ੍ਰਸਿੱਧੀ ਚਾਰੇ ਕੁੰਟਾਂ ਵਿੱਚ ਹੋ ਜਾਂਦੀ ਹੈ। ਜੈਸਾ ਕਿ :

ਜਿਸੁ ਨੀਚ ਕਉ ਕੋਈ ਨ ਜਾਨੈ॥ ਨਾਮ ਜਪਤ ਉਹੁ ਚਹੁ ਕੁੰਟ ਮਾਨੈ॥ ੧॥

(ਅੰਗ ੩੮੬)

ਹਰਿ ਸਿਮਰਨਿ ਨੀਚ ਚਹੁ ਕੁੰਟ ਜਾਤੇ॥ **(ਅੰਗ ੨੬੩)**

੨. **ਅੰਗੀਕਾਰ =** ਜੋ ਵੀ ਪਰਮਾਤਮਾ ਦਾ ਨਾਮ ਜਪਦਾ ਹੈ, ਪ੍ਰਮਾਤਮਾ ਉਸ ਨੂੰ ਅਪਣਾ ਲੈਂਦਾ ਹੈ ਭਾਵ ਉਸ ਦਾ ਪੱਖ ਕਰਦਾ ਹੈ। ਜੈਸਾ ਕਿ :

ਅੰਗੀਕਾਰੁ ਕੀਓ ਮੇਰੈ ਕਰਤੈ ਗੁਰ ਪੂਰੇ ਕੀ ਵਡਿਆਈ॥

(ਅੰਗ ੫੦੦)

ਨੋਟ : ਵਿਆਕਰਣ ਅਨੁਸਾਰ ''ਓਅੰਕਾਰ'' ਦਾ ਸੰਪ੍ਰਦਾ ਵਿੱਚ ਉਚਾਰਨ ਮਾਤ੍ਰ ਸੇ ਰਖਿਆ ਕਰਨ ਵਾਲਾ ਅਰਥ ਬਣਦਾ ਹੈ। ਭਾਵ ਜੋ ਉਚਾਰਨ ਕਰਨ ਵਾਲੇ ਦਾ ਪੱਖ ਕਰੇ ਉਸ ਨੂੰ ਓਅੰਕਾਰ ਕਹਿੰਦੇ ਹਨ। ਇਸ ਕਰਕੇ ਨਾਮ ਦਾ ਅਰਥ ਅੰਗੀਕਾਰ ਹੈ।

੩. **ਸਮਰਣ (ਚੇਤਾ) =** ਸਿਮਰਨ, ਚਿੰਤਨ ਕਰਨਾ, ਜੈਸਾ ਕਿ :

ਤਿਨ ਕਵਣੁ ਖਲਾਵੈ ਕਵਣੁ ਚੁਗਾਵੈ ਮਨ ਮਹਿ ਸਿਮਰਨੁ ਕਰਿਆ ॥ ੩ ॥

(ਅੰਗ ੧੦)

੪. ਕਰਤਾਰ ਅਤੇ ਉਸ ਦਾ ਹੁਕਮ ਬੋਧਕ ਸ਼ਬਦ। ਜੈਸਾ ਕਿ :

ਨਾਮ ਕੇ ਧਾਰੇ ਸਗਲੇ ਜੰਤ॥ ਨਾਮ ਕੇ ਧਾਰੇ ਖੰਡ ਬ੍ਰਹਮੰਡ॥ **(ਅੰਗ ੨੮੪)**

੫. ਵਿਆਕਰਣ ਅਨੁਸਾਰ = (ਨਾ+ਮੁ) ਭਾਵ ਜਿਸ ਵਿੱਚ ਮੁ=ਮੋਹ ਨ=ਨਹੀਂ ਹੈ, ਉਹ ਨਾਮ ਹੈ। ਅਰਥਾਤ ਜੋ ਨਾਮ ਜਪਦਾ ਹੈ, ਉਸ ਦੇ ਹਿਰਦੇ ਅੰਦਰ ਮੋਹ ਆਦਿਕ ਬਿਕਾਰ ਨਹੀਂ ਰਹਿੰਦੇ, ਚਿੰਤਨ ਕਰਨ ਵਾਲੇ ਨੂੰ ਮੋਹ ਰਹਿਤ ਕਰਨ ਕਰਕੇ ਵੀ ਇਸ ਨੂੰ ਨਾਮ ਕਹਿੰਦੇ ਹਨ।

੬. ਵੈਦਕ ਅਨੁਸਾਰ ਅਰਥ = 'ਨਾ' ਅੱਖਰ ਦੇ ਕੰਨੇ ਵਿੱਚੋਂ 'ਆ' ਅੱਖਰ ਲੈ ਕੇ ਇਸ ਦੇ ਦੋ ਪਦ ਬਣਾ ਲੈਣੇ (ਨ+ਆਮ) ਆਮ=ਬਿਮਾਰੀ ਦੀ ਨ=ਨਵਿਰਤੀ ਕਰਨ ਵਾਲਾ ਅਰਥਾਤ ਸਾਰੇ ਰੋਗਾਂ ਨੂੰ ਖੰਡਣ, ਨਾਸ ਕਰਨ ਕਰਕੇ ਵੀ ਨਾਮ ਕਿਹਾ ਹੈ। ਜੈਸਾ ਕਿ :

ਸਰਬ ਰੋਗ ਕਾ ਅਉਖਦੁ ਨਾਮੁ ॥ **(ਅੰਗ ੨੭੪)**

੭. ਕਿਸੇ ਵੀ ਵਸਤੂ ਦੇ ਬੋਧ ਕਰਾਉਣ ਵਾਲੇ ਸ਼ਬਦ ਨੂੰ ਨਾਮ ਕਹਿੰਦੇ ਹਨ, ਜਿਸ ਕਰਕੇ ਅਰਥ ਜਾਣਿਆ ਜਾਵੇ ਉਹ ਨਾਮ ਕਹੀਦਾ ਹੈ ਜੋ ਦੋ ਪ੍ਰਕਾਰ ਦਾ ਹੈ : (੧.ਵਸਤੂ ਵਾਚਕ ਨਾਮ) (੨.ਭਾਵ ਵਾਚਕ ਨਾਮ)।

ਨੋਟ : ਦੋ ਪ੍ਰਕਾਰ ਦੇ ਨਾਂਵਾਂ ਨੂੰ ਵਿਸਥਾਰ ਸਹਿਤ ੨ ਅੰਕ ਦੀ ਗਿਣਤੀ ਵਿੱਚ ਦੇਖੋ।

ਸੱਤ ਪ੍ਰਕਾਰ ਦਾ ਡਰ

ਯਹ ਭੈ ਪਰਲੋਕ ਭੈ ਜਨਮ ਬੇਦਨਾ ਜਾਤਿ॥
ਅਨ ਰੱਖਿਆ ਅਰੁ ਗੁਪਤ ਭੈ ਅਕਸ ਮਾਤਰ ਭੈ ਸਾਤ॥

੧. ਯਹ ਭੈ = ਯਹ=ਇਹ ਸੰਸਾਰ ਦਾ ਭੈ=ਡਰ ਭਾਵ ਇਸ ਜਗਤ ਵਿੱਚ ਜਿਤਨੇ ਵੀ ਮੱਛਰ ਤੋਂ ਲੈ ਕੇ ਬ੍ਰਹਮਾ ਤਕ ਅਰਥਾਤ ਛੋਟੇ ਵੱਡੇ ਜੀਵ ਜੰਤ ਹਨ ਉਹ ਸਾਰੇ ਇਕ ਦੂਸਰੇ ਦੇ ਭੈ ਵਿੱਚ ਹਨ, ਜਿਵੇਂ ਚੂਹੇ ਨੂੰ ਬਿੱਲੀ ਦਾ, ਬਿੱਲੀ ਨੂੰ ਕੁੱਤੇ ਦਾ, ਕੁੱਤੇ ਨੂੰ ਮਨੁੱਖ ਦਾ ਆਦਿ ਭੈ ਬਣਿਆ ਰਹਿੰਦਾ ਹੈ।

੨. ਪ੍ਰਲੋਕ ਭੈ = ਪ੍ਰਲੋਕ ਦਾ ਭੈ=ਡਰ, ਭਾਵ ਧਰਮ ਸ਼ਾਸਤ੍ਰਾਂ ਅਤੇ ਗੁਰਬਾਣੀ ਅਨੁਸਾਰ ਪੜ੍ਹ ਸੁਣ ਕੇ ਇਹ ਭੈ ਆਉਣਾ ਕਿ ਜੀਵ ਨੂੰ ਕੀਤੇ ਮਾੜੇ ਕਰਮਾਂ ਅਨੁਸਾਰ ਪ੍ਰਲੋਕ ਵਿੱਚ ਸਜ਼ਾਵਾਂ ਮਿਲਣਗੀਆਂ। ਜੈਸਾ ਕਿ :

ਪਾਪ ਕਰੇਦੜ ਸਰਪਰ ਮੁਠੇ ॥ ਅਜਰਾਈਲਿ ਫੜੇ ਫੜਿ ਕੁਠੇ ॥
ਦੋਜਕਿ ਪਾਏ ਸਿਰਜਣਹਾਰੈ ਲੇਖਾ ਮੰਗੈ ਬਾਣੀਆ ॥ ੨ ॥

(ਅੰਗ ੧੦੧੯)

੩. ਜਨਮ ਵੇਦਨਾ = ਜਨਮ ਸਮੇਂ ਦੀ ਵੇਦਨ=ਪੀੜਾ ਦਾ ਭੈ, ਭਾਵ ਧਰਮ ਸ਼ਾਸਤ੍ਰਾਂ ਅੰਦਰ ਜਨਮ ਸਮੇਂ ਦੇ ਕਸ਼ਟਾਂ ਨੂੰ ਸੁਨਿਆਰੇ ਦੀ ਜਿੰਦਰੀ ਵਿੱਚੋਂ ਤਾਰ ਖਿੱਚਣ ਸਮਾਨ ਜਨਮ ਵੇਲੇ ਦਾ ਕਸ਼ਟ ਦੱਸਿਆ ਹੈ। ਜੈਸਾ ਕਿ :

ਜਨਮ ਮਰਨ ਕਾ ਦੁਖੁ ਘਣੋ ਨਿਤ ਸਹਸਾ ਦੋਦੀ॥ **(ਅੰਗ ੪੨੨)**

੪. **ਜਾਤਿ** = ਜਾਤਿ=ਜਾਤੀ ਦਾ ਭੈ ਬਣਿਆ ਰਹਿਣਾ, ਭਾਵ ਕਈ ਵਾਰ ਇਕ ਜਾਤੀ ਦੇ ਜੀਵਾਂ ਨੂੰ ਕਿਸੇ ਮੁਸੀਬਤ ਸਮੇਂ ਭੈ ਬਣ ਆਉਣਾ, ਜਿਵੇਂ ਔਰੰਗਜ਼ੇਬ ਨੇ ਬ੍ਰਾਹਮਣ ਜਾਤੀ ਵਾਲਿਆਂ ਨੂੰ ਭੈ ਦਿੱਤਾ ਸੀ।

੫. **ਅਨਰੱਖਿਆ ਭੈ** = ਜਿੱਥੇ ਕੋਈ ਵੀ ਜੀਵ ਦੀ ਰੱਖਿਆ ਨਹੀਂ ਕਰ ਸਕਦਾ, ਉਥੋਂ ਦਾ ਭੈ ਬਣਿਆ ਰਹਿਣਾ ਕਿ ਉਥੇ ਮੇਰੀ ਕੋਈ ਰੱਖਿਆ ਨਹੀਂ ਕਰੇਗਾ।

੬. **ਗੁਪਤ ਭੈ** = ਜਿਵੇਂ ਘਾਹ ਆਦਿ ਕੱਖਾਂ ਵਿੱਚ ਤੁਰੇ ਫਿਰਦਿਆਂ ਸੱਪ ਆਦਿ ਜ਼ਹਿਰੀਲੇ ਜੀਵਾਂ ਦਾ ਮਨ ਵਿੱਚ ਗੁਪਤ ਭੈ ਬਣਿਆ ਰਹਿਣਾ ਜਾਂ ਰਾਤ ਦੇ ਸਮੇਂ ਹਨੇਰੇ ਅੰਦਰ ਮਨੁੱਖ ਦੇ ਮਨ ਵਿੱਚ ਭੂਤਾਂ ਪ੍ਰੇਤਾਂ ਆਦਿ ਦਾ ਅਤੇ ਗੁਪਤ ਰੂਹਾਂ ਦਾ ਭੈ ਬਣਿਆ ਰਹਿਣਾ।

੭. **ਅਕਸਮਾਤ੍ਰ ਭੈ** = ਅਕਸਮਾਤ੍ਰ=ਅਚਨਚੇਤ ਕਿਸੇ ਘਟਨਾ ਵਾਪਰਨ ਦਾ ਭੈ ਬਣਿਆ ਰਹਿਣਾ। ਜਿਵੇਂ ਅਸਮਾਨੀ ਬਿਜਲੀ ਕੜਕਣ ਤੇ ਡਿੱਗਣ ਦਾ ਡਰ ਜਾਂ ਕਿਸੇ ਵਹੀਕਲ 'ਤੇ ਜਾਣ ਸਮੇਂ ਦੁਰਘਟਨਾ ਵਾਪਰਨ ਦਾ ਭੈ ਬਣਿਆ ਰਹਿਣਾ।

ਇਹ ਸੱਤ ਪ੍ਰਕਾਰ ਦਾ ਦੁਨਿਆਵੀ ਭੈ ਮੰਨਿਆ ਹੈ। ਇਸ ਤੋਂ ਇਲਾਵਾ ਇਕ ਮੌਤ ਦਾ ਭੈ ਹੈ, ਜੋ ਸਾਰਿਆਂ ਨੂੰ ਵਿਆਪ ਰਿਹਾ ਹੈ, ਮੌਤ ਤੋਂ ਸਾਰੇ ਡਰਦੇ ਹਨ। ਜੈਸਾ ਕਿ :

ਮਰਣੈ ਤੇ ਜਗਤੁ ਡਰੈ ਜੀਵਿਆ ਲੋੜੈ ਸਭੁ ਕੋਇ ॥ (ਅੰਗ ੫੫੫)

ਪਰ ਉਸ ਅਕਾਲ ਪੁਰਖ ਵਾਹਿਗੁਰੂ ਦਾ ਨਾਮ ਜਪਣ ਵਾਲੇ ਮਹਾਂਪੁਰਖਾਂ ਸੰਤਾਂ ਨੂੰ ਇਹ ਉਪਰੋਕਤ ਭੈ ਨਹੀਂ ਵਿਆਪਦੇ। ਜੈਸਾ ਕਿ :

ਨਿਰਭਉ ਜਪੈ ਸਗਲ ਭਉ ਮਿਟੈ ॥ (ਅੰਗ ੨੯੩)

ਨਿਰਭਉ ਵਾਹਿਗੁਰੂ ਨੂੰ ਜਪਣ ਕਰਕੇ ਉਹਨਾਂ ਦੇ ਸਭ ਭੈ ਮਿਟ (ਨਵਿਰਤ) ਹੋ ਜਾਂਦੇ ਹਨ।

ਗਿਆਨ ਦੀਆਂ ਸੱਤ ਭੂਮਿਕਾਵਾਂ

੧. **ਸ਼ੁਭ ਇੱਛਾ** = ਪ੍ਰਭੂ ਦੀ ਪ੍ਰਾਪਤੀ ਲਈ ਮਨ ਵਿੱਚ ਸ਼ੁਭ ਇੱਛਾ ਹੋਣੀ, ਭਾਵ ਭਜਨ ਸਿਮਰਨ ਕਰਨ, ਸਤਿਸੰਗ ਕਰਨ, ਕਥਾ ਕੀਰਤਨ ਕਰਨ ਜਾਂ ਸੁਣਨ ਆਦਿ ਦੀ ਸ਼ੁਭ ਇੱਛਾ ਮਨ ਵਿੱਚ ਹੋਣੀ। ਗੁਰਬਾਣੀ ਵਿੱਚ ਇਸ ਅਵਸਥਾ ਨੂੰ ਇਸ ਪ੍ਰਕਾਰ ਕਿਹਾ ਗਿਆ ਹੈ, ਜੈਸਾ ਕਿ :

ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨੁ ਦੇਖੇ ॥

(ਅੰਗ ੬੯੪)

ਦੋਹਰਾ ॥ ਬਿਖਿਆ ਬਿਖੈ ਭਈ ਦ੍ਵੈਖਤਾ, ਗੁਰ ਤੀਰਥ ਅਨੁਰਾਗ।
ਤਾਂਤੇ ਸ਼ੁਭ ਇੱਛਾ ਕਹੀ, ਕਥਾ ਸ੍ਰਵਨ ਮਨ ਲਾਗ ॥ ੯ ॥
ਭਗਵਤੇ ਰਤਿ ਗਤਿ ਆਨਮਤਿ, ਪ੍ਰੇਮ ਜੁ ਗਤਿ ਨਿਤ ਚਿੱਤ।
ਗੁਣਗਾਵਤ ਪੁਲਕਤ ਹ੍ਰਿਦੇ, ਦਿਨ ਦਿਨ ਸਰਸ ਸੁਹਿਤ ॥ ੧੦ ॥

(ਵਿਚਾਰ ਮਾਲਾ)

੨. **ਸੁਵਿਚਾਰਨਾ** = ਸੱਤ-ਅਸੱਤ ਦੀ ਸ਼੍ਰੇਸਟ ਵਿਚਾਰ ਪ੍ਰਾਪਤ ਹੋਣੀ ਕਿ ਮੈਂ ਕੀ ਹਾਂ ਤੇ ਬ੍ਰਹਮ ਕੀ ਹੈ? ਸੰਸਾਰ ਕੀ ਹੈ? ਆਦਿ ਨੂੰ ਵਿਚਾਰ ਕੇ ਇਕੋ ਬ੍ਰਹਮ ਵਿੱਚ ਨਿਸ਼ਚਾ ਕਰਨਾ। ਗੁਰਬਾਣੀ ਅਨੁਸਾਰ :

ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥
ਈਘੈ ਨਿਰਗੁਨ ਊਘੈ ਸਰਗੁਨ, ਕੇਲ ਕਰਤ ਬਿਚਿ ਸੁਆਮੀ ਮੇਰਾ ॥ ੧ ॥ ਰਹਾਉ ॥ (ਅੰਗ ੮੨੭)

ਦੂਜੀ ਕਹੀ ਬਿਚਾਰਨਾ, ਉਪਜਜੋ ਤੱਤ ਬਿਚਾਰ॥
ਏਕੰਤ ਹ੍ਵੈ ਸੋਧਨ ਲਗਜੋ, ਕੋ ਹੰ ਕੋ ਸੰਸਾਰ॥ ੧੧ ॥ (ਵਿਚਾਰਮਾਲਾ)

੩. ਤਨੂੰ ਮਾਨਸਾ = ਤਨੂੰ=ਮਨ ਦੀਆਂ ਮਾਨਸਾ=ਵਾਸ਼ਨਾਵਾਂ ਰੁੱਕ ਜਾਣਗੀਆਂ।

ਗੁਰਬਾਣੀ ਅਨੁਸਾਰ :

ਕਾਮ ਕ੍ਰੋਧ ਮਿਟੇ ਤਿਸੁ ਲੋਭਾ॥ (ਅੰਗ ੧੩੩੮)
ਤਨੂ ਮਾਨਸਾ ਸੁ ਤੀਸਰੀ ਮਨ ਕੋ ਪ੍ਰਤਆਹਾਰ॥
ਥਿਤ ਹ੍ਵੈ ਸੁਧ ਸਰੂਪ ਕੀ ਰਾਖੈ ਨਿਤ ਸੰਭਾਰ॥ (ਵਿਚਾਰਮਾਲਾ)

੪. ਸਤੁਆਪਤ = ਸੱਤ ਸਰੂਪ ਦੇ ਯਥਾਰਥ ਗਿਆਨ ਦੀ ਪ੍ਰਾਪਤੀ ਹੋ ਜਾਣੀ ਭਾਵ ਸਾਰਾ ਸੰਸਾਰ ਆਤਮਾ ਰੂਪ ਪ੍ਰਤੀਤ ਹੋਣ ਲੱਗ ਜਾਣਾ।

ਨੋਟ : ਜਿਵੇਂ ਸੁੱਤਾ ਹੋਇਆ ਪੁਰਸ਼ ਜਦੋਂ ਜਾਗ ਪਵੇ ਤਾਂ ਜਾਗ੍ਰਤ ਅਵਸਥਾ ਵਿੱਚ ਸਾਰਾ ਗਿਆਨ ਹੋ ਜਾਂਦਾ ਹੈ। ਬਿਆਲੀ (੪੨) ਭਾਵ ਫੁਰਨ ਲੱਗ ਪੈਂਦੇ ਹਨ ਤੇ ਇਉਂ ਸਤੁ=ਸੱਤ ਸਰੂਪ ਦੇ ਗਿਆਨ ਦੀ ਆਪਤ=ਪ੍ਰਾਪਤੀ ਹੋ ਜਾਣੀ, ਇਸ ਨੂੰ ਸਤੁਆਪਤ ਕਹਿੰਦੇ ਹਨ।

ਗੁਰਬਾਣੀ ਅਨਸਾਰ :

ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ॥ (ਅੰਗ ੪੮੫)
ਚਤੁਰਥ ਸਤ੍ਵਾਪਤਿ ਯਿਹ ਅਨਭਵ ਉਦੈ ਅਭੰਗ॥
ਆਤਮ ਜਗ ਦਰਸਿਓ ਭਲੇ, ਜਿਉ ਮਧ ਸਿੰਧੁ ਤਰੰਗ॥ (ਵਿਚਾਰਮਾਲਾ)

੫. ਅਸੰਸਕਤ = ਅਸੰ=ਹੰਕਾਰ ਤੇ ਸਕਤ=ਮੋਹ ਦੀ ਨਵਿਰਤੀ ਹੋ ਜਾਣੀ। ਗੁਰਬਾਣੀ ਅਨੁਸਾਰ :

ਮਾਨ ਮੋਹ ਦੋਨੌ ਕਉ ਪਰਹਰਿ ਗੋਬਿੰਦ ਕੇ ਗੁਨ ਗਾਵੈ॥ (ਅੰਗ ੮੩੧)
ਛੂਟਿਯੋ ਤਨ ਅਭਿਮਾਨ ਜਬ, ਨਿਸਚੈ ਕੀਯੋ ਸਰੂਪ॥
ਅਸੰਸਕਤਿ ਯਹਿ ਭੂਮਿਕਾ, ਪੰਚਮ ਮਹਾਂ ਅਨੂਪ॥ ੧੪ ॥ (ਵਿਚਾਰਮਾਲਾ)

ਵਸ਼ਿਸ਼ਟ ਜੀ ਨੇ ਇਸ ਦਾ ਨਾਮ ਬ੍ਰਹਮ ਬਿਸਟ ਲਿਖਿਆ ਹੈ।

੬. ਪਦਾਰਥ ਅਭਾਵਨੀ = ਸੁਖੋਪਤ ਅਵਸਥਾ ਦੀ ਨਿਆਈਂ ਸਾਰੇ ਪਦਾਰਥਾਂ ਦਾ ਅਭਾਵ ਹੋ ਜਾਣਾ। ਗੁਰਬਾਣੀ ਅਨੁਸਾਰ :

ਅੰਤਰਿ ਸੁੰਨੰ ਬਾਹਰਿ ਸੁੰਨੰ ਤ੍ਰਿਭਵਣ ਸੁੰਨ ਮਸੁੰਨੰ ॥
ਚਉਥੇ ਸੁੰਨੈ ਜੋ ਨਰੁ ਜਾਣੈ ਤਾ ਕਉ ਪਾਪੁ ਨ ਪੁੰਨੰ ॥ (ਅੰਗ ੯੪੩)
ਕਹੇ ਪਦਾਰਥ ਬਿਬਧਿ ਲੌ, ਸਭ ਕੋ ਹੋਇ ਅਭਾਵ॥
ਯਹਿ ਪਦਾਰਥ ਅਭਾਵਨੀ, ਖਸਟੀ ਭੂਮ ਵਿਖਾਵ॥ ੧੫ ॥ (ਵਿਚਾਰਮਾਲਾ)

ਵਸ਼ਿਸ਼ਟ ਜੀ ਨੇ ਇਸ ਦਾ ਨਾਮ ਬ੍ਰਹਮ ਬ੍ਰਿਸ਼ਟ ਵਰ ਲਿਖਿਆ ਹੈ।

੭. ਤੁਰੀਆ ਪਦ = ਜਾਗਤ੍ਰ, ਸੁਪਨ, ਸੁਖੋਪਤੀ ਤਿੰਨਾਂ ਅਵਸਥਾਵਾਂ ਦਾ ਅਭਾਵ (ਹੋਣਾ, ਨਾ ਹੋਣਾ) ਹੋ ਜਾਣਾ, ਜਿੱਥੇ ਭਾਵ ਅਭਾਵ ਕੁਝ ਵੀ ਪ੍ਰਤੀਤ ਨਹੀਂ ਹੁੰਦਾ। ਗੁਰਬਾਣੀ ਅਨੁਸਾਰ :

ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ॥ (ਅੰਗ ੪੮੫)

ਭਾਵ ਅਭਾਵ ਨ ਤਹਾ ਕੁਛ, ਸਪਤਮ ਤੁਰੀਆ ਆਹਿ॥

ਮੈ ਤੂੰ ਤਹਾ ਨ ਸੰਭਵੈ, ਕਹਾਂ ਆਹਿ ਕਹ ਨਾਹਿ॥ ੧੬॥ (ਵਿਚਾਰਮਾਲਾ, ਤ੍ਰਿਤੀਯੋ ਬਿਸ੍ਰਾਮ)

ਕੇਵਲ ਤੁਰੀਆ ਤੱਤ ਸਰੂਪ ਸਾਖੀ ਰੂਪ ਹੀ ਰਹਿ ਜਾਣਾ। ਜਿਹੜੀਆਂ ਸ਼ਾਖਾਂ ਪ੍ਰਤੀਤ ਹੋ ਰਹੀਆਂ ਹਨ। ਅਭਾਸ ਬ੍ਰਿਤੀ ਆਦਿਕਾਂ ਦੇ ਸੁਭਾਅ ਸਾਰੀਆਂ ਸ੍ਰਿਮਿਤੀਆਂ ਭੁੱਲ ਜਾਣੀਆਂ। ਜਾਗਤ੍ਰ, ਸੁਪਨ, ਸੁਖੋਪਤ ਤੋਂ ਪਰ੍ਹੇ ਜੋ ਤਿੰਨਾਂ ਅਵਸਥਾਵਾਂ ਦਾ ਸਾਖੀ ਹੈ, ਇਹ ਤੁਰੀਆ ਪਦ ਹੈ। ਜੈਸਾ ਕਿ:

ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ॥ (ਅੰਗ ੬੮੪)

ਕਹੀ ਨ ਉਪਜੈ ਉਪਜੀ ਜਾਣੈ ਭਾਵ ਅਭਾਵ ਬਿਹੂਣਾ॥

ਉਦੈ ਅਸਤ ਕੀ ਮਨ ਬੁਧਿ ਨਾਸੀ ਤਉ ਸਦਾ ਸਹਜਿ ਲਿਵ ਲੀਣਾ॥ (ਅੰਗ ੪੭੫)

ਸੱਤ ਸਤੀ

੧. ਹਰੀ ਚੰਦ ੨. ਦਸ਼ਰਥ ੩. ਧਰਮ ਪੁੱਤ੍ਰ ਯੁਧਿਸ਼ਟਰ ੪. ਰਾਮ
੫. ਪਰਸਰਾਮ ੬. ਬਲਰਾਮ ੭. ਸ਼ੈਵੀ

ਸੱਤ ਸਰਗਮਾਂ

੧. ਸਾ ੨. ਰੇ ੩. ਗਾ ੪. ਮਾ ੫. ਪਾ ੬. ਧਾ ੭. ਨੀ

ਸੱਤ ਪਕਵਾਨੀ

੧. ਲੱਡੂ ੨. ਜਲੇਬੀ ੩. ਬਰਫ਼ੀ ੪. ਬਾਲੂਸ਼ਾਹੀ
੫. ਮੱਠੀ ੬. ਨੁਗਦੀ ੭. ਸ਼ੱਕਰਪਾਰੇ

ਇਹ ਸੱਤੇ ਮਿਲ ਕੇ ਪਕਵਾਨੀ ਬਣਦੀ ਹੈ।

ਸੱਤ ਪਰਬਤ

੧. ਹਿਮਵਾਨ ੨. ਹੇਮਕੁੰਟ ੩. ਨਿਖਦ ੪. ਸੁਮੇਰ
੫. ਚੈਤਰ ੬. ਕਰਣੀ ੭. ਸ੍ਰਿੰਗੀ

ਹੋਰ ਪੁਸਤਕਾਂ ਵਿੱਚ ਇਉਂ ਲਿਖਿਆ ਹੈ :

੧. ਗੰਧ ਮਾਦਨ ੨. ਕੈਲਾਸ਼ ੩. ਸੁਮੇਰ ੪. ਹਿਮਾਚਲ
੫. ਉਦਿਆਚਲ ੬. ਵਿੰਧਿਆਚਲ ੭. ਲੋਕਾ-ਲੋਕ

ਸੱਤ ਰਿਖੀ

ਰਿਖੀ	-	ਉਨ੍ਹਾਂ ਦੀਆਂ ਇਸਤ੍ਰੀਆਂ
੧. ਕਸ਼ਯਪ	-	ਅਦਿਤੀ
੨. ਅਤ੍ਰਿ	-	ਅਨਸੂਆ
੩. ਵਸ਼ਿਸ਼ਟ	-	ਅਰੁੰਧਤੀ
੪. ਵਿਸ਼ਵਾਮਿੱਤ੍ਰ	-	ਮੇਨਕਾ
੫. ਗੌਤਮ	-	ਅਹਿਲਿਆ
੬. ਜਮਦਗਨ	-	ਰੇਣੁਕਾ
੭. ਭਰਦ੍ਵਾਜ	-	ਘ੍ਰਿਤਾਚੀ

ਸੱਤ ਵਾਰ

੧. ਐਤਵਾਰ **੨.** ਸੋਮਵਾਰ **੩.** ਮੰਗਲਵਾਰ **੪.** ਬੁੱਧਵਾਰ
੫. ਵੀਰਵਾਰ **੬.** ਸ਼ੁੱਕਰਵਾਰ **੭.** ਸ਼ਨੀਵਾਰ

✧✧✧

੮.

ਅਸ਼ਟ ਧਾਤ

੧. ਅਸਤ (ਹੱਡੀਆਂ)	੨. ਮਿੱਝ	੩. ਲਹੂ	੪. ਚਮੜੀ
੫. ਮਾਸ	੬. ਰਸ	੭. ਬੀਰਜ	੮. ਵਾਲ

ਦੋਹਰਾ: ਰਕਤ ਰੋਮ ਨਾੜ ਤੁਚਾ, ਅਸਤ ਵੀਰਜ ਖਟ ਜਾਨ।
ਮਿੱਝ ਚਰਬੀ ਯੁਤ ਮੇਲਕੇ, ਅਸ਼ਟ ਧਾਤੂ ਇਨ ਮਾਨ॥ ੯॥

(ਛੱਤੀਸ ਗਿਆਨ)

ਅੱਠ ਸਾਧਨ

੧. **ਵੈਰਾਗ** = ਬ੍ਰਹਮ ਲੋਕ ਤਕ ਜਿੰਨੇ ਪਦਾਰਥ ਹਨ, ਸਭ ਦਾ ਹਿਰਦੇ ਵਿੱਚੋਂ ਅਭਾਵ ਹੋਣਾ, ਪਰਮਾਤਮਾ ਦੀ ਪ੍ਰਾਪਤੀ ਬਿਨਾਂ ਹੋਰ ਕੋਈ ਇੱਛਾ ਹੀ ਨਹੀਂ ਹੋਣੀ, ਇਸ ਦਾ ਨਾਮ ਵੈਰਾਗ ਹੈ।

੨. **ਬਿਬੇਕ** = ਬ੍ਰਹਮ ਤਿੰਨਾਂ ਕਾਲਾਂ ਵਿੱਚ ਸਤਿ ਸਰੂਪ ਹੈ ਅਤੇ ਸੰਸਾਰ ਨਾਸ਼ਵੰਤ ਹੈ, ਐਸੇ ਨਿਸ਼ਚੇ ਦਾ ਨਾਮ ਬਿਬੇਕ ਹੈ।

੩. **ਖਟ ਸੰਪਤੀ** = ੧. ਸਮ ੨. ਦਮ ੩. ਸ਼ਰਧਾ ੪. ਸਮਾਧਾਨ ੫. ਉਪਰਾਮਤਾ ੬. ਤਤਿਖਸ਼ਾ। ਖਟ ਸੰਪਤੀ ਦਾ ਵਿਸਥਾਰ ਅੰਕ ਛੇ (੬) ਦੀ ਗਿਣਤੀ ਵਿੱਚ ਦੇਖੋ।

੪. **ਮੋਖ ਇੱਛਾ** = ਬ੍ਰਹਮ ਦੀ ਪ੍ਰਾਪਤੀ ਅਤੇ ਸੰਸਾਰਕ ਦੁੱਖਾਂ ਦੀ ਨਵਿਰਤੀ ਦਾ ਨਾਮ ਮੁਮੁਖਤਾ ਹੈ।

੫. **ਸ੍ਰਵਣ** = ਖਟ ਚਿੰਨ੍ਹਾਂ ਦੀ ਜੁਗਤੀ ਨਾਲ ਵੇਦਾਂਤ ਵਾਕਾਂ ਦਾ ਤਾਤਪਰਯ ਨਿਸ਼ਚਾ ਕਰਨਾ, ਚਿੱਤ ਨੂੰ ਇਕਾਗਰ ਕਰਕੇ ਪ੍ਰੇਮ ਨਾਲ ਨਾਮ ਸੁਣਨਾ।

੬. **ਮੰਨਣ** = ਜੀਵ ਬ੍ਰਹਮ ਦੇ ਅਭੇਦ ਦੀਆਂ ਸਾਧਕ ਅਤੇ ਭੇਦ ਦੀਆਂ ਬਾਧਕ ਜੁਗਤੀਆਂ ਨਾਲ ਅਦੁੱਤੀ ਬ੍ਰਹਮ ਦਾ ਚਿੰਤਨ ਕਰਨਾ।

ਨੋਟ : ਅਭੇਦ ਦੀਆਂ ਸਾਧਕ ਅਤੇ ਬਾਧਕ ਜੁਗਤੀਆਂ ਦਾ ਵੇਰਵਾ ੨ ਅੰਕ ਦੀ ਗਿਣਤੀ ਵਿੱਚ ਦੇਖੋ।

੭. **ਨਿਧਿਆਸਣ** = ਅਨਾਤਮਾਕਾਰ ਬਿਰਤੀ ਨੂੰ ਤਿਆਗ ਕੇ ਬ੍ਰਹਮਾਕਾਰ ਬਿਰਤੀ ਦੀ ਇਸਥਿਤੀ ਕਰਨੀ।

੮. **ਤਤ ਤ੍ਵੰ ਦਾ ਸੰਸ਼ੋਧਨ** = ਤੱਤ ਪਦ ਦਾ ਲਖ ਅਰਥ ਈਸ਼ਰ ਦਾ ਸਾਖੀ, ਤ੍ਵੰ ਪਦ ਦਾ ਲਖ ਅਰਥ ਜੀਵ ਦਾ ਸਾਖੀ ਇੱਕੋ ਸ਼ੁੱਧ ਸਰੂਪ ਹੈ।

ਜੋਗ ਦਾ ਨਿਰਣਾ

੧. **ਲੈ ਜੋਗ** = ਸੁਤੇ-ਸਿੱਧ ਹੀ ਚਿੱਤ ਦੀਆਂ ਬਿਰਤੀਆਂ ਸੰਸਾਰ ਵੱਲੋਂ ਲੈ ਹੋ ਜਾਣੀਆਂ। ਪਦਾਰਥਾਂ ਵੱਲੋਂ ਸੰਸਕਾਰਾਂ ਦਾ ਇਕਾਗਰ ਹੋ ਜਾਣਾ। ਇਹੋ ਜਿਹੇ ਤੱਤ ਬੇਤੇ ਕ੍ਰੋੜਾਂ ਵਿੱਚੋਂ ਕੋਈ ਕੋਈ ਹੁੰਦੇ ਹਨ ਜਿਨ੍ਹਾਂ ਦਾ ਮਨ ਵਾਸ਼ਨਾਵਾਂ ਵੱਲੋਂ ਉਪਰਾਮ ਹੋ ਜਾਂਦਾ ਹੈ ਅਤੇ ਪ੍ਰਮਾਣ, ਵਿਪਰਜੇ, ਸਿਮ੍ਰਤੀ, ਨਿੰਦ੍ਰਾ, ਵਿਕਲਪ ਆਦਿ ਬਿਰਤੀਆਂ ਸੁਤੇ-ਸਿੱਧ ਹੀ ਲੈ ਹੋ ਜਾਂਦੀਆਂ ਹਨ। ਇਹ ਲੈ ਜੋਗ ਤੰਦ੍ਰਾ ਨੀਂਦ[1] ਨਾਲੋਂ ਵੱਖਰਾ ਹੈ।

੨. **ਮੰਤ੍ਰ ਜੋਗ** = ਮੰਤ੍ਰਾਂ ਨਾਲ ਬਿਰਤੀ ਦਾ ਜੋੜਨਾ, ਇਸ ਨੂੰ ਮੰਤ੍ਰ ਜੋਗ ਕਹਿੰਦੇ ਹਨ।

੩. **ਹਠ ਜੋਗ** = ਹ=ਹਵਨ, ਇਸ ਵਿਚ ਸੂਰਜ ਦੀ ਸੁਰ ਲੈਣੀ ਠ=ਠੰਢ ਇਸ ਵਿੱਚੋਂ ਚੰਦਰਮਾ ਦੀ ਸੁਰ ਲੈਣੀ ਅਤੇ ਪ੍ਰਾਣਾਯਾਮ ਕਰਨਾ।

੪. **ਰਾਜ ਜੋਗ** = ਪ੍ਰਕਾਸ਼ ਸਰੂਪ ਬ੍ਰਹਮ ਵਿੱਚ ਮਨ ਜੁੜਨਾ। ਜੈਸਾ ਕਿ :

ਜੈਸੇ ਜਲ ਮਹਿ ਕਮਲੁ ਨਿਰਾਲਮੁ.....॥ (ਅੰਗ ੯੩੮)

ਵਿਚੇ ਗ੍ਰਿਹ ਗੁਰ ਬਚਨਿ ਉਦਾਸੀ ਹਉਮੈ ਮੋਹੁ ਜਲਾਇਆ ॥ (ਅੰਗ ੫੧੩)

ਗ੍ਰਿਹਸਥੀ ਜੀਵਨ ਬਤੀਤ ਕਰਦਿਆਂ ਹੀ ਉਸ ਵਾਹਿਗੁਰੂ ਵਿੱਚ ਜੁੜੇ ਰਹਿਣਾ।

੫. **ਭਗਤ ਜੋਗ** = ਭਗਤੀ ਕਰ ਕੇ ਬਿਰਤੀ ਇਸਥਿਤ ਕਰ ਲੈਣੀ। ਜੈਸਾ ਕਿ :

ਭਗਤਿ ਜੋਗ ਕੌ ਜੈਤਵਾਰੁ ਹਰਿ ਜਨਕੁ ਉਪਾਯਉ ॥ (ਅੰਗ ੧੪੦੭)

੬. **ਗਿਆਨ ਜੋਗ** = ਗਿਆਨ ਹੋ ਜਾਣ ਕਾਰਨ ਬਿਰਤੀ ਦਾ ਸਰੂਪ ਵਿੱਚ ਇਸਥਿਤ ਹੋ ਜਾਣਾ।

੭. **ਅਗਰਭਤ ਜੋਗ** = ਮੰਤ੍ਰਾਂ ਤੋਂ ਬਿਨਾਂ ਪ੍ਰਾਣ ਚੜ੍ਹਾਉਣੇ, ਜਿਵੇਂ ਬਾਜ਼ੀਗਰ ਚੜ੍ਹਾਉਂਦੇ ਹਨ।

੮. **ਸਗਰਭਤ ਜੋਗ** = ਮੰਤ੍ਰਾਂ ਸਹਿਤ ਪ੍ਰਾਣਾਯਾਮ ਕਰਨਾ।

ਜੋਗ ਦੇ ਅੱਠ ਅੰਗ ਇਹ ਹਨ

੧. **ਯਮ** = ਮਨ ਅਤੇ ਇੰਦਰਿਆਂ ਦੇ ਰੋਕਣ ਦੇ ਵ੍ਰਤ ਨੂੰ ਯਮ ਕਹਿੰਦੇ ਹਨ, ਇਹ ਅੱਗੋਂ ਪੰਜ ਪ੍ਰਕਾਰ ਦਾ ਮੰਨਿਆ ਹੈ।

੧. **ਅਹਿੰਸਾ** = ਜੀਵਾਂ ਨੂੰ ਮਾਰਣ ਅਤੇ ਦੁਖਾਉਣ ਦਾ ਤਿਆਗ, ਇਹ ਅੱਗੋਂ ਤਿੰਨ ਪ੍ਰਕਾਰ ਦਾ ਹੈ।

(ੳ) ਮਨ ਤੋਂ ਬੁਰਾ ਨਾ ਚਿਤਵਨਾ **(ਅ)** ਜ਼ੁਬਾਨ ਤੋਂ ਫਿੱਕਾ ਨਾ ਬੋਲਣਾ।

(ੲ) ਸਰੀਰ ਕਰਕੇ ਕਿਸੇ ਜੀਵ ਨੂੰ ਨਾ ਮਾਰਨਾ।

੨. **ਸਤਯ** = ਸੱਚ, ਝੂਠ ਦੇ ਤਿਆਗ ਦਾ ਵ੍ਰਤ, ਭਾਵ ਝੂਠ ਨਾ ਬੋਲਣਾ, ਸਦਾ ਸੱਚ ਬੋਲਣਾ।

੩. **ਅਸ੍ਤੇਯ** = ਚੋਰੀ ਦਾ ਤਿਆਗ ਭਾਵ, ਸਰੀਰ ਨਾਲ ਕਿਸੇ ਦੀ ਚੀਜ਼ ਨਾ ਚੁੱਕੇ, ਮਨ ਦੇ ਪਾਪ ਨਾ ਲੁਕਾਵੇ, ਇਉਂ ਚੋਰੀ ਤੋਂ ਰਹਿਤ ਹੋਵੇ।

---

੧ **ਤੰਦ੍ਰਾ ਨੀਂਦ :** ਜਾਗੋ ਮੀਟੀ ਦੀ ਦਸ਼ਾ, ਸੁਸਤੀ, ਆਲਸ ਵਾਲੀ ਨਿੰਦਰਾ।

੪. **ਬ੍ਰਹਮਚਰਯ** = ਜਤ ਰੱਖ ਕੇ ਵਿੱਦਿਆ ਦਾ ਅਭਿਆਸ, ਭਾਵ ਅੱਠ ਪ੍ਰਕਾਰ ਦੇ ਕਾਮ ਤਿਆਗਣ ਨੂੰ ਜਤ ਕਹਿੰਦੇ ਹਨ :

(ੳ) ਗੱਲ ਕਰਨੀ **(ਅ)** ਗੱਲ ਸੁਣਨੀ **(ੲ)** ਇਕਾਂਤ ਵਿੱਚ ਮਿਲਣਾ **(ਸ)** ਅੰਗ ਪਰਸਣੇ **(ਹ)** ਪ੍ਰੇਮ ਨਾਲ ਦੇਖਣਾ **(ਕ)** ਹਿਰਦੇ ਨਾਲ ਲਾਉਣਾ **(ਖ)** ਮਨ ਵਿੱਚ ਚਿਤਵਣਾ **(ਗ)** ਭੋਗ। ਇਹ ਇਉਂ ਅੱਠ ਪ੍ਰਕਾਰ ਦੇ ਕਾਮ ਤੋਂ ਬਚੇ ਤੇ ਜਤ ਰੱਖੇ।

੫. **ਅਪਰਿਗ੍ਰਹ** = ਧਨ ਆਦਿ ਜੋੜ ਦਾ ਤਿਆਗ।

੨. **ਨਿਯਮ (ਨੇਮ)** = ਇਹ ਅੱਗੋਂ ਪੰਜ ਪ੍ਰਕਾਰ ਦਾ ਹੈ:

੧. **ਸੌਚ (ਪਵਿੱਤ੍ਰਤਾ)** = ਸਰੀਰ ਦੀ ਸੁੱਚ ਪਵਿੱਤ੍ਰਤਾ ਰੱਖਣੀ।

੨. **ਸੰਤੋਖ** = ਸਬਰ, ਇਹ ਦੋ ਪ੍ਰਕਾਰ ਦਾ ਹੁੰਦਾ ਹੈ :

(ੳ) ਸੱਚਾ ਸੰਤੋਖ : ਪਰਮਾਤਮਾ ਦੀ ਰਜ਼ਾ ਵਿੱਚ ਜੋ ਪਦਾਰਥ ਜਾਂ ਦੁੱਖ ਸੁੱਖ ਮਿਲੇ, ਉਸ ਵਿੱਚ ਹੀ ਪ੍ਰਸੰਨ ਰਹਿਣਾ ਇਹ ਸੱਚਾ ਸੰਤੋਖ ਹੈ।

(ਅ) ਕੱਚਾ ਸੰਤੋਖ : ਪਦਾਰਥ ਹੱਥ ਨਾ ਆਉਣਾ, ਪਰ ਉੱਪਰੋਂ ਸੰਤੋਖੀ ਹੋਣ ਦਾ ਦਿਖਾਵਾ ਕਰਨਾ, ਇਸ ਤਰ੍ਹਾਂ ਕਰਨ ਨਾਲ ਚਿੱਤ ਪ੍ਰਸੰਨ ਨਹੀਂ ਹੁੰਦਾ, ਕੇਵਲ ਵਡਿਆਈ ਦੀ ਭੁੱਖ ਹੀ ਹੁੰਦੀ ਹੈ।

੩. **ਤਪ** = ਸੁੱਖ ਦੁੱਖ ਆਦਿ ਦਾ ਸਮਭਾਵ ਨਾਲ ਸਹਿਣਾ। ਇਹ ਅੱਗੋਂ ਤਿੰਨ ਪ੍ਰਕਾਰ ਦਾ ਹੈ :

(ੳ) ਤਾਮਸੀ : ਭੁੱਖੇ-ਤਿਹਾਏ ਰਹਿਣਾ, ਧੂਣੀ ਤਾਵਣੀ, ਜਲਧਾਰਾ ਕਰਨਾ। ਇਹ ਤਾਮਸੀ ਤਪ ਹੈ।

(ਅ) ਰਾਜਸੀ ਤਪ : ਕੁਕਰਮਾਂ ਵੱਲੋਂ ਇੰਦ੍ਰੀਆਂ ਰੋਕਣੀਆਂ, ਸ੍ਰੇਸ਼ਟ ਸੇਵਾ ਆਦਿਕ ਕਰਨੀ ਰਾਜਸੀ ਤਪ ਹੈ।

(ੲ) ਸਾਂਤਕੀ ਤਪ : ਬਿਰਤੀ ਨੂੰ ਨਾਮ ਵਿੱਚ ਟਿਕਾਉਣਾ।

੪. **ਸ੍ਵਾਧਾਯ** = ਮੁਕਤਦਾਇਕ ਗ੍ਰੰਥਾਂ ਦਾ ਪੜ੍ਹਨਾ ਅਥਵਾ ਓਅੰਕਾਰ ਦਾ ਜਾਪ ਕਰਨਾ।

੫. **ਈਸ਼ਰ ਪ੍ਰਣਿਧਾਨ** = ਹਉਮੈ ਨੂੰ ਤਿਆਗ ਕੇ ਕਰਮਾਂ ਨੂੰ ਈਸ਼ਵਰ ਅਰਪਣ ਕਰਨਾ।

੩. **ਆਸਣ** = ਯੋਗ ਦਾ ਤੀਜਾ ਅੰਗ, ਜਿਸ ਅਨੁਸਾਰ ਜੋਗਾ ਅਭਿਆਸੀ ਆਪਣੀ ਬੈਠਕ ਸਾਧਦੇ ਹਨ। ਯੋਗ ਸ਼ਾਸਤ੍ਰ ਵਿੱਚ ੮੪ ਆਸਣ, ਪਸ਼ੂ ਪੰਛੀਆਂ ਦੀ ਨਿਸ਼ਸਤ (ਬੈਠਕ) ਅਤੇ ਵਸਤੂਆਂ ਦੇ ਆਕਾਰ ਤੋਂ ਲਏ ਹਨ, ਜਿਨ੍ਹਾਂ ਵਿੱਚੋਂ ਚਾਰ ਪਰਮ ਉੱਤਮ ਲਿਖੇ ਹਨ : ਸਿੱਧਾਸਨ, ਪਦਮਾਸਨ, ਸਿੰਹਾਸਨ, ਭੱਦ੍ਰਾਸਨ।

੪. **ਪ੍ਰਾਣਾਯਾਮ** = ਯੋਗ ਦਾ ਚੌਥਾ ਅੰਗ ਯੋਗਸੂਤ੍ਰ ਵਿੱਚ ਸੁਆਸ ਦੇ ਅੰਦਰ ਬਾਹਰ ਆਉਣ ਦੀ ਚਾਲ ਨੂੰ ਆਪਣੇ ਵੱਸ ਕਰਨਾ ਪ੍ਰਾਣਾਯਾਮ ਹੈ।

੫. **ਪਰਤਿਹਾਰ** = ਯੋਗ ਦੇ ਅੱਠ ਅੰਗਾਂ ਵਿੱਚੋਂ ਇਕ ਅੰਗ, ਇੰਦਰੀਆਂ ਦੇ ਵੇਗ ਨੂੰ ਵਿਸ਼ਿਆਂ ਤੋਂ ਰੋਕ ਕੇ, ਮਨ ਦੀਆਂ ਵਾਸ਼ਨਾਵਾਂ ਮੇਟ ਕੇ ਆਤਮ ਵਿਚਾਰ ਵਿੱਚ ਜੋੜਨਾ।

੬. **ਧਾਰਣਾ** = ਯੋਗ ਮੱਤ ਅਨੁਸਾਰ ਮਨ ਦੀ ਉਹ ਟਿਕੀ ਹੋਈ ਹਾਲਤ, ਜਿਸ ਵਿੱਚ ਹੋਰ ਸਾਰੇ ਭਾਵ ਭੁੱਲ ਕੇ ਕੇਵਲ ਬ੍ਰਹਮ ਦਾ ਧਿਆਨ ਕਰਨਾ, ਭਾਵ ਚਿੱਤ ਨੂੰ ਇਕਾਗਰ ਕਰਨਾ, ਕਿਸੇ ਖ਼ਾਸ ਅਸਥਾਨ ਅਤੇ ਸੱਚੀ ਵਸਤੂ ਵਿੱਚ ਜੋੜਨਾ।

੭. **ਧਿਆਨ** = ਧਯੈ ਦਾ ਅਰਥ ਹੈ ਸੋਚ ਵਿਚਾਰ, ਇਸ ਤੋਂ ਧਯਾਨ ਸ਼ਬਦ ਬਣਦਾ ਹੈ, ਜਿਸ ਦਾ ਅਰਥ ਹੈ ਕਿ ਕਿਸੇ ਵਸਤੂ ਵਿੱਚ ਵ੍ਰਿੱਤਿ ਦਾ ਲਿਵਲੀਨ ਕਰਨਾ, ਚਾਰੇ ਪਾਸਿਉਂ ਮਨ ਨੂੰ ਰੋਕ ਕੇ ਇਕ ਵਿਸ਼ਯ 'ਤੇ ਟਿਕਾਉਣ ਦੀ ਕਿਰਿਆ ਨੂੰ ਧਿਆਨ ਕਹਿੰਦੇ ਹਨ।

੮. **ਸਮਾਧਿ** = ਚਿੱਤ ਦੀਆਂ ਬਿਰਤੀਆਂ ਨੂੰ ਰੋਕ ਕੇ ਆਤਮ ਧਿਆਨ ਵਿੱਚ ਜੁੜਨਾ, ਧਿਆਨ ਯੋਗ ਵਸਤੂ ਵਿੱਚ ਮਨ ਦਾ ਪੂਰਾ ਟਿਕਾਉ, ਆਤਮਾ ਜਾਂ ਪਰਮਾਤਮਾ ਵਿੱਚ ਲੀਨਤਾ। ਇਸ ਨੂੰ ਸਮਾਧਿ ਕਹਿੰਦੇ ਹਨ ਜੋ ਅੱਗੋਂ ਦੋ ਪ੍ਰਕਾਰ ਦੀ ਹੈ :-

(ੳ) **ਸਾਵਿਕਲਪ :** ਜੋ ਤ੍ਰਿਕੁਟੀ ਸਹਿਤ ਧਿਆਤਾ, ਧਿਆਨ, ਧੇਯ, ਭਿੰਨ-ਭਿੰਨ ਪ੍ਰਤੀਤ ਹੋਵੇ, ਇਹ ਸਾਵਿਕਲਪ ਸਮਾਧਿ ਹੈ।

(ਅ) **ਨਿਰਵਿਕਲਪ :** ਜੋ ਤ੍ਰਿਕੁਟੀ ਰਹਿਤ, ਧਿਆਤਾ, ਧਿਆਨ, ਧੇਯ ਦਾ ਇਕ ਹੋ ਜਾਣਾ ਤੇ ਸੰਕਲਪ ਰਹਿਤ ਅਵਸਥਾ ਨੂੰ ਨਿਰਵਿਕਲਪ ਸਮਾਧੀ ਕਹਿੰਦੇ ਹਨ।

ਗੁਰਮਤਿ ਭਗਤਿ ਯੋਗ ਦੇ ਅੱਠ ਅੰਗ

ਭਗਤੀ ਦੁਆਰਾ ਵਾਹਿਗੁਰੂ ਵਿੱਚ ਮਨ ਜੋੜਨ ਦੀ ਕਿਰਿਆ, ਉਪਾਸ਼ਨਾ ਨਾਲ ਮਨ ਇਕਾਗਰ ਕਰਨ ਨੂੰ 'ਭਗਤਿ ਯੋਗ' ਕਹਿੰਦੇ ਹਨ।

੧. ਯਮ :

ਮਨ ਨੀਵਾਂ ਰੱਖਣਾ, ਆਪਣੇ ਗੁਣਾਂ ਤੋਂ ਸਦਾ ਨਿਰਮਾਣ ਰਹਿਣਾ, ਇਹ ਵੀ ਅੱਗੋਂ ਪੰਜ ਪ੍ਰਕਾਰ ਦਾ ਹੈ :

(੧) **ਧਰਮ** = ਆਪਣੇ ਧਰਮ ਦੇ ਧਾਰਨੀ ਹੋਣਾ।

(੨) **ਧੀਰਜ** = ਦੁੱਖ ਸੁੱਖ ਵਿੱਚ ਸਮ ਬਿਰਤੀ, ਚਿੱਤ ਦਾ ਟਿਕਾਉ, ਕਲੇਸ਼ ਵਿੱਚ ਮਨ ਦੀ ਇਸਥਿਤੀ ਰਹਿਣੀ, ਇਸ ਦਾ ਨਾਮ ਧੀਰਜ ਹੈ।

(੩) **ਖਿਮਾ** = ਕਿਸੇ ਔਗੁਣ ਨੂੰ ਦੇਖ ਕੇ ਮੁਆਫ਼ ਕਰ ਦੇਣਾ, ਖੋਭ ਨਾ ਕਰਨਾ।

(੪) **ਦਇਆ** = ਕਿਸੇ ਦੂਸਰੇ ਦੇ ਦੁੱਖ ਨੂੰ ਦੇਖ ਕੇ ਚਿੱਤ ਦੇ ਦ੍ਰਵਣ ਨੂੰ ਦਇਆ ਕਹਿੰਦੇ ਹਨ ਭਾਵ ਕਿਸੇ ਦੁਖੀ ਨੂੰ ਦੇਖ ਕੇ ਉਸ ਦੀ ਸਹਾਇਤਾ ਕਰਨੀ।

(੫) **ਕੋਮਲ ਹਿਰਦਾ** = ਚਿੱਤ ਵਿੱਚ ਨਿਰਮਾਣਤਾਈ ਹੋਣੀ ਤੇ ਸਭ ਨੂੰ ਚੰਗਾ ਉਪਦੇਸ਼ ਦੇਣਾ ਅਤੇ ਆਪ ਸਭ ਤੋਂ ਨੀਂਵੇਂ ਬਣੇ ਰਹਿਣਾ।

੨. ਨਿਯਮ (ਨੇਮ) :

ਅਸੂਲ ਬੰਨ੍ਹੀ ਹੋਈ ਗੱਲ ਭਾਵ ਆਪਣੇ ਆਪ ਨੂੰ ਗੁਰਮਤਿ ਅਨੁਸਾਰ ਨਿਯਮਬੰਦ ਰੱਖਣਾ। ਇਹ ਵੀ ਪੰਜ ਪ੍ਰਕਾਰ ਕਰਕੇ ਸਮਝਣਾ :

(੧) **ਇਸ਼ਨਾਨ** = ਨਿਯਮ ਨਾਲ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰਨਾ।

(੨) **ਪਾਠ** = ਗੁਰੂ ਦੇ ਸ਼ਬਦ ਨੂੰ ਪੜ੍ਹਨਾ, ਸੁਣਨਾ ਤੇ ਗੁਰੂ ਦੇ ਸਿਧਾਂਤ ਤੋਂ ਬਿਨਾਂ ਹੋਰ ਕੋਈ ਵੀ ਮਿਥਿਆ ਗੱਲ ਨਾ ਆਪਣੇ ਕੰਨੀਂ ਪਾਉਣੀ ਤੇ ਨਾ ਹੀ ਕਰਨੀ।

(੩) **ਪੂਜਾ** = ਹਿਰਦੇ ਵਿੱਚ ਸਤਿਗੁਰਾਂ ਦੀ ਭਾਵਨਾ ਧਾਰਨ ਕਰ ਕੇ ਨਿਯਮ ਨਾਲ ਗੁਰਾਂ ਦਾ ਹੀ ਪੂਜਨ ਕਰਨਾ।

(੪) **ਅਬੋਲ** = ਜਿਤਨਾ ਚਿਰ ਨਿਤਨੇਮ ਦਾ ਪਾਠ ਕਰੇ, ਉਤਨਾ ਚਿਰ ਕੋਈ ਹੋਰ ਬਚਨ ਨਾ ਬੋਲੇ।

(੫) **ਦੰਭ ਰਹਿਤ** = ਪਖੰਡ ਤੋਂ ਰਹਿਤ ਹੋਵੇ, ਭਾਵ ਗੁਰਾਂ ਦੇ ਸ਼ਬਦ ਦੀ ਕਮਾਈ ਕਰੇ ਤੇ ਮਨ, ਬਾਣੀ ਤੇ ਸਰੀਰ ਕਰਕੇ ਪਵਿੱਤਰ ਰਹੇ ਤੇ ਸ਼ਬਦ ਦਾ ਹੀ ਅਨੁਸਾਰੀ ਹੋ ਕੇ ਵਰਤੇ ਅਤੇ ਨਿਯਮ ਨਾਲ ਸਤਿ ਸੰਗਤ ਵਿੱਚ ਜਾ ਕੇ ਕਥਾ ਕੀਰਤਨ ਸ੍ਰਵਨ ਕਰੇ।

੩. ਆਸਣ :

ਅਕਾਲ ਪੁਰਖ ਵਿੱਚ ਚਿੱਤ ਦੀ ਬਿਰਤੀ ਨੂੰ ਇਸਥਿਤ ਕਰਨਾ, ਇਉਂ ਚਿੱਤ ਨੂੰ ਹੀ ਉਸ ਪਰਮਾਤਮਾ ਵਾਸਤੇ ਆਸਣ ਬਣਾਉਣਾ ਕਰੇ।

੪. ਪ੍ਰਾਣਾਯਾਮ :

ਇਹ ਤਿੰਨ ਪ੍ਰਕਾਰ ਦਾ ਹੈ :

(ੳ) **ਪੂਰਕ** = ਸਤਿਗੁਰਾਂ ਦੇ ਅਮੋਲਕ ਬਚਨ ਸ੍ਰਵਨ ਕਰ ਕੇ ਸਾਰੇ ਅੰਦਰ ਖਿੱਚ ਲੈਣੇ ਭਾਵ ਧਾਰਨ ਕਰਨੇ, ਇਹ ਪੂਰਕ ਹੈ।

(ਅ) **ਕੁੰਭਕ** = ਆਤਮ ਵਸਤੂ ਨੂੰ ਸਮਝ ਕੇ ਗੁਰਾਂ ਦੇ ਬਚਨਾਂ ਦੁਆਰਾ ਉਸ ਵਿੱਚ ਹਿਰਦੇ ਨੂੰ ਇਸਥਿਤ ਕਰਨਾ, ਭਾਵ ਅਭਿਆਸ ਕਰਦੇ ਰਹਿਣਾ, ਸਤਿਗੁਰਾਂ ਦੇ ਬਚਨਾਂ ਨੂੰ ਕਦੇ ਵੀ ਤਿਆਗਣਾ ਨਹੀਂ ਅਤੇ ਵਾਹਿਗੁਰੂ ਮੰਤ੍ਰ ਨੂੰ ਹਿਰਦੇ ਵਿੱਚ ਠਹਿਰਾਉਣਾ, ਇਸ ਨੂੰ ਕੁੰਭਕ ਕਹਿੰਦੇ ਹਨ।

(ੲ) **ਰੇਚਕ** = ਸਤਿਗੁਰਾਂ ਦੇ ਬਚਨਾਂ ਨੇ ਜੋ ਤਿਆਗਣ ਨੂੰ ਕਿਹਾ ਹੈ ਉਸ ਨੂੰ ਤਿਆਗ ਕੇ ਵੱਡਾ ਸੁੱਖ ਮਾਨਣਾ ਹੈ, ਇਸ ਨੂੰ ਰੇਚਕ ਦੀ ਨਿਆਈਂ ਕਿਹਾ ਹੈ। ਇਸ ਪ੍ਰਕਾਰ ਗੁਰਮਤਿ ਅਨੁਸਾਰ ਇਹ ਪ੍ਰਾਣਾਯਾਮ ਹੈ।

੫. ਪਰਤਿਹਾਰ :

ਮਨ ਦੀਆਂ ਵਾਸ਼ਨਾਵਾਂ ਸੂਖਮ ਕਰ ਕੇ, ਮਨ ਨੂੰ ਆਤਮ ਵਿਚਾਰ ਵਿੱਚ ਜੋੜਨ ਨੂੰ ਪਰਤਿਹਾਰ ਕਹਿੰਦੇ ਹਨ ਵਾ: ਸਭ ਵਿੱਚ ਇਕ ਅਕਾਲ ਪੁਰਖ ਨੂੰ ਹੀ ਜਾਨਣਾ।

੬. ਧਾਰਨਾ :

ਜਦੋਂ ਮਨ ਸੰਕਲਪਾਂ ਵਿੱਚ ਜਾਵੇ ਤਾਂ ਉਸ ਨੂੰ ਰੋਕ ਕੇ ਫਿਰ ਸ਼ਬਦ ਵਿੱਚ ਹੀ ਜੋੜਨਾ ਕਰੇ।

੭. ਧਿਆਨ :

ਜਦੋਂ ਗੁਰਬਾਣੀ ਪੜ੍ਹਨ, ਸੁਣਨ ਬੈਠੇ, ਉਸ ਵੇਲੇ ਸਤਿਗੁਰੂ ਜੀ ਦੇ ਸ਼ਬਦ ਅਰਥ ਵਿੱਚ ਮਨ ਦੀ ਬਿਰਤੀ ਲਾਵੇ ਅਤੇ ਕੋਈ ਹੋਰ ਸੰਕਲਪ ਜਾਂ ਫੁਰਨਾ ਨਾ ਆਉਣ ਦੇਵੇ।

੮. ਸਮਾਧਿ :

ਜਿਸ ਵੇਲੇ ਮਨ ਕੁਝ ਸਮਾਂ ਗੁਰ ਸ਼ਬਦ ਵਿੱਚ ਇਸਥਿਤ ਹੋਣ ਲੱਗ ਪਵੇ, ਫੇਰ ਤਨ, ਮਨ ਨੂੰ ਸਾਧ ਕੇ ਅੱਠੇ ਪਹਿਰ ਸ਼ਬਦ ਦਾ ਰਸ ਲਵੇ, ਹਉਮੈ ਮੇਟ ਕੇ ਪੂਰਨ ਪਰਮਾਤਮਾ ਵਿੱਚ ਸਮਾ ਜਾਵੇ, ਇਸ

ਨੂੰ ਪੂਰਨ ਸਮਾਧੀ ਕਹਿੰਦੇ ਹਨ, ਵਾ: ਗੁਰਮੁਖ ਜਨਾਂ ਦਾ ਗੁਰ ਸ਼ਬਦ, ਗੁਰੂ ਤੇ ਵਾਹਿਗੁਰੂ ਪਰ ਧਿਆਨ ਦਾ ਹੋਰ ਥਾਵੋਂ ਰੁਕ ਕੇ ਜੁੜਨਾ ਹੀ ਸਮਾਧੀ ਹੈ।

ਅਸ਼ਟ ਧਾਤੂ

੧. ਸੋਨਾ ੨. ਚਾਂਦੀ ੩. ਤਾਂਬਾ ੪. ਜਿਸਤ
੫. ਪਾਰਾ ੬. ਕਲੀ ੭. ਲੋਹਾ ੮. ਸਿੱਕਾ

ਉਚਾਰਨ ਦੇ ਅੱਠ ਅਸਥਲ

੧. ਕੰਠ ੨. ਹਿਰਦਾ ੩. ਸੀਸ ੪. ਰਸਨਾ ਦਾ ਮੂਲ
੫. ਦੰਦ ੬. ਨੱਕ ੭. ਹੋਠ (ਬੁੱਲ੍ਹ) ੮. ਤਾਲੂ

ਨਾਗਾਂ ਦੀਆਂ ਅੱਠ ਕੁਲਾਂ

੧. ਸ਼ੇਸ਼ ੨. ਬਾਸਕ ੩. ਕੰਬਲ ੪. ਕਰਕੋਟਕ
੫. ਪਦਮ ੬. ਮਹਾਂ-ਪਦਮ ੭. ਸੰਖ ੮. ਕੁਲਿਕ

ਬੁੱਧ ਧਰਮ ਦੇ ਅੱਠ ਨਿਯਮ

੧. ਸਦ ਵਿਸ਼ਵਾਸ ੨. ਸਦ ਵਿਚਾਰ ੩. ਸਦ ਵਾਕ ੪. ਸਤ ਕਰਮ
੫. ਸਦ ਜੀਵਨ ੬. ਸਤ ਪ੍ਰਯਤਨ ੭. ਸਤ ਚਿੰਤਨ ੮. ਸਦ ਧਿਆਨ

ਅੱਠ ਵਿਵਾਹ

੧. **ਬ੍ਰਹਮ ਵਿਵਾਹ** = ਵਰ ਨੂੰ ਘਰ ਬੁਲਾ ਕੇ ਭੂਖਨ ਤੇ ਬਸਤ੍ਰ ਸਮੇਤ ਕੰਨਿਆ ਦੇਣੀ।
੨. **ਦੈਵ ਵਿਵਾਹ** = ਯੱਗ ਕਰਾਉਣ ਵਾਲੇ ਰਿਤੁਜ ਨੂੰ ਕੰਨਿਆ ਦਾਨ ਕਰਨੀ।
੩. **ਆਰਯ ਵਿਵਾਹ** = ਵਰ ਤੋਂ ਦੋ ਬੈਲ ਲੈ ਕੇ ਉਨ੍ਹਾਂ ਦੇ ਬਦਲੇ ਲੜਕੀ ਦੇਣੀ।
੪. **ਪ੍ਰਜਾਪਤਯ ਵਿਵਾਹ** = ਲਾੜੀ ਅਤੇ ਲਾੜਾ ਦਾ ਸੰਤਾਨ ਉਤਪਤ ਲਈ ਪਰਸਪਰ ਸੰਪਤੀ ਨਾਲ ਵਿਵਾਹ ਕਰਨ।
੫. **ਆਸੁਰ ਵਿਵਾਹ** = ਧਨ ਲੈ ਕੇ ਕੰਨਿਆ ਦੇਣੀ।
੬. **ਗਾਂਧਰਬ ਵਿਵਾਹ** = ਸ਼ਾਦੀ ਤੋਂ ਪਹਿਲਾਂ ਵਰ ਅਤੇ ਕੰਨਿਆ ਦੀ ਆਪੋ-ਵਿੱਚ ਪ੍ਰੀਤੀ ਹੋਣ ਪੁਰ ਵਿਵਾਹ।
੭. **ਰਾਖਸ਼ ਵਿਵਾਹ** = ਜੰਗ ਵਿੱਚ ਜਿੱਤ ਕੇ ਕੰਨਿਆ ਲੈ ਜਾਣੀ।
੮. **ਪਿਸ਼ਾਚ ਵਿਵਾਹ** = ਜ਼ੁਲਮ ਨਾਲ ਰੋਂਦੀ ਕੰਨਿਆ ਖੋਹ ਕੇ ਲੈ ਜਾਣੀ।

ਗੁਰੂ

ਗੁ=ਅੰਧਕਾਰ, ਰੂ=ਪ੍ਰਕਾਸ਼, ਜੋ ਸਿੱਖ ਦੇ ਹਿਰਦੇ ਵਿੱਚੋਂ ਅਗਿਆਨਤਾ ਦਾ ਅੰਧਕਾਰ ਦੂਰ ਕਰ ਦੇਵੇ ਤੇ ਰੂ=ਗਿਆਨ ਦਾ ਪ੍ਰਕਾਸ਼ ਕਰ ਦੇਵੇ, ਸੋ ਕਹੀਏ ਗੁਰੂ।

ਇਹ ਸ਼ਬਦ ਗ੍ਰੀ ਧਾਤੂ ਤੋਂ ਬਣਿਆ ਹੈ, ਗ੍ਰੀ ਦੇ ਦੋ ਅਰਥ ਹਨ : ਨਿਗਲਨਾ ਤੇ ਸਮਝਾਉਣਾ, ਅਗਿਆਨ ਨੂੰ ਨਿਗਲ ਜਾਣਾ ਜਾਂ ਗਿਆਨ ਸਮਝਾਉਣਾ।

੧. ਪੰਡਿਤ ਗੁਰੂ ੨. ਅਵਧੂਤ ਗੁਰੂ ੩. ਬ੍ਰਹਮ ਸ੍ਰੋਤ੍ਰੀ ਬ੍ਰਹਮ ਨੇਸ਼ਟੀ ਗੁਰੂ

੧. ਪੰਡਿਤ ਗੁਰੂ :

ਜੋ ਖਟ ਸ਼ਾਸਤ੍ਰ ਆਦਿ ਵਿੱਦਿਆ ਵਿੱਚ ਨਿਪੁੰਨ ਹੋਵੇ, ਪਰ ਨਾਮ ਦੀ ਕਮਾਈ ਨਾ ਕੀਤੀ ਹੋਵੇ, ਉਸ ਗਿਆਨ ਉੱਪਰ ਅਮਲ ਨਹੀਂ, ਉਹ ਇਉਂ ਹੈ ਜਿਵੇਂ ਦਰਿਆ ਦੇ ਕੰਢੇ 'ਤੇ ਕੋਈ ਲੋਕਾਂ ਨੂੰ ਇਹ ਗਿਆਨ ਦੱਸੇ ਕਿ ਦਰਿਆ ਡੂੰਘਾ ਹੈ, ਇਤਨੀਆਂ ਲਹਿਰਾਂ ਦਾ ਵੇਗ ਹੈ, ਇਸ ਵਿੱਚ ਘੁੰਮਣ-ਘੇਰੀਆਂ ਹਨ, ਆਪ ਕਦੀ ਦਰਿਆ ਪਾਰ ਨਹੀਂ ਕੀਤਾ, ਪਰਲਾ ਕਿਨਾਰਾ ਕਦੇ ਦੇਖਿਆ ਨਹੀਂ, ਇਹ ਗੁਰੂ ਅਨਤਾਰੂ ਦੀ ਨਿਆਈਂ, ਆਪ ਵਿਸ਼ਿਆਂ 'ਤੇ ਫਤੇ ਨਹੀਂ ਪਾਈ, ਪਰਲਾ ਕਿਨਾਰਾ ਦੇਖਣ ਦੀ ਨਿਆਈਂ ਮੁਕਤੀ ਨਹੀਂ ਪ੍ਰਾਪਤ ਕੀਤੀ, ਲੋਭ ਦੀਆਂ ਲਹਿਰਾਂ ਤੋਂ ਪਾਰ ਨਹੀਂ ਹੋਇਆ, ਪਦਾਰਥਾਂ ਦੇ ਪਾਣੀ ਤੋਂ ਪਾਰ ਨਹੀਂ ਹੋਇਆ, ਪਰ ਵੇਦਾਂ ਸ਼ਾਸਤ੍ਰਾਂ ਦਾ ਗਿਆਤਾ ਹੋਣ ਕਰਕੇ ਲੋਕਾਂ ਨੂੰ ਰਾਹ ਦੱਸੀ ਜਾਂਦਾ ਹੈ ਤੇ ਸ਼ੰਕੇ ਵੀ ਨਵਿਰਤ ਕਰੀ ਜਾਂਦਾ ਹੈ, ਇਹ ਗੁਰੂ ਦੀ ਕਥਨੀ ਤੋਂ ਕੋਈ ਗਿਆਨ 'ਤੇ ਅਮਲ ਕਰ ਕੇ ਸ਼ਰਧਾਵਾਨ ਤਰ ਸਕਦਾ ਹੈ, ਪਰ ਹਰ ਇੱਕ 'ਤੇ ਇਸ ਦਾ ਗਿਆਨ ਕਾਟ ਨਹੀਂ ਕਰਦਾ ਹੈ, ਕਿਉਂਕਿ ਆਪ ਕਮਾਈ ਨਹੀਂ ਕੀਤੀ।

੨. ਅਵਧੂਤ ਗੁਰੂ :

ਇਹ ਗੁਰੂ ਕਮਾਈ ਕਰ ਕੇ ਸੰਸਾਰ-ਸਮੁੰਦਰ ਤੋਂ ਪਾਰ ਹੋਏ ਹੁੰਦੇ ਹਨ, ਪਰ ਅਨਪੜ੍ਹ ਹੋਣ ਕਰਕੇ ਅਧਿਕਾਰੀਆਂ ਦੀ ਸ਼ੰਕਾ ਨਵਿਰਤ ਨਹੀਂ ਕਰ ਸਕਦੇ, ਉਪਦੇਸ਼ ਦੇ ਸਕਦੇ ਹਨ, ਪਰ ਜੇ ਕੋਈ ਉੱਤਮ ਪੁਰਸ਼, ਉੱਤਮ ਅਧਿਕਾਰੀ ਸ਼ੰਕੇ ਤੋਂ ਰਹਿਤ ਹੋ ਕੇ ਉਨ੍ਹਾਂ ਦੇ ਉਪਦੇਸ਼ ਨੂੰ ਨਿਸ਼ਚੇ ਕਰ ਕੇ ਕਮਾ ਲਵੇ ਤਾਂ ਪਾਰ ਹੋ ਸਕਦਾ ਹੈ। ਅਵਧੂਤ ਗੁਰੂ ਐਸੇ ਹਨ ਜਿਵੇਂ ਸੋਟੀ ਆਪ ਤਾਂ ਪਾਣੀ 'ਤੇ ਤਰਦੀ ਹੈ, ਹੋਰ ਭਾਰ ਨੂੰ ਲੈ ਕੇ ਤਰ ਨਹੀਂ ਸਕਦੀ, ਪਰ ਜੇ ਕਿੱਲ ਆਦਿਕ ਸੋਟੀ 'ਤੇ ਲੱਗਾ ਹੋਵੇ, ਤਾਂ ਤਰ ਜਾਂਦਾ ਹੈ। ਇਸ ਪ੍ਰਕਾਰ ਅਵਧੂਤ ਗੁਰੂ ਆਪ ਤਾਂ ਤਰ ਜਾਂਦੇ ਹਨ, ਜੇ ਕਿੱਲ ਦੀ ਤਰ੍ਹਾਂ ਸ਼ੰਕਾ ਰਹਿਤ ਹੋ ਕੇ ਉਨ੍ਹਾਂ ਦੀ ਆਗਿਆ ਮੰਨਣ ਰੂਪ ਖੁੱਭ ਜਾਵੇ, ਤਾਂ ਉਹ ਵੀ ਤਰ ਜਾਂਦਾ ਹੈ। ਇਸ ਤਰ੍ਹਾਂ ਕੋਈ-ਕੋਈ ਮੁਕਤ ਹੋ ਸਕਦਾ ਹੈ।

੩. ਬ੍ਰਹਮ ਸ੍ਰੋਤੀ ਬ੍ਰਹਮ ਨੇਸ਼ਟੀ :

ਜੋ ਹਰ ਤਰ੍ਹਾਂ ਕਰਕੇ ਕਿਸੇ ਦੀ ਸ਼ੰਕਾ ਨਵਿਰਤ ਕਰ ਸਕਦਾ ਹੈ ਵਾ: ਜੋ ਅਧਿਕਾਰੀਆਂ ਦੀ ਹਰ ਤਰ੍ਹਾਂ ਦੀ ਸ਼ੰਕਾ ਨਵਿਰਤ ਕਰ ਦੇਵੇ ਅਤੇ ਆਪ ਕਮਾਈ ਕਰ ਕੇ ਮੁਕਤ ਰੂਪ ਹੋਵੇ, ਬ੍ਰਹਮ ਦਾ ਸ੍ਰਵਣ ਆਪ ਕਰਦਾ ਹੋਵੇ ਅਤੇ ਬ੍ਰਹਮ 'ਤੇ ਨਿਸ਼ਚਾ ਹੋਵੇ, ਇਹ ਭੀ ਸੰਸਾਰ ਵਿੱਚ ਕਰੋੜਾਂ ਵਿੱਚੋਂ ਕੋਈ ਇਕ ਗੁਰੂ ਹੈ ਅਤੇ ਅਧਿਕਾਰੀਆਂ ਪ੍ਰਤੀ ਭੇਦ ਦੀਆਂ ਬਾਧਕ ਤੇ ਅਭੇਦ ਦੀਆਂ ਸਾਧਕ ਜੁਗਤੀਆਂ ਦੁਆਰਾ ਸ੍ਰਵਣ ਕਰਾ ਸਕਦਾ ਹੋਵੇ।

ਨੋਟ : ਭੇਦ ਦੀਆਂ ਬਾਧਕ ਤੇ ਅਭੇਦ ਦੀਆਂ ਸਾਧਕ ਜੁਗਤੀਆਂ ਬਾਰੇ ੨ ਅੰਕ ਦੀ ਗਿਣਤੀ ਵਿੱਚ ਦੇਖੋ।

ਐਸੇ ਲੱਖਣਾਂ ਵਾਲੇ ਨੂੰ ਬ੍ਰਹਮ ਸ੍ਰੋਤੀ ਬ੍ਰਹਮ ਨੇਸ਼ਟੀ ਗੁਰੂ ਕਹਿੰਦੇ ਹਨ।

ਰਾਮਾਇਣ ਵਿੱਚ ਭਗਵਾਨ ਰਾਮ ਜੀ ਨੇ ਲਛਮਣ ਨੂੰ ਜੋ ਉਪਦੇਸ਼ ਦਿੱਤਾ, ਉਸ ਵਿੱਚ ਵੀ ਤਿੰਨ ਪ੍ਰਕਾਰ ਦੇ ਗੁਰੂ ਕਥਨ ਕੀਤਾ ਹੈ :

੧. **ਪਿੰਗਲਾ ਗੁਰੂ** = ਜਿਸ ਦੇ ਸਾਧਨਾ ਕਰਨ ਰੂਪ ਪੈਰ ਨਹੀਂ, ਉਕਤੀਆਂ ਜੁਗਤੀਆਂ ਰੂਪ ਬਾਂਹਵਾਂ ਨਾਲ ਤਾਰੀਆਂ ਮਾਰਦਾ ਹੈ, ਪਰ ਤਰ ਨਹੀਂ ਸਕਦਾ, ਨਾ ਹੀ ਹੋਰਨਾਂ ਨੂੰ ਤਾਰ ਸਕਦਾ ਹੈ। ਅਧਿਕਾਰੀਆਂ ਨੂੰ ਜੁਗਤੀਆਂ ਨਾਲ ਉਪਦੇਸ਼ ਤਾਂ ਦਿੰਦਾ ਹੈ, ਪਰ ਆਪ ਕਮਾਈ ਦੇ ਸਾਧਨਾਂ ਤੋਂ ਪਿੰਗਲਾ ਹੋਣ ਕਰਕੇ ਉਸ ਦਾ ਉਪਦੇਸ਼ ਅਧਿਕਾਰੀ ਨੂੰ ਤਾਰ ਨਹੀਂ ਸਕਦਾ।

੨. **ਅੰਧੁਲਾ ਗੁਰੂ** = ਇਹ ਗੁਰੂ ਆਪ ਤਾਂ ਸਾਧਨਾ ਵਿੱਚ ਪੂਰਾ ਹੁੰਦਾ ਹੈ, ਪਰ ਗਿਆਨਵਾਨ ਨਹੀਂ, ਕਠਿਨ ਤਪੱਸਵੀ ਹੋਣ ਕਰਕੇ, ਸਾਧਨਾ ਕਰਨ ਦੇ ਅਧਿਕਾਰੀ ਪ੍ਰਤੀ ਰਸਤਾ ਤਾਂ ਦੱਸ ਦਿੰਦਾ ਹੈ ਕਿ ਇਸ ਤਰ੍ਹਾਂ ਪ੍ਰਾਪਤ ਹੋਵੇਗਾ, ਪਰ ਆਪ ਮੁਕਤੀ ਰੂਪ ਪਰਲੇ ਕਿਨਾਰੇ ਨੂੰ ਦੇਖਣ ਵੱਲੋਂ ਅੰਨ੍ਹਾ ਹੁੰਦਾ ਹੈ।

੩. **ਪੂਰਨ ਗੁਰੂ** = ਪੂਰਨ ਗੁਰੂ ਉਹ ਹੁੰਦਾ ਹੈ, ਜਿਸ ਨੇ ਸਾਧਨਾ ਦੀ ਕਮਾਈ ਕੀਤੀ ਹੋਵੇ, ਪੂਰਨ ਗਿਆਨ ਹੋਵੇ, ਉਕਤੀਆਂ ਜੁਗਤੀਆਂ ਦੁਆਰਾ ਉਪਦੇਸ਼ ਦੇ ਕਰਕੇ ਅਧਿਕਾਰੀ ਦੀ ਸ਼ੰਕਾ ਨਵਿਰਤ ਕਰਨ ਵਾਲਾ ਹੋਵੇ।

'ਸਮੁੰਦ੍ਰੀਕ' ਗ੍ਰੰਥ ਵਿੱਚ ਸੁੰਦਰ ਜੀ ਨੇ ੮ ਪ੍ਰਕਾਰ ਦੇ ਗੁਰੂ ਲਿਖੇ ਹਨ :

੧. **ਬਿੜਾਲ ਗੁਰੂ** = ਜੋ ਘੂਰ-ਘੂਰ ਕੇ ਉਪਦੇਸ਼ ਦੇਵੇ।

੨. **ਗਿੱਦੜ ਗੁਰੂ** = ਧੋਖੇਬਾਜ਼, ਪਖੰਡੀ ਗੁਰੂ।

੩. **ਘੋੜਾ ਗੁਰੂ** = ਜੋ ਆਪਣੀ ਸ਼ਕਤੀ ਨਾਲ ਜਗਿਆਸੂ ਦੀਆਂ ਅੱਖਾਂ ਬੰਦ ਕਰਾ ਕੇ ਦੂਰ ਦੇਸ਼ ਦੀ ਸੈਰ ਕਰਾ ਦੇਵੇ।

੪. **ਸ਼ੇਰ ਗੁਰੂ** = ਜੋ ਆਪਣੇ ਚੇਲਿਆਂ ਦਾ ਧਨ ਪਦਾਰਥ ਹੜੱਪ ਜਾਵੇ।

੫. **ਭ੍ਰਿੰਗੀ ਗੁਰੂ** = ਭ੍ਰਿੰਗੀ ਕੀੜਾ ਜਿਵੇਂ ਖ਼ਾਸ ਕਿਸਮ ਦੀ ਸੁੰਡੀ ਨੂੰ ਆਪਣਾ ਰੂਪ ਬਣਾ ਲੈਂਦਾ ਹੈ, ਭ੍ਰਿੰਗੀ ਗੁਰੂ ਉੱਤਮ ਜਗਿਆਸੂਆਂ ਨੂੰ ਮੁਕਤ ਕਰ ਦਿੰਦਾ ਹੈ।

੬. **ਪਾਰਸ ਗੁਰੂ** = ਪਾਰਸ ਦੀ ਨਿਆਈਂ ਜਗਿਆਸੂ ਨੂੰ ਸ਼ੁੱਧ ਸਰੂਪ ਸੋਨਾ ਤਾਂ ਕਰ ਦਿੰਦਾ ਹੈ, ਪਰ ਜਗਿਆਸੂ ਅੱਗੇ ਹੋਰ ਨੂੰ ਸ਼ੁੱਧ ਸਰੂਪ ਨਹੀਂ ਕਰ ਸਕਦਾ।

੭. **ਚੰਦਨ ਗੁਰੂ** = ਚੰਦਨ ਕੇਵਲ ਬਸੰਤ ਰੁੱਤ ਵਿੱਚ ਹੀ ਹੋਰ ਬਨਸਪਤੀ ਨੂੰ ਚੰਦਨ ਕਰਦਾ ਹੈ, ਹੋਰ ਮੌਸਮ ਵਿੱਚ ਨਹੀਂ। ਇਉਂ ਅਧਿਕਾਰੀ ਪ੍ਰਤੀ ਕਦੇ-ਕਦੇ ਉਪਦੇਸ਼ ਦੇਣ ਵਾਲਾ, ਹਰ ਇਕ ਸਮੇਂ ਨਹੀਂ।

੮. **ਦੀਪਕ ਗੁਰੂ** = ਜਿਵੇਂ ਦੀਵੇ ਤੋਂ ਦੀਵਾ ਜਗਦਾ ਹੈ, ਰੌਸ਼ਨੀ ਘੱਟ ਨਹੀਂ ਹੁੰਦੀ, ਇਉਂ ਦੀਪਕ ਗੁਰੂ ਹਿਰਦੇ ਵਿੱਚ ਨਾਮ ਰੂਪੀ ਬੱਤੀ ਜਗਾ ਕੇ ਸਭ ਨੂੰ ਮੁਕਤ ਕਰਨ ਵਾਲਾ ਹੈ।

✧✧✧

੯.

ਨੌਂ ਵਿਆਕਰਣਾਂ

੧. ਐਂਦ੍ਰ ੨. ਚਾਂਦ੍ਰ ੩. ਕਾਸ਼ਕ੍ਰਿਤਸ੍ਨ ੪.ਆਪਿਸ਼ਲਿ ੫. ਸ਼ਾਕਟਾਯਨ
੬. ਪਾਣਿਨੀਯ ੭. ਆਮਰ ੮. ਜੈਨੇਂਦ੍ਰ ੯. ਕਲਾਪ

ਬਾਈ ਵਾਰਾਂ ਅੰਦਰ ਨੌਂ ਧੁਨਾਂ

੧. ਮਾਝ ਰਾਗੁ ਵਿੱਚ ''**ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਕੀ ਧੁਨੀ**'' **(ਅੰਗ ੧੩੭)**

੨. ਗਉੜੀ ਰਾਗੁ ਵਿੱਚ ''**ਰਾਇ ਕਮਾਲਦੀ ਮੋਜਦੀ ਕੀ ਵਾਰ ਕੀ ਧੁਨਿ**'' **(ਅੰਗ ੩੧੮)**

੩. ਆਸਾ ਰਾਗੁ ਵਿੱਚ ''**ਟੁੰਡੇ ਅਸਰਾਜੈ ਕੀ ਧੁਨੀ**'' **(ਅੰਗ ੪੬੨)**

੪. ਗੂਜਰੀ ਰਾਗੁ ਵਿੱਚ ''**ਸਿਕੰਦਰ ਬਿਰਾਹਿਮ ਕੀ ਵਾਰ ਕੀ ਧੁਨੀ**'' **(ਅੰਗ ੫੦੮)**

੫. ਵਡਹੰਸ ਰਾਗੁ ਵਿੱਚ ''**ਲਲਾਂ ਬਹਲੀਮਾ ਕੀ ਧੁਨਿ**'' **(ਅੰਗ ੫੮੫)**

੬. ਰਾਮਕਲੀ ਰਾਗੁ ਵਿੱਚ ''**ਜੋਧੈ ਵੀਰੈ ਪੂਰਬਾਣੀ ਕੀ ਧੁਨੀ**'' **(ਅੰਗ ੯੪੭)**

੭. ਸਾਰੰਗ ਰਾਗੁ ਵਿੱਚ ''**ਰਾਇ ਮਹਮੇ ਹਸਨੇ ਕੀ ਧੁਨਿ**'' **(ਅੰਗ ੧੨੩੭)**

੮. ਮਲਾਰ ਰਾਗੁ ਵਿੱਚ ''**ਰਾਏ ਕੈਲਾਸ ਤਥਾ ਮਾਲਦੇ ਕੀ ਧੁਨਿ**'' **(ਅੰਗ ੧੨੭੮)**

੯. ਕਾਨੜਾ ਰਾਗੁ ਵਿੱਚ ''**ਮੂਸੇ ਕੀ ਵਾਰ ਕੀ ਧੁਨੀ**'' **(ਅੰਗ ੧੩੧੨)**

ਨੌਂ ਨਾਥ

੧. ਪ੍ਰਾਨ ਨਾਥ **੨.** ਗੋਪੀ ਨਾਥ **੩.** ਸੂਰਤ ਨਾਥ **੪.** ਗੋਰਖ ਨਾਥ **੫.** ਮਛੰਦਰ ਨਾਥ
੬. ਮੰਗਲ ਨਾਥ **੭.** ਚਰਪਟ ਨਾਥ **੮.** ਚੰਬਾ ਨਾਥ **੯.** ਘੁੱਘੂ ਨਾਥ

ਨੌਂ ਨਾਥ ਇਹ ਵੀ ਮੰਨੇ ਜਾਂਦੇ ਹਨ :

੧. ਆਦਿ ਨਾਥ = ਸ਼ਿਵਜੀ ਦਾ ਅਵਤਾਰ। **੨. ਮਛੰਦਰ ਨਾਥ** = ਮੱਛੀ ਦੇ ਪੇਟੋਂ।

੩. ਉਦੇ ਨਾਥ=ਪਾਰਬਤੀ ਦਾ ਅਵਤਾਰ (ਆਈ ਪੰਥ)। **੪. ਸੰਤੋਖ ਨਾਥ**=ਵਿਸ਼ਨੂੰ ਦਾ ਅਵਤਾਰ।

੫. ਕੰਥੜ ਨਾਥ = ਗਣੇਸ਼ ਦਾ ਅਵਤਾਰ **੬. ਸਤਿ ਨਾਥ** = ਬ੍ਰਹਮਾ ਦਾ ਅਵਤਾਰ।

੭. ਅਚੰਭਾ ਨਾਥ = ਚੰਬੇ ਦਾ ਰਾਜਾ ਅਤੇ ਪਰਬਤ ਦਾ ਅਵਤਾਰ।

੮. ਚੌਰੰਜੀ ਨਾਥ = ਪੂਰਨ ਭਗਤ ਸਲਵਾਹਨ ਦਾ ਪੁੱਤਰ।

੯.ਗੋਰਖ ਨਾਥ = ਮਹਾਂਦੇਵ ਦਾ ਅਵਤਾਰ।

ਨੌਂ ਮੁਨੀ

ਮੁਨੀ	-	ਉਸ ਦੀ ਘਰਵਾਲੀ
੧. ਮਰੀਚ	-	ਕਲਾ
੨. ਅੰਗਰਾ	-	ਸਰਧਾ
੩. ਪੁਲਹ	-	ਗਤਿ
੪. ਕ੍ਰਤੂ	-	ਕ੍ਰਿਆ
੫. ਅਤ੍ਰਿ	-	ਅਨਸੂਆ
੬. ਪੁਲਸਤਯ	-	ਰਵਿਭੁਗ
੭. ਭ੍ਰਿਗੂ	-	ਖਿਆਤਿ
੮. ਅਥਵਣ	-	ਸ਼ਾਤਿ
੯. ਵਸ਼ਿਸ਼ਟ	-	ਅਰੁੰਧਤੀ

ਨੌਂ ਯੋਗੀਆਂ ਦੇ ਨਾਮ

੧. ਕਪ **੨.** ਹਰੀ **੩.** ਅੰਤ੍ਰੀਛ **੪.** ਪ੍ਰਬੁੱਧ **੫.** ਪਿਪਲਾਇਨ
੬. ਹੋਤ੍ਰ **੭.** ਦ੍ਰੂਮਲ **੮.** ਕਾਸਮ **੯.** ਕਰਭਾਂਜਨ

ਨੌਂ ਖੰਡ

ਕੁਰੂ ਹਿਰਨਮਯ ਇਲਾਬ੍ਰਤ, ਕੇਤਮਾਲ ਹਰਿ ਵਰਖ।
ਰੰਮਯਕੇ ਭੱਦਰ ਕਿੰਪੁਰਖ, ਨਵਖੰਡ ਹੈ ਯੁਤ ਭਾਰਤ॥ ੪॥

(ਛੱਤੀਸ ਗਿਆਨ)

੧. ਕੁਰੂ ਖੰਡ **੨.** ਹਿਰਨਮਯ ਖੰਡ **੩.** ਇਲਾਬ੍ਰਤ **੪.** ਕੇਤਲਮਾਲ ਖੰਡ
੫. ਹਰਿਵਰਖ ਖੰਡ **੬.** ਰੰਮਯਕ ਖੰਡ **੭.** ਕਿੰਪੁਰਖ ਖੰਡ **੮.** ਭੱਦਰ ਖੰਡ
੯. ਭਾਰਤ ਖੰਡ

ਵਿਦਵਾਨਾਂ ਅਨੁਸਾਰ ਸੁਮੇਰ ਪਰਬਤ ਦੇ ਦੱਖਣ ਵਾਲੇ ਪਾਸੇ ਤਿੰਨ ਪਰਬਤ (ਹਿਮਾਲਯ, ਹੇਮਕੁੰਟ ਤੇ ਨਿਖਧ) ਹਨ। ਇਨ੍ਹਾਂ ਤਿੰਨਾਂ ਦੇ ਦੱਖਣ ਸਮੁੰਦ੍ਰ ਅਤੇ ਹਿਮਾਲਯ ਵਿਚਕਾਰ ਭਾਰਤ ਖੰਡ ਹੈ। ਹਿਮਾਲਯ ਅਤੇ ਹੇਮਕੁੰਟ ਦੇ ਵਿਚਕਾਰ ਕਿੰਪੁਰਖ ਖੰਡ ਹੈ, ਹੇਮਕੁੰਟ ਅਤੇ ਨਿਖਧ ਪਰਬਤ ਦੇ ਵਿਚਕਾਰ ਹਰਿਵਰਖ ਖੰਡ ਹੈ। ਇਸੇ ਤਰ੍ਹਾਂ ਸੁਮੇਰ ਦੇ ਪੂਰਬੀ ਪਾਸੇ ਮਾਲਯਵਾਨ ਪਰਬਤ ਹੈ। ਮਾਲਯਵਾਨ ਅਤੇ ਲਵਣ ਸਮੁੰਦ੍ਰ ਵਿਚਕਾਰ ਭੱਦਰ ਖੰਡ ਹੈ। ਸੁਮੇਰ ਦੇ ਪੱਛਮੀ ਤਰਫ ਗੰਧਮਾਦਨ ਪਰਬਤ ਹੈ। ਗੰਧਮਾਦਨ ਅਤੇ ਲਵਣ ਸਮੁੰਦ੍ਰ ਵਿਚਕਾਰ ਕੇਤਮਾਲ ਖੰਡ ਹੈ। ਇਸ ਤਰ੍ਹਾਂ ਸੁਮੇਰ ਦੇ ਉੱਤਰੀ ਪਾਸੇ ਤਿੰਨ ਪਰਬਤ (ਨੀਲ ਪਰਬਤ, ਸ੍ਵੇਤ ਪਰਬਤ, ਸਿੰਗ੍ਰਵਾਨ ਪਰਬਤ) ਹਨ। ਨੀਲ ਅਤੇ ਸ੍ਵੇਤ ਪਰਬਤ ਦੇ ਵਿਚਕਾਰ ਰੰਮਯਕ ਖੰਡ ਹੈ। ਸ੍ਵੇਤ ਅਤੇ ਸਿੰਗ੍ਰਵਾਨ ਪਰਬਤ ਦੇ ਵਿਚਕਾਰ ਹਿਰਣਮਯ ਖੰਡ ਹੈ, ਉੱਤਰ ਦੇ ਖਾਰੇ ਸਮੁੰਦ੍ਰ ਅਤੇ ਸ਼੍ਰਿੰਗਵਾਨ ਪਰਬਤ ਦੇ ਵਿਚਕਾਰ ਕੁਰੂ ਖੰਡ ਹੈ ਅਤੇ ਸੁਮੇਰ ਪਰਬਤ ਦੇ ਚਾਰੇ ਪਾਸੇ ਫੈਲਿਆ ਇਲਾਬ੍ਰਤ ਖੰਡ ਹੈ।

ਨੌਂ ਨਿੱਧੀਆਂ

ਅਸਨ ਬਸਨ ਭੂ ਕਨਕ ਪੁਨ, ਦਾਸੀ ਚੌਂਪ ਗੁਲਾਮ।
ਰਥਵਾਹੇ ਹਿੰਡਾਏ ਜਾਨੀਏ, ਯੇ ਨਵਨਿਧਿ ਕੇ ਨਾਮ।

(ਗੁਰਮੁਖ ਪ੍ਰਕਾਸ਼, ਪੰਨਾ ੪੯੫)

ਇਸ ਪ੍ਰਕਾਰ ਸਭ ਬਖ਼ਸ਼ਿਸ਼ਾਂ ਦੀ ਪ੍ਰਾਪਤੀ ਹੋ ਜਾਂਦੀ ਹੈ।

ਸ਼ਾਸਤ੍ਰਾਂ ਅਨੁਸਾਰ ਨਉ ਨਿੱਧੀਆਂ ਇਸ ਪ੍ਰਕਾਰ ਕਥਨ ਕੀਤੀਆਂ ਹਨ :

ਦੋਹਰਾ: ਪਦਮ ਮਕਰ ਮਹਾਂਪਦਮ ਹੈ, ਕੱਛਪ ਕੁੰਦ ਮੁਕੰਦ।
ਨੀਲ ਖਰਬ ਸੰਖ ਨਵਨਿਧਿ, ਦਾਤਾ ਹਰਿ ਬਖ਼ਸ਼ੰਦ॥ ੫॥ (ਛੱਤੀਸ ਗਿਆਨ)

੧.ਪਦਮ=ਸੋਨਾ ਚਾਂਦੀ। **੨.ਮਹਾਂਪਦਮ**=ਹੀਰੇ ਜਵਾਹਰਾਤ। **੩.ਮਕਰ**=ਸ਼ਾਸਤ੍ਰੀ ਵਿੱਦਿਆ ਦੀ ਪ੍ਰਾਪਤੀ 'ਤੇ ਮਾਣ। **੪.ਕੱਛਪ**=ਕੱਪੜੇ ਦਾਣੇ ਦੀ ਸੌਦਾਗਰੀ। **੫.ਮੁਕੰਦ** = ਰਾਗ ਆਦਿ ਕੋਮਲ ਹੁਨਰਾਂ ਦੀ ਪ੍ਰਾਪਤੀ। **੬.ਕੁੰਦ**=ਸੋਨੇ ਦੀ ਸੌਦਾਗਰੀ। **੭.ਨੀਲ**=ਮੋਤੀ ਮੂੰਗੇ ਦੀ ਸੌਦਾਗਰੀ। **੮.ਖਰਬ**=ਕੁਬੇਰ ਦੀ ਇਕ ਨਿਧਿ। **੯.ਸੰਖ**=ਸੋਹਣੇ ਖਾਣੇ ਤੇ ਕੱਪੜੇ।

ਨੌਂ ਦ੍ਰਵ ਵਸਤੂਆਂ

ਪੰਜੇ ਤੱਤ, ਛੇਵਾਂ ਕਾਲ, ਸੱਤਵਾਂ ਚਾਰੇ ਦਿਸ਼ਾਵਾਂ, ਅੱਠਵਾਂ ਮਨ ਅਤੇ ਨੌਵਾਂ ਆਤਮਾ।

ਸ਼ੌਕ ਵਾਲੇ ਜਗਿਆਸੂਆਂ ਦੀਆਂ ਨੌਂ ਨਿਸ਼ਾਨੀਆਂ

ਆਸ਼ਕਾਰਾ ਨਵ ਨਿਸ਼ਾਨੀ ਐ ਪਿਸਰ, ਆਹ ਸਰਦੋ, ਰੰਗ ਜਰਦੋ, ਚਸ਼ਮ ਤਰ।
ਕਮ ਗੁਫਤਨੋ, ਕਮ ਖੁਰਦਨੋ, ਖੁਆਬਸ ਹਰਾਮ, ਇੰਤਜਾਰੀ ਬੇਕਰਾਰੀ, ਦਸਤ ਸਰ।

੧. ਸੁਆਸ ਠੰਢੇ ਆਉਣੇ **੨.** ਰੰਗ ਦਾ ਪੀਲਾ ਹੋ ਜਾਣਾ **੩.** ਹਰ ਵਕਤ ਨੇਤਰਾਂ ਵਿੱਚ ਜਲ ਉਤਰਿਆ ਰਹਿਣਾ **੪.** ਘੱਟ ਬੋਲਣਾ **੫.** ਘੱਟ ਖਾਣਾ **੬.** ਰਾਤ ਦੀ ਨੀਂਦ ਦਾ ਖ਼ਤਮ ਹੋ ਜਾਣਾ **੭.** ਇੰਤਜ਼ਾਰੀ ਲੱਗੀ ਜਾਣੀ **੮.** ਬੇਕਰਾਰ ਹੋਏ ਰਹਿਣਾ **੯.** ਹੱਥ ਤੇ ਸਿਰ ਕੰਬਦੇ ਰਹਿਣਾ।

ਨੌਂ ਪ੍ਰਕਾਰ ਦੀ ਭਗਤੀ

ਸ੍ਰਵਣ, ਸਿਮਰਨ, ਕੀਰਤਨ, ਪਾਦ ਸੇਵ ਅਰਚਾਨ।
ਦਾਸਾ ਸਖਪਨ ਬੰਦਨਾ, ਸਰਬ ਨਿਵੇਦਨ ਜਾਨ।

੧. ਸ੍ਰਵਣ ਭਗਤੀ = ਇਸ ਭਗਤੀ ਵਿੱਚ ਰਿਖੀ ਕਾਕਭਸੁੰਡ ਦੀ ਪ੍ਰਸਿੱਧੀ ਹੈ, ਜੋ ਨਾਮ ਨੂੰ ਸੁਣਦਾ ਰਹਿੰਦਾ ਹੈ।

੨. ਸਿਮਰਨ ਭਗਤੀ = ਇਸ ਭਗਤੀ ਵਿੱਚ ਸ਼ੇਸ਼ਨਾਗ ਪ੍ਰਸਿੱਧ ਹੈ, ਜੋ ਹਰ ਰੋਜ਼ ਪਰਮੇਸ਼ਰ ਦੇ ਨਵੇਂ-ਨਵੇਂ ਨਾਮ ਰਟਦਾ ਹੈ।

੩. ਕੀਰਤਨ ਭਗਤੀ = ਇਸ ਭਗਤੀ ਵਿੱਚ ਦੇਵਰਿਸ਼ੀ ਨਾਰਦ ਪ੍ਰਸਿੱਧ ਹੈ।

੪. ਪਾਦਸੇਵ ਭਗਤੀ = ਇਸ ਵਿੱਚ ਲੱਛਮੀ ਦੀ ਪ੍ਰਸਿੱਧੀ ਹੈ। ਜੈਸਾ ਕਿ :

ਪਾਸਿ ਬੈਠੀ ਬੀਬੀ ਕਵਲਾ ਦਾਸੀ ॥ ੨॥ **(ਅੰਗ ੪੭੯)**

੫. **ਅਰਚਨ ਭਗਤੀ** = ਜਿਸ ਪ੍ਰਕਾਰ ਮਾਲਣ ਕੁਬਜਾ ਅਤੇ ਸੁਦਾਮੇ ਭਗਤ ਨੇ ਕ੍ਰਿਸ਼ਨ ਜੀ ਦੀ ਭਗਤੀ ਕੀਤੀ ਸੀ।

੬. **ਦਾਸਾ ਭਾਵ ਭਗਤੀ** = ਇਸ ਵਿੱਚ ਹਨੂੰਮਾਨ ਜੀ ਦੀ ਪ੍ਰਸਿੱਧੀ ਹੈ।

੭. **ਸਖਾਪਨ ਭਗਤੀ** = ਇਹ ਭਗਤੀ ਦੁਆਪਰ ਜੁੱਗ ਦੇ ਪਾਂਡੂ ਪੁੱਤਰ ਅਰਜਨ ਨੇ ਕੀਤੀ, ਕਿਉਂਕਿ ਰਿਸ਼ਤੇਦਾਰੀ ਭਾਵੇਂ ਸਾਲੇ ਭਣੋਈਏ ਦੀ ਸੀ ਪਰੰਤੂ ਭਗਤੀ ਵਾਲਾ ਪੱਖ ਨਹੀਂ ਛੱਡਿਆ।

੮. **ਬੰਦਨਾ ਭਗਤੀ** = ਇਸ ਵਿੱਚ ਪ੍ਰਿਥੂ ਰਾਜੇ ਦੀ ਪ੍ਰਸਿੱਧੀ ਹੈ ਜਾਂ ਕ੍ਰਿਸ਼ਨ ਜੀ ਦੇ ਚਾਚਾ ਅਕ੍ਰੂਰ ਦਾ ਨਾਮ ਭੀ ਆਉਂਦਾ ਹੈ।

੯. **ਸਰਬ ਨਿਵੇਦਨ ਭਗਤੀ** = ਜਿਵੇਂ ਬਲ ਰਾਜੇ ਨੇ ਸਭ ਕੁੱਝ ਹੀ ਅਰਪ ਦਿੱਤਾ ਸੀ।

ਰਹਾਉ ਪਦ ਦੇ ਨੌਂ ਅਰਥ

ਰਹਾਉ=ਰਹਾਉ ਸ਼ਬਦ ਦੀ ਵਰਤੋਂ ਗੁਰਬਾਣੀ ਵਿੱਚ ਬਹੁਤ ਸ਼ਬਦਾਂ ਦੇ ਰੂਪ ਵਿੱਚ ਕੀਤੀ ਗਈ ਹੈ ਅਤੇ ਕਈ ਪ੍ਰਕਾਰ ਨਾਲ ਇਸ ਦੇ ਅਰਥਾਂ ਨੂੰ ਸਮਝਿਆ ਜਾਂਦਾ ਹੈ। ਇਸ ਨੂੰ ਅੱਗੇ ਲਿਖੇ ਅਨੁਸਾਰ ਵਿਚਾਰਿਆ ਜਾ ਸਕਦਾ ਹੈ :

੧. ਸੰਗੀਤ ਵਿੱਦਿਆ ਵਿੱਚ 'ਰਹਾਉ' ਨਾਮ ਅਸਥਾਈ ਦਾ ਹੈ। ਰਾਗਾਂ ਜਾਂ ਸੰਗੀਤ ਦੇ ਚਾਰ ਮੁੱਖ ਭੇਦ ਮੰਨੇ ਹਨ : (ੳ) ਅਸਥਾਈ (ਅ) ਸੰਚਾਰੀ (ੲ) ਅੰਤਰਾ (ਸ) ਭੋਗ। ਆਮ ਤੌਰ 'ਤੇ ਦੋ ਭੇਦ (ਅਸਥਾਈ ਤੇ ਅੰਤਰਾ) ਮੁਖ ਰੂਪ 'ਚ ਵਰਤੇ ਜਾਂਦੇ ਹਨ। ਸ਼ਬਦ 'ਰਹਾਉ' ਦਾ ਅਰਥ ਅਸਥਾਈ ਹੈ, ਜਿਸ ਨੂੰ ਟੇਕ ਵੀ ਆਖਦੇ ਹਨ ਭਾਵ ਸੰਗੀਤ ਗਾਉਣ ਸਮੇਂ ਰਾਗੀ ਲੋਕ ਜਿਸ ਤੁਕ ਨੂੰ ਟੇਕ ਬਣਾਉਂਦੇ ਹਨ ਉਹ ਅਸਥਾਈ ਹੁੰਦਾ ਹੈ। ਗੁਰਬਾਣੀ ਸੰਗੀਤ ਰੂਪ ਹੈ ਤੇ ਰਾਗਾਂ ਵਿੱਚ ਗਾਈ ਜਾਣ ਵਾਲੀ ਹੈ। ਇਸ ਲਈ ਸੰਗੀਤ ਦੇ ਨਜ਼ਰੀਏ ਨਾਲ ਸਤਿਗੁਰਾਂ ਨੇ 'ਰਹਾਉ' ਸ਼ਬਦ ਲਿਖ ਕੇ ਰਾਗੀਆਂ ਜਾਂ ਗਵੱਈਆਂ ਨੂੰ ਹਦਾਇਤ ਕੀਤੀ ਕਿ 'ਰਹਾਉ' ਤੁਕ ਵਾਲੀ ਅਸਥਾਈ ਬਣਾ ਕੇ ਸ਼ਬਦ ਗਾਇਆ ਜਾਵੇ। ਇਹੋ ਹੀ ਸ਼ਬਦ ਦੁਆਰਾ ਮੁੱਖ ਰੂਪ ਉਪਦੇਸ਼ ਦਿੱਤਾ ਗਿਆ ਹੁੰਦਾ ਹੈ।

੨. ਕਾਵਯ ਰਚਨਾ ਅਨੁਸਾਰ 'ਰਹਾਉ' ਦੀ ਪੰਗਤੀ ਸਿਧਾਂਤਕ ਪੰਗਤੀ ਹੁੰਦੀ ਹੈ ਭਾਵ ਇਸ ਤੁਕ ਵਿੱਚ ਸਾਰੇ ਸ਼ਬਦ ਦਾ ਸਿਧਾਂਤ ਰੱਖਿਆ ਗਿਆ ਹੁੰਦਾ ਹੈ। ਇਸੇ ਕਰਕੇ ਗਿਆਨੀ ਲੋਕ ਸ਼ਬਦ ਨੂੰ ਵਿਚਾਰਨ ਸਮੇਂ ਸਭ ਤੋਂ ਪਹਿਲਾਂ 'ਰਹਾਉ' ਵਾਲੀ ਪੰਗਤੀ ਦੇ ਅਰਥ ਕਰਦੇ ਹਨ ਤੇ ਬਾਕੀ ਸ਼ਬਦ ਦੀ ਵੀਚਾਰ ਇਸੇ 'ਰਹਾਉ' ਵਾਲੀ ਸਿਧਾਂਤਕ ਪੰਗਤੀ ਦੇ ਚੌਗਿਰਦੇ ਹੀ ਕੀਤੀ ਜਾਂਦੀ ਹੈ। ਇਸ ਲਈ ਗੁਰਬਾਣੀ ਨੂੰ ਵਿਚਾਰਨ ਵਾਲਿਆਂ ਲਈ ਵੀ 'ਰਹਾਉ' ਲਿਖ ਕੇ ਸਤਿਗੁਰਾਂ ਨੇ ਇਹ ਦਿਸ਼ਾ ਨਿਰਦੇਸ਼ ਬਖ਼ਸ਼ੇ ਹਨ ਕਿ ਇਸ ਨੂੰ ਸਿਧਾਂਤ ਸਮਝ ਕੇ ਸ਼ਬਦ ਦੀ ਵੀਚਾਰ ਕੀਤੀ ਜਾਵੇ।

੩. 'ਰਹਾਉ' ਦਾ ਅਰਥ ਰਹਿਣਾ ਵੀ ਭਾਵ ਇਹ ਸਮਝ ਲਵੋ ਕਿ ਸੰਸਾਰ ਸਾਰਾ ਹੀ ਨਾਸ਼ਵੰਤ ਹੈ ਤੇ ਕੇਵਲ ਉਹ ਪਰਮਾਤਮਾ ਹੀ ਰਹਿਣ ਵਾਲਾ ਹੈ, ਜਿਸ ਦਾ ਜਸ ਸ਼ਬਦ ਦੁਆਰਾ ਗਾਇਆ ਜਾ ਰਿਹਾ ਹੈ।

੪. 'ਰਹਾਉ' ਦਾ ਅਰਥ ਵਿਸ਼ਰਾਮ (;) ਵੀ ਹੈ ਅਰਥਾਤ ਵਿਸ਼ਰਾਮ (ਠਹਿਰਾਉ) ਦੇ ਸਹਿਤ ਗੁਰਬਾਣੀ ਨੂੰ ਪੜ੍ਹਿਆ, ਗਾਇਆ ਤੇ ਵੀਚਾਰਿਆ ਜਾਵੇ।

੫. 'ਰਹਾਉ' ਦਾ ਅਰਥ 'ਟਿਕੋ ਜਾਂ ਅਟਕਾਅ' ਵੀ ਹੈ, ਭਾਵ ਹਦਾਇਤ ਕੀਤੀ ਗਈ ਹੈ ਕਿ ਇੱਥੇ ਟਿਕੋ ਜਾਂ ਅਟਕੋ।

੬. 'ਰਹਾਉ' ਦਾ ਅਰਥ ਬੀਜਣਾ ਵੀ ਹੈ, ਭਾਵ ਹਿਰਦੇ ਰੂਪੀ ਖੇਤ ਵਿੱਚ ਨਾਮ ਸਰੂਪ, ਸ਼ਬਦ ਰੂਪੀ ਬੀਜ ਨੂੰ ਬੀਜਣਾ ਕਰੋ।

੭. 'ਰਹਾਉ' ਦਾ ਅਰਥ ਨਾਭੀ ਦੀ ਤਰ੍ਹਾਂ ਹੈ ਭਾਵ ਜਿਵੇਂ ਸਰੀਰ ਦਾ ਕੇਂਦਰ ਨਾਭੀ ਹੈ ਵਾ: ਗੱਡੇ ਦੇ ਪਹੀਏ ਦੀ ਨਾਭੀ ਵਾਂਗ, ਜਿਸ ਦੇ ਉਦਾਲੇ ਸਾਰਾ ਪਹੀਆ ਘੁੰਮਦਾ ਹੈ ਉਵੇਂ ਸ਼ਬਦ ਦਾ ਕੇਂਦਰ 'ਰਹਾਉ' ਵਾਲੀ ਪੰਗਤੀ ਦੇ ਚੌਗਿਰਦੇ ਹੀ ਘੁੰਮਦਾ ਹੈ।

੮. 'ਰਹਾਉ' ਦਾ ਅਰਥ 'ਰਹਿ ਆਉਣਾ' ਵੀ ਹੈ, ਭਾਵ ਇਸ ਗੁਰਬਾਣੀ ਨੂੰ ਪੜ੍ਹਨ, ਗਾਉਣ ਤੇ ਵਿਚਾਰਨ ਵਾਲਿਆਂ ਦੀ ਲੋਕ-ਪ੍ਰਲੋਕ ਵਿੱਚ ਇੱਜ਼ਤ ਰਹਿ ਆਵੇਗੀ।

੯. 'ਰਹਾਉ' (ਰ+ਹਾ+ਉ) ਸ਼ਬਦ ਵਿੱਚ ਜੋ ਰ=ਰਮਿਆ ਹੋਇਆ ਹੈ, ਹਾ=ਪ੍ਰਗਟ ਹੈ, ਉ=ਓਅੰਕਾਰ ਭਾਵ ਜੋ ਸਾਰੇ ਸੰਸਾਰ ਵਿੱਚ ਰਮਿਆ ਹੋਇਆ ਹੈ ਜੋ ਐਸਾ ਪ੍ਰਭੂ ਹੈ, ਉਸ ਨੂੰ ਮਨ ਵਿੱਚ ਟਿਕਾਉ। ਇਸ ਪ੍ਰਕਾਰ 'ਰਹਾਉ' ਦੇ ਅਨੇਕਾਂ ਅਰਥ ਹੁੰਦਿਆਂ ਹੋਇਆਂ ਵੀ ਦੋ ਗੱਲਾਂ ਬਿਲਕੁਲ ਸਪੱਸ਼ਟ ਹਨ ਕਿ ਗਾਉਣ ਵਾਲਿਆਂ ਲਈ ਇਹ ਅਸਥਾਈ ਜਾਂ ਟੇਕ ਦਾ ਸੂਚਕ ਹੈ ਅਤੇ ਵਿਚਾਰਨ ਵਾਲਿਆਂ ਲਈ ਇਹ ਸਿਧਾਂਤਕ ਪੰਗਤੀ ਦਾ ਸੂਚਕ ਹੈ। ਆਮ ਸ਼ਬਦਾਂ ਵਿੱਚ ਇੱਕੋ ਹੀ 'ਰਹਾਉ' ਹੁੰਦਾ ਹੈ ਪਰ ਕਈ ਸ਼ਬਦਾਂ ਵਿੱਚ ਦੋ ਸਿਧਾਂਤ ਰੱਖੇ ਹਨ। ਇਸ ਕਰਕੇ ਉਥੇ 'ਰਹਾਉ ਦੂਜਾ' ਨੂੰ ਉਵੇਂ ਲਿਖੇ ਅਨੁਸਾਰ 'ਰਹਾਉ ਦੂਜਾ' ਪੜ੍ਹਨਾ ਜ਼ਰੂਰੀ ਹੈ। ਕਈ ਸ਼ਬਦਾਂ ਵਿੱਚ ਹੋਰ ਵੀ ਵੱਧ 'ਰਹਾਉ' ਹਨ। ਇਵੇਂ ਸਮਝੋ ਕਿ ਸ਼ਬਦ ਵਿੱਚ ਉਤਨੇ ਹੀ ਸਿਧਾਂਤ ਹਨ। ਜਿਵੇਂ ਅੰਗ ੮੧ ਉਤੇ 'ਸਿਰੀਰਾਗੁ ਮਹਲਾ ੪ ਵਣਜਾਰਾ' ਸ਼ਬਦ ਵਿੱਚ ਛੇ 'ਰਹਾਉ' ਹਨ। ਅੰਗ ੯੬ ਉਤੇ 'ਮਾਝ ਮਹਲਾ ੫ ਚਉਪਦੇ ਘਰੁ ੧ ॥ **ਮੇਰਾ ਮਨੁ ਲੋਚੈ ਗੁਰ ਦਰਸਨ ਤਾਈ ॥** ' ਵਿੱਚ ਚਾਰ ਰਹਾਉ। ਇਤਨੇ ਹੀ ਸਿਧਾਂਤ ਸਮਝੋ।

ੴ (ਓਅੰਕਾਰ) ਦੇ ਨੌਂ (੯) ਅਰਥ

੧. **ਸੰਕੇਤੀ ਅਰਥ** = ਗੁਰੂ ਸੰਕੇਤ ਅਨੁਸਾਰ ਜੋ ਸਰਬ ਦਾ ਵਿਆਪਕ ਹੈ ਉਹ ਓਅੰਕਾਰ ਹੈ। ਜੈਸਾ ਕਿ:

ਓਅੰਕਾਰਿ ਉਤਪਾਤੀ ॥ ਕੀਆ ਦਿਨਸੁ ਸਭ ਰਾਤੀ ॥ (ਅੰਗ ੧੦੩)

੨. **ਵਿਆਕਰਣ ਅਨੁਸਾਰ :**

'ਅਵ' ਧਾਤੂ ਤੋਂ ਬਣਿਆ ਹੈ, ਜਿਸ ਦਾ ਅਰਥ ਹੈ (ਰੱਖਿਆ) ਭਾਵ ਜੋ ਉਚਾਰਨ ਮਾਤ੍ਰ ਤੋਂ ਰੱਖਿਆ ਕਰਨ ਵਾਲਾ ਹੈ, ਉਹ ਓਅੰਕਾਰ ਹੈ।

੩. **ਜੋਗਕ ਅਰਥ :** ਜੋਗੀਆਂ ਦੇ ਮੱਤ ਅਨੁਸਾਰ ਜੋ ਪ੍ਰਾਣਾਂ ਨੂੰ ਦਸਮ ਦੁਆਰ ਲੈ ਜਾਣ ਵਾਲਾ ਹੈ, ਉਹ 'ਓਅੰਕਾਰ' ਹੈ।

੪. **ਵੈਸ਼ਨਵ ਮੱਤ ਅਨੁਸਾਰ ਅਥਵਾ ਭਗਤਿ ਅਰਥ :**

ਜੋ ਆਪਣੇ ਪਿਆਰਿਆਂ ਨੂੰ ਅੰਗੀਕਾਰ ਕਰਨ ਵਾਲਾ ਹੈ, ਉਹ 'ਓਅੰਕਾਰ' ਹੈ।

੫. ਮਾਤ੍ਰਾ ਦੇ ਭੇਦ ਕਰਕੇ : ਉਂਕਾਰ (ਓ) ਸਤੋਗੁਣ ਦੀ ਪ੍ਰਧਾਨਤਾ ਕਰਕੇ ਵਿਸ਼ਨੂੰ ਰੂਪ ਹੈ। ਅਕਾਰ (ਅ) ਰਜੋਗੁਣ ਦੀ ਪ੍ਰਧਾਨਤਾ ਕਰਕੇ ਬ੍ਰਹਮਾ ਦਾ ਰੂਪ ਹੈ। ਮਕਾਰ (ਮ) ਤਮੋ ਗੁਣ ਦੀ ਪ੍ਰਧਾਨਤਾ ਕਰਕੇ ਸ਼ਿਵ ਰੂਪ ਹੈ। ਅਰਥ ਬਿੰਦੂ (ਁ) ਇਨ੍ਹਾਂ ਸਾਰਿਆਂ ਦਾ ਅਧਿਸ਼ਠਾਨ ਹੈ। ਜੋ ਪ੍ਰਕਾਸ਼ਕ ਹੈ ਸੋ ਓਅੰਕਾਰ ਹੈ।

੬. ਲੈ ਚਿੰਤਨ ਦੇ ਅਰਥ :

ਜਿੱਥੇ ਜਾਗ੍ਰਤ ਵਿੱਚ ੪੨ ਭਾਵ ਪ੍ਰਗਟ (ਸਫੁਰਨ) ਹੋਣ (ਪੰਜ ਕਰਮ ਇੰਦ੍ਰੇ, ਪੰਜ ਗਿਆਨ ਇੰਦ੍ਰੇ, ਚਾਰ ਭੇਦ ਅੰਤਸ਼ਕਰਣ ਦੇ (ਮਨ ਬੁੱਧ ਚਿੱਤ ਅਹੰਕਾਰ) ਇਹ ਚੌਦਾਂ ਹਨ) ਚੌਦਾਂ ਇਨ੍ਹਾਂ ਦੇ ਵਿਸ਼ੇ ਤੇ ਚੌਦਾਂ ਹੀ ਇਨ੍ਹਾਂ ਦੇ ਪ੍ਰੇਰਕ ਦੇਵਤੇ ਹਨ।

(ਉਂਕਾਰ) ਤਿਸ ਦਾ ਵਿਅਸਟੀ ਭੇਦ ਕਰਕੇ ਵਿਸ੍ਵ ਨਾਮੇ ਜੀਵ ਜਾਗ੍ਰਤ ਅਵਸਥਾ ਦਾ ਅਭਿਮਾਨੀ ਹੈ। ਸਮਸਟੀ ਭੇਦ ਕਰਕੇ ਸਾਰੇ ਸੰਸਾਰ ਦੀ ਜਾਗ੍ਰਤ ਅਵਸਥਾ ਦਾ ਅਭਿਮਾਨੀ ਵੈਰਾਟ ਰੂਪ ਹੈ ਅਤੇ ਉਂਕਾਰ ਮਾਤ੍ਰਾ ਵਿਸ੍ਵ ਅਭਿੰਨ ਵੈਰਾਟ ਦੀ ਵਾਚਕ ਹੈ, ਇਹ ਵਾਚ ਰੂਪ ਹੈ।

(ਅਕਾਰ) ਵਿਅਸਟੀ ਭੇਦ ਕਰਕੇ ਤੈਜਸ੍ਵ ਨਾਮ ਜੀਵ ਸੁਪਨ ਅਵਸਥਾ ਦਾ ਅਭਿਮਾਨੀ ਹੈ। ਸਮਸਟੀ ਭੇਦ ਕਰਕੇ ਸੂਖਮ ਸ੍ਰਿਸ਼ਟੀ ਦੀ ਸੁਪਨ ਅਵਸਥਾ ਦਾ ਹਿਰਨਗਰਭ ਅਭਿਮਾਨੀ ਹੈ ਅਤੇ ਅਕਾਰ ਮਾਤ੍ਰਾ ਅਭਿੰਨ ਹਿਰਨਗਰਭ ਦੀ ਵਾਚਕ ਹੈ, ਇਹ ਵਾਚ ਰੂਪ ਹੈ।

(ਮਕਾਰ) ਵਿਅਸਟੀ ਭੇਦ ਕਰਕੇ ਪ੍ਰਗਯ ਨਾਮੇ ਜੀਵ ਸੁਖੋਪਤ ਅਵਸਥਾ ਦਾ ਅਭਿਮਾਨੀ ਹੈ। ਸਮਸਟੀ ਭੇਦ ਕਰਕੇ ਸਾਰਿਆਂ ਦੀ ਸੁਖੋਪਤ ਅਵਸਥਾ ਦਾ ਅਭਿਮਾਨੀ ਅੱਬਿਆਕ੍ਰਿਤ ਹੈ ਅਤੇ ਮਕਾਰ ਮਾਤ੍ਰਾ ਇਨ੍ਹਾਂ ਦੀ ਵਾਚਕ ਹੈ, ਇਹ ਵਾਚ ਰੂਪ ਹੈ।

ਇਸ ਪ੍ਰਕਾਰ ਇਨ੍ਹਾਂ ਦਾ ਚਿੰਤਨ ਕਰਕੇ, ਲੈ ਇਸ ਪ੍ਰਕਾਰ ਕਰਨਾ ਹੈ। ਵਿਸ੍ਵ ਨਾਮੇ ਜੀਵ ਨੂੰ ਵੈਰਾਟ 'ਚ ਲੀਨ ਕਰਨਾ ਹੈ। ਤੈਜਸ੍ਵ ਨਾਮੇ ਜੀਵ ਨੂੰ ਹਿਰਨਗਰਭ 'ਚ, ਪ੍ਰਾਗਯ ਨਾਮੇ ਜੀਵ ਨੂੰ ਅੱਬਿਆਕ੍ਰਿਤ ਵਿੱਚ ਅਤੇ ਅੱਬਿਆਕ੍ਰਿਤ ਨੂੰ 'ਸ਼ੁੱਧ ਬ੍ਰਹਮ' 'ਚ ਲੈ ਕਰਨਾ ਹੈ। ਅਰਧ ਬਿੰਦੂ=ਅੱਧੇ ਭਾਗ ਦਾ ਬਿੰਦੂ=ਪ੍ਰਕਾਸ਼ਕ ਹੋਣ 'ਤੇ ਸਾਖੀ ਵਾਚਕ ਹੈ ਅਤੇ ਸਰਬਦਾ ਪ੍ਰਕਾਸ਼ਕ ਹੋਣੇ 'ਤੇ ਸ਼ੁੱਧ ਬ੍ਰਹਮ ਦਾ ਵਾਚਕ ਹੈ।

ਵਾ: ਦੂਸਰਾ ਇਸ ਪ੍ਰਕਾਰ ਲੈ ਚਿੰਤਨ ਕਰਨਾ ਪੰਜ ਸਥੂਲ ਤੱਤ, ਸੂਖਮ ਪੰਚ ਤਨ ਮਾਤ੍ਰਾ ਭਾਵ ਪੰਜ ਸੂਖਮ ਤੱਤ[੧], ਤ੍ਰਿਧਾ ਹੰਕਾਰ[੨], ਮਹਿਤਤ੍ਵ[੩], ਪ੍ਰਕਿਰਤੀ, ਪੁਰਖ ਇਨ੍ਹਾਂ ਦਾ ਫਿਰ ਲੈ ਕਰਕੇ ਲਖਯ ਭਾਗ ਦਾ ਚਿੰਤਨ ਕਰਨਾ।

---

੧. **ਤਨ ਮਾਤ੍ਰਾ**=ਸਾਖਜ ਮੱਤ ਅਨੁਸਾਰ ਪੰਜ ਤੱਤਾਂ ਦਾ ਬਿਨਾਂ ਮਿਲਾਵਟ ਆਦਿ ਰੂਪ, ਸ਼ਬਦ, ਸਪਰਸ਼, ਰਸ, ਗੰਧ ਉਤਪਤੀ ਦੇ ਪ੍ਰਕਾਰ ਵਿੱਚ ਲਿਖਿਆ ਹੈ ਕਿ ਪ੍ਰਕਿਰਤ ਤੋਂ ਮਹਿਤਤ੍ਵ ਦੀ ਉਤਪਤੀ ਹੁੰਦੀ ਹੈ, ਮਹਿਤਤ੍ਵ ਤੋਂ ਹੰਕਾਰ, ਅਹੰਕਾਰ ਤੋਂ ਸੋਲ੍ਹਾਂ ਪਦਾਰਥ ਉਪਜਦੇ ਹਨ। ਪੰਜ ਗਿਆਨ ਇੰਦ੍ਰੇ, ਪੰਜ ਕਰਮ ਇੰਦ੍ਰੇ, ਪੰਜ ਤਨ ਮਾਤ੍ਰਾ ਅਤੇ ਮਨ ਜੈਸਾ ਕਿ : ''ਪ੍ਰਕ੍ਰਿਤਿ ਮੂਲ ਮਹਿਤਤ੍ਵ ਉਪਾਵਾ। ਅਹੰਕਾਰ ਤਨ ਮਾਤ੍ਰ ਬਨਾਵਾ ॥'' (ਸ੍ਰੀ ਗੁਰ ਨਾਨਕ ਪ੍ਰਕਾਸ਼)

੨. **ਤ੍ਰਿਧਾਹੰਕਾਰ**=ਸਾਂਖਯ ਸ਼ਾਸਤ੍ਰ ਅਨੁਸਾਰ ਮਹਿਤਤ੍ਵ (ਬੁੱਧਿ) ਤੋਂ ਉਪਜਿਆ ਇਕ ਦ੍ਰਵਯ, ਜੋ ਮਹਿਤਤ੍ਵ ਦਾ ਵਿਕਾਰ ਹੈ ਅਤੇ ਜਿਸ ਦੀ ਸਾਤ੍ਵਿਕ ਅਵਸਥਾ ਤੋਂ ਗਯਾਨ ਇੰਦ੍ਰੀਆਂ ਅਤੇ ਮਨ ਉਪਜਦੇ ਹਨ। ਰਾਜਸ ਤੋਂ ਪੰਜ ਗਯਾਨ ਇੰਦ੍ਰੀਆਂ ਅਤੇ ਪੰਜ ਕਰਮ ਇੰਦ੍ਰੀਆਂ ਅਤੇ ਪੰਜ ਤੱਤਾਂ ਦੀ ਰਚਨਾ ਹੁੰਦੀ ਹੈ।

੩. **ਮਹਿਤਤ੍ਵ**=ਸਾਂਖਯ ਮੱਤ ਅਨੁਸਾਰ ਚੌਵੀ ਤੱਤਾਂ ਦੇ ਅੰਤਰਗਤ ਦੂਜਾ ਤੱਤ੍ਵ ਪ੍ਰਕ੍ਰਿਤ ਦਾ ਕਾਰਯ ਰੂਪ, ਅਹੰਕਾਰ ਦਾ ਆਦਿ ਕਾਰਨ ਇਸ ਦਾ ਨਾਮ ਬੁੱਧ ਤੱਤ ਵੀ ਲਿਖਿਆ ਹੈ।

ਲੈ ਇਸ ਪ੍ਰਕਾਰ ਕਰਨਾ ਹੈ—ਸਥੂਲ ਤੱਤ ਦਾ ਕਾਰਜ ਦੇਹਾਂ, ਸਥੂਲ ਤੱਤਾਂ ਵਿੱਚ ਸਥੂਲ ਤੱਤਾਂ ਨੂੰ ਸੂਖਮ ਤੱਤਾਂ 'ਚ ਲੈ ਕਰਨਾ, ਸੂਖਮ ਤੱਤਾਂ ਨੂੰ ਤ੍ਰਿਧਾ ਹੰਕਾਰ 'ਚ, ਤ੍ਰਿਧਾ ਹੰਕਾਰ ਨੂੰ ਮਹਿਤੱਤ੍ਵ 'ਚ, ਮਹਿਤੱਤ੍ਵ ਨੂੰ ਪ੍ਰਕਿਰਤੀ ਵਿੱਚ ਅਤੇ ਪ੍ਰਕਿਰਤੀ ਨੂੰ ਪੁਰਖ ਚੇਤਨ ਵਿੱਚ ਲੈ ਕਰਨਾ ਹੈ।

੭. **ਉਰਧ ਸਿਧਾਂਤਕ ਅਰਥ =** ਓਅੰਕਾਰ ਦਾ ਜਦੋਂ ਉਚਾਰਣ ਹੁੰਦਾ ਹੈ ਤਾਂ ਪੈਰਾਂ ਤੋਂ ਲੈ ਕੇ ਮੱਥੇ ਤਕ ਸਾਰੇ ਸਰੀਰ ਨੂੰ ਉੱਚਾ (ਊਰਧ) ਕਰ ਦਿੰਦਾ ਹੈ। ਇਸ ਕਰਕੇ ਇਸ ਦਾ ਨਾਮ ਓਅੰਕਾਰ ਹੈ।

੮. **ਜੋਗ ਖੇਮ ਅਰਥ =** ਓਅੰਕਾਰ 'ਅਣੂ' ਧਾਤੂ ਤੋਂ ਬਣਿਆ ਹੈ, ਜਿਸ ਦੇ ਅਰਥ ਰੱਖਿਆ ਤੇ ਪਾਲਣ ਹੈ। ਜੋ ਇਸ ਦਾ ਭਜਨ ਕਰਦੇ ਹਨ ਉਹ ਉਨ੍ਹਾਂ ਦੀ ਰੱਖਿਆ ਤੇ ਪਾਲਣਾ (ਜੋਗ ਤੇ ਖੇਮ) ਕਰਦਾ ਹੈ। ਅਪ੍ਰਾਪਤ ਵਸਤੂ ਦੀ ਪ੍ਰਾਪਤੀ ਕਰਾਉਣਾ ਜੋਗ ਹੈ ਤੇ ਪ੍ਰਾਪਤ ਵਸਤੂ ਦੀ ਰੱਖਿਆ ਕਰਨੀ 'ਖੇਮ' ਹੈ। ਜੋਗ ਤੇ ਖੇਮ ਕਰਕੇ ਉਸ ਦਾ ਨਾਮ ਓਅੰਕਾਰ ਹੈ।

੯. **ਸ੍ਫੂਰਕ ਅਰਥ =** ਓਅੰਕਾਰ ਦਾ ਅਰਥ ਬ੍ਰਹਮ ਭੀ ਹੈ। ਜੋ ਬ੍ਰਹਮ ਦਾ ਉਚਾਰਨ ਕਰਦਾ ਹੈ ਉਹ ਉਸ ਨੂੰ (ਸ੍ਵਰੂਪ) ਆਪਣਾ ਰੂਪ ਹੀ ਕਰ ਲੈਂਦਾ ਹੈ। ਇਸ ਕਰਕੇ ਉਸ ਦਾ ਨਾਮ ਓਅੰਕਾਰ ਹੈ। ਇਹ ਉਪਰੋਕਤ ੯ ਅਰਥ 'ਓਅੰਕਾਰ' ਦੇ ਹਨ।

ਨੌਂ ਜੁਗਤੀਆਂ: ਜੋ ਮਾਇਆ ਨਹੀਂ ਸਹਾਰਦੀ

ਵੇਦਾਂਤੀਆਂ ਨੇ ਮਾਇਆ ਅਨਰਬਚਨੀ ਮੰਨੀ ਹੈ। ਅਨਰਬਚਨੀ=ਜਿਸ ਦੀ ਕਥਨੀ ਨਾ ਹੋ ਸਕੇ ਭਾਵ ਜੋ ਕਥਨ ਵਿੱਚ ਨਾ ਆਵੇ। ਜੈਸਾ ਕਿ :

ਲਖਹੁ ਅਨਿਰਵਚਨੀ ਯਾਂਤੇ। (ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ)

ਨਾ ਸਤ ਹੈ, ਨਾ ਅਸੱਤ ਹੈ, ਨਾ ਸੱਤ ਅਸੱਤ ਉਭੇ ਹੈ।
ਨਾ ਭਿੰਨ ਹੈ, ਨਾ ਅਭਿੰਨ ਹੈ, ਨਾ ਭਿੰਨ ਅਭਿੰਨ ਉਭੇ ਹੈ।
ਨਾ ਸਵੈਵ ਹੈ, ਨਾ ਨਿਰਵੈਵ ਹੈ, ਨਾ ਸਵੈਵ ਨਿਰਵੈਵ ਉਭੇ ਹੈ।

੧. ਨਾ ਸੱਤ ਹੈ :

ਇਸੇ ਪ੍ਰਕਾਰ ਜੇ ਮਾਇਆ ਨੂੰ ਸੱਤ ਸਰੂਪ ਕਹਿਣਾ ਕਰੀਏ ਤਾਂ ਸੱਤ ਪਦਾਰਥ ਉਹ ਹੁੰਦਾ ਹੈ ਜੋ ਤਿੰਨਾਂ ਕਾਲਾਂ ਵਿੱਚ ਨਾਸ਼ ਨਾ ਹੋਵੇ, ਪਰੰਤੂ ਬ੍ਰਹਮ ਗਿਆਨ ਹੋਣ ਨਾਲ ਮਾਇਆ ਦਾ ਪ੍ਰਤੀਤ ਹੋਣਾ ਨਾਸ਼ ਹੋ ਜਾਂਦਾ ਹੈ। ਇਸੇ ਕਾਰਨ ਮਾਇਆ ਸੱਤ ਸਰੂਪ ਵੀ ਨਹੀਂ ਕਹੀ ਜਾ ਸਕਦੀ।

੨. ਨਾ ਅਸੱਤ ਹੈ :

ਜੇਕਰ ਮਾਇਆ ਨੂੰ ਅਸੱਤ ਭਾਵ ਝੂਠ ਕਹੀਏ ਤਾਂ ਅਸੱਤ ਪਦਾਰਥ ਉਹ ਕਹੀਦਾ ਹੈ, ਜੋ ਤਿੰਨਾਂ ਕਾਲਾਂ ਵਿੱਚ ਭਾਸਦਾ ਨਾ ਹੋਵੇ, ਪਰ ਮਾਇਆ ਅਨੇਕਾਂ ਰੂਪਾਂ ਕਰਕੇ ਤਿੰਨਾਂ ਕਾਲਾਂ ਵਿੱਚ ਪ੍ਰਤੀਤ ਹੋ ਰਹੀ ਹੈ। ਜੈਸਾ ਕਿ :

ਮਾਇਆ ਬਿਆਪਤ ਬਹੁਤ ਪਰਕਾਰੀ॥
ਸੰਤ ਜੀਵਹਿ ਪ੍ਰਭ ਓਟ ਤੁਮਾਰੀ॥ ੧॥ ਰਹਾਉ॥ (ਅੰਗ ੧੯੨)

ਜਿਸ ਪ੍ਰਕਾਰ ਮਨੁੱਖ ਦਾ ਪ੍ਰਤਿਬਿੰਬ ਪ੍ਰਤੀਤ ਹੁੰਦਾ ਹੈ, ਪਰ ਪਕੜ ਵਿੱਚ ਨਹੀਂ ਆ ਸਕਦਾ। ਜੇਕਰ ਇਹ ਕਹੀਏ ਕਿ ਪ੍ਰਤਿਬਿੰਬ ਨਹੀਂ ਹੈ ਤਾਂ ਸਾਹਮਣੇ ਭਾਸ ਰਿਹਾ ਹੈ (ਦਿਖਾਈ ਦੇ ਰਿਹਾ ਹੈ) ਅਤੇ

ਜੇਕਰ ਇਹ ਕਹਿਣਾ ਕਰੀਏ ਕਿ ਪ੍ਰਤਿਬਿੰਬ ਮੌਜੂਦ ਹੈ ਤਾਂ ਹੱਥਾਂ ਦੀ ਪਕੜ ਵਿੱਚ ਨਹੀਂ ਆ ਸਕਦਾ।

ਜਾਗ੍ਰਤ ਅਵਸਥਾ ਵਿੱਚ ਜਾਗ੍ਰਤ ਦੇ ਪਦਾਰਥਾਂ ਦਾ ਸਰੂਪ ਹੋ ਕੇ ਦਿਸ ਰਹੀ ਹੈ। ਸੁਪਨ ਅਵਸਥਾ ਵਿੱਚ ਸੁਪਨ ਦੇ ਪਦਾਰਥਾਂ ਦਾ ਸਰੂਪ ਹੋ ਕੇ ਦਿਸ ਰਹੀ ਹੈ। ਸੁਖੋਪਤੀ ਅਵਸਥਾ ਵਿੱਚ ਕਿ ਮੈਂ ਬੜੇ ਸੁੱਖ ਨਾਲ ਸੁੱਤਾ ਸੀ ਪਰ ਕੁਝ ਵੀ ਜਾਣ ਨਾ ਸਕਿਆ। ਉਥੇ ਅਗਿਆਨ ਰੂਪ ਕਰਕੇ ਦਿਸ ਰਹੀ ਹੈ। ਇਸ ਕਰਕੇ ਮਾਇਆ ਅਸੱਤ ਸਰੂਪ ਵੀ ਨਹੀਂ ਕਹੀ ਜਾ ਸਕਦੀ।

੩. ਨਾ ਸੱਤ ਅਸੱਤ ਉਭੇ ਹੈ :

ਜੇਕਰ ਇਹ ਕਹਿ ਦੇਈਏ ਕਿ ਨ ਸੱਤ=ਸੱਚੀ ਹੈ ਤੇ ਨਾ ਹੀ ਅਸੱਤ=ਝੂਠੀ ਹੈ, ਕਿਉਂਕਿ ਸੱਤ ਅਤੇ ਅਸੱਤ ਉਭੇ=ਦੋਵੇਂ ਵਿਰੋਧੀ ਹਨ। ਵਿਰੋਧੀ ਸੁਭਾਅ ਇੱਕੋ ਸਮੇਂ ਇਕ ਵਸਤੂ ਵਿੱਚ ਨਹੀਂ ਰਹਿ ਸਕਦੇ। ਜਿਵੇਂ ਦਿਨ ਹੁੰਦਾ ਹੈ ਉਦੋਂ ਰਾਤ ਨਹੀਂ ਹੁੰਦੀ ਭਾਵ ਜਿੱਥੇ ਚਾਨਣਾ ਹੋਵੇ ਉਥੇ ਹਨੇਰਾ ਨਹੀਂ। ਜਿੱਥੇ ਹਨੇਰਾ ਹੈ ਉਥੇ ਚਾਨਣਾ ਨਹੀਂ। ਇਹ ਇੱਕੋ ਕਾਲ ਸਮੇਂ ਨਹੀਂ ਰਹਿ ਸਕਦੇ। ਇਸੇ ਕਰਕੇ ਦੋਨੋਂ ਰੂਪ ਕਰਕੇ ਵੀ ਨਹੀਂ ਕਹੀ ਜਾ ਸਕਦੀ।

੪. ਨਾ ਭਿੰਨ ਹੈ :

ਬ੍ਰਹਮ ਤੋਂ ਮਾਇਆ ਭਿੰਨ=ਵੱਖਰੀ ਵੀ ਨਹੀਂ ਕਹੀ ਜਾ ਸਕਦੀ, ਕਿਉਂਕਿ ਬ੍ਰਹਮ ਤੋਂ ਬਿਨਾਂ ਮਾਇਆ ਕਿਤੇ ਪ੍ਰਤੀਤ ਨਹੀਂ ਹੁੰਦੀ, ਬ੍ਰਹਮ ਦੀ ਸੱਤਾ ਕਰਕੇ ਹੀ ਇਹ ਭਾਸ ਰਹੀ ਹੈ। ਜੇ ਮਾਇਆ ਬ੍ਰਹਮ ਤੋਂ ਭਿੰਨ ਹੋਵੇ ਤਾਂ ਬ੍ਰਹਮ ਤੋਂ ਇਸ ਦਾ ਆਸਰਾ ਵੱਖਰਾ ਸਿੱਧ ਹੋਣਾ ਚਾਹੀਦਾ ਹੈ। ਪਰੰਤੂ ਬ੍ਰਹਮ ਤੋਂ ਭਿੰਨ-ਵੱਖਰਾ ਹੋਰ ਕੋਈ ਪਦਾਰਥ ਨਹੀਂ ਹੈ। ਜੇ ਮਾਇਆ ਦਾ ਆਸਰਾ ਹੋਵੇ। ਇਸੇ ਕਰਕੇ ਮਾਇਆ ਬ੍ਰਹਮ ਤੋਂ ਭਿੰਨ ਵੀ ਨਹੀਂ ਹੈ।

੫. ਨਾ ਅਭਿੰਨ ਹੈ :

ਨਾ ਹੀ ਮਾਇਆ ਬ੍ਰਹਮ ਵਿੱਚ ਅਭਿੰਨ=ਮਿਲਿਆ ਹੋਇਆ ਸਰੂਪ ਹੈ। ਉਸ ਨੂੰ ਅਭਿੰਨ ਸਰੂਪ ਕਹਿੰਦੇ ਹਨ, ਜੋ ਮਿਲਿਆ ਹੋਵੇ। ਜੇ ਬ੍ਰਹਮ ਵਿੱਚ ਮਾਇਆ ਅਭਿੰਨ ਹੋਵੇ ਤਾਂ ਇਸ ਦਾ ਬ੍ਰਹਮ ਤੋਂ ਵੱਖਰਾ ਨਾਮ ਮਾਇਆ ਨਹੀਂ ਹੋਣਾ ਚਾਹੀਦਾ। ਇਸ ਕਰਕੇ ਇਸ ਨੂੰ ਬ੍ਰਹਮ ਨਾਲ ਅਭਿੰਨ=ਮਿਲਿਆ ਭਾਵ ਅਭੇਦ ਹੋਇਆ ਸਰੂਪ ਵੀ ਨਹੀਂ ਕਿਹਾ ਜਾ ਸਕਦਾ, ਕਿਉਂਕਿ ਬ੍ਰਹਮ, ਸਤਿ, ਚੇਤਨ, ਅਨੰਦ ਸਰੂਪ ਹੈ। ਪਰੰਤੂ ਮਾਇਆ ਅਸੱਤ, ਜੜ੍ਹ, ਦੁੱਖ ਰੂਪ ਹੈ। ਬ੍ਰਹਮ ਦਾ ਇਹ ਸੁਭਾਅ ਨਹੀਂ ਹੈ, ਬ੍ਰਹਮ ਨਿਰਵਿਕਾਰ ਹੈ ਤੇ ਮਾਇਆ ਵਿਕਾਰ ਰੂਪ ਹੈ ਕਿਉਂਕਿ ਮਾਇਆ ਬਾਲਕ, ਜਵਾਨੀ ਤੇ ਬੁਢੇਪੇ ਆਦਿ ਵਿਕਾਰਾਂ ਨੂੰ ਪ੍ਰਾਪਤ ਹੋਣ ਵਾਲੀ ਹੈ। ਇਸ ਕਰਕੇ ਬ੍ਰਹਮ ਵਿੱਚ ਮਿਲੀ ਹੋਈ ਵੀ ਨਹੀਂ ਹੈ।

੬. ਨਾ ਭਿੰਨ ਅਭਿੰਨ ਉਭੇ ਹੈ :

ਜੇਕਰ ਇਤਨਾ ਕਹਿ ਦੇਈਏ ਕਿ ਭਿੰਨ ਅਭਿੰਨ ਉਭੇ=ਦੋਵੇਂ ਪ੍ਰਕਾਰ ਦੀ ਹੈ। ਇਹ ਦੋਵੇਂ ਬਣ ਨਹੀਂ ਸਕਦੀ, ਕਿਉਂਕਿ ਜਿੱਥੇ ਭਿੰਨ ਹੈ ਉਥੇ ਅਭਿੰਨ ਨਹੀਂ ਕਹਿ ਸਕਦੇ ਅਤੇ ਜਿੱਥੇ ਅਭਿੰਨ ਹੈ, ਉਥੇ ਭਿੰਨ ਰੂਪ ਨਹੀਂ ਕਹਿ ਸਕਦੇ। ਇਸ ਕਰਕੇ ਦੋਵੇਂ ਰੂਪ ਕਰਕੇ ਵੀ ਨਹੀਂ ਕਹੀ ਜਾ ਸਕਦੀ, ਕਿਉਂਕਿ ਬ੍ਰਹਮ ਤੇ ਮਾਇਆ ਦੋਵੇਂ ਵੱਖਰੇ ਹਨ। ਇਸ ਕਰਕੇ ਮਾਇਆ ਭਿੰਨ-ਅਭਿੰਨ ਉਭੇ=ਦੋਵੇਂ ਵੀ ਨਹੀਂ ਹੈ।

੭. ਨ ਸਵੈਵ ਹੈ :

ਵੈਵ ਨਾਮ ਅੰਗਾਂ ਦਾ ਹੈ। ਜੇਕਰ ਮਾਇਆ ਨੂੰ (ਸ+ਵੈਵ) ਸਹਿਤ ਅੰਗਾਂ ਵਾਲੀ ਕਹੀਏ ਤਾਂ ਵੀ ਕਹਿਣੀ ਨਹੀਂ ਬਣਦੀ, ਕਿਉਂਕਿ ਸਰੀਰ (ਅੰਗ) ਸਾਹਮਣੇ ਹੀ ਚਿਖਾ ਵਿੱਚ ਸੜ ਜਾਂਦੇ ਹਨ। ਸਵੈਵ ਪਦਾਰਥ ਉਹ ਹੁੰਦਾ ਹੈ, ਜੋ ਕਿਸੇ ਕਾਰਨ ਨਾਲ (ਜਨੁ) ਜਨਮ ਦੁਆਰਾ ਉਤਪੰਨ ਹੁੰਦਾ ਹੈ, ਜਿਵੇਂ ਅੰਗਾਂ ਵਾਲੇ ਦੀ ਉਤਪਤੀ ਦਾ ਕੋਈ ਕਾਰਨ ਹੁੰਦਾ ਹੈ, ਪੈਦਾ ਕਰਨ ਵਾਸਤੇ, ਮਾਇਆ ਦਾ ਕਾਰਨ ਕੋਈ ਬਣ ਨਹੀਂ ਸਕਦਾ।

ਵੇਦਾਂਤ ਮੱਤ ਵਾਲਿਆਂ ਨੇ ਮਾਇਆ ਅਨਾਦੀ ਮੰਨੀ ਹੈ। ਜੇਕਰ ਸ਼ੁੱਧ ਚੇਤਨ ਨੂੰ ਮਾਇਆ ਦਾ ਕਾਰਨ ਮੰਨੀਏ ਤਾਂ ਸ਼ੁੱਧ-ਚੇਤਨ ਨਿਰ-ਵਿਕਾਰ ਹੈ। ਮਾਇਆ ਦੇ ਕਾਰਨ ਨਾਲ ਵਿਕਾਰ ਹੋ ਜਾਵੇਗਾ। ਜੇ ਵਿਕਾਰੀ ਹੋ ਗਿਆ ਤਾਂ ਸਾਰੇ ਸ਼ਾਸਤ੍ਰ ਨਿਸਫਲ ਹੋ ਜਾਣਗੇ। ਜੀਵ ਤੇ ਈਸ਼ ਇਹ ਦੋਨੋਂ ਮਾਇਆ ਦੇ ਕਾਰਜ ਭਾਵ ਪੁਤਲੇ ਹਨ। ਜਿਵੇਂ ਪੁੱਤਰ ਆਪਣੀ ਮਾਂ ਦਾ ਕਾਰਨ ਨਹੀਂ ਬਣ ਸਕਦਾ। ਇਸੇ ਪ੍ਰਕਾਰ ਬਾਕੀ ਜੜ੍ਹ ਪਰਪੰਚ ਤਾਂ ਕੀ ਕਾਰਨ ਬਣ ਸਕਦਾ ਹੈ। ਇਸ 'ਤੇ ਇਹ ਵੀ ਮਾਇਆ ਦਾ ਕਾਰਨ ਨਹੀਂ ਹੈ। ਕੋਈ ਸਿੱਧ ਨਾ ਹੋਣ ਕਰਕੇ ਮਾਇਆ ਸਵੈਵ ਨਹੀਂ।

੮. ਨਾ ਨਿਰਵੈਵ ਹੈ :

ਜੇਕਰ ਮਾਇਆ ਨੂੰ ਨਿਰਵੈਵ ਭਾਵ ਅੰਗਾਂ ਤੋਂ ਰਹਿਤ ਕਹਿ ਦੇਈਏ ਉਹ ਵੀ ਬਣਦਾ ਨਹੀਂ, ਕਿਉਂਕਿ ਸਰੀਰ ਦਾ ਕੋਈ ਵੀ ਅੰਗ ਮਾਇਆ ਤੋਂ ਬਿਨਾਂ ਨਹੀਂ, ਸਾਰੇ ਅੰਗ ਵਾ: ਪਰਪੰਚ ਦੀ ਰਚਨਾ ਮਾਇਆ ਹੀ ਬਣੀ ਹੋਈ ਹੈ। ਵਾ: ਮਾਇਆ ਦਾ ਰੂਪ ਹੈ, ਜੋ ਸਭ ਨੂੰ ਦਿਸ ਰਿਹਾ ਹੈ। ਇਸ ਕਰਕੇ ਨਿਰਵੈਵ ਵੀ ਨਹੀਂ ਕਹੀ ਜਾ ਸਕਦੀ।

੯. ਨਾ ਸਵੈਵ ਨਿਰਵੈਵ ਉਭੇ ਹੈ :

ਨਾ ਹੀ ਉਭੇ=ਦੋਨੋਂ ਪ੍ਰਕਾਰ ਹੈ, ਕਿਉਂਕਿ ਅੰਗਾਂ ਵਾਲੀ ਵਸਤੂ ਦਾ ਬਿਨਾਂ ਅੰਗਾਂ ਵਾਲੀ ਵਸਤੂ ਨਾਲ ਵਿਰੋਧ ਹੈ। ਇਸ ਕਰਕੇ ਦੋਨੋਂ ਪ੍ਰਕਾਰ ਕਹਿਣਾ ਵੀ ਬਣਦਾ ਨਹੀਂ। ਇਸ ਪ੍ਰਕਾਰ ਜੋ ਨੌਂ ਜੁਗਤੀਆਂ ਨੂੰ ਨਾ ਸਹਾਰੇ, ਵੇਦਾਂਤ ਵਿੱਚ ਇਸ ਨੂੰ ਅਨਰਵਚਨੀ ਕਿਹਾ ਹੈ। ਇਸ ਕਰਕੇ ਮਾਇਆ ਨੂੰ ਅਚਰਜ ਰੂਪ ਵੀ ਕਿਹਾ ਹੈ।

ਅਚਰਜ ਏਕੁ ਸੁਨਹੁ ਰੇ ਪੰਡੀਆ ਅਬ ਕਿਛੁ ਕਹਨੁ ਨ ਜਾਈ ॥

(ਅੰਗ ੯੨)

ਜੋ ਅਨਹੋਤੀ ਬਾਤ ਕੋ ਹੋਤੀ ਕਰ ਦਿਖਲਾਏ॥ ਅਰ ਹੋਤੀ ਬਾਤ ਕਾ ਤਾ ਕਾ ਲੋਪ ਕਰਾਏ॥
ਤਾ ਕਾ ਲੋਪ ਕਰਾਏ ਯਹ ਮਾਇਆ ਕਾ ਰੂਪ॥ ਸਾਚ ਕੋ ਝੂਠ ਦਿਖਾਏ ਝੂਠ ਕੋ ਸਾਚ ਸਰੂਪ॥
ਲਖਨਾ ਸੇ ਪ੍ਰਤੀਤ ਹੋਏ ਆਪ ਨਾ ਭਾਸੈ ਜੋਇ॥ ਯਹੀ ਮਾਇਆ ਜਾਨ ਨ ਸਤ ਵਖਾਇ ਜੋਇ॥

(ਕੁੰਡਲੀਆ ਗਿਰਧਰ ਕਵੀ)

ਘਟਨ ਅਘਟਨ ਪਟੀਸੀ ਮਾਇਆ ਹੈ ਅਘਟਨ ਘਟਨਾ ਸੁ ਘਨੇਰੀ॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ)

ਮਾਯਾ (ਮਾ+ਯਾ) ਮਾ=ਨਾ ਯਾ=ਜੋ ਭਾਵ ਇਸ ਦਾ ਸੰਧੀ ਪ੍ਰਛੇਦ ਕਰ ਕੇ ਇਹ ਅਰਥ ਬਣਿਆ ਕਿ ਜੋ ਨ ਹੋਵੇ ਉਹ ਮਾਇਆ ਹੈ।

ਵੈਰਾਗ ਦੀਆਂ ਨੌਂ ਕਿਸਮਾਂ ਹਨ

੧. ਕਾਰਨ ਵੈਰਾਗ :

ਕਾਰਨ ਵੈਰਾਗ ਦਾ ਸਰੂਪ ਭਰਥਰੀ ਜੀ ਦੇ ਜੀਵਨ ਵਿੱਚੋਂ ਮਿਲਦਾ ਹੈ। ਪਿੰਗਲਾ ਰਾਣੀ ਦੀ ਬੇਵਫ਼ਾਈ ਦੇਖ ਕੇ, ਜਿਸ ਨੂੰ ਇਹ ਬਹੁਤ ਪਿਆਰ ਕਰਦਾ ਸੀ ਉਸ ਨੇ ਰਥਵਾਨ ਦੇ ਨਾਲ ਸਰੀਰਕ ਸੰਬੰਧ ਕਾਇਮ ਕਰੇ ਸਨ। ਭਰਥਰੀ ਨੇ ਸਭ ਕੁਝ ਤਿਆਗ ਕੇ ਵੈਰਾਗ ਧਾਰਨ ਕਰ ਲਿਆ। ਗੋਰਖ ਨਾਥ ਦੀ ਸ਼ਰਨ ਗ੍ਰਹਿਣ ਕਰ ਕੇ ਯੋਗ ਧਾਰਨ ਕਰ ਲਿਆ। ਇਸਤਰੀ ਦਾ ਆਚਰਨ ਮੰਦਾ ਦੇਖ ਕੇ ਵੈਰਾਗ ਧਾਰਿਆ। ਇਸ ਦਾ ਨਾਮ ਕਾਰਨ ਵੈਰਾਗ ਹੈ। ਜੈਸਾ ਕਿ :

ਸਾਕਤ ਮੂੜ ਅਚੇਤ ਨ ਚੇਤਹਿ ਦੂਖੁ ਲਾਗੈ ਤਾ ਰਾਮੁ ਪੁਕਾਰਾ ਹੇ॥ ੧੩॥

(ਅੰਗ ੧੦੩੦)

ਸ੍ਵੈਯਾ॥

ਜਿਨ ਕੋ ਨਿਤ ਮੈਂ ਚਿਤ ਮੈ ਚਿਤ ਸੋ, ਤਿਨ ਕੀ ਰਤਿ ਸੋ ਤਨ ਮਾਹਿਂ ਰਤੀ ਨਾ॥
ਵਹੁ ਆਨ ਪੁਮਾਨ ਕੇ ਸੰਗਿ ਰਤੀ ਪੁਨ, ਤਾ ਮਨ ਮੈ ਗਨਕਾ ਗ੍ਰਹ ਕੀਨਾ॥
ਧਿਕ ਹੈ ਅਬਲਾ ਭ੍ਰਿੰਤ ਕੰਦ੍ਰਪ ਪੈ ਅਰੁ ਮੋਹਿ ਧਿੱਕਾਰ ਜੋ ਮਾਰ ਅਧੀਨਾ॥
ਇਸ ਰੀਤ ਸਮੂਹ ਕੀ ਪ੍ਰੀਤਿ ਤਜੀ, ਨ੍ਰਿਪ ਹੋਇ ਜੋਗੀਸ਼ਰ ਈਸ੍ਵਰ ਚੀਨਾ॥ ੧੩॥

(ਵੈਰਾਗ ਸ਼ੱਤਕ)

੨. ਮੰਦ ਵੈਰਾਗ :

ਮੰਦ ਵੈਰਾਗ ਇਸ ਪ੍ਰਕਾਰ ਹੈ :

ਨਾਰ ਮਰੈ ਘਰ ਸੰਪਤ ਨਾਸੀ॥ ਮੂਡ ਮੁਡਾਏ ਭਏ ਸੰਨਿਆਸੀ॥

ਇਸਤਰੀ ਮਰ ਗਈ, ਘਰ ਦੀ ਸੰਪਤੀ, ਬਿਭੂਤੀ ਨਾਸ਼ ਹੋ ਗਈ। ਕੋਈ ਪਦਾਰਥ ਨਾ ਰਿਹਾ। ਸੋਚਣ ਲੱਗ ਪਿਆ ਕਿ ਕੀ ਹੈ। ਜਗਤ ਮਿਥਿਆ ਹੈ, ਸਭ ਕੁਝ ਨਾਸ਼ਵੰਤ ਹੈ। ਇਹ ਕਹਿ ਕੇ ਸਭ ਕੁਝ ਛੱਡ ਦਿੱਤਾ। ਪਦਾਰਥ ਦੀ ਥੋੜ੍ਹ ਕਾਰਨ ਵੈਰਾਗੀ ਹੋ ਗਿਆ। ਇਸ ਦਾ ਨਾਮ ਮੰਦ ਵੈਰਾਗ ਹੈ। ਇਸ ਦੀ ਬਾਬਤ ਸਤਿਪੁਰਸ਼ਾਂ ਦਾ ਕਥਨ ਹੈ :

ਆਇਆ ਬੁੱਲਾ ਪਉਣ ਦਾ ਚੜ੍ਹਿਆ ਕੱਖ ਅਕਾਸ।
ਢਹਿੰਦਾ ਢਹਿੰਦਾ ਢਹਿ ਪਇਆ ਕੱਖ ਕੱਖਾਂ ਦੇ ਪਾਸ। (ਲੌਕਿਕ ਪ੍ਰਮਾਣ)

ਜਿਵੇਂ ਪਉਣ ਦੇ ਬੁੱਲ੍ਹੇ ਨਾਲ ਕੱਖ ਉੱਡ ਕੇ ਆਕਾਸ਼ ਨੂੰ ਚੜ੍ਹ ਜਾਂਦਾ ਹੈ ਪਰ ਜਿਸ ਵੇਲੇ ਹਵਾ ਦੀ ਗੰਢ ਖੁੱਲ੍ਹ ਗਈ, ਉਸ ਵੇਲੇ ਕੱਖ ਉਸੇ ਤਰ੍ਹਾਂ ਧਰਤੀ 'ਤੇ ਆ ਡਿੱਗਦਾ ਹੈ। ਇਸੇ ਰੀਤ ਅਨੁਸਾਰ ਇਸਤਰੀ ਦੇ ਮਰਨ 'ਤੇ ਧਨ ਨਾਸ਼ ਹੋਣ ਤੋਂ ਤਿਆਗੀ ਬਣ ਬੈਠਾ। ਇਹ ਵੈਰਾਗ ਹਿਰਦੇ ਰੂਪੀ ਆਕਾਸ਼ ਵਿੱਚ ਚੜ੍ਹਿਆ ਤੇ ਮਗਰੋਂ ਜਿੱਥੇ ਵਿਸ਼ੇ ਸੁੱਖ ਜਾਂ ਪਦਾਰਥ ਪ੍ਰਾਪਤ ਹੋਇਆ, ਉਥੇ ਹੀ ਬਿਰਤੀ ਡਿੱਗ ਜਾਂਦੀ ਹੈ। ਜੈਸਾ ਕਿ :

ਫਿਰਦੀ ਫਿਰਦੀ ਦਹ ਦਿਸਾ ਜਲ ਪਰਬਤ ਬਨਰਾਇ ॥
ਜਿਥੈ ਡਿਠਾ ਮਿਰਤਕੋ ਇਲ ਬਹਿਠੀ ਆਇ ॥ ੨ ॥ (ਅੰਗ ੩੨੨)

ਇਉਂ ਇਕ ਇਸਤਰੀ ਛੱਡ ਕੇ ਸੌ-ਸੌ ਚੇਲੀ ਬਣਾ ਲੈਣੀ। ਇਕ ਟੁੱਟਾ ਜਿਹਾ ਘਰ ਛੱਡ ਕੇ ਕਈ-ਕਈ ਪੱਕੇ ਡੇਰੇ ਬਣਾ ਲੈਣੇ। ਇਹ ਮੰਦ ਵੈਰਾਗ ਦਾ ਹਾਲ ਹੈ। ਮੰਦ ਵੈਰਾਗੀ ਨੂੰ ਘਰ ਬਾਰ ਨਹੀਂ ਤਿਆਗਣਾ ਚਾਹੀਦਾ।

੩. **ਏਕ ਇੰਦ੍ਰੇ ਵੈਰਾਗ :** ਮਨ ਤੇ ਇੰਦ੍ਰਿਆਂ ਦਾ ਹਰਿਆਇ ਪਸ਼ੂ ਵਾਂਗ ਹਰ ਸਮੇਂ ਵਿਕਾਰਾਂ ਵਿੱਚ ਡੋਲਦੇ ਰਹਿਣਾ, ਪਰ ਕੁਕਰਮਾਂ ਤੋਂ ਪਾਪਾਂ ਤੋਂ ਸਰੀਰ ਬਚਾਅ ਕੇ ਰੱਖਣਾ। ਜੈਸਾ ਕਿ :

ਮੋਨੀ ਹੋਇ ਬੈਠਾ ਇਕਾਂਤੀ ਹਿਰਦੈ ਕਲਪਨ ਗਾਠਾ ॥ (ਅੰਗ ੧੦੦੩)

ਸੋ ਇਸ ਦਾ ਨਾਮ ਏਕ ਇੰਦ੍ਰੇ ਵੈਰਾਗ ਹੈ।

੪. **ਯਤਮਾਨ ਵੈਰਾਗ :** ਸੱਚ ਤੇ ਝੂਠ ਦਾ ਨਿਰਣਾ। ਸੱਚ ਵਸਤੂ ਦਾ ਗ੍ਰਹਿਣ ਅਤੇ ਝੂਠ ਦਾ ਤਿਆਗ ਕਰਨਾ।

ਗੁਰਬਾਣੀ ਵਿੱਚ ਇਸ ਸਰੂਪ ਭਗਤ ਕਬੀਰ ਜੀ ਕਥਨ ਕਰਦੇ ਹਨ :

ਕਹਤ ਕਬੀਰ ਚੇਤਿ ਰੇ ਅੰਧਾ॥ ਸਤਿ ਰਾਮ ਝੂਠਾ ਸਭੁ ਧੰਧਾ॥ (ਅੰਗ ੨੨੬)

ਇਸ ਦਾ ਨਾਮ ਯਤਮਾਨ ਵੈਰਾਗ ਹੈ।

੫. **ਵਿਤ੍ਰੇਕ ਵੈਰਾਗ :** ਅੰਦਰ ਇਹ ਵਿਚਾਰ ਫੁਰਨੀ ਕਿ ਮੈਂ ਇਤਨੀ ਦੇਰ ਦਾ ਸਤਿਸੰਗਤ, ਭਜਨ, ਸਿਮਰਨ ਕਰ ਰਿਹਾ ਹੈ, ਮੇਰੇ ਅੰਦਰੋਂ ਕਿੰਨੇ ਕੁ ਵਿਕਾਰ ਨਾਸ਼ ਹੋਏ ਹਨ ਅਤੇ ਕਿੰਨੇ ਕੁ ਸ਼ੁਭ ਗੁਣ ਆ ਗਏ ਹਨ। ਇਸ ਪ੍ਰਕਾਰ ਕਰਕੇ ਔਗੁਣਾਂ ਦਾ ਤਿਆਗ ਕਰਨਾ ਅਤੇ ਸ਼ੁਭ ਗੁਣਾਂ ਦੇ ਧਾਰਨੀ ਹੋਣਾ। ਇਸ ਦਾ ਸਰੂਪ ਗੁਰਬਾਣੀ ਵਿੱਚ ਇਉਂ ਹੈ :

ਓਥੈ ਖੋਟੇ ਸਟੀਅਹਿ ਖਰੇ ਕੀਚਹਿ ਸਾਬਾਸਿ॥ (ਅੰਗ ੧੪੬)

ਇਹ ਵਿਤ੍ਰਕ ਵੈਰਾਗ ਹੈ।

੬. **ਵਸੀਕਾਰ ਵੈਰਾਗ :** ਮਨ ਤੇ ਇੰਦ੍ਰੀਆਂ ਨੂੰ ਰੋਕ ਲੈਣਾ। ਮਨ ਵਾਸ਼ਨਾ ਵੱਲੋਂ ਰੋਕ ਲੈਣਾ ਤੇ ਇੰਦ੍ਰੇ ਵਿਸ਼ਿਆਂ ਵੱਲੋਂ ਰੋਕ ਲੈਣੇ। ਇਸ ਦਾ ਸਰੂਪ ਗੁਰਬਾਣੀ ਵਿੱਚ ਇਸ ਪ੍ਰਕਾਰ ਹੈ :

ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ॥ (ਅੰਗ ੨੭੪)

ਗੁਰਮੁਖਿ ਆਪਣਾ ਮਨੁ ਮਾਰਿਆ ਸਬਦਿ ਕਸਵਟੀ ਲਾਇ॥ (ਅੰਗ ੮੭)

੭. **ਤੀਬਰ ਵੈਰਾਗ :** ਸੰਸਾਰ ਦੇ ਸੁੱਖ ਰਾਜ ਸਮੱਗਰੀ ਤਕ ਦੀ ਇੱਛਾ ਨਾਸ਼ ਹੋ ਕੇ ਇਕ ਵਾਹਿਗੁਰੂ ਦੀ ਪ੍ਰਾਪਤੀ ਲਈ ਵੈਰਾਗ ਸਹਿਤ ਰਹਿਣਾ ਕਿ ਹੇ ਵਾਹਿਗੁਰੂ ਜੀ ! ਮੈਨੂੰ ਰਾਜ ਅਤੇ ਵਿਸ਼ੇ ਸੁਖ ਪ੍ਰਾਪਤ ਨਾ ਹੋਣ, ਮੈਂ ਇਨ੍ਹਾਂ ਵਿੱਚ ਖਚਿਤ ਨਾ ਹੋਵਾਂ। ਜੈਸਾ ਕਿ :

ਰਖ ਲੇਵਹੁ ਦੀਨ ਦਇਆਲ ਕ੍ਰਮਤ ਬਹੁ ਹਾਰਿਆ॥ (ਅੰਗ ੭੦੯)

੮. **ਤਰ ਤੀਬਰ ਵੈਰਾਗ :** ਸਵਰਗ ਲੋਕ ਦੇ ਭੋਗਾਂ ਦੇ ਤਿਆਗ, ਜਿਵੇਂ ਸਵਰਗ ਦੀ ਪ੍ਰਾਪਤੀ ਲਈ ਯੱਗ ਆਦਿਕ ਕਰਮ ਕਰਦੇ ਹਨ ਕਿ ਸਾਨੂੰ ਇੰਦ੍ਰ ਪਦਵੀ ਪ੍ਰਾਪਤ ਹੋ ਜਾਵੇ, ਇਸ ਪ੍ਰਕਾਰ ਦੇ ਦਿੱਬਜ ਭੋਗਾਂ ਦੀ ਪ੍ਰਾਪਤੀ ਵਾਸਤੇ ਕੋਈ ਯੱਗ ਆਦਿਕ ਕਰਨ ਦੀ ਇੱਛਾ ਨਾ ਕਰਨੀ। ਇਸੇ 'ਤੇ ਭਾਈ ਤਿਲਕੂ ਜੀ ਦੀ ਸਾਖੀ ਢੁੱਕਦੀ ਹੈ ਜਿਸ ਨੇ ਮਹੇਸ਼ੇ ਜੋਗੀ ਦੇ ਸਵਰਗ ਸੁਖ ਦਾ ਤਿਆਗ ਕਰ ਕੇ ਗੁਰੂ 'ਤੇ ਦ੍ਰਿੜ੍ਹ ਨਿਸ਼ਚਾ ਰੱਖਿਆ ਸੀ ਤੇ ਕਿਹਾ ਸੀ ਕਿ ਮੈਨੂੰ ਸਵਰਗ ਦੀ ਲੋੜ ਨਹੀਂ ਹੈ। ਜੈਸਾ ਕਿ :

ਕਬੀਰ ਸੁਰਗ ਨਰਕ ਤੇ ਮੈ ਰਹਿਓ ਸਤਿਗੁਰ ਕੇ ਪਰਸਾਦਿ॥
ਚਰਨ ਕਮਲ ਕੀ ਮਉਜ ਮਹਿ ਰਹਉ ਅੰਤਿ ਅਰੁ ਆਦਿ॥

(ਅੰਗ ੧੩੭੦)

੯. **ਤਰ ਤੀਬਰ ਤਰ ਤਮ ਵੈਰਾਗ :** ਜਿਵੇਂ ਕਾਂ ਦੀ ਵਿੱਠ ਜੋ ਵਿਸ਼ਟਾ ਦਾ ਵੀ ਵਿਸ਼ਟਾ ਹੈ। ਇਸ ਤਰੀਕੇ ਨਾਲ ਇਸ ਲੋਕ ਤੋਂ ਲੈ ਕੇ ਬ੍ਰਹਮ ਲੋਕ ਤਕ ਸਭ ਪਦਾਰਥਾਂ ਭੋਗਾਂ ਨੂੰ ਕਾਂ ਦੀ ਵਿੱਠ ਸਮਾਨ ਸਮਝਣਾ। ਇਸ ਨੂੰ 'ਤਰ ਤੀਬਰ ਤਰ ਤਮ ਵੈਰਾਗ' ਕਹਿੰਦੇ ਹਨ। ਕਾਂ ਦੀ ਗੰਦਗੀ ਨੂੰ ਖਾਣਾ ਤਾਂ ਇਕ ਪਾਸੇ ਰਿਹਾ, ਕੋਈ ਦੇਖਣਾ ਵੀ ਨਹੀਂ ਚਾਹੁੰਦਾ। ਇਸ ਪ੍ਰਕਾਰ ਦੀ ਨਫ਼ਰਤ ਹੋ ਜਾਣੀ।

ਬ੍ਰਹਮਾ ਇੰਦ੍ਰ ਆਦਿ ਲੌ, ਹੋਤ ਜੋ ਦੇਹ ਧਰ ਭੋਗ।
ਕਾਕ ਬਿਸਟ ਸਮ ਜੇ ਗਿਨੇ, ਬੀਤ ਰਾਗ ਤੇ ਲੋਗ॥ ੧੪॥

(ਅਧਯਾਤਮ ਪ੍ਰਕਾਸ਼)

ਸ੍ਰੀ ਹਰਿਮੰਦਰ ਸਾਹਿਬ ਵਿੱਚ ਕੀਰਤਨ ਚੌਂਕੀਆਂ ਦੇ ਨੌਂ ਨਾਮ

੧. ਤਿੰਨ ਪਹਿਰਾ ੨. ਅਨੰਦੁ ਸਾਹਿਬ ੩. ਆਸਾ ਦੀ ਵਾਰ ੪. ਬਿਲਾਵਲ ਦੀ ਚੌਂਕੀ ੫. ਸਾਰੰਗ ਦੀ ਚੌਂਕੀ ੬. ਚਰਨ ਕਮਲ ਕੀ ਚੌਂਕੀ ੭. ਸੋ ਦਰੁ ਦੀ ਚੌਂਕੀ ੮. ਆਰਤੀ ਚੌਂਕੀ ੯. ਸੋਹਿਲਾ ਸਾਹਿਬ ਦੀ ਚੌਂਕੀ

ਨੋਟ : ਇਸ ਤੋਂ ਇਲਾਵਾ ਇਕ ਚੌਂਕੀ ਸੋਦਰੁ ਤੋਂ ਮਗਰੋਂ ਅਰੰਭ ਹੁੰਦੀ ਹੈ। ਸੰਗਤ ਜੋਟੀਆਂ ਵਿਚ ਸ਼ਬਦ ਪੜ੍ਹਦੀ ਤੇ ਪਰਿਕਰਮਾ ਕਰਦੀ ਹੋਈ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਪਹੁੰਚਦੀ, ਅੰਦਰ ਪਹੁੰਚ ਕੇ ਅਰਦਾਸ ਹੁੰਦੀ ਹੈ। ਇਹ ਚੌਕੀ ਦੀ ਸਮਾਪਤੀ ਦੀ ਅਰਦਾਸ ਹੈ। ਇਸ ਚੌਕੀ ਨੂੰ ਬਾਬਾ ਬੁੱਢਾ ਸਾਹਿਬ ਦੀ ਚੌਕੀ ਕਿਹਾ ਜਾਂਦਾ ਹੈ।

✧✧✧

੧੦.

ਦਸ ਗੁਰੂ ਸਾਹਿਬਾਨ

੧. ਸ੍ਰੀ ਗੁਰੂ ਨਾਨਕ ਦੇਵ ਜੀ
੨. ਸ੍ਰੀ ਗੁਰੂ ਅੰਗਦ ਦੇਵ ਜੀ
੩. ਸ੍ਰੀ ਗੁਰੂ ਅਮਰਦਾਸ ਜੀ
੪. ਸ੍ਰੀ ਗੁਰੂ ਰਾਮਦਾਸ ਜੀ
੫. ਸ੍ਰੀ ਗੁਰੂ ਅਰਜਨ ਦੇਵ ਜੀ
੬. ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ
੭. ਸ੍ਰੀ ਗੁਰੂ ਹਰਿਰਾਇ ਸਾਹਿਬ ਜੀ
੮. ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ
੯. ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ
੧੦. ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ

ਮਹਾਂਭਾਰਤ ਵਿੱਚ ਦਸ ਪਾਪ ਲਿਖੇ ਹਨ

੧. ਹਿੰਸਾ ੨. ਚੋਰੀ ੩. ਪਰ-ਇਸਤ੍ਰੀ ਗਮਨ ੪. ਝੂਠ ੫. ਕੌੜਾ ਬੋਲ
੬. ਚੁਗ਼ਲੀ ੭. ਵਾਇਦੇ ਖ਼ਿਲਾਫ਼ੀ ੮. ਬੁਰਾ ਚਿਤਵਨਾ ੯. ਬੇਰਹਿਮੀ
੧੦. ਪੁੰਨ-ਦਾਨ ਆਦਿਕ ਸ਼ੁੱਭ ਕਰਮ ਕਰਕੇ ਫਲ ਦੀ ਇੱਛਾ ਰੱਖਣੀ

ਸਿੰਮ੍ਰਿਤੀਆਂ ਵਿੱਚ ਵੀ ਦਸ ਪਾਪ ਲਿਖੇ ਹਨ

ਸਰੀਰਕ = ੧. ਚੋਰੀ ੨. ਹਿੰਸਾ ੩. ਪਰ-ਇਸਤ੍ਰੀ ਗਮਨ
ਬਾਣੀ = ੪. ਕੌੜਾ ਬੋਲਣਾ ੫. ਝੂਠ ੬. ਨਿੰਦਿਆ ੭. ਚੁਗ਼ਲੀ **ਵਾ:** ਵਿਅਰਥ ਬੋਲਣਾ
ਮਾਨਸਿਕ = ੮. ਕਿਸੇ ਦਾ ਬੁਰਾ ਚਿਤਵਨਾ ੯. ਦੂਜੇ ਦਾ ਧਨ ਮਾਲ ਲੈਣ ਦਾ ਖ਼ਿਆਲ
੧੦. ਦੂਜੇ ਦੀ ਬਿਭੂਤੀ ਵੇਖ ਕੇ ਸੜਨਾ।

ਸੰਨਿਆਸੀਆਂ ਦੇ ਦਸ ਨਾਮ

੧. ਤੀਰਥ
੨. ਆਸ਼ਰਮ
੩. ਬਨ
੪. ਆਰਣਯ
੫. ਗਿਰਿ
੬. ਪਰਬਤ
੭. ਸਾਗਰ
੮. ਸਰਸ੍ਵਤੀ
੯. ਭਾਰਤੀ
੧੦. ਪੁਰੀ

ਦਸ ਪੁਰਬ

੧. ਜੇਸਟ ਮਾਸੇ	੨. ਸ਼ੁਕਲਾ ਪੱਖੇ
੩. ਦਸਮੀ ਥਿਤੇ	੪. ਹਸਤ ਨਿਖਤਰੇ
੫. ਬੁੱਧਵਾਰ ਦਿਨ	੬. ਗੁਰ ਕਰਣ
੭. ਅਨੰਦ ਜੋਗ	੮. ਵਿਤੀਯਾਤ
੯. ਕੰਨਿਆ ਦਾ ਚੰਦ੍ਰਮਾ	੧੦. ਬ੍ਰਿਖ ਦਾ ਸੂਰਜ

ਇਹ ਦਸ ਪੁਰਬ ਪੰਡਿਤ ਤਾਰਾ ਸਿੰਘ ਜੀ ਨੇ ''ਗੁਰਮਤਿ ਨਿਰਣੈ ਸਾਗਰ'' ਵਿੱਚ ਲਿਖੇ ਹਨ।

ਮਹਾਨ ਕੋਸ਼ ਅਨੁਸਾਰ ਦਸ ਪੁਰਬ

੧. ਅਸ਼ਟਮੀ	੨. ਚਤੁਰਦਸੀ (ਚੌਦੇ)
੩. ਅਮਾਵਸ (ਮੱਸਿਆ)	੪. ਪੂਰਨਮਾਸ਼ੀ
੫. ਸੰਗ੍ਰਾਂਦ	੬. ਉੱਤਰਾਯਨ
੭. ਦਕਿਣਾਯਨ	੮. ਵਯਤਿਪਾਦ
੯. ਚੰਦ੍ਰ ਗ੍ਰਹਿਣ	੧੦. ਸੂਰਜ ਗ੍ਰਹਿਣ

ਨਾਮ ਦੀਆਂ ਦਸ ਅਵਸਥਾਵਾਂ

ਨਾਮ ਨੂੰ ਦੋ ਰੂਪਾਂ ਵਿੱਚ ਮੰਨਿਆ ਜਾਂਦਾ ਹੈ (ੳ) ਵਰਣਾਤਮਕ ਅਤੇ (ਅ) ਧੁਨਾਤਮਕ

(ੳ) ਜੋ ਅੱਖਰਾਂ ਦੇ ਆਕਾਰ ਵਾਲੇ ਨਾਮ ਨੂੰ ਬੈਖਰੀ ਬਾਣੀ ਦੁਆਰਾ ਜਪਿਆ ਜਾਵੇ, ਉਸ ਨੂੰ ਵਰਣਾਤਮਕ ਨਾਮ ਕਹਿੰਦੇ ਹਨ।

੧. **ਬੈਖਰੀ** = ਰਸਨਾ ਦੁਆਰਾ ਨਾਮ ਜਪਣ ਨੂੰ ਬੈਖਰੀ ਬਾਣੀ ਕਿਹਾ ਜਾਂਦਾ ਹੈ। ਜੈਸਾ ਕਿ :

ਕਬੀਰ ਮੇਰੀ ਸਿਮਰਨੀ ਰਸਨਾ ਊਪਰਿ ਰਾਮੁ ॥ **(ਅੰਗ ੧੩੬੪)**

੨. **ਮਧਮਾ** = ਕੰਠ ਵਿੱਚ ਨਾਮ ਚੱਲਣਾ, ਜਿਸ ਵਿੱਚ ਅਵਾਜ਼ ਸੁਣਨ ਵਾਲੇ ਦੇ ਕੰਨਾਂ ਤਕ ਨਹੀਂ ਜਾਂਦੀ, ਬੁੱਲ੍ਹਾਂ ਦੇ ਵਿੱਚ ਹੀ ਰਹਿ ਜਾਂਦੀ ਹੈ, ਬਲਕਿ ਅੱਧੀ ਕੁ ਜੀਭ ਦੇ ਪਿਛਲੇ ਹਿੱਸੇ ਕੰਠ ਵਿੱਚ ਅਤੇ ਅੱਧੀ ਕੁ ਰਸਨਾ ਤੇ ਬੁੱਲ੍ਹਾਂ ਵਿੱਚ, ਮੱਧਮ ਜਾਪ ਨੂੰ ਕੰਠ ਦਾ ਜਾਪ ਮੰਨਿਆ। ਇਹ ਉਪਾਂਸ ਜਾਪ ਦੇ ਦੋ ਹਿੱਸੇ ਹਨ। ਉਪਾਂਸ ਨਾਮ ਬੁੱਲ੍ਹਾਂ ਦਾ ਹੈ। ਇਉਂ ਇਹ ਬੈਖਰੀ ਅਤੇ ਮੱਧਮਾ ਦਾ ਜਾਪ ਵਰਣਾਤਮਕ ਨਾਮ ਕਹਾਉਂਦਾ ਹੈ। ਜਾਪਕ ਨੂੰ ਇਸ ਗੱਲ ਦਾ ਗਿਆਨ ਹੋਣਾ ਵੀ ਜ਼ਰੂਰੀ ਹੈ ਕਿ ਨਾਮ ਦੀ ਪਹਿਲੀ ਅਵਸਥਾ ਬੈਖਰੀ ਤੋਂ ਦੂਸਰੀ ਅਵਸਥਾ ਮੱਧਮਾ ਦੇ ਜਾਪ ਦੇ ਮਹਾਤਮ ਵਿੱਚ ਅੰਤਰਾ ਹੈ। ਬੈਖਰੀ ਵਿੱਚ ਸੌ ਵਾਰ ਨਾਮ ਉਚਾਰਿਆ ਜਾਵੇ ਅਤੇ ਮੱਧਮਾ ਵਿੱਚ ਇਕ ਵਾਰ ਉਚਾਰਿਆ ਜਾਵੇ ਤਾਂ ਮਹਾਤਮ ਬਰਾਬਰ ਹੋ ਜਾਂਦਾ ਹੈ। ਜੈਸਾ ਕਿ :

ਮੈ ਨਾਮੁ ਹਰਿ ਕਾ ਹਾਰੁ ਕੰਠੇ ਸਾਚ ਸਬਦੁ ਨੀਸਾਣਿਆ ॥ **(ਅੰਗ ੪੮੮)**

ਕਰ ਜੋਰਿ ਨਾਨਕ ਦਾਨੁ ਮਾਗੈ ਹਰਿ ਰਖਉ ਕੰਠਿ ਪਰੋਤ॥ (ਅੰਗ ੧੧੨੧)

(ਅ) ਜਿਵੇਂ ਵਰਣਾਤਮਕ ਨਾਮ ਬੈਖਰੀ ਅਤੇ ਮੱਧਮਾ ਦੋ ਹਿੱਸਿਆਂ ਵਿੱਚ ਵੰਡਿਆ ਹੋਇਆ ਹੈ। ਇਸੇ ਤਰ੍ਹਾਂ ਧੁਨਾਤਮਕ ਨਾਮ ਵੀ ਪਸੰਤੀ ਤੇ ਪਰ੍ਹਾ ਰੂਪ ਦੋ ਹਿੱਸਿਆਂ ਵਿੱਚ ਵੰਡਿਆ ਹੋਇਆ ਹੈ।

੩. ਪਸੰਤੀ = ਇਸ ਅਵਸਥਾ ਵਿੱਚ ਹਿਰਦੇ ਅੰਦਰ ਨਾਮ ਕੇਵਲ ਧੁਨ ਰੂਪ ਹੋ ਕੇ ਚੱਲ ਪੈਂਦਾ ਹੈ, ਜਿਸ ਬਾਬਤ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦਾ ਐਸਾ ਬਚਨ ਹੈ, ਜੈਸਾ ਕਿ :

ਹਿਰਦੈ ਹਰਿ ਹਰਿ ਹਰਿ ਧੁਨਿ ਉਪਜੀ ਹਰਿ ਜਪੀਐ ਮਸਤਕਿ ਭਾਗੁ ਜੀਉ॥

(ਅੰਗ ੭੭੪)

ਪਿਛਲੀਆਂ ਦੋ ਅਵਸਥਾਵਾਂ ਨਾਲੋਂ ਧੁਨੀ ਰੂਪ ਹੋ ਕੇ ਨਾਮ ਦੇ ਜਪਣ ਦਾ ਫਲ ਮੱਧਮਾ ਤੋਂ ਸੌ ਗੁਣਾਂ ਵੱਧ ਜਾਂਦਾ ਹੈ। ਕੰਠ ਵਿੱਚ ਸੌ ਵਾਰ ਤੇ ਧੁਨੀ ਵਿੱਚ ਇਕ ਵਾਰ ਉਚਾਰਣ ਨਾਲ ਉਹ ਫਲ ਮਿਲ ਜਾਂਦਾ ਹੈ।

੪. ਪਰ੍ਹਾ = ਧੁਨਾਤਮਿਕ ਨਾਮ ਦੀ ਅਗਲੀ ਅਵਸਥਾ ਨਾਮ ਦੀ ਚੌਥੀ ਅਵਸਥਾ ਕਹਿਲਾਉਂਦੀ ਹੈ। ਨਾਭੀ ਵਿੱਚ ਜਿੱਥੇ ਪੌਣ ਦਾ ਘਰ ਮੰਨਿਆ ਜਾਂਦਾ ਹੈ, ਉਥੇ ਪਰ੍ਹਾ ਬਾਣੀ ਵਿੱਚ ਨਾਮ ਦੀ ਧੁਨੀ ਚੱਲ ਪੈਣੀ। ਜੈਸਾ ਕਿ :

ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ ਗੁਰਮੁਖਿ ਅਕਥ ਕਹਾਨੀ॥

(ਅੰਗ ੮੭੯)

ਜੀਵ ਨੇ ਮਾਤਾ ਦੇ ਉਦਰ ਵਿੱਚ ਪਰਮਾਤਮਾ ਦਾ ਨਾਮ ਪਰ੍ਹਾ ਬਾਣੀ ਦੁਆਰਾ ਹੀ ਜਪਿਆ ਸੀ। ਉਹ ਰਾਹ ਪਹਿਲਾਂ ਬਣਿਆ ਹੋਣ ਕਰਕੇ ਜਿਤਨਾ ਜਲਦੀ ਕੋਈ ਉੱਪਰ ਪਹਿਲੇ ਹਿੱਸੇ ਵਿੱਚ ਹੀ ਇਕਾਗਰ ਚਿੱਤ ਨਾਲ ਨਾਮ ਜਪਣ ਲੱਗ ਜਾਵੇ ਤਾਂ ਇਹ ਅਵਸਥਾ ਜਲਦੀ ਹੀ ਪ੍ਰਾਪਤ ਹੋ ਜਾਂਦੀ ਹੈ।

੫. ਸੁਆਸਾਂ ਵਿੱਚ ਨਾਮ ਚੱਲਣਾ = ਜਿਵੇਂ ਨਾਭੀ ਵਿੱਚ ਵੱਸਦੀ ਪੌਣ ਸਾਰੇ ਸਰੀਰ ਵਿੱਚ ਹਰਕਤ ਕਰਦੀ ਹੈ, ਤਿਵੇਂ ਨਾਭੀ ਤੋਂ ਸੁਆਸਾਂ ਵਿੱਚ ਸਮਿਲਤ ਹੋ ਕੇ ਨਾਮ ਸਾਸਿ ਗਿਰਾਸ ਰੂਪੀ ਪੰਜਵੀਂ ਅਵਸਥਾ ਕਹਿਲਾਉਂਦੀ ਹੈ। ਜੈਸਾ ਕਿ :

ਸਾਸਿ ਸਾਸਿ ਸਿਮਰਹੁ ਗੋਬਿੰਦ॥ (ਅੰਗ ੨੯੫)

੬. ਰੋਮਾਂ ਵਿੱਚ ਸਿਮਰਨ ਚੱਲਣਾ = ਜਿਸ ਵੇਲੇ ਸੁਆਸਾਂ ਨਾਲ ਸਿਮਰਨ ਕਰਦਿਆਂ-ਕਰਦਿਆਂ ਰੋਮਾਂ ਵਿੱਚ ਨਾਮ ਦੀ ਧੁਨੀ ਜਾਗ੍ਰਤ ਹੋ ਜਾਵੇ, ਉਹ ਨਾਮ ਦੀ ਛੇਵੀਂ ਅਵਸਥਾ ਹੈ। ਸਤਿਗੁਰਾਂ ਨੇ ਰੋਮਾਂ ਨਾਲ ਨਾਮ ਜਪਣ ਵਾਲੇ ਗੁਰਮੁਖ ਦੀ ਅਵਸਥਾ ਇਸ ਪ੍ਰਕਾਰ ਪ੍ਰਗਟ ਕੀਤੀ ਹੈ। ਜੈਸਾ ਕਿ :

ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ॥ (ਅੰਗ ੯੪੧)

੭. ਸਾਰੇ ਪਸ਼ੂ ਪੰਛੀਆਂ ਦੀ ਅਵਾਜ਼ ਨਾਮ ਰੂਪ ਹੋ ਕੇ ਸੁਣਨ ਲੱਗ ਜਾਣੀ, ਇਹ ਨਾਮ ਦੀ ਸੱਤਵੀਂ ਅਵਸਥਾ ਹੈ। ਜੈਸਾ ਕਿ :

ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ॥ ੩॥

(ਅੰਗ ੧੨੬੫)

੯. ਸਭ ਜੀਵਾਂ ਦੇ ਹਿਰਦਿਆਂ ਦੀ ਸੰਕਲਪ ਰੂਪ ਅਵਾਜ਼ ਨਾਮ ਰੂਪ ਹੋ ਕੇ ਅਨੁਭਵ ਹੋਣ ਲੱਗ ਜਾਣੀ, ਇਸ ਅਵਸਥਾ ਵਿੱਚ ਸਾਧਕ ਅੰਤਰਜਾਮਤਾ ਦਾ ਮਾਲਕ ਹੋ ਜਾਂਦਾ ਹੈ ਭਾਵ ਹਰ ਇਕ ਦੇ ਹਿਰਦੇ ਦੀ ਜਾਨਣ ਲੱਗ ਜਾਂਦਾ ਹੈ। ਜੈਸਾ ਕਿ :

ਸਭੈ ਘਟ ਰਾਮੁ ਬੋਲੈ ਰਾਮਾ ਬੋਲੈ ॥ ਰਾਮ ਬਿਨਾ ਕੋ ਬੋਲੈ ਰੇ ॥ ੧ ॥ ਰਹਾਉ ॥

(ਅੰਗ ੯੮੮)

ਧਰਤਿ ਪਾਤਾਲੁ ਆਕਾਸੁ ਹੈ ਮੇਰੀ ਜਿੰਦੁੜੀਏ ਸਭ ਹਰਿ ਹਰਿ ਨਾਮੁ ਧਿਆਵੈ ਰਾਮ ॥

(ਅੰਗ ੫੪੦)

੧੦. ਨਾਮ ਦੀ ਦਸਵੀਂ ਅਵਸਥਾ ਜੋ ਸਾਰੀਆਂ ਅਵਸਥਾਵਾਂ ਦੀ ਅਉਧੀ ਹੱਦ ਰੂਪ ਹੈ। ਇਸ ਤੋਂ ਅੱਗੇ ਹੋਰ ਕੋਈ ਅਵਸਥਾ ਬਾਕੀ ਨਹੀਂ ਰਹਿ ਜਾਂਦੀ, ਜਿੱਥੋਂ ਅਭਿਆਸੀ ਅਤੇ ਨਾਮ ਰੂਪ ਪਰਮਾਤਮਾ ਦੀ ਏਕਤਾ ਭਾਵ ਅਭੇਦਤਾ ਹੋ ਜਾਂਦੀ ਹੈ। ਜੈਸਾ ਕਿ :

ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ ॥ (ਅੰਗ ੧੩੭੫)

ਸਰੀਰ (ਮੋਹ) ਦੀਆਂ ਦਸ ਅਵਸਥਾਵਾਂ

ਮਃ ੧ ॥

ਪਹਿਲੈ ਪਿਆਰਿ ਲਗਾ ਥਣ ਦੁਧਿ ॥ ਦੂਜੈ ਮਾਇ ਬਾਪ ਕੀ ਸੁਧਿ ॥
ਤੀਜੈ ਭਯਾ ਭਾਭੀ ਬੇਬ ॥ ਚਉਥੈ ਪਿਆਰਿ ਉਪੰਨੀ ਖੇਡ ॥
ਪੰਜਵੈ ਖਾਣ ਪੀਅਣ ਕੀ ਧਾਤੁ ॥ ਛਿਵੈ ਕਾਮੁ ਨ ਪੁਛੈ ਜਾਤਿ ॥
ਸਤਵੈ ਸੰਜਿ ਕੀਆ ਘਰ ਵਾਸੁ ॥ ਅਠਵੈ ਕ੍ਰੋਧੁ ਹੋਆ ਤਨ ਨਾਸੁ ॥
ਨਾਵੈ ਧਉਲੇ ਉਭੇ ਸਾਹ ॥ ਦਸਵੈ ਦਧਾ ਹੋਆ ਸੁਆਹ ॥

(ਅੰਗ ੧੩੧)

✧✧✧

੧੧.

ਗਿਆਰ੍ਹਾਂ ਪ੍ਰਕਾਰ ਦੇ ਸੁਖ

੧. ਆਮ ਮਨੁੱਖ ਨਾਲੋਂ ਧਰਤੀ ਦੇ ਚੱਕ੍ਰਵਰਤੀ ਰਾਜੇ ਨੂੰ ਸੌ ਗੁਣਾ ਅਧਿਕ ਸੁਖ ਪ੍ਰਾਪਤ ਹੁੰਦਾ ਹੈ।

੨. ਚੱਕ੍ਰਵਰਤੀ ਰਾਜੇ ਨਾਲੋਂ ਮਾਤ ਲੋਕ ਦੇ ਗੰਧਰਬ (ਰਾਗੀ) ਨੂੰ ਸੌ ਗੁਣਾ ਅਧਿਕ ਸੁਖ ਦੀ ਪ੍ਰਾਪਤੀ ਹੁੰਦੀ ਹੈ।

੩. ਮਾਤ ਲੋਕ ਦੇ ਗੰਧਰਬ ਨਾਲੋਂ ਦੇਵ ਲੋਕ ਦੇ ਗੰਧਰਬ ਨੂੰ ਸੌ ਗੁਣਾ ਅਧਿਕ ਸੁਖ ਪ੍ਰਾਪਤ ਹੁੰਦਾ ਹੈ।

੪. ਦੇਵ ਲੋਕ ਦੇ ਗੰਧਰਬ ਨਾਲੋਂ ਪਿਤਰ ਲੋਕ ਨੂੰ ਸੌ ਗੁਣਾ ਅਧਿਕ ਸੁਖ ਪ੍ਰਾਪਤ ਹੁੰਦਾ ਹੈ।

੫. ਪਿਤਰ ਲੋਕ ਨਾਲੋਂ ਅਯਾਨ ਸੰਗਿਆਂ ਵਾਲੇ ਦੇਵਤਿਆਂ ਨੂੰ ਸੌ ਗੁਣਾ ਅਧਿਕ ਸੁਖ ਪ੍ਰਾਪਤ ਹੁੰਦਾ ਹੈ।

੬. ਅਯਾਨ ਸੰਗਿਆਂ ਵਾਲੇ ਦੇਵਤਿਆਂ ਨਾਲੋਂ ਕਰਮ ਦੇਵ ਨੂੰ ਸੌ ਗੁਣਾ ਅਧਿਕ ਸੁਖ ਪ੍ਰਾਪਤ ਹੁੰਦਾ ਹੈ।

੭. ਕਰਮ ਦੇਵ ਨਾਲੋਂ ਮੁਖ ਦੇਵ ਨੂੰ ਸੌ ਗੁਣਾ ਅਧਿਕ ਸੁਖ ਪ੍ਰਾਪਤ ਹੁੰਦਾ ਹੈ।

੮. ਮੁਖ ਦੇਵ ਨਾਲੋਂ ਇੰਦ੍ਰ ਰਾਜੇ ਨੂੰ ਸੌ ਗੁਣਾ ਅਧਿਕ ਸੁਖ ਪ੍ਰਾਪਤ ਹੁੰਦਾ ਹੈ।

੯. ਇੰਦ੍ਰ ਦੇਵਤੇ ਨਾਲੋਂ ਸਾਰਿਆਂ ਦੇਵਤਿਆਂ ਦੇ ਗੁਰੂ ਬ੍ਰਹਸਪਤਿ ਨੂੰ ਸੌ ਗੁਣਾ ਅਧਿਕ ਸੁਖ ਪ੍ਰਾਪਤ ਹੁੰਦਾ ਹੈ।

੧੦. ਦੇਵਤਿਆਂ ਦੇ ਗੁਰੂ ਬ੍ਰਹਸਪਤਿ ਨਾਲੋਂ ਪਰਜਾਪਤਿ (ਬ੍ਰਹਮਾ) ਨੂੰ ਸੌ ਗੁਣਾ ਅਧਿਕ ਸੁਖ ਪ੍ਰਾਪਤ ਹੁੰਦਾ ਹੈ।

੧੧. ਬ੍ਰਹਮਾ ਨਾਲੋਂ ਬ੍ਰਹਮ ਲੋਕ ਦਾ ਸੁਖ ਸੌ ਗੁਣਾ ਅਧਿਕ ਮੰਨਿਆ ਹੈ। ਬ੍ਰਹਮ ਲੋਕ ਦੇ ਸੁਖ ਵਿੱਚ ਲੇਸ ਮਾਤਰ ਵੀ ਦੁੱਖ ਨਹੀਂ ਹੁੰਦਾ ਹੈ। ਜੈਸਾ ਕਿ :

ਇਤਨੇ ਯਾ ਕ੍ਰਮ ਤੇ ਸੁਖ ਪ੍ਰਾਪਤ। ਤ੍ਰੈਤਿਰੀਯ ਸੁਰਤਿ ਯੂੰ ਸਮਝਾਵਤ।

(ਵਿਚਾਰ ਸਾਗਰ, ਪੰਨਾ ੧੭੯)

ਗਿਆਰ੍ਹਾਂ ਅਵਤਾਰ ਸ਼ਿਵ ਜੀ ਦੇ

੧. ਮਹੇਸ਼	੨. ਸੰਭੂ	੩. ਸ਼ਿਵ
੪. ਹਰਣ	੫. ਅਜ	੬. ਅਪ੍ਰਰਾਜਿਤ
੭. ਤ੍ਰਬੰਯਕ	੮. ਪਿਨਾਕੀ	੯. ਏਕਪਾਦ
੧੦. ਅਹਿਵ੍ਰਧਨ	੧੧. ਵਿਸ੍ਵਾਕਪੀ	

✧✧✧

੧੨.

ਬਾਰ੍ਹਾਂ ਰਾਸਾਂ ਉਨ੍ਹਾਂ ਦੇ ਸੁਆਮੀ

ਬਾਰ੍ਹਾਂ ਰਾਸਾਂ	ਉਨ੍ਹਾਂ ਦੇ ਸੁਆਮੀ	ਬਾਰ੍ਹਾਂ ਰਾਸਾਂ	ਉਨ੍ਹਾਂ ਦੇ ਸੁਆਮੀ
੧. ਮੇਖ	ਮੰਗਲ	੭. ਤੁਲਾ	ਸ਼ੁਕਰ
੨. ਬ੍ਰਿਖ	ਸ਼ੁਕਰ	੮. ਬ੍ਰਿਸਚਕ	ਮੰਗਲ
੩. ਮਿਥਨ	ਬੁੱਧ	੯. ਧਨ	ਬ੍ਰਿਹਸਪਤਿ
੪. ਕਰਕ	ਚੰਦ੍ਰਮਾ	੧੦. ਮਕਰ	ਸ਼ਨੀ
੫. ਸਿੰਘ	ਸੂਰਜ	੧੧. ਕੁੰਭ	ਕੁੰਭੀ
੬. ਕੰਨਿਆ	ਬੁੱਧ	੧੨. ਮੀਨ	ਬ੍ਰਿਹਸਪਤਿ

ਜੋਗੀਆਂ ਦੇ ਬਾਰ੍ਹਾਂ ਪੰਥ

੧. ਹੇਤ	੭. ਦਾਸ
੨. ਪਾਵਾ	੮. ਕੰਥੜੀ
੩. ਆਈ	੯. ਬਨ
੪. ਗਮਯ	੧੦. ਧ੍ਵਜ
੫. ਪਾਗਲ	੧੧. ਚੋਲੀ
੬. ਗੋਪਾਲ	੧੨. ਰਾਵਲ

ਘਰ ਪਦ ਦੇ ਬਾਰ੍ਹਾਂ ਅਰਥ

੧. **ਘਰ** = ਮਕਾਨ, ਰਹਿਣ ਦੀ ਥਾਂ।

ਘਰ ਛਡਣੇ ਰਹੈ ਨਾ ਕੋਈ॥ (ਅੰਗ ੯੮੯)

੨. **ਘਰ** = ਸਰੂਪ।

ਸੋ ਘਰੁ ਗੁਰਿ ਨਾਨਕ ਕਉ ਦੀਆ॥ (ਅੰਗ ੧੮੬)

੩. **ਘਰ** = ਸਰੀਰ।

ਘਰ ਮਹਿ ਪੰਚ ਵਰਤਦੇ ਪੰਚੇ ਵੀਚਾਰੀ॥ (ਅੰਗ ੪੨੫)

੪. ਘਰ = ਸਰੀਰ ਦੇ ਅਸਥਾਨ ਕੰਗਰੋੜ ਦੇ ਮੁਹਰੇ ਕੋਠੜੀਆਂ।

ਬਹਤਰਿ ਘਰ ਇਕੁ ਪੁਰਖੁ ਸਮਾਇਆ.... ॥ (ਅੰਗ ੭੯੩)

੫. ਘਰ = ਦਸਮ ਦੁਆਰ।

ਘਰਿ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ ॥ (ਅੰਗ ੧੨੯੧)

੬. ਘਰ = ਇਸਤ੍ਰੀ।

ਘਰ ਕਾ ਮਾਸੁ ਚੰਗੇਰਾ ॥ (ਅੰਗ ੧੨੯੦)

੭. ਘਰ = ਸ਼ਾਸਤ੍ਰ।

ਛਿਅ ਘਰ ਛਿਅ ਗੁਰ ਛਿਅ ਉਪਦੇਸ ॥ (ਅੰਗ ੧੨)

੮. ਘਰ = ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ਬਦਾਂ ਦੇ ਗਾਇਣ ਦੇ ਅਸਥਾਨ, ਜੋ ਤਾਲ ਦੇ ਹਿੱਸਿਆਂ ਦੇ ਨਾਲ ਸੰਬੰਧ ਰੱਖਣੇ ਹਨ।

੯. ਘਰ = ਅੰਤਹਕਰਣ, ਮਨ।

ਘਰ ਮਹਿ ਠਾਕੁਰ ਨਦਰਿ ਨ ਆਵੈ ॥ (ਅੰਗ ੭੩੯)

੧੦.ਘਰ = ਨਿਜ ਦਾ ਭਾਵ ਆਪਣਾ।

ਘਰ ਕਾ ਕਾਜੁ ਨ ਜਾਣੀ ਰੂੜਾ ॥ (ਅੰਗ ੭੪੪)

੧੧.ਘਰ ਕੈ = ਨਿਜ ਦੇ, ਆਪਣੀ ਮੁਕਤੀ, ਸ੍ਵੈ-ਸਰੂਪ ਦੇ।

ਜੋ ਗੁਰ ਕੀ ਜਨੁ ਸੇਵਾ ਕਰੇ ਸੋ ਘਰ ਕੈ ਕੰਮਿ ਹਰਿ ਲਾਇਆ ॥ ੧ ॥

ਮੇਰੇ ਰਾਮ ਤੋੜਿ ਬੰਧਨ ਮਾਇਆ ਘਰ ਕੈ ਕੰਮਿ ਲਾਇ ॥ (ਅੰਗ ੧੬੬)

੧੨.ਘਰ ਉੱਚਾ = ਉੱਚਾ ਘਰ ਭਾਵ ਬੱਦਲ।

ਖੇਤ ਮਿਆਲਾ ਉਚੀਆ ਘਰੁ ਉਚਾ ਨਿਰਣਉ ॥ (ਅੰਗ ੫੧੭)

✧✧✧

੧੪.

ਚੌਦਾਂ ਲੋਕ

ਸੱਤ ਪਾਤਾਲਾਂ ਤੇ ਸੱਤ ਆਕਾਸ਼ਾਂ ਨੂੰ ਚੌਦਾਂ ਲੋਕ ਕਹਿੰਦੇ ਹਨ।
ਸੱਤ ਪਾਤਾਲਾਂ ਅਤੇ ਸੱਤ ਆਕਾਸ਼ਾਂ ਦੇ ਨਾਮ ੭ ਅੰਕ ਦੀ ਗਿਣਤੀ ਵਿੱਚ ਦੇਖੋ।

ਚੌਦਾਂ ਰਤਨ

ਸ੍ਰੀ ਮਣਿ ਰੰਭਾ ਵਾਰਨੀ, ਧਨੁਖ ਧਨੰਤਰ ਬਾਜ।
ਬਿਖੁ ਧੇਨੁ ਸਸਿ ਕਲਪਤਰ, ਸੰਖ ਅਮੀ ਗਜਰਾਜ॥

੧. ਲੱਛਮੀ	**੨.** ਮਣੀ
੩. ਰੰਭਾ (ਅਪੱਛਰਾ)	**੪.** ਸ਼ਰਾਬ (ਸੁਰਾ)
੫. ਧਨੁਸ਼	**੬.** ਧਨੰਤਰ ਵੈਦ
੭. ਉਚੈ ਸ਼੍ਰਵਾ ਘੋੜਾ	**੮.** ਕਾਲਕੂਟ (ਜ਼ਹਿਰ)
੯. ਕਾਮਧੇਨ ਗਊ	**੧੦.** ਚੰਦ੍ਰਮਾ
੧੧. ਕਲਪ ਬ੍ਰਿਛ	**੧੨.** ਸੰਖ
੧੩. ਅੰਮ੍ਰਿਤ	**੧੪.** ਐਰਾਵਤ ਹਾਥੀ

ਅੰਤਰੀਵ ਚੌਦਾਂ ਰਤਨ

੧. ਲੱਛਮੀ=ਭਗਤੀ। **੨.** ਕੌਸਤਕ ਮਣੀ=ਸ਼ਰਧਾ। **੩.** ਰੰਭਾ=ਸ਼ਾਂਤੀ। **੪.** ਸ਼ਰਾਬ=ਪ੍ਰੇਮ ਦੀ ਜਾਂ ਨਾਮ ਦੀ ਮਸਤੀ ਰੂਪ ਸ਼ਰਾਬ। **੫.** ਧਰਮ ਰੂਪੀ ਧਨੁਖ। **੬.** ਨਾਮ ਰੂਪੀ ਧਨੰਤਰ ਵੈਦ। **੭.** ਉੱਦਮ ਰੂਪੀ ਬਾਜ਼ (ਉੱਚਸ੍ਰਵਾ ਘੋੜਾ)। **੮.** ਸਾਧਸੰਗਤ ਦੀ ਨਿੰਦਾ ਰੂਪ ਜ਼ਹਿਰ। **੯.** ਕਾਮਧੇਨ ਸਾਧਸੰਗਤ ਹੈ। **੧੦.** ਵੈਰਾਗ ਰੂਪ ਚੰਦ੍ਰਮਾ। **੧੧.** ਅਭਿਆਸ ਰੂਪੀ ਕਲਪਤਰ ਬ੍ਰਿਛ। **੧੨.**ਕੀਰਤਨ ਰੂਪ ਸੰਖ। **੧੩.** ਪੰਜਾਂ ਪਿਆਰਿਆਂ ਦੁਆਰਾ ਪੰਜ ਬਾਣੀਆਂ ਪੜ੍ਹ ਕੇ ਜੋ ਅੰਮ੍ਰਿਤ ਤਿਆਰ ਕਰਨਾ ਹੈ ਉਹ ਅੰਮ੍ਰਿਤ ਹੈ। **੧੪.** ਜੋਗ ਰੂਪੀ ਗਜ ਰਾਜ ਹੈ। ਵਾ: ਨਿਧਿਆਸਣ ਰੂਪੀ ਗਜਰਾਜ ਹੈ।

ਚੌਦਾਂ ਪ੍ਰਕਾਰ ਦੀ ਵਿੱਦਿਆ

ਭਾਈ ਮਨੀ ਸਿੰਘ ਜੀ ਨੇ ਚੌਦਾਂ ਪ੍ਰਕਾਰ ਦੀ ਵਿੱਦਿਆ ਇਸ ਪ੍ਰਕਾਰ ਲਿਖੀ ਹੈ :

ਸ੍ਰੀ ਅੱਖਰ ਜਲਤਰਨ ਚਕਿਸਤਾ ਔਰ ਰਸਾਇਨ,
ਜੋਤਕ ਜੋਤ ਪ੍ਰਬੀਨ ਰਾਗ ਖਟ ਰਾਗਨਿ ਗਾਇਨ।

ਕੋਕਲਾ ਵਯਾਕਰਨ ਔਰ ਬਾਜੰਤ੍ਰ ਬਜਾਇਅਨ,
ਤੁਰਹਿ ਤੋਰ ਨਟ ਨ੍ਰਿੱਤ ਔਰ ਸਰ ਧਨੁਖ ਚਲਾਇਨ।
ਗਯਾਨ ਕਰਨ ਔ ਚਾਤੁਰੀ ਏਤ ਨਾਮ ਵਿਦਯ ਵਰੇ,
ਏਹ ਚਤੁਰਦਸ ਜਗਤ ਮੇ ਚਤੁਰ ਸਮਝ ਮਨ ਮੇ ਧਰੇ।

ਚਾਰ ਵੇਦ, ਛੇ ਵੇਦਾਂਗ, ਨਿਆਇ, ਮੀਮਾਂਸਾ, ਪੁਰਾਣ ਅਤੇ ਧਰਮ ਸ਼ਾਸਤਰ ਇਹ ਵੀ ਚੌਦਾਂ ਪ੍ਰਕਾਰ ਦੀ ਵਿੱਦਿਆ ਮੰਨੀ ਹੈ।

ਵਕਤੇ ਦੇ ਚੌਦਾਂ ਗੁਣ

੧. ਰਸਦਾਇਕ ਬਾਣੀ ਵਾਲਾ। **੨.** ਕਾਵਜ ਦਾ ਗਜਾਤਾ। **੩.** ਸ੍ਰੋਤਾ ਦੀ ਰੁਚੀ ਅਨੁਸਾਰ ਅਰਥ ਦਾ ਵਿਸਤਾਰ ਅਤੇ ਸੰਖੇਪ ਕਰਨ ਵਾਲਾ। **੪.** ਸੱਤਵਾਦੀ। **੫.** ਖੰਡਨ ਮੰਡਨ ਵਿੱਚ ਚਤੁਰ। **੬.** ਪ੍ਰਸੰਗ ਅਨੁਸਾਰ ਪ੍ਰਮਾਣ ਦੇਣ ਵਾਲਾ। **੭.** ਅਨੇਕਾਂ ਮੱਤਾਂ ਦਾ ਜਾਣੂ। **੮.** ਧੀਰਜਵਾਨ। **੯.** ਚੰਚਲਤਾ ਰਹਿਤ। **੧੦.** ਸਰੋਤਾ ਦੀ ਬੁੱਧਿ ਅਨੁਸਾਰ ਉਸ ਦੀ ਸਮਝ ਵਿੱਚ ਅਰਥ ਕਰਨ ਵਾਲਾ। **੧੧.** ਹੰਕਾਰ ਤੋਂ ਬਿਨਾਂ। **੧੨.** ਸੰਤੋਖੀ। **੧੩.** ਧਰਮ ਵਿੱਚ ਪੱਕਾ। **੧੪.** ਜੋ ਹੋਰਨਾਂ ਨੂੰ ਸੁਣਾਉਂਦਾ ਹੈ ਉਸ ਉਤੇ ਆਪ ਅਮਲ ਕਰਨ ਵਾਲਾ ਹੋਵੇ।

ਸ੍ਰੋਤੇ ਦੇ ਚੌਦਾਂ ਗੁਣ

੧. ਸ਼ਰਧਾਵਾਨ। **੨.** ਨਿਮਰਤਾ ਵਾਲਾ। **੩.** ਪ੍ਰੇਮੀ। **੪.** ਉਦਾਰ ਚਿੱਤ। **੫.** ਅਰਥ ਸਮਝਣ ਦੀ ਬੁੱਧੀ ਰੱਖਣ ਵਾਲਾ। **੬.** ਆਲਸ ਰਹਿਤ। **੭.** ਪ੍ਰਸ਼ਨ ਕਰਨ ਦੇ ਢੰਗ ਦਾ ਜਾਣੂ। **੮.** ਮਿੱਠੀ ਬਾਣੀ ਵਾਲਾ। **੯.** ਇੰਦ੍ਰੀਜਿੱਤ। **੧੦.** ਪ੍ਰਸੰਗ ਦੇ ਸਿਧਾਂਤ ਨੂੰ ਜਾਣਨ ਵਾਲਾ। **੧੧.** ਕੁਟਿਲਤਾ ਤੋਂ ਬਿਨਾਂ। **੧੨.** ਸੇਵਾ ਕਰਨ ਦਾ ਪ੍ਰੇਮੀ। **੧੩.** ਪਾਖੰਡ ਅਤੇ ਆਪਣੇ ਜਸ ਦਾ ਤਿਆਗੀ। **੧੪.** ਜੋ ਸੁਣਿਆ ਹੈ ਉਸ ਉੱਪਰ ਅਮਲ ਕਰਨ ਵਾਲਾ।

✧✧✧

੧੫.

ਪੰਦਰਾਂ ਥਿਤਾਂ

ਚੰਦ੍ਰਮਾ ਦੇ ਹਿਸਾਬ ਨਾਲ ਮਹੀਨੇ ਦੇ ਦੋ ਪੱਖ ਹੁੰਦੇ ਹਨ। ਪਹਿਲੇ ਪੱਖ ਦਾ ਨਾਮ ਹਨੇਰ (ਵਦੀ) ਪੱਖ, ਦੂਸਰੇ ਦਾ ਨਾਮ ਚਾਨਣ (ਸੁਦੀ) ਪੱਖ ਹੈ। ਪਹਿਲੇ ਪੱਖ (ਵਦੀ) ਦੀ ਥਿਤ ਏਕਮ ਤੋਂ ਮੱਸਿਆ ਤਕ ਪੰਦਰ੍ਹਵੇਂ ਦਿਨ ਹੁੰਦੀ ਹੈ। ਦੂਜੇ ਦੀ (ਸੁਦੀ) ਏਕਮ ਤੋਂ ਪੂਰਨਮਾਸ਼ੀ (ਪੁੰਨਿਆ) ਤਕ ਹੈ।

੧. ਏਕਮ	੨. ਦੂਜ
੩. ਤੀਜ	੪. ਚਉਥ
੫. ਪੰਚਮੀ	੬. ਛੱਠ
੭. ਸੱਤਵੀਂ	੮. ਅੱਠਵੀਂ
੯. ਨਉਮੀ	੧੦. ਦਸਵੀਂ
੧੧. ਏਕਾਦਸ਼ੀ	੧੨. ਦੁਆਦਸ਼ੀ
੧੩. ਤ੍ਰਿਓਦਸ਼ੀ	੧੪. ਚਉਦਹਿ
੧੫. ਪੁੰਨਿਆ	

✧✧✧

੧੬.

ਸੋਲ੍ਹਾਂ ਸ਼ਿੰਗਾਰ

ਤ੍ਰੈ ਕਾਲੇ ਦੋ ਉਜਲੇ ਪਤਲੇ ਪੰਜ ਪ੍ਰਕਾਰ।
ਚਾਰ ਕਠਨ ਦੋ ਚੀਕਨੇ ਯਹ ਸੋਲਾ ਸ਼ਿੰਗਾਰ।

ਤ੍ਰੈ ਕਾਲੇ = ੧. ਸਿਰ ਦੇ ਕੇਸ। ੨. ਨੇਤ੍ਰਾਂ ਦੀਆਂ ਧੀਰੀਆਂ। ੩. ਅਸਥਨਾਂ ਦੀ ਨੋਕਾਂ।

ਦੋ ਉਜਲੇ = ੧. ਨਹੁੰ। ੨. ਦੰਦ।

ਪਤਲੇ ਪੰਜ ਪ੍ਰਕਾਰ = ੧. ਹੋਠ। ੨. ਨੱਕ। ੩. ਗਰਦਨ। ੪. ਲੱਕ। ੫. ਉਂਗਲੀਆਂ।

ਚਾਰ ਕਠਨ = ੧. ਦੋ ਬਾਂਹਵਾਂ ਦੇ ਡੋਲੇ। ੨. ਦੋਵੇਂ ਪੱਟ।

ਦੋ ਚੀਕਨੇ = ੧. ਦੋਵੇਂ ਅਸਥਨ ਇਹ ਕੁਦਰਤ ਦੇ ਬਣਾਏ ਸੋਲ੍ਹਾਂ ਸ਼ਿੰਗਾਰ, ਜੋ ਲੱਖਾਂ ਵਿੱਚੋਂ ਕਿਸੇ ਇੱਕ ਇਸਤ੍ਰੀ ਦੇ ਹੁੰਦੇ ਹਨ।

ਚੰਦ੍ਰਮਾ ਦੀਆਂ ਸੋਲ੍ਹਾਂ ਕਲਾਂ

੧. ਅੰਮ੍ਰਿਤਾ	੨. ਮਾਨਦਾ	੩. ਪੂਸਾ
੪. ਪੁਸਟਿ	੫. ਤੁਸ਼ਟਿ	੬. ਰਤਿ
੭. ਧ੍ਰਿਤਿ	੮. ਸ਼ਸ਼ਿਨਿ	੯. ਚੰਦ੍ਰਿਕਾ
੧੦. ਕਾਂਤਿ	੧੧. ਜਯੋਤਸਨਾ	੧੨. ਸ੍ਰੀ
੧੩. ਪ੍ਰੀਤਿ	੧੪. ਅੰਗਦਾ	੧੫. ਪੂਰਨਤਾ
੧੬. ਪੂਰਣਾਮ੍ਰਿਤ		

ਈਸ਼ਵਰ ਦੀਆਂ ਸੋਲ੍ਹਾਂ ਕਲਾਂ

੧. ਗਿਆਨ	੨. ਧਿਆਨ	੩. ਸ਼ੁਭ ਕਰਮ
੪. ਹੱਠ	੫. ਸੰਜਮ	੬. ਧਰਮ
੭. ਵਿੱਦਿਆ	੮. ਭਜਨ	੯. ਪ੍ਰੇਮ
੧੦. ਜਤ	੧੧. ਅਧਯਾਤਮ	੧੨. ਦਾਨ
੧੩. ਦਇਆ	੧੪. ਨੇਮ	੧੫. ਚਤੁਰਤ
੧੬. ਸੁਧਿ-ਬੁਧਿ		

ਗਯਾਨ ਧਯਾਨ ਪ੍ਰੇਮ ਯਤ ਸੰਜਮ ਧਰਮ ਰੁ ਦਾਨ।
ਵਿਦਿਆ ਭਜਨ ਸੁਕਰਮ ਹਠ, ਸ਼ੁੱਧ ਬੁੱਧ ਦਯਾ ਸਮਾਨ।
ਅਧਿਆਤਮ ਨੇਮ ਅਰੁ ਚਤੁਰਤਾ ਸੋਲਹ ਕਲਾ ਪਛਾਨ॥ ੨॥

(ਛੱਤੀਸ ਗਿਆਨ)

੧੭.

ਸਤਾਰਾਂ ਭੱਟਾਂ ਦੇ ਨਾਮ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅੰਦਰ ਸਤਾਰਾਂ ਭੱਟਾਂ ਦੀ ਬਾਣੀ ਦਰਜ ਹੈ। ਉਨ੍ਹਾਂ ਦੇ ਨਾਮ ਇਸ ਪ੍ਰਕਾਰ ਹਨ :

੧. ਕਲਜ	੨. ਕਲਸਹਾਰ
੩. ਟਲਜ	੪. ਜਾਲਪ
੫. ਜਲਜ	੬. ਕੀਰਤ
੭. ਸਲਜ	੮. ਭਲਜ
੯. ਨਲਜ	੧੦. ਭਿਖਾ
੧੧. ਜਲਨ	੧੨. ਦਾਸ
੧੩. ਗਯੰਦ	੧੪. ਸੇਵਕ
੧੫. ਮਥੁਰਾ	੧੬. ਬਲਜ
੧੭. ਹਰਿਬੰਸ	

੧੮.

ਅਠਾਰਹ ਭਾਰ

੩੨੬੦ ਤੋਲੇ ਇਕ ਭਾਰ ਹੁੰਦਾ ਹੈ। ਇਕ ਬ੍ਰਿਛ ਦਾ ਇੱਕ ਪੱਤਾ ਲੈਣਾ, ਜਿਵੇਂ ਅੰਬ, ਅਨਾਰ, ਸੰਤਰਾ, ਅਮਰੂਦ, ਆਦਿ ਦਾ ਇਕ ਪੱਤਾ ਲੈਣਾ, ਜਦੋਂ ਪੱਤੇ ੩੨੬੦ ਤੋਲੇ ਦੇ ਹੋ ਜਾਣ ਤਾਂ ਉਸ ਨੂੰ ਇਕ ਭਾਰ ਕਿਹਾ ਜਾਂਦਾ ਹੈ। ੧੮ ਭਾਰ ਵਿੱਚ ਸਾਰੀ ਬਨਸਪਤੀ ਤੋਲੀ, ਗਿਣੀ, ਮਿਣੀ ਜਾਂਦੀ ਹੈ।

ਅਠਾਰਾਂ ਸਿੱਧੀਆਂ ਦਾ ਵੇਰਵਾ : ਮੁੱਖ ਸਿੱਧੀਆਂ ਅੱਠ ਹਨ ਤੇ ਦਸ ਗੌਣ ਹਨ।

ਮੁੱਖ ਸਿੱਧੀਆਂ :

੧. ਅਣਿਮਾ=ਬਹੁਤ ਛੋਟਾ ਹੋ ਜਾਣਾ। **੨. ਮਹਿਮਾ**=ਬਹੁਤ ਵੱਡਾ ਹੋ ਜਾਣਾ।

੩. ਗਰਿਮਾ=ਭਾਰੀ ਹੋ ਜਾਣਾ। **੪. ਲਘਿਮਾ**=ਹੌਲਾ ਹੋ ਜਾਣਾ।

੫. ਪ੍ਰਾਪਤੀ=ਮਨ ਭਾਉਂਦੀ ਵਸਤੂ ਪ੍ਰਾਪਤ ਕਰ ਲੈਣਾ। **੬. ਪ੍ਰਾਕਾਮਯ**=ਸਭ ਦੇ ਮਨ ਦੀ ਜਾਣ ਲੈਣੀ।

੭. ਈਸ਼ਿਤਾ=ਆਪਣੀ ਇੱਛਾ ਅਨੁਸਾਰ ਸਭ ਨੂੰ ਪ੍ਰੇਰਨਾ। **੮. ਵਸ਼ਿਤਾ**=ਸਭ ਨੂੰ ਕਾਬੂ ਕਰ ਲੈਣਾ।

ਗੌਣ ਸਿੱਧੀਆਂ :

੯. ਅਨੂਰਿਮ=ਭੁੱਖ ਤ੍ਰੇਹ ਦਾ ਨਾ ਵਿਆਪਣਾ।

੧੦. ਦੂਰ ਸ੍ਰਵਨ=ਦੂਰੋਂ ਸਭ ਗੱਲ ਸੁਣ ਲੈਣੀ।

੧੧. ਦੂਰ ਦਰਸ਼ਨ=ਦੂਰ ਦੇ ਨਜ਼ਾਰੇ ਅੱਖਾਂ ਸਾਹਮਣੇ ਵੇਖਣੇ।

੧੨. ਮਨੋ ਵੇਗ=ਮਨ ਦੀ ਚਾਲ ਤੁਲ ਛੇਤੀਂ ਜਾਣਾ।

੧੩. ਕਾਮ ਰੂਪ=ਜੇਹਾ ਮਨ ਚਾਹੇ ਉਸੇ ਤਰ੍ਹਾਂ ਦਾ ਰੂਪ ਧਾਰ ਲੈਣਾ।

੧੪. ਪਰ ਕਾਯਾ ਪ੍ਰਵੇਸ਼=ਦੂਸਰੇ ਦੇ ਸਰੀਰ ਵਿੱਚ ਪ੍ਰਵੇਸ਼ ਕਰ ਲੈਣਾ।

੧੫. ਸ੍ਵੈਛੰਦ ਮ੍ਰਿਤੁ=ਆਪਣੀ ਇੱਛਾ ਅਨੁਸਾਰ ਮਰ ਜਾਣਾ।

੧੬. ਸੁਰ ਕ੍ਰੀੜਾ=ਦੇਵਤਿਆਂ ਨਾਲ ਮਿਲ ਕੇ ਖੇਲਣਾ।

੧੭. ਸੰਕਲਪ ਸਿੱਧ=ਜੋ ਚਿਤਵਨਾ ਸੋ ਪੂਰਾ ਹੋ ਜਾਣਾ।

੧੮. ਅਪ੍ਰਤਿਹਤ ਗਤਿ=ਕਿਸੇ ਥਾਂ ਜਾਣ ਵਿੱਚ ਕੋਈ ਰੁਕਾਵਟ ਨਾ ਪਵੇ।

ਅਠਾਰਾਂ ਵਰਣ :

ਚਾਰ ਵਰਣ ਤਾਂ ਸ਼ੁੱਧ ਹਨ (ਖੱਤ੍ਰੀ, ਬ੍ਰਾਹਮਣ, ਵੈਸ਼, ਸ਼ੂਦ੍ਰ) ਅਤੇ ਬਾਕੀ ਸਭ ਇਨ੍ਹਾਂ ਚੌਹਾਂ ਦੇ ਆਪਸ ਵਿੱਚ ਰਲਣ ਮਿਲਣ ਤੋਂ ਬਣਦੇ ਹਨ। ਭਾਵ ਚੌਹਾਂ ਵਰਣਾਂ ਦੀਆਂ ਚਾਰ-ਚਾਰ ਲੜਕੀਆਂ ਵਿੱਚੋਂ ਇਕ-ਇਕ ਆਪਣੇ-ਆਪਣੇ ਵਰਣ ਵਿੱਚ ਵਿਆਹੀ ਹੋਵੇ ਤੇ ਬਾਕੀ ਤਿੰਨ-ਤਿੰਨ ਲੜਕੀਆਂ ਦੂਸਰੇ ਵਰਣਾਂ ਵਿੱਚ ਵਿਆਹੀਆਂ ਹੋਣ ਭਾਵ ਖੱਤ੍ਰੀ ਦੀਆਂ ਬਾਕੀ ਤਿੰਨ ਲੜਕੀਆਂ ਵਿੱਚ ਇਕ ਬ੍ਰਾਹਮਣ, ਇਕ ਵੈਸ਼ ਤੇ ਇਕ ਸ਼ੂਦ੍ਰ ਨੂੰ ਵਿਆਹੀ ਹੋਵੇ ਤੇ ਇਸੇ ਪ੍ਰਕਾਰ ਦੂਸਰੇ ਵਰਣਾਂ ਦੀਆਂ ਵਿਆਹੀਆਂ ਹੋਣ। ਇਉਂ ਇਹ ਸੋਲ੍ਹਾਂ ਵਰਣ ਬਣ ਜਾਂਦੇ ਹਨ ਤੇ ਸਤਾਰ੍ਹਵਾਂ ਕੁਆਰੀ ਲੜਕੀ ਦੀ ਕੁੱਖ ਤੋਂ ਪੈਦਾ ਹੋਇਆ ਬੱਚਾ ਤੇ ਅਠਾਰ੍ਹਵਾਂ ਰੰਡੀਆਂ (ਵਿਧਵਾ) ਦੀ ਕੁੱਖ ਤੋਂ ਜਨਮਿਆ ਬੱਚਾ ਇਉਂ ਇਹ ਅਠਾਰਾਂ ਵਰਣ ਬਣਦੇ ਹਨ।

ਅਠਾਰਾਂ ਪੁਰਾਣ

੧. ਵਿਸ਼ਨ ਪੁਰਾਣ	੨. ਪਦਮ ਪੁਰਾਣ
੩. ਬ੍ਰਹਮ ਪੁਰਾਣ	੪. ਸ਼ਿਵ ਪੁਰਾਣ
੫. ਭਗਵਤ ਪੁਰਾਣ	੬. ਨਾਰਦ ਪੁਰਾਣ
੭. ਮਾਰਕੰਡੇ ਪੁਰਾਣ	੮. ਅਗਨ ਪੁਰਾਣ
੯. ਬ੍ਰਹਮ ਵੈਵਰਤ ਪੁਰਾਣ	੧੦. ਲਿੰਗ ਪੁਰਾਣ
੧੧. ਵਰਾਹ ਪੁਰਾਣ	੧੨. ਸਕੰਦ ਪੁਰਾਣ
੧੩. ਵਾਮਨ ਪੁਰਾਣ	੧੪. ਕੂਰਮ ਪੁਰਾਣ
੧੫. ਮਤਸਯ ਪੁਰਾਣ	੧੬. ਗਰੁੜ ਪੁਰਾਣ
੧੭. ਬ੍ਰਹਮਾਂਡ ਪੁਰਾਣ	੧੮. ਭਵਿਖਿਅਤ ਪੁਰਾਣ

✧✧✧

੧੮.

ਉੱਨੀ ਦੋਸ਼ਾਂ ਤੋਂ ਰਹਿਤ ਹੋਣ ਦੀ ਜੁਗਤੀ

੧. ਦੁੱਖ ਨੂੰ ਦੁੱਖ ਨਾ ਮੰਨਣਾ
੨. ਸੁੱਖ ਨਾਲ ਸਨੇਹ ਨਾ ਕਰਨਾ
੩. ਡਰ ਤੋਂ ਰਹਿਤ
੪. ਸੋਨੇ ਨੂੰ ਸੋਨਾ ਮੰਨ ਕੇ ਲਾਲਚ ਨਾ ਕਰਨਾ
੫. ਮਿੱਟੀ ਨੂੰ ਮਿੱਟੀ ਜਾਣ ਕੇ ਨਿਰਾਦਰ ਨਾ ਕਰਨਾ ਭਾਵ ਸੋਨੇ ਤੇ ਮਿੱਟੀ ਨੂੰ ਇੱਕੋ ਜਿਹਾ ਸਮਝਣਾ
੬. ਨਿੰਦਿਆ ਤੋਂ ਰਹਿਤ
੭. ਕਿਸੇ ਦੀ ਉਸਤਤ ਨਾ ਕਰਨੀ
੮. ਲੋਭ ਤੋਂ ਰਹਿਤ
੯. ਮੋਹ ਤੋਂ ਰਹਿਤ
੧੦. ਹੰਕਾਰ ਤੋਂ ਰਹਿਤ
੧੧. ਖ਼ੁਸ਼ੀ
੧੨. ਗ਼ਮੀ
੧੩. ਮਾਨ
੧੪. ਅਭਿਮਾਨ ਤੋਂ ਰਹਿਤ
੧੫. ਇੱਛਾਵਾਂ ਤੋਂ ਰਹਿਤ
੧੬. ਮਨ ਦੀਆਂ ਵਾਸ਼ਨਾਵਾਂ ਤੋਂ ਰਹਿਤ
੧੭. ਸੰਸਾਰ ਤੋਂ ਉਪਰਾਮ ਰਹਿਣਾ
੧੮. ਮੰਦ ਵਾਸ਼ਨਾ ਤੋਂ ਰਹਿਤ
੧੯. ਕ੍ਰੋਧ ਤੋਂ ਰਹਿਤ

੨੧.

ਇੱਕੀ ਪੁਰੀਆਂ

ਸੱਤ ਪਤਾਲ, ਸੱਤ ਅਕਾਸ਼ ਅਤੇ ਸੱਤ ਦੀਪਾਂ ਨੂੰ ਇੱਕੀ ਪੁਰੀਆਂ ਕਹਿੰਦੇ ਹਨ।

ਨੋਟ : ਸੱਤ ਪਤਾਲ, ਸੱਤ ਅਕਾਸ਼, ਸੱਤ ਦੀਪਾਂ ਦੇ ਨਾਮ ੭ ਅੰਕ ਦੀ ਗਿਣਤੀ ਵਿੱਚ ਦੇਖੋ।

ਇੱਕੀ ਕੁੱਲਾਂ

ਗੁਰਬਾਣੀ ਅੰਦਰ ਲਿਖਿਆ ਹੈ ਕਿ ਭਗਤ ਜਨ ਆਪ ਤਾਂ ਤਰਦੇ ਹੀ ਹਨ, ਬਲਕਿ ਪ੍ਰਭੂ ਉਨ੍ਹਾਂ ਦੀਆਂ ਇੱਕੀ ਕੁਲਾਂ ਦਾ ਉੱਧਾਰ ਵੀ ਕਰ ਦਿੰਦਾ ਹੈ। ਜੈਸਾ ਕਿ :

ਪ੍ਰਹਲਾਦ ਜਨ ਕੇ ਇਕੀਹ ਕੁਲ ਉਧਾਰੇ॥

(ਅੰਗ ੧੧੩੩)

ਭਾਵ ਸੱਤ ਨਾਨਕੇ, ਸੱਤ ਦਾਦਕੇ, ਸੱਤ ਸਹੁਰੇ ਪਰਿਵਾਰ ਦੀਆਂ ਇਉਂ ਇੱਕੀ ਕੁਲਾਂ ਤਾਰ ਦਿੰਦਾ ਹੈ।

✧✧✧

੨੨.

੩੧ ਰਾਗਾਂ ਵਿੱਚੋਂ ੧੭ ਰਾਗਾਂ ਅੰਦਰ ਬਾਈ ਵਾਰਾਂ ਅੰਕਿਤ ਹਨ

ਰਾਗਾਂ ਦੇ ਨਾਮ		ਵਾਰਾਂ ਦੇ ਨਾਮ
੧. ਸਿਰੀਰਾਗੁ	–	੧. ਸ਼ਿਰੀਰਾਗ ਕੀ ਵਾਰ ਮਹਲਾ ੪ (ਅੰਗ ੮੩)
੨. ਰਾਗੁ ਮਾਝ	–	੨. ਵਾਰ ਮਾਝ ਕੀ ਮਹਲਾ ੧ (ਅੰਗ ੧੩੭)
੩. ਰਾਗੁ ਗਉੜੀ	–	੩. ਗਉੜੀ ਕੀ ਵਾਰ ਮਹਲਾ ੪ (ਅੰਗ ੩੦੦)
		੪. ਗਉੜੀ ਕੀ ਵਾਰ ਮਹਲਾ ੫ (ਅੰਗ ੩੧੮)
੪. ਰਾਗੁ ਆਸਾ	–	੫. ਆਸਾ ਮਹਲਾ ੧ ਵਾਰ ਸਲੋਕਾ ਨਾਲਿ (ਅੰਗ ੪੬੨)
੫. ਰਾਗੁ ਗੂਜਰੀ	–	੬. ਗੂਜਰੀ ਕੀ ਵਾਰ ਮਹਲਾ ੩ (ਅੰਗ ੫੦੮)
		੭. ਗੂਜਰੀ ਕੀ ਵਾਰ ਮਹਲਾ ੫ (ਅੰਗ ੫੧੭)
੬. ਰਾਗੁ ਬਿਹਾਗੜਾ	–	੮. ਬਿਹਾਗੜੇ ਕੀ ਵਾਰ ਮਹਲਾ ੪ (ਅੰਗ ੫੪੮)
੭. ਰਾਗੁ ਵਡਹੰਸੁ	–	੯. ਵਡਹੰਸ ਕੀ ਵਾਰ ਮਹਲਾ ੪ (ਅੰਗ ੫੮੫)
੮. ਰਾਗੁ ਸੋਰਠਿ	–	੧੦. ਸੋਰਠਿ ਵਾਰ ਮਹਲੇ ੪ ਕੀ (ਅੰਗ ੬੪੨)
੯. ਰਾਗੁ ਜੈਤਸਰੀ	–	੧੧. ਜੈਤਸਰੀ ਮਹਲਾ ੫ ਵਾਰ ਸਲੋਕਾ ਨਾਲਿ (ਅੰਗ ੭੦੫)
੧੦. ਰਾਗੁ ਸੂਹੀ	–	੧੨. ਵਾਰ ਸੂਹੀ ਕੀ ਸਲੋਕਾ ਨਾਲਿ ਮਹਲਾ ੩(ਅੰਗ ੭੮੫)
੧੧. ਰਾਗੁ ਬਿਲਾਵਲੁ	–	੧੩. ਬਿਲਾਵਲੁ ਕੀ ਵਾਰ ਮਹਲਾ ੪ (ਅੰਗ ੮੪੯)
੧੨. ਰਾਗੁ ਰਾਮਕਲੀ	–	੧੪. ਰਾਮਕਲੀ ਕੀ ਵਾਰ ਮਹਲਾ ੩ (ਅੰਗ ੯੪੭)
		੧੫. ਰਾਮਕਲੀ ਕੀ ਵਾਰ ਮਹਲਾ ੫ (ਅੰਗ ੯੫੭)
		੧੬. ਰਾਮਕਲੀ ਕੀ ਵਾਰ ਰਾਇ ਬਲਵੰਡਿ ਤਥਾ ਸਤੈ ਡੂੰਮਿ ਆਖੀ (ਅੰਗ ੯੬੬)
੧੩. ਰਾਗੁ ਮਾਰੂ	–	੧੭. ਮਾਰੂ ਵਾਰ ਮਹਲਾ ੩ (ਅੰਗ ੧੦੮੬)
		੧੮. ਮਾਰੂ ਵਾਰ ਮਹਲਾ ੫ ਡਖਣੇ ਮ: ੫ (ਅੰਗ ੧੦੯੪)
੧੪. ਰਾਗੁ ਬਸੰਤੁ	–	੧੯. ਬਸੰਤੁ ਕੀ ਵਾਰ ਮਹਲ ੫ (ਅੰਗ ੧੧੯੩)
੧੫. ਰਾਗੁ ਸਾਰੰਗ	–	੨੦. ਸਾਰੰਗ ਕੀ ਵਾਰ ਮਹਲਾ ੪ (ਅੰਗ ੧੨੩੭)
੧੬. ਰਾਗੁ ਮਲਾਰ	–	੨੧. ਵਾਰ ਮਲਾਰ ਕੀ ਮਹਲਾ ੧ (ਅੰਗ ੧੨੭੮)
੧੭. ਰਾਗੁ ਕਾਨੜਾ	–	੨੨. ਕਾਨੜੇ ਕੀ ਵਾਰ ਮਹਲਾ ੪ (ਅੰਗ ੧੩੧੨)

✧✧✧

੨੪.

ਚੌਵੀ ਅਵਤਾਰ

੧. ਮੱਛ	੨. ਕੱਛ	੩. ਬਰਾਹ
੪. ਮੋਹਨੀ	੫. ਨਰਸਿੰਘ	੬. ਪਰਸਰਾਮ
੭. ਰਾਮਚੰਦ੍ਰ ਜੀ	੮. ਕ੍ਰਿਸ਼ਨ ਜੀ	੯. ਬਲਰਾਮ
੧੦. ਬਾਵਨ	੧੧. ਬੁਧ	੧੨. ਨਾਰਦ
੧੩.ਰਿਸ਼ਭਦੇਵ	੧੪. ਕਪਲ	੧੫. ਵਿਆਸ
੧੬. ਹੰਸ	੧੭. ਪ੍ਰਿਥੂ	੧੮. ਦੱਤਾ ਤ੍ਰੇਯ
੧੯. ਨਰ	੨੦. ਨਰਾਇਣ	੨੧. ਹਯਗ੍ਰੀਵ
੨੨. ਵੈਵਸ੍ਵਤਮਨੁ	੨੩. ਧਨੰਤਰ	

੨੪. ਨਿਹਕਲੰਕ : ਇਹ ਅਵਤਾਰ ਅਜੇ ਹੋਣਾ ਹੈ।

ਦੱਤਾ ਤ੍ਰੇਯ ਦੇ ਚੌਵੀ ਗੁਰੂ

੧. ਪ੍ਰਿਥਵੀ	੨. ਜਲ	੩. ਪੌਣ
੪. ਅਕਾਸ਼	੫. ਚੰਦਰਮਾ	੬. ਅਗਨ
੭. ਸੂਰਜ	੮. ਕਬੂਤਰ	੯. ਅਜਗਰ ਸੱਪ
੧੦. ਸਮੁੰਦਰ	੧੧. ਹਾਥੀ	੧੨. ਭਉਰਾ
੧੩. ਪਤੰਗ	੧੪. ਮ੍ਰਿਗ	੧੫. ਸ਼ਹਿਦ ਚੋਣ ਵਾਲੀ ਇਸਤ੍ਰੀ
੧੬. ਮੱਛੀ	੧੭. ਪਿੰਗਲਾ	੧੮. ਵੇਸ਼ਯਾ
੧੯. ਗਿਰਝ	੨੦. ਬਾਲਕ	੨੧. ਕੁਆਰੀ ਕੰਨਿਆ
੨੨. ਤੀਰਗਰ	੨੩. ਮੱਕੜੀ	੨੪. ਸ਼ਿਕਾਰੀ

✧✧✧

੨੫.

ਪੱਚੀ ਪ੍ਰਕਿਰਤੀਆਂ ਦਾ ਨਕਸ਼ਾ

	ਪ੍ਰਿਥਵੀ ↓	ਜਲ ↓	ਅੱਗ ↓	ਹਵਾ ↓	ਅਕਾਸ਼ ↓
ਪ੍ਰਿਥਵੀ :-	ਅਸਥ°	ਮਾਸ	ਨਾੜੀਆਂ	ਚਮੜੀ	ਰੋਮ
ਜਲ :-	ਰੁਧਰ	ਬੀਰਜ°	ਪਿਤ	ਸਵੇਤ	ਲਾਰ
ਅੱਗ :-	ਆਲਸ	ਮੁਖ ਪ੍ਰਭਾ	ਛੁਧਾ°	ਪਿਆਸ	ਨਿੰਦ੍ਰਾ
ਹਵਾ :-	ਸੰਕੋਚਨਾ	ਚਲਣਾ	ਕੁੱਦਣਾ	ਦੌੜਨਾ°	ਪਸਰਨਾ
ਅਕਾਸ਼ :-	ਕਮਰ	ਉਦਰ	ਹਿਰਦਾ	ਕੰਠ	ਸਿਰ°

ਨੋਟ : ੦ ਇਹ ਨਿਸ਼ਾਨੀ ਮੁੱਖ ਭਾਗ ਦੀ ਹੈ।

:- ਇਹ ਨਿਸ਼ਾਨੀ ਤੱਤਾਂ ਦੇ ਵੰਡ ਸਮੇਂ ਆਏ ਹਿੱਸਿਆਂ ਦੀ ਹੈ।

↓ਇਹ ਨਿਸ਼ਾਨੀ ਵੰਡ ਤੋਂ ਪਹਿਲਾਂ ਆਪਣੇ ਹਿੱਸਿਆਂ ਦੀ ਹੈ।

੨੭.

ਸਤਾਈ ਸਿੰਮ੍ਰਿਤੀਆਂ ਦੇ ਨਾਮ

੧. ਮਨੂੰ ਸਿੰਮ੍ਰਿਤੀ	੨. ਯਾਗਵਲਕ	੩. ਲਘੂ ਅਤ੍ਰੀ	੪. ਅਤ੍ਰੀ
੫. ਬ੍ਰਿਧ ਅਤ੍ਰੀ	੬. ਵਿਸ਼ਨੂੰ	੭. ਲਘੂ ਹਾਰੀਤ	੮.ਵ੍ਰਿਧ ਹਾਰੀਤ
੯. ਪਾਰਾਸ਼ੁਰ	੧੦. ਔਸ਼ਨਸ	੧੧. ਯਮ	੧੨. ਆਪ ਸਤੰਬ
੧੩. ਆਂਗਿਰਸ	੧੪. ਸੰਵਤੰ	੧੫. ਕਾਤਯਾਯਨ	੧੬. ਬ੍ਰਿਹਸਪਤ
੧੭. ਵ੍ਰਿਹਤ ਪਾਰਾਸ਼ੁਰੀ	੧੮. ਬਿਆਸ	੧੯. ਲਘੂ ਵਾਸਕ (ਲਘੂ ਬਿਆਸ)	
੨੦. ਸੰਘ	੨੧. ਲਿਖਿਤ	੨੨. ਦਖ (ਦਕਸ਼)	੨੩. ਗੌਤਮ
੨੪. ਬ੍ਰਿਧ ਗੌਤਮ	੨੫. ਸ਼ਾਤਾਤਪ	੨੬. ਵਸ਼ਿਸ਼ਟ	੨੭. ਪੁਲਸਤਯ

੩੧. ਰਾਗ

ਸਿਰੀ ਮਾਝ ਗੌਰੀ ਆਸਾ ਗੂਜਰੀ ਗੰਧਾਰੀ ਦੇਵ।
ਬਿਹਾਗੜਾ ਵਡਹੰਸ ਸੋਰਠਿ ਕੋ ਜਾਨੀਏ।
ਧਨਾਸਿਰੀ ਜੈਤਸਿਰੀ ਜੈਜਾਵੰਤੀ ਟੋਡੀ ਜਾਨ।
ਬੈਰਾੜੀ ਤਿਲੰਗ ਸੂਹੀ ਬਿਲਾਵਲ ਬਖਾਨੀਏ।
ਗੌਂਡ, ਰਾਮਕਲੀ ਨਟ ਮਾਲੀ ਗੌੜਾ ਮਾਰੂ ਰਾਗ।
ਤੁਖਾਰੀ ਕੇਦਾਰਾ ਭੈਰੋ ਮਾਧੋ ਸਾਰਿੰਗਾਨੀਏ
ਮਲ੍ਹਾਰ ਕਾਨੜਾ ਕਲਯਾਨ ਪ੍ਰਭਾਤੀ ਗ੍ਰੰਥ ਰਾਗ।
ਯਹੀ ਇਕ ਤੀਸਨ ਸੇ ਬੇਉਰਾ ਪ੍ਰਮਾਨੀਏ। (ਬਾਣੀ ਬਿਉਰਾ)

੩੨.
ਬੱਤੀ ਲੱਛਣਾਂ ਦਾ ਵੇਰਵਾ

ਪੰਜ ਦੀਰਘ – (ਨੇਤ੍ਰ, ਜਬਾੜੇ, ਨੱਕ, ਵੱਖੀ, ਭੁਜਾ)

ਪੰਜ ਸੂਖਮ – (ਤੁਚਾ, ਕੇਸ, ਉਂਗਲੀਆਂ, ਦੰਦ, ਉਂਗਲੀਆਂ ਦੀਆਂ ਗੱਠਾਂ)

ਸੱਤ ਲਾਲ – (ਹਥੇਲੀ, ਪੈਰ ਦੇ ਤਲੇ, ਅੱਖਾਂ ਦੇ ਕੋਏ, ਤਾਲੂਆ, ਜੀਭ, ਹੋਂਠ, ਨੌਂਹ)

ਛੇ ਉੱਚੇ – (ਕਮਰ ਦੀ ਹੱਡੀ, ਪੇਟ, ਪਸਲੀ, ਮੋਢੇ, ਹੱਥ ਦੇ ਉਪਰਲੇ ਪਾਸੇ, ਮੁੱਖ)

ਤਿੰਨ ਵਿਸਤਾਰ ਵਾਲੇ – (ਮੱਥਾ, ਛਾਤੀ, ਕਮਰ)

ਤਿੰਨ ਛੋਟੇ – (ਗਰਦਨ, ਜੰਘਾਂ, ਲਿੰਗ)

ਤਿੰਨ ਗੰਭੀਰ – (ਸ੍ਵਰ, ਸੁਭਾਵ, ਨਾਭੀ) (ਸਕੰਧ ਪੁਰਾਣ, ਕਾਸੀ ਖੰਡ)

ਪਤੀਬ੍ਰਤਾ ਇਸਤ੍ਰੀ ਦੇ ਬੱਤੀ ਲੱਛਣ

੧. ਸੁੰਦਰਤਾ	੨. ਸਵੱਛਤਾ
੩. ਲੱਜਾ	੪. ਚਤੁਰਾਈ
੫. ਵਿੱਦਿਆ	੬. ਪਤੀ-ਭਗਤੀ
੭. ਸੇਵਾ	੮. ਦਇਆ
੯. ਸੱਤਯ	੧੦. ਪ੍ਰਿਯ ਬਾਣੀ
੧੧. ਪ੍ਰਸੰਨਤਾ	੧੨. ਨਿਮਰਤਾ
੧੩. ਨਿਸਕਪਟਤਾ	੧੪. ਏਕਤਾ
੧੫. ਧੀਰਜ	੧੬. ਧਰਮ ਨਿਸ਼ਠਾ
੧੭. ਸੰਜਮ	੧੮. ਉਦਾਰਤਾ
੧੯. ਗੰਭੀਰਤਾ	੨੦. ਉੱਦਮ
੨੧. ਸੂਰਵੀਰਤਾ	੨੨. ਰਾਗ
੨੩. ਕਾਵਯ	੨੪. ਚਿਤ੍ਰ
੨੫. ਔਸ਼ਧ	੨੬-੨੭. ਸਿਉਂਣ-ਪਰੋਣ ਦੀ ਵਿੱਦਿਆ

੨੮. ਘਰ ਪਈਆਂ ਵਸਤੂਆਂ ਨੂੰ ਜਥਾ ਯੋਗ ਸ਼ਿੰਗਾਰਨਾ

੨੯. ਬਜ਼ੁਰਗਾਂ ਦਾ ਆਦਰ

੩੦. ਘਰ ਆਏ ਮਹਿਮਾਨਾਂ ਦਾ ਆਦਰ

੩੧. ਸੰਤਾਨ ਦਾ ਪਾਲਣ-ਪੋਸ਼ਣ

੩੨. ਫੁਲਵਾੜੀ ਸਜਾਉਣੀ ਆਦਿ

੩੬

ਛੱਤੀ ਪ੍ਰਕਾਰ ਦੇ ਭੋਜਨ

੧. ਸਭ ਤਰ੍ਹਾਂ ਦੀ ਰੋਟੀ
੨. ਸਭ ਤਰ੍ਹਾਂ ਦੀ ਪੂਰੀ
੩. ਸਭ ਤਰ੍ਹਾਂ ਦੀ ਕਚੌਰੀ
੪. ਸਭ ਤਰ੍ਹਾਂ ਦੇ ਪੂੜੇ
੫. ਸਭ ਤਰ੍ਹਾਂ ਦੇ ਚਾਵਲ
੬. ਸਭ ਤਰ੍ਹਾਂ ਦੀਆਂ ਖ਼ੁਸ਼ਕ ਤੇ ਤਰ ਦਾਲਾਂ
੭. ਸਭ ਤਰ੍ਹਾਂ ਦੇ ਸਾਗ, ਤ੍ਰਿਕਾਰੀ, ਭੁਰਜੀ
੮. ਸਭ ਤਰ੍ਹਾਂ ਦੀਆਂ ਕੜੀਆਂ
੯. ਸਭ ਤਰ੍ਹਾਂ ਦੀਆਂ ਵੜੀਆਂ
੧੦. ਸਭ ਤਰ੍ਹਾਂ ਦੀਆਂ ਸੇਵੀਆਂ
੧੧. ਸਭ ਤਰ੍ਹਾਂ ਦੀ ਖਿਚੜੀ
੧੨. ਸਭ ਤਰ੍ਹਾਂ ਦੇ ਸਲੂਣੇ ਚਣੇ ਪਕੌੜੇ ਆਦਿ
੧੩. ਸਭ ਤਰ੍ਹਾਂ ਦੀਆਂ ਚਟਣੀਆਂ
੧੪. ਸਭ ਤਰ੍ਹਾਂ ਦੇ ਅਚਾਰ
੧੫. ਸਭ ਤਰ੍ਹਾਂ ਦੇ ਮੁਰੱਬੇ
੧੬. ਸਭ ਤਰ੍ਹਾਂ ਦੀ ਬੂੰਦੀ, ਦਹੀਂ ਭੱਲੇ
੧੭. ਸਭ ਤਰ੍ਹਾਂ ਦੇ ਰੈਤੇ
੧੮. ਪਾਪੜ
੧੯. ਸਭ ਤਰ੍ਹਾਂ ਦਾ ਕੜਾਹ (ਪ੍ਰਸ਼ਾਦਿ)
੨੦. ਸਭ ਤਰ੍ਹਾਂ ਦੀ ਖੀਰ
੨੧. ਪੰਜੀਰੀ, ਕਸਾਰ, ਸੱਤੂ, ਚੂਰਮਾ
੨੨. ਸਭ ਤਰ੍ਹਾਂ ਦੀ ਸੀਰਨੀ, ਲੱਡੂ, ਪੇੜਾ,ਜਲੇਬੀ ਆਦਿਕ
੨੩. ਲਾਪਸੀ ਮਿੱਠੀ (ਮਿੱਠੀ ਕੜੀ)
੨੪. ਰਾਵੜੀ (ਖੱਟੀ ਲੱਸੀ ਵਿੱਚ ਪਕਾਇਆ ਜਵਾਰ ਵਾ: ਬਾਜਰੇ ਦਾ ਆਟਾ)
੨੫. ਮਲਾਈ
੨੬. ਮਿਸ਼ਰੀ-ਮੱਖਣ
੨੭. ਸਿਖਰਣੀ (ਦਹੀਂ 'ਚ ਖੰਡ)
੨੮. ਦੁੱਧ ਮਿਸ਼ਰਤ ਆਂਬ ਰਸਾ ਆਦਿ
੨੯. ਦਹੀਂ, ਲੱਸੀ ਆਦਿ
੩੦. ਕਾਂਜੀ ਹਾਜਮੇ ਦਾ ਪਾਣੀ
੩੧. ਸਭ ਪ੍ਰਕਾਰ ਦੇ ਫਲ ਖ਼ੁਸ਼ਕ ਤਰ ਆਦਿਕ
੩੨. ਤਾਰੀ (ਲੂਣ ਵਾਲੀ ਕੜੀ)
੩੩. ਮੱਠੀ-ਮੱਠੇ
੩੪. ਫੇਣੀ ਆਦਿਕ
੩੫. ਘੇਵਰ
੩੬. ਸਵਾਦ ਚੂਰਣ ਆਦਿ

ਜਿਹ ਪ੍ਰਸਾਦਿ ਛਤੀਹ ਅੰਮ੍ਰਿਤ ਖਾਹਿ॥ **(ਸੁਖਮਨੀ ਸਾਹਿਬ)**

✧✧✧

੪੦.

ਚਮਕੌਰ ਦੀ ਗੜ੍ਹੀ ਦੇ ਚਾਲ੍ਹੀ ਸ਼ਹੀਦ

੧. ਸਹਜ ਸਿੰਘ	੨. ਸਰਦੂਲ ਸਿੰਘ
੩. ਸਰੂਪ ਸਿੰਘ	੪. ਸਾਹਿਬ ਸਿੰਘ
੫. ਸੁਜਾਨ ਸਿੰਘ	੬. ਸ਼ੇਰ ਸਿੰਘ
੭. ਸੇਵਾ ਸਿੰਘ	੮. ਸੰਗੋ ਸਿੰਘ
੯. ਸੰਤ ਸਿੰਘ	੧੦. ਹਰਦਾਸ ਸਿੰਘ
੧੧. ਹਿੰਮਤ ਸਿੰਘ	੧੨. ਕਰਮ ਸਿੰਘ
੧੩. ਕ੍ਰਿਪਾਲ ਸਿੰਘ	੧੪. ਖੜਗ ਸਿੰਘ
੧੫. ਗੁਰਦਾਸ ਸਿੰਘ	੧੬. ਗੁਰਦਿੱਤ ਸਿੰਘ
੧੭. ਗੁਲਾਬ ਸਿੰਘ	੧੮. ਗੰਗਾ ਸਿੰਘ
੧੯. ਗੰਡਾ ਸਿੰਘ	੨੦. ਚੜ੍ਹਤ ਸਿੰਘ
੨੧. ਜਵਾਹਰ ਸਿੰਘ	੨੨. ਜੈਮਲ ਸਿੰਘ
੨੩. ਜ੍ਵਾਲਾ ਸਿੰਘ	੨੪. ਝੰਡਾ ਸਿੰਘ
੨੫. ਟੇਕ ਸਿੰਘ	੨੬. ਠਾਕੁਰ ਸਿੰਘ
੨੭. ਤ੍ਰਿਲੋਕ ਸਿੰਘ	੨੮. ਦਇਆਲ ਸਿੰਘ
੨੯. ਦਾਮੋਦਰ ਸਿੰਘ	੩੦. ਨਰਾਇਣ ਸਿੰਘ
੩੧. ਨਿਹਾਲ ਸਿੰਘ	੩੨. ਪੰਜਾਬ ਸਿੰਘ
੩੩. ਪ੍ਰੇਮ ਸਿੰਘ	੩੪. ਬਸਾਵਾ ਸਿੰਘ
੩੫. ਬਿਸ਼ਨ ਸਿੰਘ	੩੬. ਭਗਵਾਨ ਸਿੰਘ
੩੭. ਮਤਾਬ ਸਿੰਘ	੩੮. ਮੁਹਕਮ ਸਿੰਘ
੩੯. ਰਣਜੀਤ ਸਿੰਘ	੪੦. ਰਤਨ ਸਿੰਘ

✧✧✧

੪੪.

ਜੋਗ ਸ਼ਾਸਤ੍ਰ ਵਿੱਚ ੪੪ ਪ੍ਰਕਾਰ ਦਾ ਜੋਗ ਦੱਸਿਆ ਹੈ

੧. ਰਾਜ ਜੋਗ	੨. ਹਠ ਜੋਗ
੩. ਗਿਆਨ ਜੋਗ	੪. ਕਰਮ ਜੋਗ
੫. ਭਗਤ ਜੋਗ	੬. ਜਪ ਜੋਗ
੭. ਲੈ ਜੋਗ	੮. ਸੰਤ ਜੋਗ
੯. ਸ਼ਬਦ ਜੋਗ	੧੦. ਪ੍ਰਣਯ ਜੋਗ
੧੧. ਹੰਸ ਜੋਗ	੧੨. ਤੰਤ੍ਰ ਜੋਗ
੧੩. ਸਵਰ ਜੋਗ	੧੪. ਧਿਆਨ ਜੋਗ
੧੫. ਭਿੰਗੂ ਜੋਗ	੧੬. ਸ਼ਿਵ ਜੋਗ
੧੭. ਪਾਸ਼ਪਤ ਜੋਗ	੧੮. ਪ੍ਰੇਮ ਜੋਗ
੧੯. ਅਨਾਸਕ ਜੋਗ	੨੦. ਸਮਾਧ ਜੋਗ
੨੧. ਬ੍ਰਹਮ ਜੋਗ	੨੨. ਨਾਮ ਕੀਰਤਨ ਜੋਗ
੨੩. ਤਾਰਕ ਜੋਗ	੨੪. ਪੁਰਸ਼ੋਤਮ ਜੋਗ
੨੫. ਪ੍ਰਕਿਰਤੀ ਜੋਗ	੨੬. ਪੁਰਸ਼ ਜੋਗ
੨੭. ਭਾਵ ਜੋਗ	੨੮. ਅਭਾਵ ਜੋਗ
੨੯. ਸਪਰਸ਼ ਜੋਗ	੩੦. ਅਸਪਰਸ ਜੋਗ
੩੧. ਬੁੱਧੀ ਜੋਗ	੩੨. ਕ੍ਰਿਆ ਜੋਗ
੩੩. ਬਿਗਿਆਨ ਜੋਗ	੩੪. ਗ੍ਰਿਹਸਤ ਜੋਗ
੩੫. ਪਤਿਬ੍ਰਤ ਜੋਗ	੩੬. ਸ਼ਾਂਖ ਜੋਗ
੩੭. ਕੁੰਡਲਨੀ ਜੋਗ	੩੮. ਸੁਸਿਪਤ ਜੋਗ
੩੯. ਸੁਪਨ ਜੋਗ	੪੦. ਚਿੱਤ ਜੋਗ
੪੧. ਇੱਛਾ ਜੋਗ	੪੨. ਮਾਨਸ ਜੋਗ
੪੩. ਗਿਆਨ ਇੰਦ੍ਰੇ ਜੋਗ	੪੪. ਪੂਰਣ ਜੋਗ

✧✧✧

੫੨.

ਬਵੰਜਾ ਬੀਰ

੧. ਨੰਦੀ	੨. ਭ੍ਰਿੰਗੀ	੩. ਰਿਟੀ
੪. ਤੁੰਡੀ	੫. ਪ੍ਰੇਤਾਸਯ	੬. ਵਜ੍ਰ
੭. ਕੁਵਲਾਸਵ	੮. ਅਸਵਕਰਣ	੯. ਨਿਰਮੁੰਡ
੧੦. ਮਸਤ ਕਾਰੁਣ	੧੧. ਪੁਸਪਦੰਤ	੧੨. ਵਿਹਦ ਭਾਨੁ
੧੩. ਅਮਿਤਾਸਯ	੧੪. ਅਸਵਵਾਰਨ	੧੫. ਤੁੰਡਕਿ
੧੬. ਦੁੰਡਿਕ	੧੭. ਕਾਲ ਨਾਮ	੧੮. ਅਸੁਰਾਂਤ
੧੯. ਜਨਾਲ੍ਹਾਦ	੨੦. ਅਲ੍ਹਾਦਕ	੨੧. ਯਾਮਿਕ
੨੨. ਚੰਡਿਕ	੨੩. ਚੰਦ੍ਰ ਰਾਜ	੨੪. ਅੰਤਕਰ
੨੫. ਨਿਸ਼ਚਰ	੨੬. ਵੀਰ ਭੱਦ੍ਰ	੨੭. ਮਣਿਮਾਨ
੨੮. ਚੰਡੀਸ਼	੨੯. ਨੰਦੀਸਵਰ	੩੦. ਵੀਰ ਵੇਤਾਲ
੩੧. ਵਿਕਟ	੩੨. ਵਿਨੋਦੀ	੩੩. ਸੁਮੰਤ੍ਰ ਵਿਨੋਦੀ
੩੪. ਸੁਰਮੰਤ੍ਰ ਵਿਨੋਦੀ	੩੫. ਕਾਲੀਯ	੩੬. ਤ੍ਰੁਟਿ
੩੭. ਕਾਮ੍ਰੰਣ	੩੮. ਨ੍ਹਾਰ ਸਿੰਘ	੩੯. ਹਨੂੰਮਾਨ
੪੦. ਭੈਰਵ	੪੧. ਨਿਸਲਯ	੪੨. ਕਾਲਸਮ
੪੩. ਨਰਾਦ	੪੪. ਨਾਸੀਰ	੪੫. ਕੇਸ਼ਰੀ
੪੬. ਇਜਯ	੪੭. ਵਿਜਯ	੪੮. ਵਿਸ਼ੋਧਰੀ
੪੯. ਕਾਕੁਮ	੫੦. ਕਾਮਾਖਯ	੫੧. ਨਿਰਾਲੰਭ
੫੨. ਪੁਨਰ ਮਯ		

(ਸਕੰਦ ਪੁਰਾਣ, ਕੇਦਾਰ ਖੰਡ 'ਚੋਂ)

ਬਵੰਜਾ ਕਵੀ

੧. ਉਦੈ ਰਾਯ	੨. ਅਣੀ ਰਾਯ	੩. ਅੰਮ੍ਰਿਤ ਰਾਯ
੪. ਅੱਲੂ	੫. ਆਸਾ ਸਿੰਘ	੬. ਆਲਿਮ
੭. ਈਸ਼ਵਰ ਦਾਸ	੮. ਸੁਖਦੇਵ	੯. ਸੁਖ
੧੦. ਸੁਖੀਆ	੧੧. ਸੁਦਾਮਾ	੧੨. ਸੈਨਾਪਤਿ
੧੩. ਸ਼ਿਆਮ	੧੪. ਹੀਰ	੧੫. ਹੁਸੈਨ ਅਲੀ
੧੬. ਹੰਸ ਰਾਮ	੧੭. ਕੱਲੂ	੧੮. ਕੁਵਰੇਸ਼ੋ
੧੯. ਖ਼ਾਨ ਚੰਦ	੨੦. ਗੁਣੀਆ	੨੧. ਗੁਰੁਦਾਸ
੨੨. ਗੁਪਾਲ	੨੩. ਚੰਦਨ	੨੪. ਚੰਦਾ
੨੫. ਜਮਾਲ	੨੬. ਟਹਿਕਨ	੨੭. ਧਰਮ ਸਿੰਘ
੨੮. ਧੰਨਾ ਸਿੰਘ	੨੯. ਧਯਾਨ ਸਿੰਘ	੩੦. ਨਾਨੂੰ
੩੧. ਨਿਸ਼ਚਲ ਦਾਸ	੩੨. ਨਿਹਾਲ ਚੰਦ	੩੩. ਨੰਦ ਸਿੰਘ
੩੪. ਨੰਦ ਲਾਲ	੩੫. ਪਿੰਡੀ ਲਾਲ	੩੬. ਬੱਲਭ
੩੭. ਬੱਲੂ	੩੮. ਬਿਧੀ ਚੰਦ	੩੯. ਬੁਲੰਦ
੪੦. ਬ੍ਰਿਖਾ	੪੧. ਬ੍ਰਿਜ ਲਾਲ	੪੨. ਮਥੁਰਾ
੪੩. ਮਦਨ ਸਿੰਘ	੪੪. ਮਦਨ ਗਿਰਿ	੪੫. ਮੱਲੂ
੪੬. ਮਾਨ ਦਾਸ	੪੭. ਮਾਲਾ ਸਿੰਘ	੪੮. ਮੰਗਲ
੪੯. ਰਾਮ	੫੦. ਰਾਵਲ	੫੧. ਰੌਸ਼ਨ ਸਿੰਘ
੫੨. ਲੱਖਾ		

✧✧✧

੬੮.

ਅਠਾਹਠ ਤੀਰਥ - ਕਪਲ ਤੰਤ੍ਰ ਅਨੁਸਾਰ

੧. ਓਅੰਕਾਰ	੨. ਅਯੋਧਿਆ	੩. ਅਵੰਤਿਕਾ
੪. ਐਰਾਵਤੀ (ਰਾਵੀ)	੫. ਸਤਦ੍ਰੂ (ਸਤਲੁਜ)	੬. ਸਰਸਵਤੀ
੭. ਸਰਯੂ	੮. ਸਿੰਧੁ	੯. ਸਿਪ੍ਰਾ
੧੦. ਸ਼ੋਣ	੧੧. ਸ਼੍ਰੀ ਸ਼ੈਲ	੧੨. ਸ਼੍ਰੀ ਰੰਗ
੧੩. ਹਰਿਦੁਆਰ	੧੪. ਕਪਾਲ ਮੋਚਨ	੧੫. ਕਪਿਲੋਦਕ
੧੬. ਕਾਂਸ਼ੀ	੧੭. ਕਾਂਚੀ	੧੮. ਕਾਲੰਜਰ
੧੯. ਕਾਵੇਰੀ	੨੦. ਕੁਰੂਛੇਤਰ	੨੧. ਕੇਦਾਰ ਨਾਥ
੨੨. ਕੌਸ਼ਿਕੀ	੨੩. ਗਯਾ	੨੪. ਗੋਕਰਣ
੨੫. ਗੋਦਾਵਰੀ	੨੬. ਗੋਮਤੀ	੨੭. ਗੋਵਰਧਨ
੨੮. ਗੰਗਾ ਸਾਗਰ	੨੯. ਗੰਡਿਕਾ	੩੦. ਘਰਘਰਾ
੩੧. ਚਰਮਨ੍ਵਤੀ	੩੨. ਚਿਤ੍ਰਕੂਟ	੩੩. ਚੰਦ੍ਰਭਾਗਾ
੩੪. ਜਗੰਨਾਥ	੩੫. ਜਵਾਲਾਮੁਖੀ	੩੬. ਤਪਤੀ
੩੭. ਤਾਮ੍ਰਪਰਣੀ	੩੮. ਤੁੰਗ ਭਦਰਾ	੩੯. ਦਸ਼ਾਸ਼ਵਮੇਧ
੪੦. ਦ੍ਰਿਸ਼ਦਵਤੀ	੪੧. ਦੁਆਰਿਕਾ	੪੨. ਧਾਰਾ
੪੩. ਨਰਬਦਾ	੪੪. ਨਾਗ ਤੀਰਥ	੪੫. ਨੈਮਿਸ
੪੬. ਪੁਸ਼ਕਰ	੪੭. ਪ੍ਰਾਗਰਾਜ	੪੮. ਪ੍ਰਿਥੂਦਕ
੪੯. ਬਦਰੀ ਨਾਰਾਇਣ	੫੦. ਭੱਦ੍ਰੇਸ਼ਰ	੫੧. ਭੀਮੇਸ਼੍ਵਰ
੫੨. ਭ੍ਰਿੰਗਤੁੰਗ	੫੩. ਮਹਾਕਾਲ	੫੪. ਮਹਾਬੋਧਿ
੫੫. ਮਥੁਰਾ	੫੬. ਮਾਨਸਰੋਵਰ	੫੭. ਮਾਇਆਪੁਰੀ
੫੮. ਮੰਦਾਕਿਨੀ	੫੯. ਯਮੁਨਾ	੬੦. ਰਾਮੇਸ਼੍ਵਰ
੬੧. ਬਿਤਸਤਾ	੬੨. ਵਿੰਧਯ	੬੩. ਵਿਪਾਸ਼ਾ (ਬਿਆਸ)
੬੪. ਵਿਮਲੇਸ਼੍ਵਰ	੬੫. ਵੇਣਾ	੬੬. ਵੇਤ੍ਰਵਤੀ
੬੭. ਵੈਸ਼ਨਵੀ	੬੮. ਵੈਦਯਨਾਥ	

✧✧✧

੮੪.

ਚੌਰਾਸੀ ਸਿੱਧ

੧. ਸੂਰ ਸਿੱਧ	੨. ਲੁਹਿਰੀਪਾ	੩. ਭੰਗਰ	੪. ਹਾਜੀ ਰਤਨ
੫. ਖਿੰਥੜਾ	੬. ਝੰਗਰ	੭. ਕੇਵਲ ਕਰਨ	੮. ਜਾਲਿਕਾ
੯. ਸਾਗਰ	੧੦. ਸਮਰੱਥ	੧੧. ਨਿਰਤ	੧੨. ਬਿਮਲਕਾ
੧੩. ਲੰਗਰ	੧੪. ਪੂਰਨ	੧੫. ਨਾਸਿਕ	੧੬. ਔਘੜ
੧੭. ਊਰਮ	੧੮. ਭਰਥਰਿ	੧੯. ਈਸ਼ਰ	੨੦. ਪਰਬਤ
੨੧. ਧੂਰਮ	੨੨. ਜੋਤਿ ਮਗਨ	੨੩. ਸਿੱਧ ਸੈਨ	੨੪. ਹਨੀਫਾ
੨੫. ਰਾਇਐਨ	੨੬. ਪਤਿਪ੍ਰਾਨ	੨੭. ਕਨੀਫਾ	੨੮. ਬਿਮਲ ਜੋਤਿ
੨੯. ਸੀਤਲ ਜਲ	੩੦. ਗਿਰਵਰ	੩੧. ਚਤ੍ਰਬੈਨ	੩੨. ਮੁਕਤੀਸਰ
੩੩. ਗਿਰਧਰ	੩੪. ਸੂਰਐਨ	੩੫. ਗਿਰਬੋਧ	੩੬. ਪਲਕ ਨਿੱਧਿ
੩੭. ਸੰਭੂ	੩੮. ਮਗਨ ਧਾਰ	੩੯. ਗੌਨ ਗੁਆਲ	੪੦. ਕਨਿਕਾ ਸਿੱਧ
੪੧. ਕਾਲਿੰਦ੍ਰੋ	੪੨. ਦਰਸਨ	੪੩. ਚਲਨ ਜੋਤਿ	੪੪. ਤੁਲਸਾਂ
੪੫. ਗੋਵਰਧਨ	੪੬. ਕੇਵਲ ਕਰਮੀ	੪੭. ਕਲਾ ਬਿਲਾਸੀ	੪੮. ਭੁਤਵੇ
੪੯. ਕੇਸ ਕਰਨ	੫੦. ਕ੍ਰਮਨਾਸੀ	੫੧. ਸੰਘਰ	੫੨. ਕਿਸ਼ਨ ਕੁਮਾਰ
੫੩. ਅਸਰਨਿਧਿ	੫੪. ਪਲਕਾ	੫੫. ਰਾਮ ਕੁਮਾਰ	੫੬. ਰਾਮ ਸਿੱਧ
੫੭. ਮੀਰ ਹੁਸੈਨੀ	੫੮. ਆਪੰਰੂਪੀ	੫੯. ਮੀਰ ਜੰਬੀਲ	੬੦. ਕਲੇਸੰ ਧੁਪੀ
੬੧. ਜੋਗ ਹਰੇ	੬੨. ਖੁਲਾਸ	੬੩. ਕਸਧੂਪੀ	੬੪. ਕੇਵਲ ਕਰਮੀ
੬੫. ਮੂਲ ਮੰਤ੍ਰੀ	੬੬. ਕਿਦਾਰ	੬੭. ਨਾਸਿਕਾ	੬੮. ਸਿਲਸਿਲਾ
੬੯. ਤੁਰ ਤੁਰੰਗੀ	੭੦. ਕੇਲੰਕਲ	੭੧. ਕ੍ਰਨਜੋਗ	੭੨. ਬਚਿਤ੍ਰਾ
੭੩. ਈਸ਼ਰ ਪ੍ਰੰਗੀ	੭੪. ਯੋਗਪਵਿਤ੍ਰਾ	੭੫. ਸੰਭਾਲਿਕਾ	੭੬. ਬਿਹੰਗਮ
੭੭. ਬ੍ਰਹਮ ਜੋਗੀ	੭੮. ਬ੍ਰਹਮ ਭੋਗੀ	੭੯. ਸਰਸੁਤੀ	੮੦. ਬਿਸਨਪਤੀ
੮੧. ਗੰਧਾਰੀ	੮੨. ਵਾਸੀ ਗੁਫਾ	੮੩. ਬ੍ਰਹਮ ਬ੍ਰਤਧਾਰੀ	੮੪. ਮੁਰਾਲਯੋਗ

ਚੌਰਾਸੀ ਲੱਖ ਜੂਨਾਂ

ਬੀਸ ਲਾਖ ਅਸਥਾਵਰ ਜਾਨੋ॥ ਨੌ ਲਾਖ ਜਲ ਥਲ ਸਭ ਮਾਨੋ॥
ਗਿਆਰਾ ਲਾਖ ਕੂਰਮ ਕਵੀ ਗਾਏ॥ ਪੰਖੀ ਗਣ ਦਸ ਲਾਖ ਬਿਤਾਏ॥
ਤੀਸ ਲਾਖ ਪਸੁ ਜਾਨੋ ਭਾਈ॥ ਚਾਰ ਲਾਖ ਬਾਨਰ ਦੁਖਦਾਈ॥
ਜਬ ਚੌਰਾਸੀ ਜੂਨ ਕਟ ਆਵੈ॥ ਤਬ ਮਾਨਸ ਕੇ ਤਨ ਕੋ ਪਾਵੈ॥

✧✧✧

੧੦੧.

ਬ੍ਰਹਮ ਬੇਤਾ ਆਪਣੀਆਂ ੧੦੧ ਕੁਲਾਂ ਨੂੰ ਤਾਰ ਦਿੰਦਾ ਹੈ

ਅਮਨਿਤ੍ਵਾਦਿ ਸਪੰਨੋ ਮੁਮੁਖਸੂ ਏਕ ਵਿਸ਼ੰਤੀ ਕੁਲੰ ਤਾਰਯਤੀ।
ਬ੍ਰਹਮ ਵਿਤ ਮਾਤ੍ਰੇਣ ਕੁਲ ਏਕੋਤ੍ਰ ਸਤੰ ਤਾਰਯਤੀ॥

(ਪੈਂਗਲ ਉਪਨਿਸ਼ਦ, ਧਿਅ. ੪, ਸੁਰਤੀ ੧)

ਇਕ ਸੌ ਇਕ ਕੁਲਾਂ ਦਾ ਵੇਰਵਾ ਵੀ ਇਸ ਪ੍ਰਕਾਰ ਦਿੱਤਾ ਗਿਆ ਹੈ। ਜੈਸਾ ਕਿ :

ਪਿਤਾ ਸਾਚ ਚੌਬੀਸ ਬੀਸ ਮਾਤਾ ਕੇ ਜਾਣੋ।
ਖੋੜਸ ਤ੍ਰਿਯਾ ਮਹਾਨ ਦ੍ਵਾਦਸ ਸੁਤਾ ਪਛਾਣੋ।
ਇਕਾਦਸ ਕੁਲ ਭੈਣ ਦਸ ਭੂਆ ਕੇ ਲੇਖੇ।
ਮਾਤ ਭੈਣ ਕੁਲ ਆਠ ਸ੍ਰੂਤੀ ਸਿੰਮ੍ਰਤੀ ਪੇਖੇ।

ਪਿਤਾ ਦੀਆਂ ੨੪, ਮਾਤਾ ਦੀਆਂ ੨੦, ਪਤਨੀ ਦੀਆਂ ੧੬, ਪੁੱਤਰੀ ਦੀਆਂ ੧੨, ਭੈਣ ਦੀਆਂ ੧੧, ਭੂਆ ਦੀਆਂ ੧੦, ਮਾਸੀ ਦੀਆਂ ੮ ਕੁਲਾਂ, ਇਉਂ ੧੦੧ ਕੁਲਾਂ ਤਰ ਜਾਂਦੀਆਂ ਹਨ ਜੋ ਵੇਦ ਸ਼ਰੁਤੀ ਭਾਵ ਸਿੰਮ੍ਰਤੀ ਵਿੱਚ ਕਿਹਾ ਗਿਆ ਹੈ।

✧✧✧

ਧੰਨਵਾਦ

ਧੰਨਵਾਦ ਸ੍ਰੀ ਅਕਾਲ ਪੁਰਖ ਵਾਹਿਗੁਰੂ ਜੀ ਦਾ ਜੋ ਅਦ੍ਰਿਸ਼ਟ ਅਗੋਚਰ ਰਹਿ ਕੇ ਸਾਰੇ ਸੰਸਾਰ ਨੂੰ ਆਪਣੀ ਸੱਤਾ ਦੇ ਕੇ ਚਲਾ ਰਿਹਾ ਹੈ, ਜਿਸ ਸ਼ਕਤੀ ਤੋਂ ਬਿਨਾਂ ਇੱਕ ਪੱਤਾ ਵੀ ਨਹੀਂ ਝੁੱਲ ਸਕਦਾ, ਸੱਤਾ ਦੇ ਕੇ ਸਾਜੇ ਹੋਏ ਸੰਸਾਰ ਦੇ ਭਲੇ ਲਈ ਗੁਰੂ ਨਾਨਕ ਰੂਪ ਹੋ ਕਰਕੇ ਨਿਰਮਲ ਪੰਥ ਦੀ ਸਿਰਜਣਾ ਕੀਤੀ, ਦਸ ਸਰੂਪ ਧਾਰਨ ਕਰ ਕੇ ਵੱਖਰੇ-ਵੱਖਰੇ ਸਰੂਪਾਂ ਵਿੱਚ ਸੰਸਾਰ ਦੇ ਭਲੀ ਲਈ ਕਰਤੱਬ ਕੀਤੇ। ਫੇਰ ਦਸਵੇਂ ਸਰੂਪ ਵਿੱਚ ਖ਼ਾਲਸਾ ਪੰਥ ਦੀ ਸਿਰਜਣਾ ਕਰ ਕੇ ਗੁਰਸਿੱਖਾਂ ਨੂੰ ਸਦਾ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾਇਆ ਅਤੇ ੫੨ ਵਿਦਵਾਨ ਕਵੀ ਰੱਖ ਕੇ ਵਿੱਦਿਆ ਦਾ ਖੁੱਲ੍ਹਾ ਗੱਫਾ ਖ਼ਾਲਸੇ ਪੰਥ ਵਿੱਚ ਵਰਤਾਇਆ। ਫੇਰ ਦਮਦਮਾ ਸਾਹਿਬ ਗੁਰੂ ਕੀ ਕਾਂਸ਼ੀ ਰਚ ਕੇ ਵਿੱਦਿਆ ਦੀ ਟਕਸਾਲ ਤੋਰੀ। ਇਸ ਕਰਕੇ ਦਸੇ ਗੁਰੂ ਸਾਹਿਬਾਨ ਦਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਰੋਮ-ਰੋਮ ਕਰਕੇ ਧੰਨਵਾਦ ਹੈ।

ਧੰਨਵਾਦ ਅਮਰ ਸ਼ਹੀਦ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫ਼ਤਹਿ ਸਿੰਘ ਜੀ ਦਾ ਅਤੇ ਪਰਮ ਪੂਜਨੀਕ ਮਾਤਾ ਗੁਜਰ ਕੌਰ ਜੀ ਦਾ, ਜਿਨ੍ਹਾਂ ਦੀ ਚਰਨ ਸ਼ਰਨ ਵਿੱਚ ਇਹ ਕਾਰਜ ਪੂਰਾ ਹੋਇਆ ਹੈ। ਧੰਨਵਾਦ ਸੰਪ੍ਰਦਾ ਦਮਦਮੀ ਟਕਸਾਲ ਦੇ ਮਹਾਨ ਮਹਾਂਪੁਰਖ ਸੰਤ ਗਿਆਨੀ ਗੁਰਬਚਨ ਸਿੰਘ ਜੀ ਭਿੰਡਰਾਂਵਾਲਿਆਂ ਦਾ, ਜੋ ਵਿੱਦਿਆ ਦੇ ਸਮੁੰਦਰ ਸਨ ਅਤੇ ਖ਼ਾਲਸਾ ਪੰਥ ਦੀ ਤੁਰਦੀ ਫਿਰਦੀ ਯੂਨੀਵਰਸਿਟੀ ਸਨ। ਉਨ੍ਹਾਂ ਮਹਾਂਪੁਰਸ਼ਾਂ ਦੀ ਰਸਨਾ ਤੋਂ ਵਿਆਖਿਆ ਰੂਪ ਵਿੱਚ ਪ੍ਰਾਪਤ ਹੋਏ ਪਦ-ਪਦਾਰਥ ਇਸ ''ਸੰਖਿਆ ਬੋਧ'' ਗ੍ਰੰਥ ਦਾ ਵੱਡਾ ਹਿੱਸਾ ਹਨ।

ਧੰਨਵਾਦ ਸੰਤ ਗਿਆਨੀ ਇੰਦਰਜੀਤ ਸਿੰਘ ਜੀ ਰਕਬੇ ਵਾਲਿਆਂ ਦਾ, ਜਿਨ੍ਹਾਂ ਨੇ ਦਾਸ ਨੂੰ ਇਸ ਸੰਪ੍ਰਦਾਈ ਵਿੱਦਿਆ ਦੀ ਲਗਨ ਲਾਈ।

ਧੰਨਵਾਦ ਸਹਿਤ ਮਹਾਨ ਕੋਸ਼, ਭਾਈ ਗੁਰਦਾਸ ਜੀ ਦੀ ਰਚਨਾ ਆਦਿ। ਅਖ਼ੀਰ ਵਿੱਚ ਦਾਸ ਖ਼ਾਲਸਾ ਪੰਥ ਦੇ ਵਿਦਵਾਨਾਂ ਤੋਂ ਭੁੱਲ ਚੁੱਕ ਲਈ ਖਿਮਾ ਜਾਚਨਾ ਕਰਦਾ ਹੈ, ਜਿੱਥੇ ਕਿੱਥੇ ਤਰੁੱਟੀ ਨਜ਼ਰ ਆਵੇ, ਉਹ ਲਿਖ ਭੇਜਣੀ ਤਾਂ ਕਿ ਅਗਲੀ ਐਡੀਸ਼ਨ ਵਿੱਚ ਸੋਧ ਹੋ ਸਕੇ।

ਦਾਸਨਿ ਦਾਸ ਹਰੀ ਸਿੰਘ
ਗੁਰਮਤਿ ਵਿਦਿਆਲਾ ਜੱਥਾ ਰੰਧਾਵਾ
ਸੰਪ੍ਰਦਾ ਦਮਦਮੀ ਟਕਸਾਲ

✧✧✧

ਗ੍ਰੰਥ ਸੰਪੂਰਣਤਾ ਦਾ ਮੰਗਲ

੧. ਕਿਰਪਾ ਕੀਨੀ ਵਾਹਿਗੁਰੂ, ਅਰੁ ਗੁਰੂ ਨਾਨਕ ਦੇਵ।
ਭਏ ਸਹਾਈ ਦਾਸ ਕੋ, ਪੂਰਨ ਅਲਖ ਅਭੇਵ॥
੨. ਦਸਮ ਗੁਰੂ ਗੋਬਿੰਦ ਸਿੰਘ, ਸ੍ਰੀ ਗੁਰੂ ਗ੍ਰੰਥ ਮਹਾਨ।
ਗ੍ਰੰਥ ਲਿਖਾਇਓ ਆਪ ਹੀ, ਦਾਸ ਆਪਨੋ ਜਾਨਿ॥
੩. ਆਪ ਲਿਖਾਇਓ ਸਤਿਗੁਰੂ, ਗ੍ਰੰਥ 'ਸੰਖਿਆ-ਬੋਧ'।
ਏਕ ਸੇ ਸ਼ਤ ਯੁਤ ਸੰਖਿਆ, ਲਿਖਾ ਬੋਧ ਕੋ ਸੋਧਿ॥
੪. ਸੰਮਤ ਵੀਹ ਸੌ ਅੱਸੀਹਾਂ, ਬੁੱਧਵਾਰ ਦਿਨ ਜਾਨ।
ਪੋਖ ਸੁਦੀ ਥਿਤਿ ਸਪਤਮੀ, ਅਰੰਭਿਉ ਕਾਜ ਮਹਾਨ॥
੫. ਸੰਮਤ ਵੀਹ ਸੌ ਅੱਸੀਹਾਂ, ਸੋਮਵਾਰ ਦਿਨ ਜਾਨ।
ਫਲਗੁਣ ਸੁਦਿ ਪੂਨਿਮ ਭਈ, ਗ੍ਰੰਥ ਸੰਪੂਰਣ ਜਾਨ॥
੬. ਸ੍ਰੀ ਪ੍ਰਭੁ ਸਤਿਗੁਰੁ ਦੇਵ ਕੀ, ਕਿਰਪਾ ਭਈ ਅਪਾਰ।
ਉਕਤ ਗ੍ਰੰਥ ਪੂਰਣ ਭਯੋ, ਕੋਟਿਨ ਕੋਟਿ ਆਭਾਰ॥

✧✧✧